Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 37, September 11, 2010 20451 N Plum Grove Rd. Palatine, IL 60074 Ph:847-359-0746, Fax:847-705-9388



(ਫੋਟੋ: ਮਹਿੰਦਰ ਸਿੰਘ ਰਕਾਲਾ)

ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ ਕਰਾਏ ਗਏ ਕਬੱਡੀ ਮੇਲੇ ਵਿਚ ਜੇਤੂ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਦੀ ਟੀਮ

# ਰਾਸ਼ਟਰਮੰਡਲ ਖੇਡਾਂ 'ਤੇ ਹੁਣ ਡੋਪਿੰਗ ਦਾ ਪ੍ਰਛਾਵਾਂ

## ਤੋਮਰ ਸਮੇਤ ਚਾਰ ਪਹਿਲਵਾਨ ਡੋਪਿੰਗ ਦੇ ਦੋਸ਼ੀ

**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡਾਂ ਸ਼ੁਰੂ ਹੋਣ ਵਿਚ ਦਿਨ ਘਟਦੇ ਜਾ ਰਹੇ ਹਨ ਪਰ ਵਿਵਾਦ ਵਧਦੇ ਜਾ ਰਹੇ ਹਨ। ਖੇਡਾਂ ਦੇ ਪ੍ਰਬੰਧ ਤੋਂ ਬਾਅਦ ਹੁਣ ਖਿਡਾਰੀ ਵਿਵਾਦ ਦਾ ਕੇਂਦਰ ਬਣੇ ਹੋਏ ਹਨ। ਪਾਬੰਦੀਸ਼ੁਦਾ ਦਵਾਈਆਂ ਲੈਣ ਦੇ ਦੋਸ਼ ਤਹਿਤ ਕਈ ਖਿਡਾਰੀਆਂ ਨੂੰ ਖੇਡਾਂ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਨੈਸ਼ਨਲ ਐਂਟੀ ਡੋਪਿੰਗ ਐਸੋਸੀਏਸ਼ਨ (ਨਾਡਾ) ਵਲੋਂ ਕੀਤੀ ਜਾ ਰਹੀ ਜਾਂਚ ਵੀ ਬਾਕੀ ਪ੍ਰਬੰਧਾਂ ਅਤੇ ਤਿਆਰੀਆਂ ਵਾਂਗ ਪਛੇਤੀ ਚਲ ਰਹੀ ਹੈ। ਆਮ ਤੌਰ 'ਤੇ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਖਿਡਾਰੀਆਂ ਦੇ ਐਲਾਨ ਤੋਂ ਪਹਿਲਾਂ ਜਾਂਚ ਕੀਤੀ ਜਾਂਦੀ ਹੈ ਪਰ ਜਿਹੜੇ ਖਿਡਾਰੀ ਪਾਬੰਦੀਸ਼ੁਦਾ ਦਵਾਈਆਂ ਖਾਣ ਦੇ ਦੋਸ਼ੀ ਨਿਕਲੇ ਹਨ, ਉਨ੍ਹਾਂ ਵਿਚੋਂ ਕਈਆਂ ਦੀ ਰਾਸ਼ਟਰਮੰਡਲ ਖੇਡਾਂ ਲਈ ਚੋਣ ਹੋ ਚੁੱਕੀ ਸੀ। ਕਈਆਂ ਤੋਂ ਤਮਗਿਆਂ ਦੀ ਆਸ ਕੀਤੀ ਜਾ ਰਹੀ ਸੀ। ਇਸ ਕਾਰਨ ਸਮੁੱਚੇ ਮੁਲਕ ਨੂੰ ਪਸ਼ੇਮਾਨੀ ਹੋਈ ਹੈ ਤੇ ਬਾਕੀ ਖਿਡਾਰੀਆਂ ਦੀਆਂ

(ਬਾਕੀ ਸਫਾ 5 'ਤੇ)

# ਸ਼ਿਕਾਗੋ ਕਬੱਡੀ ਕੱਪ ਲੱਛਰ ਭਰਾਵਾਂ ਦੀ ਟੀਮ ਨੇ ਜਿੱਤਿਆ

**ਸ਼ਿਕਾਗੋ:** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ ਲੰਘੇ ਐਤਵਾਰ ਨੂੰ ਕਰਵਾਏ ਗਏ ਸ਼ਿਕਾਗੋ ਕਬੱਡੀ ਕੱਪ ਮੇਲੇ ਵਿਚ ਇਲੀਨਾਏ, ਵਿਸਕਾਨਸਿਨ, ਇੰਡੀਆਨਾ, ਮਿਸ਼ੀਗਨ, ਓਹਾਇਓ ਤੋਂ ਇਲਾਵਾ ਮਿਸੀਸਿਪੀ ਅਤੇ ਕੈਨਟਕੀ ਜਿਹੇ ਦੂਰ-ਦੁਰਾਡੇ ਇਲਾਕਿਆਂ ਤੋਂ ਆਏ ਦਰਸ਼ਕਾਂ ਨੇ ਕਬੱਡੀ ਦਾ ਭਰਪੂਰ ਆਨੰਦ ਮਾਣਿਆ। ਇਕ ਫਸਵੇਂ ਮੈਚ ਵਿਚ ਲੱਛਰ ਭਰਾਵਾਂ ਦੇ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ (ਕੈਲੀਫੋਰਨੀਆ) ਦੇ ਗਭਰੂਆਂ ਨੇ ਟੋਰਾਂਟੋ ਦੀ ਟੀਮ ਨੂੰ ਸਾਢੇ 22 ਦੇ ਮੁਕਾਬਲੇ 30 ਅੰਕਾਂ ਨਾਲ ਹਰਾ ਕੇ ਕਬੱਡੀ ਕੱਪ ਅਤੇ 5100 ਡਾਲਰ ਦਾ ਪਹਿਲਾ ਇਨਾਮ ਜਿੱਤਿਆ ਜਦੋਂਕਿ 4100 ਡਾਲਰ

(ਬਾਕੀ ਸਫਾ 14 'ਤੇ)

# ਨੀਤੀ ਘੜਨ ਦਾ ਹੱਕ ਸਰਕਾਰ ਦਾ, ਸੁਪਰੀਮ ਕੋਰਟ ਦਖਲ ਨਾ ਦੇਵੇ-ਪ੍ਰਧਾਨ ਮੰਤਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਬੀਤੀ 6 ਸਤੰਬਰ ਨੂੰ ਕਿਹਾ ਕਿ ਸੁਪਰੀਮ ਕੋਰਟ, ਨੀਤੀ ਘੜਨ ਦੇ ਅਧਿਕਾਰ ਖੇਤਰ 'ਚ ਦਾਖਲ ਨਾ ਹੋਵੇ ਕਿਉਂਕਿ ਇਹ ਅਧਿਕਾਰ ਸਰਕਾਰ ਕੋਲ ਹੀ ਰਹਿਣਾ ਚਾਹੀਦਾ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਆਪਣੀ ਛੇਤੀ ਸੇਵਾਮੁਕਤੀ ਦੀ ਸੰਭਾਵਨਾ ਰੱਦ ਕਰ ਦਿੱਤੀ ਤੇ ਦ੍ਰਿੜਤਾ ਨਾਲ ਕਿਹਾ ਕਿ ਸਰਕਾਰ ਤੇ ਕਾਂਗਰਸ ਪਾਰਟੀ 'ਚ ਕੋਈ ਪਾੜਾ ਨਹੀਂ ਹੈ। ਸੁਪਰੀਮ ਕੋਰਟ ਵਲੋਂ ਹਾਲ ਹੀ 'ਚ ਸਰਕਾਰ ਨੂੰ ਅਨਾਜ ਨੂੰ ਸੜਨ ਦੇਣ ਦੀ ਥਾਂ ਗਰੀਬਾਂ 'ਚ ਮੁਫਤ ਵੰਡਣ ਦੇ ਦਿੱਤੇ ਗਏ ਨਿਰਦੇਸ਼ 'ਤੇ ਪਹਿਲੀ ਵਾਰ ਟਿੱਪਣੀ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਨੀਤੀ ਘੜਨ ਦਾ ਅਧਿਕਾਰ ਤੇ ਸਰੋਕਾਰ ਨੀਤੀ ਘਾੜਿਆਂ ਅਤੇ ਸਮੇਂ ਦੀ ਸਰਕਾਰ 'ਤੇ ਛੱਡ ਦਿੱਤਾ ਜਾਣਾ ਚਾਹੀਦਾ ਹੈ।

ਆਪਣੀ ਰਿਹਾਇਸ਼ 'ਤੇ ਸੰਪਾਦਕਾਂ ਨਾਲ

### ਮੁਫਤ ਅਨਾਜ ਵੰਡਣ ਦਾ ਮਾਮਲਾ

ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਔਸਤਨ 37 ਫੀਸਦੀ ਆਬਾਦੀ ਨੂੰ ਭਲਾ ਕਿਵੇਂ ਮੁਫਤ ਅਨਾਜ ਵੰਡਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਗਰੀਬਾਂ ਨੂੰ ਮੁਫਤ ਅਨਾਜ ਵੰਡਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਅਦਾਲਤ ਦਾ ਅੰਤਿਮ ਫੈਸਲਾ ਨਹੀਂ ਪੜ੍ਹਿਆ ਪਰ ਉਹ ਇਸ ਫੈਸਲੇ 'ਪਿਛਲੀਆਂ ਭਾਵਨਾਵਾਂ' ਦੀ ਕਦਰ ਕਰਦੇ ਹਨ ਕਿ ਕੋਈ ਨਾ ਕੋਈ ਢੰਗ-ਤਰੀਕਾ ਲੱਭ ਕੇ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਦੇਸ਼ ਵਿਚ ਭੁੱਖਾ ਨਾ ਰਹੇ । ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਸੰਭਵ ਸੀ, ਗਰੀਬਾਂ ਨੂੰ ਅਨਾਜ ਮਿਲ ਸਕਣ ਸਬੰਧੀ ਸਰਵਉਚ ਅਦਾਲਤ ਵਲੋਂ ਪੇਸ਼ ਸਰੋਕਾਰ 'ਤੇ ਬਣਦੇ ਕਦਮ ਪੁੱਟੇ ਗਏ ਹਨ। ਉਨ੍ਹਾਂ ਕਿਹਾ ਕਿ ਇਹਦੇ ਨਾਲ ਹੀ ਜੇਕਰ ਮੁਫਤ ਅਨਾਜ ਵੰਡਿਆ ਜਾਣ ਲੱਗ ਪਿਆ ਤਾਂ ਕਿਸਾਨਾਂ ਦਾ ਵੱਧ ਅਨਾਜ ਪੈਦਾ ਕਰਨ ਦਾ ਉਤਸ਼ਾਹ ਮਰ

(ਬਾਕੀ ਸਫਾ 5 'ਤੇ)

# ਮਾਓਵਾਦੀਆਂ ਵਲੋਂ ਅਗਵਾ ਪੁਲਿਸ ਮੁਲਾਜ਼ਮ ਰਿਹਾ

**ਪਟਨਾ:** ਮਾਓਵਾਦੀਆਂ ਨੇ ਬਿਹਾਰ ਪੁਲੀਸ ਦੇ ਅਗਵਾ ਕੀਤੇ ਤਿੰਨੇ ਕਰਮਚਾਰੀਆਂ ਨੂੰ ਬੀਤੀ 6 ਸਤੰਬਰ ਨੂੰ ਰਿਹਾ ਕਰ ਦਿੱਤਾ। ਇਸ ਤਰ੍ਹਾਂ ਨੌਂ ਦਿਨਾਂ ਤੋਂ ਚਲਿਆ ਆ ਰਿਹਾ ਅਗਵਾ ਡਰਾਮਾ ਸਮਾਪਤ ਹੋ ਗਿਆ। ਇਸ ਤੋਂ ਪਹਿਲਾਂ ਮਾਓਵਾਦੀਆਂ ਨੇ ਇਨ੍ਹਾਂ ਕਰਮਚਾਰੀਆਂ ਦੇ ਚੌਥੇ ਸਾਥੀ ਨੂੰ ਕਤਲ ਕਰ ਦਿੱਤਾ ਸੀ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ

(ਬਾਕੀ ਸਫਾ 12 'ਤੇ)

ਇੰਡੀਆ ਕਾਲ ਕਰੋ
$100
125 ਘੰਟੇ
ਬਿਨਾ ਪਿਨ ਤੋਂ ਕੌਲ ਕਰੋ। ਵਧੀਆ ਸਾਫ ਆਵਾਜ਼
Great Rates for :-
UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਸਟਾਕਟਨ ਇਲਾਕੇ ਦੇ

## ਭਲਾ ਸੋਚੋ ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ




**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਪਸ਼ਟ ਹੋ ਰਿਹਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟੀਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕੁਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ:

**ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।*

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ:

***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ** ...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ...

ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਮੈਨੂੰ ਸੰਨ 2007 ਤੋਂ ਹੇਠਲੀ ਕਮਰ ਦੀ ਸਖਤ ਦਰਦ ਰਹਿੰਦੀ ਸੀ। ਇਸ ਦਰਦ ਤੋਂ ਛੁਟਕਾਰਾ ਪਾਉਣ ਲਈ ਮੈਂ ਸਟੀਰਾਇਡ ਦੇ ਇੰਜੈਕਸ਼ਨਾਂ ਦਾ ਸਹਾਰਾ ਲਿਆ ਪਰ ਮੈਨੂੰ ਕੋਈ ਫਰਕ ਨਾ ਪਿਆ। ਡਾ. ਸਿਹੋਤਾ ਅਤੇ ਡਾ. ਮਾਰਸਡਨ ਨੂੰ ਮਿਲਿਆ ਤਾਂ ਸੱਚ ਜਾਣਿਓ, ਮੇਰੇ ਮਨ ਵਿਚ ਇਸ ਇਲਾਜ ਪ੍ਰਤੀ ਵੀਹਾਂ ਸ਼ੰਕੇ ਸਨ।



ਇਲਾਜ ਦੇ ਛੇਵੇਂ ਸੈਸ਼ਨ ਉਪਰੰਤ ਮੈਨੂੰ ਕਮਰ ਦਰਦ ਤੋਂ ਪੂਰਨ ਛੁਟਕਾਰਾ ਮਿਲ ਚੁਕਾ ਹੈ। ਮੈਂ ਸਟਾਫ ਅਤੇ ਡਾਕਟਰਾਂ ਦੀ ਪੇਸ਼ੇਵਰ ਪਹੁੰਚ ਤੋਂ ਪੂਰੀ ਤਰ੍ਹਾਂ ਖੁਸ਼ ਹਾਂ ਅਤੇ ਸੰਤੁਸ਼ਟ। ਮੈਂ ਹੋਰਨਾਂ ਨੂੰ ਵੀ ਉਨ੍ਹਾਂ ਦੀਆਂ ਇਨ੍ਹਾਂ ਸੇਵਾਵਾਂ ਦੀ ਜ਼ੋਰਦਾਰ ਸਿਫਾਰਿਸ਼ ਕਰਾਂਗਾ। ਮੈਂ ਦਰਦ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾ ਚੁਕਾ ਹਾਂ।

ਵਿਰਸਾ ਜੀ.
ਉਮਰ 47 ਸਾਲ (ਟਰੱਕ ਡਰਾਈਵਰ)

ਮੈਂ ਇਕ ਕਮਰਸ਼ੀਅਲ ਪਲੰਬਰ ਹਾਂ ਅਤੇ ਪਿਛਲੇ 13 ਸਾਲ ਤੋਂ ਇਸ ਪੇਸ਼ੇ ਵਿਚ ਹਾਂ। 5-6 ਸਾਲ ਪਹਿਲਾਂ ਮੇਰੀ ਰੀੜ੍ਹ ਦੀ ਹੱਡੀ ਨੂੰ ਜ਼ਰਬ ਆ ਗਈ। ਮੈਨੂੰ ਨਿਊਰੋਸਰਜਨ ਤੋਂ ਰੀੜ੍ਹ ਦੀ ਸਰਜਰੀ ਕਰਵਾਉਣੀ ਪਈ। ਉਦੋਂ ਤੋਂ ਹੀ ਮੇਰੀ ਕੰਮ ਕਰਨ ਦੀ ਸਮਰਥਾ ਬਹੁਤ ਘਟ ਗਈ। ਸਰਜਰੀ ਕਰਵਾਉਣ ਦੇ ਟਾਈਮ ਤੋਂ ਲੈ ਕੇ ਹੀ ਅਕੜੇਵੇਂ, ਹਲਕੀ ਹਲਕੀ ਦਰਦ, ਸੁੰਨ ਰਹਿਣ ਅਤੇ ਨਾੜੀਆਂ ਨੂੰ ਨੁਕਸਾਨ ਪਹੁੰਚਣ ਕਰਕੇ ਮੈਨੂੰ ਕਾਇਰੋਪ੍ਰੈਕਟਰ ਪਾਸੋਂ ਇਲਾਜ ਕਰਵਾਉਣਾ ਪੈ ਰਿਹਾ ਹੈ। ਡਾ. ਸਿਹੋਤਾ ਨੂੰ ਮਿਲਿਆ ਤਾਂ ਉਨ੍ਹਾਂ ਮੈਨੂੰ ਪੁੱਛਿਆ ਕਿ ਕੀ ਮੈਂ ਉਨ੍ਹਾਂ ਪਾਸੋਂ ਡੀਕੰਪਰੈਸ਼ਰ ਇਲਾਜ ਕਰਵਾਉਣਾ ਚਾਹਵਾਂਗਾ। ਉਨ੍ਹਾਂ ਮੈਨੂੰ ਦੱਸਿਆ ਕਿ ਇਸ ਨਾਲ ਮੈਨੂੰ ਕਾਫੀ ਲਾਭ ਹੋ ਸਕਦਾ ਹੈ। ਮੈਂ ਆਪਣੇ ਨਿਊਰੋਸਰਜਨ ਨਾਲ ਇਸ ਇਲਾਜ ਬਾਰੇ ਗੱਲ ਕੀਤੀ ਅਤੇ ਉਸ ਨੇ ਮੈਨੂੰ ਦੱਸਿਆ ਕਿ ਇਸ ਵਿਚ ਕੋਈ ਹਰਜ ਨਹੀਂ। ਅਤੇ ਸੁਣੋ, ਮੈਂ ਖੁਸ਼ ਹਾਂ ਕਿ ਮੈਂ ਇਸ ਇਲਾਜ ਪ੍ਰਣਾਲੀ ਨੂੰ ਅਜਮਾਉਣ ਦਾ ਫੈਸਲਾ ਕੀਤਾ। ਹੁਣ ਮੈਂ ਆਪਣੇ ਇਲਾਜ ਦੇ ਨੌਂਵੇਂ ਸੈਸ਼ਨ ਵਿਚ ਹਾਂ ਅਤੇ ਮੈਨੂੰ ਜਾਪਦਾ ਹੈ ਕਿ ਮੈਂ ਸੱਟ ਲੱਗਣ ਤੋਂ ਪਹਿਲਾਂ ਵਾਲੀ ਹਾਲਤ ਵਿਚ ਆ ਗਿਆ ਹਾਂ। ਹੁਣ ਮੈਂ ਪੌੜੀਆਂ ਚੜ੍ਹ ਸਕਦਾ ਹਾਂ, ਪਾਈਪਾਂ ਲਾਉਣ ਲਈ ਮੈਂ ਭੀੜੀਆਂ ਥਾਂਵਾਂ ਵਿਚ ਰਿੜ੍ਹ ਕੇ ਜਾ ਸਕਦਾ ਹਾਂ। ਸਭ ਤੋਂ ਵੱਡੀ ਗੱਲ ਤਾਂ ਇਹ ਕਿ ਇਸ ਇਲਾਜ ਤੋਂ ਬਾਅਦ ਮੈਨੂੰ ਨੀਂਦ ਠੀਕ ਆਉਣ ਲੱਗੀ ਹੈ ਅਤੇ ਮੈਂ ਬਿਨਾ ਕਿਸੇ ਤਕਲੀਫ ਜਾਂ ਅਕੜੇਵੇਂ ਤੋਂ ਉਠਦਾ ਹਾਂ। ਮੈਂ ਹਰ ਉਸ ਸ਼ਖਸ ਨੂੰ ਇਸ ਇਲਾਜ ਦੀ ਸਿਫਾਰਿਸ਼ ਕਰਾਂਗਾ ਜਿਸ ਨੇ ਸਰਜਰੀ ਨਹੀਂ ਕਰਵਾਈ। ਜੇ ਤੁਸੀਂ ਸਰਜਰੀ ਕਰਵਾ ਚੁਕੇ ਹੋ ਤਾਂ ਡਾਕਟਰ ਨੂੰ ਮਿਲ ਕੇ ਪਤਾ ਕਰੋ ਕਿ ਕੀ ਇਹ ਇਲਾਜ ਤੁਹਾਡੇ ਲਈ ਢੁਕਵਾਂ ਹੈ। ਅਤੇ ਜੇ ਹੈ ਤਾਂ ਤੁਸੀਂ ਹੋਰ ਦੇਰ ਨਾ ਕਰੋ, ਤੁਸੀਂ ਕਦੇ ਪਛਤਾਉਗੇ ਨਹੀਂ।



ਗੈਰੀ ਟੀ.
ਪਲੰਬਰ, ਉਮਰ 48 ਸਾਲ

ਸੱਚ ਜਾਣਿਓ ਕਮਰ ਦਰਦ ਨਾਲ ਮੇਰੀ ਜਾਨ ਨਿਕਲੀ ਜਾਂਦੀ ਸੀ। ਨਾ ਬਹਿ ਹੁੰਦਾ ਸੀ, ਨਾ ਖੜ੍ਹੇ ਹੋ ਹੁੰਦਾ ਸੀ, ਨਾ ਤੁਰ ਹੁੰਦਾ ਸੀ, ਨਾ ਝੁਕ ਹੁੰਦਾ ਸੀ ਅਤੇ ਨਾ ਹੀ ਕੋਈ ਚੀਜ਼ ਚੁੱਕ ਹੁੰਦੀ ਸੀ। ਚਾਰ ਮਹੀਨੇ ਮੈਂ ਕੋਈ ਕੰਮ ਨਾ ਕਰ ਸਕਿਆ। ਆਸ ਦੀ ਕਿਰਨ ਹੱਥੋਂ ਨਿਕਲਦੀ ਜਾ ਰਹੀ ਸੀ ਤੇ ਮੈਨੂੰ ਲੱਗਣ ਲੱਗਿਆ ਕਿ ਹੁਣ ਬਾਕੀ ਦੀ ਜ਼ਿੰਦਗੀ ਇਸੇ ਤਰ੍ਹਾਂ ਨਿਕਲੇਗੀ। ਗੁਰਦੁਆਰੇ ਮੱਥਾ ਟੇਕਣ ਜਾਣਾ ਮੇਰੀ ਜ਼ਿੰਦਗੀ ਦਾ ਨੇਮ ਹੈ ਅਤੇ ਗੁਰੂ ਮਹਾਰਾਜ ਅੱਗੇ ਮੱਥਾ ਟੇਕਣ ਵੇਲੇ ਵੀ ਕਮਰ ਵਿਚ ਬੜੀ ਦਰਦ ਹੁੰਦੀ।

ਇਸੇ ਸਮੇਂ ਮੈਂ ਡਾ. ਸਿਹੋਤਾ ਦੇ ਕਮਰ ਅਤੇ ਡਿਸਕ ਦਰਦ ਦੇ ਇਲਾਜ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਮੁਫਤ ਸਲਾਹ-ਮਸ਼ਵਰੇ ਲਈ ਜਾਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ, ਅਤੇ ਜਿਸ ਤਰ੍ਹਾਂ ਉਨ੍ਹਾਂ ਮੈਨੂੰ ਦੱਸਿਆ ਕਿ ਕਿਹੜੀ ਗੱਲ ਕਰਕੇ ਮੇਰੇ ਲੱਕ ਵਿਚ ਇੰਨੀ ਦਰਦ ਹੋ ਰਹੀ ਹੈ, ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਸਰਜਰੀ, ਦਵਾਈਆਂ ਅਤੇ ਇੰਜੈਕਸ਼ਨਾਂ ਦੇ ਖਤਰਿਆਂ ਬਾਰੇ ਮੈਂ ਪਹਿਲਾਂ ਹੀ ਸੁਣਿਆ/ਪੜ੍ਹਿਆ ਹੋਇਆ ਸੀ। ਰੱਬ ਦਾ ਸ਼ੁਕਰ ਹੈ ਮੈਂ ਉਸ ਰਸਤੇ ਨਹੀਂ ਗਿਆ। ਜਦੋਂ ਮੈਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਤਾਂ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ 10/10 ਸੀ ਅਤੇ ਹਿੱਲਜੁਲ 90 ਫੀਸਦੀ ਤੱਕ ਘਟ ਚੁਕੀ ਸੀ। ਹੁਣ ਪ੍ਰੋਗਰਾਮ ਦੇ ਅਖੀਰ 'ਤੇ ਦਰਦ ਦੇ ਪੈਮਾਨੇ ਉਤੇ ਮੇਰੀ ਦਰਦ ਘਟ ਕੇ 10 ਵਿਚੋਂ 1 ਰਹਿ ਗਈ ਹੈ ਅਤੇ ਮੇਰੀ ਹਿੱਲਜੁਲ 95 ਫੀਸਦੀ ਤੱਕ ਬਹਾਲ ਹੋ ਚੁਕੀ ਹੈ।



ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਤੋਂ ਬਹੁਤ ਖੁਸ਼ ਹਾਂ। ਜੇ ਤੁਹਾਡੇ ਵਿਚੋਂ ਕਿਸੇ ਨੂੰ ਕਮਰ ਦੀ ਤਕਲੀਫ ਹੈ ਤਾਂ ਇਲਾਜ ਕਰਵਾਓ, ਤਕਲੀਫ ਵਿਚ ਰਹਿਣ ਦੀ ਲੋੜ ਨਹੀਂ। ਡਾ. ਸਿਹੋਤਾ ਨਾਲ ਅਪੁਆਇੰਟਮੈਂਟ ਬਣਾਓ ਅਤੇ ਪਤਾ ਲਾਓ ਕਿ ਇਹ ਪ੍ਰੋਗਰਾਮ ਤੁਹਾਡੇ ਲਈ ਢੁਕਵਾਂ ਹੈ ਜਾਂ ਨਹੀਂ।

-ਮਨਜੀਤ ਸਿੰਘ
ਟਰੱਕ ਡਰਾਈਵਰ (ਉਮਰ 37 ਸਾਲ)

# ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!

## ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

### ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜ਼ਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਮੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜ਼ਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

**ਕਲੀਨਿਕ** 2531 N. California Street (North California St. & Ellis St.) ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ।

**ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 16 ਸਤੰਬਰ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)।

*ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

ਮੈਂ ਆਪਣੀ ਕਮਰ ਦਰਦ ਕਰਕੇ ਡਾ. ਸਿਹੋਤਾ ਨੂੰ ਮਿਲਿਆ। ਇਹ ਕਮਰ ਦਰਦ ਪਿਛਲੇ ਸਾਲ ਭਰ ਤੋਂ ਮੈਨੂੰ ਪ੍ਰੇਸ਼ਾਨ ਕਰਦੀ ਆ ਰਹੀ ਸੀ। ਡਾ. ਸਿਹੋਤਾ ਨੇ ਮੈਨੂੰ ਦੱਸਿਆ ਕਿ ਇਹ ਕਮਰ ਦਰਦ ਡਿਸਕ ਹਿੱਲਣ ਦੀ ਵਜ੍ਹਾ ਕਰਕੇ ਹੈ। ਡਾ. ਸਿਹੋਤਾ ਨੇ ਜਦੋਂ ਸਲਾਹ ਦਿਤੀ ਕਿ ਮੈਂ ਹੁਣ ਦਵਾਈਆਂ ਦਾ ਇਸਤੇਮਾਲ ਨਾ ਕਰਾਂ ਅਤੇ ਸਭ ਤੋਂ ਜ਼ਰੂਰੀ ਗੱਲ ਉਨ੍ਹਾਂ ਮੈਨੂੰ ਸਰਜਰੀ ਤੋਂ ਪਹਿਲਾਂ ਬਾਕੀ ਢੰਗ-ਤਰੀਕਿਆਂ ਦੀ ਅਹਿਮੀਅਤ ਬਾਰੇ ਦੱਸਿਆ।



ਮੈਂ ਡਾ. ਸਿਹੋਤਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਹੁਣ 90 ਫੀਸਦੀ ਠੀਕ ਮਹਿਸੂਸ ਕਰਦਾ ਹਾਂ। ਮੇਰੀ ਮੋਸ਼ਨ ਦੀ ਰੇਂਜ ਹੁਣ 80 ਫੀਸਦੀ ਵਧ ਚੁਕੀ ਹੈ। ਮੈਂ ਇਸ ਕਲੀਨਿਕ ਦੀ ਪੇਸ਼ੇਵਰ ਪਹੁੰਚ ਅਤੇ ਹਮਦਰਦਾਨਾ ਰਵਈਏ ਤੋਂ ਬਹੁਤ ਪ੍ਰਭਾਵਿਤ ਹਾਂ। ਹੇਠਲੀ ਕਮਰ ਜਾਂ ਗਰਦਨ ਦੀ ਦਰਦ ਤੋਂ ਪੀੜਤ ਕਿਸੇ ਵੀ ਵਿਅਕਤੀ ਨੂੰ ਇਸ ਕਲੀਨਿਕ ਅਤੇ ਇਸ ਦੇ ਪ੍ਰੋਗਰਾਮ ਦੀ ਸਿਫਾਰਿਸ਼ ਕਰਨ ਵਿਚ ਮੈਨੂੰ ਰੱਤੀ ਭਰ ਵੀ ਝਿਜਕ ਨਹੀਂ ਹੈ। ਦਵਾਈਆਂ, ਇੰਜੈਕਸ਼ਨਾਂ ਅਤੇ ਸਰਜਰੀ ਦਾ ਸ਼ਿਕਾਰ ਹੋਣ ਤੋਂ ਪਹਿਲਾਂ ਡਾ. ਸਿਹੋਤਾ ਨੂੰ ਜ਼ਰੂਰ ਮਿਲੋ ਅਤੇ ਪਤਾ ਲਾਓ ਕਿ ਕੀ ਤੁਸੀਂ ਉਨ੍ਹਾਂ ਦੇ ਇਸ ਇਲਾਜ ਪ੍ਰੋਗਰਾਮ ਦੇ ਯੋਗ ਹੋ।

ਹਾਰਡੈਕ ਏ.
ਟਰੱਕ ਡਿਸਪੈਚਰ, ਉਮਰ 45 ਸਾਲ।

ਜਦੋਂ ਮੈਂ ਡਾ. ਸਿਹੋਤਾ ਪਾਸ ਆਇਆ ਤਾਂ ਮੇਰੀ ਕਮਰ ਦਰਦ ਦਾ ਇੰਨਾ ਭੈੜਾ ਹਾਲ ਸੀ ਕਿ ਮੈਂ ਸੋਟੀ ਲਏ ਬਿਨਾ ਤੁਰ ਵੀ ਨਹੀਂ ਸੀ ਸਕਦਾ ਅਤੇ ਮੇਰੀ ਕਮਰ ਦਰਦ 1-10 ਦੇ ਸਕੇਲ ਉਪਰ ਘੱਟੋ ਘੱਟ 15 ਸੀ। ਮੇਰੀਆਂ ਲੱਤਾਂ ਇੰਨੀਆਂ ਖੁਸਦੀਆਂ ਸਨ ਕਿ ਮੈਨੂੰ ਬਹੁਤੀ ਵਾਰ ਵਾਕਰ ਦਾ ਇਸਤੇਮਾਲ ਕਰਨਾ ਪੈਂਦਾ ਸੀ। ਮੈਨੂੰ ਹਰ ਵਕਤ ਦਰਦਨਿਵਾਰਕ ਗੋਲੀਆਂ ਦਾ ਸਹਾਰਾ ਲੈਣਾ ਪੈਂਦਾ ਸੀ ਅਤੇ ਪੀੜ ਫਿਰ ਵੀ ਘਟਦੀ ਨਹੀਂ ਸੀ। ਮੈਂ ਤਿੰਨ ਐਫੀਡਿਊਰਲ ਇੰਜੈਕਸ਼ਨ ਲਵਾਏ ਪਰ ਕੋਈ ਲਾਭ ਨਹੀਂ ਹੋਇਆ।

ਡਾ. ਸਿਹੋਤਾ ਦੀ ਕਲੀਨਿਕ ਵਿਚ ਡੀਕੰਪਰੈਸ਼ਨ ਇਲਾਜ ਦੇ ਚੌਥੇ ਸੈਸ਼ਨ ਉਪਰੰਤ ਮੇਰਾ ਸੋਟੀ ਤੋਂ ਖਹਿੜਾ ਛੁਟ ਚੁਕਾ ਸੀ ਅਤੇ ਸੋਟੀ ਤੋਂ ਬਿਨਾ ਵੀ ਤੁਰਨ ਲੱਗਿਆਂ ਮੈਂ ਆਪਣੇ ਆਪ ਨੂੰ ਮਹਿਫੂਜ਼ ਸਮਝਣ ਲੱਗਾ ਹਾਂ। ਮੇਰੀ ਦਰਦ 1-10 ਦੇ ਸਕੇਲ ਉਪਰ ਘਟ ਕੇ 5 ਰਹਿ ਗਈ ਹੈ। ਮੈਂ ਆਪਣੇ ਇਲਾਜ ਦੇ ਅਧ ਵਿਚਾਲੇ ਹਾਂ ਅਤੇ ਮੇਰੀ ਦਰਦ 70% ਘਟ ਗਈ ਹੈ। ਮੈਨੂੰ ਜਾਪਦਾ ਹੈ ਕਿ ਜਲਦ ਹੀ ਮੇਰਾ ਦਰਦ ਤੋਂ ਮੁਕੰਮਲ ਛੁਟਕਾਰਾ ਹੋ ਜਾਵੇਗਾ ਅਤੇ ਮੇਰੇ ਲਈ ਇਸ ਦਾ ਕੋਈ ਮੁਲ ਨਹੀਂ। ਮੈਂ ਜਿਸ ਕਿਸੇ ਨੂੰ ਵੀ ਮਿਲਦਾ ਹਾਂ ਇਸ ਇਲਾਜ ਬਾਰੇ ਦੱਸਦਾ ਹਾਂ। ਮੇਰਾ ਯਕੀਨ ਹੈ ਕਿ ਇਹ ਇਲਾਜ ਸਭ ਤੋਂ ਵਧੀਆ ਇਲਾਜ ਹੈ। ਮੈਨੂੰ ਜ਼ਿੰਦਗੀ ਦੇ ਰਾਹ ਵਾਪਸ ਪਾਉਣ ਲਈ ਡਾ. ਸਿਹੋਤਾ ਦਾ ਬਹੁਤ ਬਹੁਤ ਧੰਨਵਾਦ।



ਡਿਕਸੀ ਸੀ.
ਕੂਰੀਅਰ/ਡਰਾਈਵਰ,
ਉਮਰ 54 ਸਾਲ।

ਮੈਂ ਇਲਾਜ ਦਾ ਇਹ ਪ੍ਰੋਗਰਾਮ ਫਰਵਰੀ 2010 ਵਿਚ ਸ਼ੁਰੂ ਕੀਤਾ। ਡਾਕਟਰ ਅਤੇ ਸਟਾਫ ਬਹੁਤ ਹੀ ਪੇਸ਼ੇਵਰ ਅਤੇ ਹਮਦਰਦ ਹਨ। ਮੈਨੂੰ ਬਿਨਾ ਚੀਰ-ਫਾੜ ਜਾਂ ਨਾਨ ਇਵੇਸਿਵ ਇਸ ਇਲਾਜ ਪ੍ਰਣਾਲੀ ਨਾਲ ਦਰਦ ਤੋਂ ਛੁਟਕਾਰਾ ਮਿਲ ਗਿਆ ਹੈ। ਪਿਛਲੇ ਸਾਲ ਭਰ ਤੋਂ ਮੇਰੀ ਹੇਠਲੀ ਕਮਰ ਵਿਚ ਦਰਦ ਸੀ। ਇਥੇ ਆਉਣ ਤੋਂ ਪਹਿਲਾਂ ਮੈਂ ਦੋ ਐਪੀਡਿਊਰਲ ਇੰਜੈਕਸ਼ਨ ਲਵਾ ਚੁਕਾ ਸਾਂ ਜਿਨ੍ਹਾਂ ਦਾ ਕੋਈ ਲਾਭ ਨਹੀਂ ਹੋਇਆ। ਮੈਂ ਅਖਬਾਰ ਵਿਚ ਡਾ. ਸਿਹੋਤਾ ਦਾ ਇਸ਼ਤਿਹਾਰ ਦੇਖਿਆ ਤਾਂ ਸੋਚਿਆ ਕਿਉਂ ਨਾ ਅਜ਼ਮਾ ਦੇ ਵੇਖਿਆ ਜਾਵੇ।

ਸ਼ੁਕਰ ਹੈ ਕਿ ਮੈਂ ਅਜਿਹਾ ਕੀਤਾ ਤੇ ਮੈਨੂੰ ਦਰਦ ਤੋਂ ਛੁਟਕਾਰਾ ਮਿਲਿਆ ਹੈ। ਡਾਕਟਰ ਨੇ ਮੈਨੂੰ ਕੁਝ ਹੋਰ ਮਹੀਨੇ ਵਰਜਿਸ਼ ਦੇ ਪ੍ਰੋਗਰਾਮ 'ਤੇ ਪਾਇਆ ਹੈ ਤਾਂ ਜੋ ਮੇਰੀ ਕਮਰ ਪੂਰੀ ਤਰ੍ਹਾਂ ਸਹੀ ਹੋ ਜਾਵੇ।



ਮੈਕਸੀਨ ਐਫ.
ਰਿਟਾਇਰਡ, ਉਮਰ 78 ਸਾਲ।

Copyright 2009 CMC, LLC

ANDRAE GONZALES FOR SCHOOL BOARD

Join our community campaign to put...

**Children First**

visit www.andraegonzales.com

ਬੇਕਰਸਫੀਲਡ ਸਕੂਲ ਬੋਰਡ ਦੀਆਂ ਚੋਣਾਂ ਵਾਸਤੇ ਉਮੀਦਵਾਰ ਆਂਦਰੇ ਗੂੰਜਾਲਿਸ ਨੂੰ ਆਪਣਾ ਕੀਮਤੀ ਵੋਟ ਦਿਓ ਜੀ



**Andrae Gonzales is running for Bakersfield City School District board of trustees because of his deep commitment to community service and his passion to serve others. As a school board member, he will work to put children first.**

Andrae was born and raised in east Bakersfield. Andrae is a product of the Bakersfield City School District, attending Harding Elementary School and Compton Junior High School. At Compton, Andrae was elected to his first public office as Associated Student Body President. Andrae attended East Bakersfield High School, where he served as Student Body President his senior year. In 2000, Andrae went off to UC Berkeley, where he studied Political Science and Public Policy. In 2005, Andrae moved back home to Bakersfield to do community work. He believed that "if (he) wanted to do community development work, what better place to begin than in his own community."

Andrae's Priorities

1: Children First.
Andrae is a product of the Bakersfield City School District. The district's great teachers, strong support staff, and excellent administrators contributed to his academic success. If elected, Andrae will bring a renewed spirit to put all children first, above all else, in every decision he makes.

2: Teach Children How to Think, not how to take tests.
A child is more than a test score. Andrae believes that assessment is important, but should advance learning, not simply audit children's test-taking skills. Andrae will work to encourage the development of students' critical thinking skills, curiosity, imagination, leadership skills, judgment, sense of humor, sportsmanship, ethics, creativity, work ethic, teamwork, and innovative spirit.

3: Engage Parents in Schools.
The best teacher a child can have is a parent. In 2007, Andrae played a vital role in bringing over $150,000 in grants to eight local schools for parent-teacher home visits. As a school board member, he will continue to seek out innovative ways to engage more parents in schools.


4: Create a Community Classroom.
Many people throughout our community care deeply about our children. Andrae will lead the way to bring together educators, community stakeholders, business leaders, non-profits and social service agency heads to work towards a new vision for more prosperous neighborhoods that support safe and healthy child development.

For More Information and to get involved, visit www.andraegonzales.com Find us on Facebook!

Paid for by the Andrae Gonzales for BCSD School Board Campaign 2010 Committee. Committee ID # 1326393


# ਜਗਦੀਸ਼ ਢਿੱਲੋਂ ਸਿਸਟਰ ਸਿਟੀ ਪ੍ਰਾਜੈਕਟ ਦੇ ਨਵੇਂ ਚੇਅਰਮੈਨ

**ਬੇਕਰਜ਼ਫੀਲਡ:** ਬੇਕਰਜ਼ਫੀਡਲ ਅਤੇ ਸ੍ਰੀ ਅੰਮ੍ਰਿਤਸਰ ਵਿਚਾਲੇ ਸਿਸਟਰ ਸਿਟੀ ਸਬੰਧਾਂ ਦੇ ਪ੍ਰਾਜੈਕਟ ਸਬੰਧੀ ਇਕ ਅਹਿਮ ਮੀਟਿੰਗ ਬੇਕਰਜ਼ਫੀਲਡ ਦੇ ਮੇਅਰ ਸ੍ਰੀ ਹਾਰਵੀ ਹਾਲ ਦੀ ਸਰਪ੍ਰਸਤੀ ਹੇਠ ਅਤੇ ਸਿਸਟਰ ਸਿਟੀ ਪ੍ਰਾਜੈਕਟ ਦੇ ਨਵੇਂ ਬਣੇ ਚੇਅਰਮੈਨ ਜਗਦੀਸ਼ ਸਿੰਘ ਢਿੱਲੋਂ ਦੀ ਅਗਵਾਈ ਹੇਠ ਮੇਅਰ ਦੇ ਦਫਤਰ ਵਿਚ ਹੋਈ। ਇਸ ਮੀਟਿੰਗ ਵਿਚ ਪ੍ਰਾਜੈਕਟ ਬਾਰੇ ਖੁਲ੍ਹ ਕੇ ਵਿਚਾਰਾਂ ਹੋਈਆਂ। ਸ੍ਰੀ ਢਿੱਲੋਂ ਨੇ ਦੱਸਿਆ ਕਿ ਇਹ ਪ੍ਰਾਜੈਕਟ ਪੰਜਾਬ ਦੇ ਕੈਬਨਿਟ ਮੰਤਰੀ ਸ. ਸੇਵਾ ਸਿੰਘ ਸੇਖਵਾਂ ਦੇ ਉਚੇਚੇ ਯਤਨਾਂ ਸਦਕਾ ਲਗਭਗ ਮੁਕੰਮਲ ਹੋਣ ਵਾਲਾ ਹੈ।



ਇਹ ਜਾਣਕਾਰੀ ਦਿੰਦਿਆਂ ਸ. ਨਾਜਰ ਸਿੰਘ ਕੂਨਰ ਨੇ ਦੱਸਿਆ ਕਿ ਸ੍ਰੀ ਢਿੱਲੋਂ ਨੇ ਕਰੀਬ ਇਕ ਮਹੀਨਾ ਪਹਿਲਾਂ ਹੀ ਇਸ ਪ੍ਰਾਜੈਕਟ ਦੇ ਚੇਅਰਮੈਨ ਦਾ ਚਾਰਜ ਸੰਭਾਲਿਆ ਸੀ ਅਤੇ ਉਹ ਇਸ ਪ੍ਰਾਜੈਕਟ ਨੂੰ ਆਪਣੀ ਮਿਹਨਤ ਅਤੇ ਅਸਰ ਰਸੂਖ ਨਾਲ ਤੇਜੀ ਨਾਲ ਨੇਪਰੇ ਚਾੜ੍ਹਨ ਲਈ ਯਤਨਸ਼ੀਲ ਹਨ। ਸ੍ਰੀ ਢਿੱਲੋਂ ਬਾਰੇ ਇਹ ਚਰਚਾ ਮਸ਼ਹੂਰ ਹੈ ਕਿ ਉਹ ਭਾਈਚਾਰਕ ਕੰਮਾਂ ਲਈ ਦਿਲ ਖੋਲ੍ਹ ਕੇ ਮਾਇਆ ਦਿੰਦੇ ਹਨ ਅਤੇ ਆਪਣੇ ਕੀਤੇ ਵਾਅਦੇ ਤੋਂ ਪਿਛੇ ਵੀ ਨਹੀਂ ਹਟਦੇ। ਮੀਟਿੰਗ ਦੌਰਾਨ ਸ੍ਰੀ ਢਿੱਲੋਂ ਨੇ ਕਿਹਾ ਕਿ ਉਹ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਕੋਈ ਵੀ ਹੀਲਾ ਕਰਨ ਤੋਂ ਪਿਛੇ ਨਹੀਂ ਹਟਣਗੇ। ਮੇਅਰ ਹਾਰਵੀ ਹਾਲ ਨਾਲ ਮੀਟਿੰਗ ਸਮੇਂ ਸਿਸਟਰ ਸਿਟੀ ਦੇ ਬਾਨੀ ਪ੍ਰਧਾਨ ਨਾਜਰ ਸਿੰਘ ਕੂਨਰ, ਮੀਤ ਪ੍ਰਧਾਨ ਗੁਰਜੋਧਾ ਸਿੰਘ ਖਾਲਸਾ, ਸੀਨੀਅਰ ਮੀਤ ਪ੍ਰਧਾਨ ਜੋਬਨਜੀਤ ਸਿੰਘ ਬੌਬੀ ਤੋਂ ਇਲਾਵਾ ਸਤਨਾਮ ਸਿੰਘ ਬਾਠ, ਭਜਨ ਸਿੰਘ ਸੰਧੂ, ਸਕੱਤਰ ਮਨਜੀਤ ਸਿੰਘ, ਖਜ਼ਾਨਚੀ ਤੇਜਪਾਲ ਸਿੰਘ ਨਿਕਸਨ, ਗੁਰਸੇਵਕ ਬਰਾੜ ਆਦਿ ਆਗੂ ਸ਼ਾਮਲ ਸਨ। ਪੱਤਰਕਾਰ ਮਨਦੀਪ ਮਾਨ ਨੂੰ ਸਿਸਟਰ ਸਿਟੀ ਪ੍ਰਾਜੈਕਟ ਦਾ ਮੀਡੀਆ ਇੰਚਾਰਜ ਨਿਯੁਕਤ ਕੀਤਾ ਗਿਆ।





Grand Opening

GILL EXPRESS


OPEN 24 HOURS EVERYDAY

Fast & Friendly Service

WASH, TIRE & REPAIR

TRUCK OR TRAILER WASH

ਪੰਜਾਬੀ ਢਾਬਾ



Owner Manager

19.99

Expire 9-1-10

Hwy 70 Exit 123 Spiceland IN

Call Jassi : 765-987-7000

# ਰਾਸ਼ਟਰਮੰਡਲ ਖੇਡਾਂ 'ਤੇ ਹੁਣ ਡੋਪਿੰਗ ਦਾ ਪ੍ਰਛਾਵਾਂ

*(ਸਫਾ ਇਕ ਦੀ ਬਾਕੀ)*

ਤਿਆਰੀਆਂ 'ਤੇ ਵੀ ਅਸਰ ਪਿਆ ਹੈ।

ਡੋਪਿੰਗ ਦੇ ਦੋਸ਼ੀ ਪਾਏ ਗਏ ਖਿਡਾਰੀਆਂ ਵਿਚ ਰਾਸ਼ਟਰਪਤੀ ਤੋਂ ਚਾਰ ਦਿਨ ਪਹਿਲਾਂ ਅਰਜੁਨ ਪੁਰਸਕਾਰ ਹਾਸਲ ਕਰਨ ਵਾਲੇ ਓਲੰਪੀਅਨ ਪਹਿਲਵਾਨ ਰਾਜੀਵ ਤੋਮਰ ਸਮੇਤ ਇਕ ਮਹਿਲਾ ਪਹਿਲਵਾਨ ਅਤੇ ਦੋ ਹੋਰ ਪਹਿਲਵਾਨ ਸ਼ਾਮਿਲ ਹਨ ਅਤੇ ਇਨ੍ਹਾਂ ਚਾਰਾਂ ਪਹਿਲਵਾਨਾਂ ਨੂੰ ਖੇਡਾਂ ਵਿਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ ਹੈ। ਭਾਰਤੀ ਕੁਸ਼ਤੀ ਫੈਡਰੇਸ਼ਨ ਨੇ ਇਕ ਹੰਗਾਮੀ ਮੀਟਿੰਗ ਵਿਚ ਚਾਰਾਂ ਪਹਿਲਵਾਨਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਅਤੇ ਇਨ੍ਹਾਂ ਦੀ ਥਾਂ ਚਾਰ ਨਵੇਂ ਪਹਿਲਵਾਨਾਂ ਦੀ ਚੋਣ ਕੀਤੀ। ਇਨ੍ਹਾਂ ਵਿਚ ਰਾਜੀਵ ਤੋਮਰ (120 ਕਿਲੋਗ੍ਰਾਮ), ਮੌਸਮ ਖੱਤਰੀ (96 ਕਿਲੋਗ੍ਰਾਮ) ਅਤੇ ਸੁਮੀਤ (74 ਕਿਲੋਗ੍ਰਾਮ) ਸ਼ਾਮਲ ਹਨ। ਮਹਿਲਾ ਵਰਗ ਵਿਚ ਗੁਰਸ਼ਰਨਪ੍ਰੀਤ ਕੌਰ (72 ਕਿਲੋਗ੍ਰਾਮ) ਨੂੰ ਦੋਸ਼ੀ ਪਾਇਆ ਗਿਆ ਹੈ। ਇਹ ਚਾਰੇ ਪਹਿਲਵਾਨ ਪਾਬੰਦੀਸ਼ੁਦਾ ਦਵਾਈ ਮਿਥੇਲ ਹੈਕਸ ਨਿਮਾਈਨ ਲੈਣ ਦੇ ਦੋਸ਼ੀ ਪਾਏ ਗਏ। ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਜੀ.ਐਸ. ਮੰਡੇਰ ਦੀ ਅਗਵਾਈ 'ਚ ਮੀਟਿੰਗ ਦੌਰਾਨ ਇਨ੍ਹਾਂ ਦੀ ਥਾਂ ਨਵੇਂ ਚੁਣੇ ਪਹਿਲਵਾਨਾਂ ਵਿਚ ਪ੍ਰਵੀਨ (120 ਕਿਲੋਗ੍ਰਾਮ), ਅਨਿਲ ਮਾਨ (96 ਕਿਲੋਗ੍ਰਾਮ), ਨਰ ਸਿੰਘ ਯਾਦਵ (74 ਕਿਲੋਗ੍ਰਾਮ) ਅਤੇ ਮਹਿਲਾ ਵਰਗ 'ਚ ਅੰਸ਼ੂ ਤੋਮਰ ਸ਼ਾਮਲ ਕੀਤੇ ਗਏ ਹਨ।

ਯਾਦ ਰਹੇ ਅਜਿਹੇ ਮਾਮਲਿਆਂ ਦੀ ਗਿਣਤੀ ਵਧਣ ਦਾ ਰੁਝਾਨ ਕਈ ਸਾਲਾਂ ਤੋਂ ਚਲ ਰਿਹਾ ਹੈ। ਪਿਛਲੇ ਸਾਲ 76 ਖਿਡਾਰੀ ਦੋਸ਼ੀ ਨਿਕਲੇ ਸਨ। ਇਸ ਸਾਲ ਅਗਸਤ ਮਹੀਨੇ ਤੱਕ ਹੀ ਇਹ ਗਿਣਤੀ ਸੌ ਤੱਕ ਪਹੁੰਚ ਗਈ ਹੈ। ਸਾਲ 2007 ਦੌਰਾਨ 44 ਅਤੇ 2008 ਦੌਰਾਨ 69 ਖਿਡਾਰੀ ਦੋਸ਼ੀ ਨਿਕਲੇ ਸਨ। ਪਿਛਲੇ ਦੋ ਸਾਲਾਂ ਦੌਰਾਨ ਛੇ ਹਜ਼ਾਰ ਖਿਡਾਰੀਆਂ ਦੀ ਜਾਂਚ ਕੀਤੀ ਗਈ ਹੈ। ਸਵਾਲ ਇਹ ਹੈ ਕਿ ਜੇ ਜਾਂਚ ਮੁਹਿੰਮ ਪਿਛਲੇ ਦੋ ਸਾਲਾਂ ਤੋਂ ਜਾਰੀ ਹੈ ਤਾਂ ਖਿਡਾਰੀਆਂ ਦੀ ਚੋਣ ਤੋਂ ਪਹਿਲਾਂ ਜਾਂਚ ਕੀਤੀ ਜਾਣੀ ਚਾਹੀਦੀ ਸੀ। ਜਾਂਚ ਦਾ ਕੰਮ ਸਤੰਬਰ ਦੇ ਅੰਤ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਹੋਰ ਖਿਡਾਰੀਆਂ ਦੇ ਜਾਂਚ ਵਿਚ ਨਾਕਾਮਯਾਬ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਖਿਡਾਰੀਆਂ ਵਲੋਂ ਪਾਬੰਦੀਸ਼ੁਦਾ ਦਵਾਈਆਂ ਖਾਣ ਦਾ ਰੁਝਾਨ ਵਰਲਡ ਐਂਟੀ ਡੋਪਿੰਗ ਐਸੋਸੀਏਸ਼ਨ (ਵਾਡਾ) ਵਲੋਂ ਜਾਂਚ ਵਿਚ ਲਗਾਤਾਰਤਾ ਲਿਆਉਣ ਨਾਲ ਵੱਡੇ ਪੱਧਰ 'ਤੇ ਸਾਹਮਣੇ ਆਇਆ ਹੈ। ਪਹਿਲਾਂ ਕੌਮਾਂਤਰੀ ਮੁਕਾਬਲਿਆਂ ਵਿਚ ਜੇਤੂਆਂ ਦੀ ਜਾਂਚ ਕੀਤੀ ਜਾਂਦੀ ਸੀ। ਬਾਅਦ ਵਿਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੂੰ ਇਸ ਘੇਰੇ ਵਿਚ ਲਿਆਂਦਾ ਗਿਆ। ਹੁਣ ਵਾਡਾ ਵਲੋਂ ਹਰ ਮੁਲਕ ਵਿਚ ਇਕਾਈ ਵਜੋਂ ਨਾਡਾ ਬਣਾਈ ਗਈ ਹੈ। ਨਾਡਾ ਕੌਮੀ ਅਤੇ ਮੁਕਾਮੀ ਖੇਡਾਂ ਨੂੰ ਜਾਂਚ ਦੇ ਘੇਰੇ ਵਿਚ ਲਿਆ ਰਹੀ ਹੈ। ਹੁਣ ਜਾਂਚ ਜ਼ਿਆਦਾ ਵਿਉਂਤਬੰਦ ਢੰਗ ਨਾਲ ਕੀਤੀ ਜਾ ਰਹੀ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਰਾਸ਼ਟਰਮੰਡਲ ਖੇਡਾਂ 'ਚ ਪੰਜਾਬੀ ਪਹਿਲਵਾਨ ਅਰਜਨ ਸਿੰਘ ਭੁੱਲਰ ਨੂੰ ਕੈਨੇਡਾ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਹਾਸਲ ਹੋਇਆ ਹੈ। ਸਾਈਮਨ ਫਰੇਜ਼ਰ ਯੂਨੀਵਰਸਿਟੀ ਦਾ ਵਿਦਿਆਰਥੀ ਅਤੇ ਕੈਨੇਡਾ-ਅਮਰੀਕਾ ਅੰਤਰ ਯੂਨੀਵਰਸਿਟੀ ਚੈਂਪੀਅਨਸ਼ਿਪ ਜੇਤੂ 24 ਸਾਲਾ ਭੁੱਲਰ 6 ਸਤੰਬਰ ਤੋਂ ਮਾਸਕੋ 'ਚ ਹੋ ਰਹੀ ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਲਈ ਵੀ ਚੁਣਿਆ ਗਿਆ ਹੈ। ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਭੁੱਲਰ ਦੇ ਸ. ਅਵਤਾਰ ਸਿੰਘ ਭੁੱਲਰ ਤੇ ਸਲਿੰਦਰ ਕੌਰ ਭੁੱਲਰ ਦੇ ਪਹਿਲਵਾਨ ਪੁੱਤਰ ਅਰਜਨ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਖੇਡਾਂ ਤੇ ਵਿੱਦਿਆ ਵਿਚ ਸੰਤੁਲਨ ਰੱਖ ਕੇ ਅਤੇ ਨਸ਼ਿਆਂ ਦਾ ਤਿਆਗ ਕਰਕੇ ਹੀ ਨੌਜਵਾਨ ਦੇਸ਼ ਤੇ ਕੌਮ ਦਾ ਨਾਂ ਰੌਸ਼ਨ ਕਰ ਸਕਦੇ ਹਨ।

## ਅਮਰੀਕਾ ਨੇ ਖੇਡਾਂ ਦੌਰਾਨ ਆਪਣੇ ਨਾਗਰਿਕਾਂ ਨੂੰ ਚੌਕਸ ਰਹਿਣ ਲਈ ਕਿਹਾ

ਅਮਰੀਕਾ ਨੇ ਰਾਸ਼ਟਰਮੰਡਲ ਖੇਡਾਂ ਦੌਰਾਨ ਭਾਰਤ ਦਾ ਦੌਰਾ ਕਰਨ ਵਾਲੇ ਅਪਣੇ ਨਾਗਰਿਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਅਮਰੀਕਾ ਨੇ ਕਿਹਾ ਹੈ ਕਿ ਉਦੋਂ ਅਤਿਵਾਦੀ ਹਮਲੇ ਹੋਣ ਦਾ ਖ਼ਤਰਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਜਾਰੀ ਬਿਆਨ 'ਚ ਕਿਹਾ, ''ਭਾਰਤ ਵਿਚ ਅਮਰੀਕੀ ਸਫ਼ਾਰਤਖ਼ਾਨੇ ਨੇ ਉਥੋਂ ਦੀ ਯਾਤਰਾ ਕਰ ਰਹੇ ਜਾਂ ਰਹਿ ਰਹੇ ਅਮਰੀਕੀ ਨਾਗਰਿਕਾਂ ਨੂੰ ਕਾਮਨਵੈਲਥ ਖੇਡਾਂ ਨਾਲ ਜੁੜੇ ਸੁਰੱਖਿਆ ਮਾਮਲਿਆਂ ਦੇ ਸਨਮੁਖ ਚੌਕਸ ਰਹਿਣ ਲਈ ਆਖਿਆ ਹੈ।''

ਅਮਰੀਕੀ ਨਾਗਰਿਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਜਨਤਕ ਸਥਾਨਾਂ 'ਤੇ ਜਾਣ ਜਾਂ ਹੋਟਲਾਂ ਦੀ ਚੋਣ ਕਰਨ ਤੋਂ ਪਹਿਲਾਂ ਭਾਰਤੀ ਮੀਡੀਆ ਦੀਆਂ ਖ਼ਬਰਾਂ 'ਤੇ ਜ਼ਰੂਰ ਗ਼ੌਰ ਕਰਨ। ਖ਼ਾਸ ਤੌਰ 'ਤੇ ਦਿੱਲੀ ਦੀ ਯਾਤਰਾ ਸਮੇਂ ਚੌਕਸੀ ਵਰਤੀ ਜਾਵੇ। ਅਮਰੀਕੀ ਨਾਗਰਿਕਾਂ ਨੂੰ ਜਨਤਕ ਆਵਾਜਾਈ ਦੇ ਸਾਧਨ ਵਰਤਣ ਅਤੇ ਰਾਤ ਸਮੇਂ ਡਰਾਈਵਿੰਗ ਕਰਦਿਆਂ ਸਾਵਧਾਨੀ ਰੱਖਣ ਲਈ ਵੀ ਆਖਿਆ ਗਿਆ ਹੈ। ਇਸ ਤੋਂ ਪਹਿਲਾਂ ਆਸਟਰੇਲੀਆ ਸਰਕਾਰ ਨੇ ਵੀ ਅਪਣੇ ਨਾਗਰਿਕਾਂ ਨੂੰ ਅਜਿਹੀ ਸਲਾਹ ਦਿੱਤੀ ਸੀ। ਦਿਨੋ ਦਿਨ ਉਠ ਰਹੇ ਵਿਵਾਦਾਂ ਕਾਰਨ ਰਾਸ਼ਟਰਮੰਡਲ ਖੇਡਾਂ ਦਾ ਸਹਿਜੇ ਹੀ ਸਿਰੇ ਚੜ੍ਹਨਾ ਮੁਸ਼ਕਿਲ ਹੀ ਲੱਗ ਰਿਹਾ ਹੈ।

# ਨੀਤੀ ਘੜਨ ਦਾ ਹੱਕ ਸਰਕਾਰ ਦਾ, ਸੁਪਰੀਮ ਕੋਰਟ ਦਖਲ ਨਾ ਦੇਵੇ-ਪ੍ਰਧਾਨ ਮੰਤਰੀ

ਜਾਏਗਾ।

ਅਗਾਊਂ ਸੇਵਾ ਮੁਕਤੀ ਦੀ ਸੰਭਾਵਨਾ ਰੱਦ ਕਰਦਿਆਂ ਪ੍ਰਧਾਨ ਮੰਤਰੀ ਨੇ ਇਹ ਗੱਲ ਵੀ ਖਾਰਜ ਕਰ ਦਿੱਤੀ ਕਿ ਉਨ੍ਹਾਂ ਦੀ ਸਰਕਾਰ ਤੇ ਕਾਂਗਰਸ ਪਾਰਟੀ 'ਚ ਸੰਪਰਕ ਟੁੱਟਿਆ ਹੋਇਆ ਹੈ। ਉਨ੍ਹਾਂ ਨਾਲ ਹੀ ਸਪਸ਼ਟ ਕੀਤਾ ਕਿ ਉਹ ਆਪਣੇ ਮੰਤਰੀ ਮੰਡਲ ਦੇ ਕਿਸੇ ਵੀ ਮੈਂਬਰ ਨੂੰ 'ਮੂੰਹ ਬੰਦ ਕਰਨ ਲਈ' ਨਹੀਂ ਕਹਿਣਗੇ। ਪ੍ਰਧਾਨ ਮੰਤਰੀ ਨੇ ਸਪਸ਼ਟ ਕੀਤਾ ਕਿ ਸਰਕਾਰ 'ਚ ਕੋਈ 'ਪਾੜਾ' ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਸਭ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਹੈ ਤਾਂ ਇਹਦਾ ਮਤਲਬ ਇਹ ਨਹੀਂ ਕਿ ਉਹ ਪਾੜੇ ਦੇ ਸੰਕੇਤ ਹਨ। ਉਨ੍ਹਾਂ ਕਿਹਾ ਕਿ ਉਹਦੇ ਮੰਤਰੀ ਤੇ ਕਾਂਗਰਸੀ ਆਗੂ ਜੇਕਰ ਵੱਖੋ-ਵੱਖਰੇ ਵਿਚਾਰ ਪ੍ਰਗਟ ਕਰਦੇ ਹਨ ਤਾਂ ਇਸ 'ਚ ਕੁਝ ਵੀ ਗਲਤ ਨਹੀਂ ਹੈ ਕਿਉਂਕਿ ਭਾਰਤ ਜਮਹੂਰੀ ਦੇਸ਼ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਮੰਤਰੀ ਮੰਡਲ ਪੰਡਿਤ ਜਵਾਹਰ ਲਾਲ ਨਹਿਰੂ ਦੇ ਮੰਤਰੀ ਮੰਡਲ ਨਾਲੋਂ ਕਿਤੇ ਜ਼ਿਆਦਾ ਇਤਫਾਕ 'ਚ ਚਲਦਾ ਹੈ। ਉਨ੍ਹਾਂ ਨੇ ਸ੍ਰੀ ਜਵਾਹਰ ਲਾਲ ਨਹਿਰੂ ਤੇ ਸ੍ਰੀਮਤੀ ਇੰਦਰਾ ਗਾਂਧੀ ਦੇ ਰਾਜ ਵੇਲੇ ਮੰਤਰੀਆਂ 'ਚ ਮਤਭੇਦਾਂ ਤੇ ਇਕਸੁਰਤਾ ਦੇ ਹਵਾਲੇ ਵੀ ਦਿੱਤੇ।

ਇਸ ਦੌਰਾਨ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਾਲੀ ਸੁਰੱਖਿਆ ਸਬੰਧੀ ਕੈਬਨਿਟ ਕਮੇਟੀ (ਸੀ.ਸੀ.ਐਸ.) ਇਸੇ ਹਫ਼ਤੇ ਛੇਤੀ ਹੀ ਕਸ਼ਮੀਰ ਮਸਲੇ ਸਬੰਧੀ ਬਰੀਕੀ ਨਾਲ ਵਿਚਾਰ ਕਰੇਗੀ ਤੇ ਕੇਂਦਰ, ਖੜੋਤ ਤੋੜਨ ਲਈ ਕਈ ਨਵੇਂ ਕਦਮ ਵੀ ਪੁੱਟ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਜਾਦੂ ਦਾ ਭਰੋਸਾ ਨਹੀਂ ਦੇ ਸਕਦੇ, ਦੇਸ਼ ਨੂੰ ਧੀਰਜ ਰੱਖਣਾ ਸਿੱਖਣਾ ਚਾਹੀਦਾ ਹੈ। ਵਾਦੀ ਦੀ ਵਰਤਮਾਨ ਸਥਿਤੀ ਸਬੰਧੀ ਉਨ੍ਹਾਂ ਕਿਹਾ ਕਿ ਮਾਰੂ ਹਥਿਆਰਾਂ ਦੀ ਥਾਂ ਮਾਨਵੀ ਢੰਗ-ਤਰੀਕੇ ਅਪਣਾਉਣ ਦੀ ਲੋੜ ਹੈ।

ਪੇਈਚਿੰਗ ਵਲੋਂ ਜੰਮੂ-ਕਸ਼ਮੀਰ ਤੇ ਹੋਰ ਮੁੱਦਿਆਂ 'ਤੇ ਕੀਤੀਆਂ ਜਾ ਰਹੀਆਂ ਹਰਕਤਾਂ ਸਬੰਧੀ ਸੁਆਲਾਂ ਦੇ ਜੁਆਬ ਦੇਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਵਧੇਰੇ ਸਚੇਤ ਰਹਿਣ ਦੀ ਲੋੜ ਹੈ, ਪਰ ਚੀਨ ਨਾਲ ਆਪਣੇ ਮਸਲਿਆਂ ਦੇ ਪੁਰਅਮਨ ਹੱਲ ਦੀ ਆਸ ਵੀ ਨਹੀਂ ਛੱਡਣੀ ਚਾਹੀਦੀ। ਉਨ੍ਹਾਂ ਕਿਹਾ ਕਿ ਦੋਵੇਂ ਏਸ਼ੀਆ ਸ਼ਕਤੀਆਂ 'ਚ ਤਾਲਮੇਲ ਦੇ ਨਾਲ-ਨਾਲ ਮੁਕਾਬਲਾ ਵੀ ਹੈ, ਪਰ ਪੁਰਅਮਨ ਮੁਕਾਬਲੇ ਦੇ ਆਧਾਰ ਲਈ ਯਤਨ ਕੀਤੇ ਜਾਣੇ ਜ਼ਰੂਰੀ ਹਨ। ਪ੍ਰਧਾਨ ਮੰਤਰੀ ਨੇ ਭਾਰਤੀ ਸਨਅਤ ਲਈ ਸਪਸ਼ਟ ਕੀਤਾ ਕਿ ਵਾਤਾਵਰਨ ਦਾ ਸਰੋਕਾਰ ਅਹਿਮ ਹੈ ਤੇ ਇਨ੍ਹਾਂ ਨੂੰ ਵਿਕਾਸ ਲੋੜਾਂ ਤੇ ਵਾਤਾਵਰਨ ਦੇ ਫਿਕਰਾਂ 'ਚ ਸਮਤੋਲ ਰੱਖਣਾ ਪਏਗਾ। ਉਨ੍ਹਾਂ ਨੇ ਕਿਸੇ ਵੀ ਭ੍ਰਿਸ਼ਟ ਮੰਤਰੀ ਵਿਰੁਧ ਕਾਰਵਾਈ ਕਰਨ ਦਾ ਵਾਅਦਾ ਕਰਦਿਆਂ ਦਾਅਵੇ ਨਾਲ ਕਿਹਾ ਕਿ ਉਨ੍ਹਾਂ ਲਈ ਇਹ ਕਰਨਾ ਜ਼ਰੂਰੀ ਹੈ ਕਿਉਂਕਿ ਭ੍ਰਿਸ਼ਟਾਚਾਰ ਵੱਡੀ ਚੁਣੌਤੀ ਬਣ ਗਿਆ ਹੈ। ਰਾਸ਼ਟਰਮੰਡਲ ਖੇਡਾਂ ਦੀ ਤਿਆਰੀ 'ਚ ਢਿੱਲਮੱਠ ਤੇ ਦੇਰੀ ਹੋਈ ਮੰਨਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਹੁਣ ਇਨ੍ਹਾਂ ਖੇਡਾਂ ਨੂੰ ਸਫਲ ਕਰਨ ਲਈ ਹਰੇਕ ਨੂੰ ਰਲ ਕੇ ਕੰਮ ਕਰਨਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਵਲੋਂ ਦੇਸ਼ ਦੇ ਮੁੱਖ ਅਖਬਾਰਾਂ ਤੇ ਰਸਾਲਿਆਂ ਦੇ ਸੰਪਾਦਕਾਂ ਨਾਲ ਕੀਤੀ ਗਈ ਗੱਲਬਾਤ ਵਿਚ ਬਹੁਤ ਇਕਸਾਰਤਾ ਅਤੇ ਸਾਫਗੋਈ ਦਿਖਾਈ ਦਿੱਤੀ। ਆਪਣੀ 80 ਮਿੰਟ ਦੀ ਗੱਲਬਾਤ ਦੌਰਾਨ ਉਨ੍ਹਾਂ ਆਪਣੇ ਸੁਭਾਅ ਦੇ ਉਲਟ ਖੁੱਲ੍ਹ ਕੇ ਗੱਲਾਂ ਕੀਤੀਆਂ। ਉਨ੍ਹਾਂ ਨੇ ਦਿਖਾਇਆ ਕਿ ਹਾਲੇ ਵੀ ਸਰਕਾਰ ਦੀ ਕਮਾਨ ਉਨ੍ਹਾਂ ਦੇ ਹੀ ਹੱਥ ਵਿਚ ਹੈ ਅਤੇ ਸਾਰੇ ਅਹਿਮ ਮੁੱਦਿਆਂ 'ਤੇ ਉਹ ਖੁਦ ਹੀ ਫੈਸਲੇ ਲੈਂਦੇ ਹਨ ਅਤੇ ਉਹ ਕਾਂਗਰਸ ਪਾਰਟੀ ਨਾਲੋਂ ਵੱਖਰੀਆਂ ਧਾਰਨਾਵਾਂ ਬਾਰੇ ਗੱਲ ਕਰਨ ਲਈ ਵੀ ਆਜਾਦ ਹਨ। ਸੰਪਾਦਕਾਂ ਅਨੁਸਾਰ ਪ੍ਰਧਾਨ ਮੰਤਰੀ ਦੀ ਬੇਬਾਕੀ ਅਤੇ ਦ੍ਰਿੜਤਾ ਵਾਲੀ ਪਹੁੰਚ ਦਾ ਸਵਾਗਤ ਹੈ ਪਰ ਉਨ੍ਹਾਂ ਨੂੰ ਆਉਂਦੇ ਸਮੇਂ ਵਿਚ ਆਪਣੇ ਕੰਮਾਂ ਵਿਚ ਵੀ ਇਹੀ ਰੁਖ ਅਪਣਾ ਕੇ ਚੱਲਣਾ ਪਵੇਗਾ।

## ਪ੍ਰਧਾਨ ਮੰਤਰੀ ਨੇ ਅਦਾਲਤ ਦੀ ਝਾੜ-ਝੰਬ ਨਹੀਂ ਕੀਤੀ-ਕਾਂਗਰਸ

**ਨਵੀਂ ਦਿੱਲੀ:** ਇਸ ਦੌਰਾਨ ਕਾਂਗਰਸ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਨਿਮਰਤਾ ਨਾਲ ਸੁਪਰੀਮ ਕੋਰਟ ਨੂੰ ਨੀਤੀ ਘੜਨ ਦੇ ਅਧਿਕਾਰ ਖੇਤਰ 'ਚ ਨਾ ਜਾਣ ਲਈ ਕਹਿ ਕੇ ਸਰਵਉਚ ਅਦਾਲਤ ਦੀ ਝਾੜ-ਝੰਬ ਨਹੀਂ ਕੀਤੀ।

ਕਾਂਗਰਸ ਦੇ ਤਰਜ਼ਮਾਨ ਅਭਿਸ਼ੇਕ ਸਿੰਘਵੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਜੋ ਕਹਿਣਾ ਸੀ, ਉਹ ਕਹਿ ਦਿੱਤਾ। ਪਾਰਟੀ ਉਨ੍ਹਾਂ ਦੇ ਕਹੇ ਦੇ ਨਾਲ ਪੂਰੀ ਤਰ੍ਹਾਂ ਖੜ੍ਹੀ ਹੈ। ਪਾਰਟੀ ਤੇ ਉਨ੍ਹਾਂ ਦੀ ਇਸ ਮੁੱਦੇ 'ਤੇ ਭੋਰਾ ਭਰ ਵੀ ਰਾਏ ਵੱਖਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਇਸ ਨੂੰ ਅਦਾਲਤ ਦੀ ਝਾੜ-ਝੰਬ ਕਹਿ ਕੇ ਮੁੱਦੇ ਨੂੰ ਸਨਸਨੀਖੇਜ਼ ਬਣਾਉਣਾ ਚਾਹੁੰਦੀ ਹੈ।


**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**

## ਕੀ ਪੰਜਾਬ 'ਚ ਤੁਹਾਡੀ ਕੋਈ ਜ਼ਮੀਨ ਜਾਇਦਾਦ ਹੈ? ਤੁਹਾਨੂੰ ਇਸ ਦੀ ਚਿੰਤਾ ਸਤਾਉਂਦੀ ਹੈ?

ਮੇਰੇ ਪਿਆਰੇ ਵੀਰੋ ਤੇ ਭੈਣੋ,

ਜੋ ਮੇਰੇ ਵੀਰ, ਭੈਣ-ਭਰਾ ਅਤੇ ਬਜ਼ੁਰਗ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪਿਛੇ ਪੰਜਾਬ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਆਪਣੀ ਜ਼ਮੀਨ-ਜਾਇਦਾਦ ਦਾ ਫਿਕਰ ਹੈ। ਉਸ ਦੀ ਦੇਖ-ਭਾਲ ਨਹੀਂ ਕਰ ਸਕਦੇ, ਵੇਚ ਨਹੀਂ ਸਕਦੇ ਜਾਂ ਆਪਣੇ ਨਾਂ ਤਬਦੀਲ ਨਹੀਂ ਕਰਵਾ ਸਕਦੇ ਅਸੀਂ ਉਨ੍ਹਾਂ ਨੂੰ ਪਰਦੇਸ ਵਿਚ ਬੈਠਿਆਂ ਹੀ ਜ਼ਮੀਨ ਜਾਇਦਾਦ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਫਰਦਾਂ ਅਤੇ ਗਵਾਚੀਆਂ ਹੋਈਆਂ ਰਜਿਸਟਰੀਆਂ ਦੀਆਂ ਨਕਲਾਂ, ਇੰਤਕਾਲਾਂ ਆਦਿ ਦਾ ਪ੍ਰਬੰਧ ਕਰਕੇ ਪਹੁੰਚਾ ਸਕਦੇ ਹਾਂ। ਅਸੀਂ ਉਨ੍ਹਾਂ ਦੀ ਜ਼ਮੀਨ-ਜਾਇਦਾਦ ਅੱਗੋਂ ਵੇਚਣ ਵਿਚ ਵੀ ਮਦਦ ਕਰ ਸਕਦੇ ਹਾਂ।

ਪੰਜਾਬ, ਚੰਡੀਗੜ੍ਹ ਜਾਂ ਹਰਿਆਣਾ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਜਿਵੇਂ ਮਕਾਨ, ਦੁਕਾਨ, ਕੋਠੀ, ਪਲਾਟ, ਫਲੈਟ ਜਾਂ ਵਾਹੀਯੋਗ ਜ਼ਮੀਨ ਖਰੀਦਣੀ ਹੋਵੇ ਜਾਂ ਵੇਚਣੀ, ਸਾਨੂੰ ਸੇਵਾ ਦਾ ਮੌਕਾ ਦਿਓ। ਅਸੀਂ ਪੂਰੀ ਇਮਾਨਦਾਰੀ ਨਾਲ ਕਾਨੂੰਨੀ ਤੌਰ 'ਤੇ ਕਾਗਜ਼ਾਤ ਤਿਆਰ ਕਰਕੇ ਸੌਦੇ ਕਰਵਾਉਂਦੇ ਹਾਂ। ਕਿਸੇ ਵੀ ਦਲਾਲ ਨੂੰ ਵਿਚ ਨਹੀਂ ਪਾਉਂਦੇ ਅਤੇ ਪਾਰਟੀ ਨਾਲ ਸਿੱਧੀ ਗੱਲ ਕਰਾਉਂਦੇ ਹਾਂ। ਸਾਡਾ ਦਫਤਰ ਪੰਜਾਬ ਵਿਚ ਅਤੇ ਇੰਗਲੈਂਡ ਵਿਚ ਦੋਹੀਂ ਥਾਂਈਂ ਹੈ। ਤੁਸੀਂ ਸਾਡੇ ਨਾਲ ਫੋਨ 'ਤੇ ਸੰਪਰਕ ਕਰ ਸਕਦੇ ਹੋ ਜਾਂ ਸਾਡੇ ਫੋਨ 'ਤੇ ਆਪਣਾ ਨਾਂ, ਪਤਾ, ਫੋਨ ਅਤੇ ਸੁਨੇਹਾ ਛੱਡ ਸਕਦੇ ਹੋ। ਅਸੀਂ ਖੁਦ ਤੁਹਾਡੇ ਨਾਲ ਸੰਪਰਕ ਕਰਾਂਗੇ। ਅਸੀਂ ਹਰ ਕੰਮ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ। ਇਕ ਵਾਰ ਜ਼ਰੂਰ ਸੇਵਾ ਦਾ ਮੌਕਾ ਦਿਓ।

**ਇਮਾਨਦਾਰੀ ਪ੍ਰਾਪਰਟੀ ਐਡਵਾਈਜ਼ਰ**

**Address: Imandari, P.O.Box 695, Hayes, Middlesex UB3 9PD, UK**
**Tel/Fax:0044-2087970259, Mobile:0044-7403071308**
**Tarsem: 91-94643-31245, Fax:91-182-4220156**
*e-mail: imandari@hotmail.co.uk*



**ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ**

SELL YOUR HOME FOR CASH TODAY
#1 SHORT SALE EXPERT

CALL TOADY & STOP WORRYING

*Manjit Gill* - 209.524.4008
*Real Estate & Loans* - 510.415.2368

**ਸਸਤੀ ਅਤੇ ਵਧੀਆ ਇੰਸ਼ੋਰੈਂਸ**

**GILL FINANCIAL & INSURANCE**



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM

ਅੱਜ ਹੀ ਕਾਲ ਕਰੋ

510-415-2368 / 209-524-4008

www.gillfinancial.com

**Punjab Times**
**Established in 2000**
**11th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆੜ੍ਹਤੀਏ ਤੇ ਕੁਝ ਕਿਸਾਨ ਸੰਗਠਨ ਵਿਰੋਧ 'ਚ ਉਤਰੇ

## ਕਿਸਾਨਾਂ ਨੂੰ ਸਿੱਧੀ ਅਦਾਇਗੀ ਦਾ ਮਸਲਾ ਮੁੜ ਭਖਿਆ

**ਬਿੰਦਰ ਬਸਰਾ**

ਭਾਰਤੀ ਖੁਰਾਕ ਨਿਗਮ ਵਲੋਂ ਝੋਨੇ ਦੀ ਅਗਾਮੀ ਫਸਲ ਲਈ ਪੰਜਾਬ ਅੰਦਰ ਕੀਤੀ ਜਾਣ ਵਾਲੀ ਖਰੀਦ ਵਾਸਤੇ ਕਿਸਾਨਾਂ ਨੂੰ ਸਿੱਧੀ ਅਦਾਇਗੀ ਕਰਨ ਦੇ ਐਲਾਨ ਨੇ ਨਿਗਮ ਅਤੇ ਪੰਜਾਬ ਆੜ੍ਹਤੀਆ ਐਸੋਸੀਏਸ਼ਨ ਨੂੰ ਆਹਮੋ-ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਕਿਸਾਨਾਂ ਨੂੰ ਫਸਲਾਂ ਦੀ ਅਦਾਇਗੀ ਆੜ੍ਹਤੀਆਂ ਰਾਹੀਂ ਕੀਤੀ ਜਾਵੇ ਜਾਂ ਫਿਰ ਖਰੀਦ ਏਜੰਸੀਆਂ ਸਿੱਧੀਆਂ ਹੀ ਕਿਸਾਨਾਂ ਨੂੰ ਅਦਾਇਗੀ ਕਰਨ, ਇਸ ਬਾਰੇ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਵੀ ਇਕਮੱਤ ਨਹੀਂ ਹਨ। ਅਜਿਹਾ ਨਾ ਹੋਣ ਕਾਰਨ ਪੰਜਾਬ ਦੇ ਕਿਸਾਨ ਭੰਬਲਭੂਸੇ ਦਾ ਸ਼ਿਕਾਰ ਹਨ। ਅਜਿਹੀ ਸਥਿਤੀ 'ਚ ਕਿਸਾਨੀ ਕਿਸ ਧਿਰ ਨਾਲ ਖੜ੍ਹੀ ਹੋਵੇ, ਉਸ ਲਈ ਫੈਸਲਾ ਲੈਣਾ ਔਖਾ ਹੋਇਆ ਪਿਆ ਹੈ।

ਪੰਜਾਬ ਆੜ੍ਹਤੀਆਂ ਐਸੋਸੀਏਸ਼ਨ ਵਲੋਂ ਭਾਰਤੀ ਖੁਰਾਕ ਨਿਗਮ ਦੀ ਖਰੀਦ ਦਾ ਬਾਈਕਾਟ ਕਰਨ ਦੇ ਐਲਾਨ ਨੇ ਇਸ ਮੁੱਦੇ ਨੂੰ ਨਵੇਂ ਸਿਰਿਉਂ ਬਹਿਸ ਦੇ ਅਖਾੜੇ 'ਚ ਲਿਆ ਪਟਕਾਇਆ ਹੈ। ਜ਼ਿਕਰਯੋਗ ਹੈ ਕਿ ਇਹ ਮੁੱਦਾ ਇਸ ਵੇਲੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਿਚਾਰ ਅਧੀਨ ਹੈ ਅਤੇ ਇਸ ਸਬੰਧੀ ਅਗਲੀ ਪੇਸ਼ੀ 13 ਸਤੰਬਰ ਨੂੰ ਹੋਣੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਖੇਤੀਬਾੜੀ ਯੂਨੀਵਰਸਿਟੀ ਵਲੋਂ ਤਿਆਰ ਕੀਤੀ ਰਿਪੋਰਟ ਅਨੁਸਾਰ 87 ਫੀਸਦੀ ਕਿਸਾਨ ਫਸਲ ਦੀ ਸਿੱਧੀ ਅਦਾਇਗੀ ਦੇ ਹੱਕ ਵਿਚ ਹਨ ਜਦਕਿ ਕਿਸਾਨਾਂ ਨੂੰ ਫਸਲ ਦੀ ਸਿੱਧੀ ਅਦਾਇਗੀ ਦਾ ਵਿਰੋਧ ਕਰਨ ਵਾਲੇ ਆੜ੍ਹਤੀਆਂ ਵਲੋਂ ਕਿਸਾਨਾਂ ਦੀ ਰਾਇਸ਼ੁਮਾਰੀ ਕਰਵਾਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਉਹ ਸਮਝਦੇ ਹਨ ਕਿ ਇਸ ਨੂੰ ਕਿਸਾਨ ਦੀ ਮਰਜ਼ੀ 'ਤੇ ਛੱਡਿਆ ਜਾਵੇ ਕਿ ਉਹ ਕੀ ਚਾਹੁੰਦਾ ਹੈ।

ਇਸ ਵਰਤਾਰੇ ਬਾਰੇ ਇਕ ਵਿਦੇਸ਼ੀ ਖੇਤੀ ਵਿਗਿਆਨੀ ਵਲੋਂ ਕੀਤੀ ਟਿੱਪਣੀ ਬਹੁਤ ਮਹੱਤਵਪੂਰਨ ਹੈ ਜਿਸ ਨੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਫੇਰੀ ਪਿਛੋਂ ਪੰਜਾਬ 'ਚ ਪ੍ਰਚਲਤ ਆੜ੍ਹਤੀਆ ਵਰਤਾਰੇ ਬਾਰੇ ਕਿਹਾ ਸੀ ਕਿ ਮੇਰੀ ਵੀ ਇੱਛਾ ਹੈ ਕਿ ਮੈਂ ਖੋਜ ਕਾਰਜ ਛੱਡ ਕੇ, ਪੰਜਾਬ 'ਚ ਆ ਕੇ ਆੜ੍ਹਤ ਦੀ ਹੱਟੀ ਖੋਲ੍ਹ ਲਵਾਂ। ਇਹ ਟਿੱਪਣੀ ਭਾਵੇਂ ਪੰਜਾਬ 'ਚ ਕਿਸਾਨਾਂ ਨੂੰ ਫਸਲ ਦੀ ਸਿੱਧੀ ਅਦਾਇਗੀ ਅਤੇ ਆੜ੍ਹਤੀਆਂ ਵਿਵਸਥਾ ਜਾਂ ਖਰੀਦ ਏਜੰਸੀਆਂ ਵਲੋਂ ਕਿਸਾਨਾਂ ਨੂੰ ਸਿੱਧੀ ਅਦਾਇਗੀ ਬਾਰੇ ਕੋਈ ਸਪੱਸ਼ਟ ਫੈਸਲਾ ਨਹੀਂ ਦਿੰਦੀ, ਪਰ ਆੜ੍ਹਤੀਆ ਦੇ ਕਿਸਾਨਾਂ ਅਤੇ ਖਰੀਦ ਏਜੰਸੀਆਂ ਵਿਚਾਲੇ ਗੈਰਸਿਰਜਣਾਤਮਿਕ ਰੋਲ ਨੂੰ ਜ਼ਰੂਰ ਰੱਦ ਕਰਦੀ ਹੈ।

ਭਾਰਤੀ ਖੁਰਾਕ ਨਿਗਮ ਵਲੋਂ ਕਿਸਾਨਾਂ ਨੂੰ ਫਸਲ ਦੀ ਖਰੀਦ ਲਈ ਸਿੱਧੀ ਅਦਾਇਗੀ ਕਰਨ ਦੇ ਐਲਾਨ ਪਿੱਛੋਂ ਪੰਜਾਬ ਆੜ੍ਹਤੀਆ ਐਸੋਸੀਏਸ਼ਨ ਵਲੋਂ ਨਿਗਮ ਦੀ ਖਰੀਦ ਦੇ ਬਾਈਕਾਟ ਦੇ ਐਲਾਨ ਨੇ ਕਿਸਾਨਾਂ ਨੂੰ ਕਸੂਤੀ ਸਥਿਤੀ 'ਚ ਪਾ ਦਿੱਤਾ ਹੈ। ਕਿਸਾਨ ਜਥੇਬੰਦੀਆਂ ਦੇ ਇਸ ਮੁੱਦੇ 'ਤੇ ਇਕਮਤ ਨਾ ਹੋਣ ਕਾਰਨ ਸਥਿਤੀ ਹੋਰ ਵੀ ਗੁੰਝਲਦਾਰ ਬਣ ਗਈ ਹੈ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਪ੍ਰਧਾਨ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਦਾ ਕਿਸਾਨਾਂ ਨੂੰ ਸਿੱਧੀ ਅਦਾਇਗੀ ਕਰਨ ਬਾਰੇ ਤਰਕ ਹੈ ਕਿ ਕਿਸਾਨ ਫਸਲ ਦਾ ਮਾਲਕ ਹੈ ਅਤੇ ਖਰੀਦ ਏਜੰਸੀਆਂ ਰਾਹੀਂ ਸਰਕਾਰ ਖਰੀਦਦਾਰ ਹੈ। ਇਸ ਲਈ ਫਸਲ ਦੀ ਕੀਮਤ ਦਾ ਲੈਣ/ਦੇਣ ਵੇਚਣ ਵਾਲੇ ਅਤੇ ਖਰੀਦਦਾਰ ਵਿਚਾਲੇ ਸਿੱਧਾ ਹੋਣਾ ਚਾਹੀਦਾ ਹੈ ਅਤੇ ਤੀਜੀ ਧਿਰ ਆੜ੍ਹਤੀਏ ਨੂੰ ਸਿਰਫ ਕਮਿਸ਼ਨ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਹੁਣ ਜਦਕਿ ਖੁਰਾਕ ਸਪਲਾਈ ਵਿਭਾਗ ਵਲੋਂ ਵੀ ਚੈੱਕ ਦਾ ਕੰਮ ਮੁਕਾ ਕੇ ਕਿਸਾਨਾਂ ਦੇ ਬੈਂਕਾਂ ਵਿਚ ਹੀ 'ਆਨਲਾਈਨ' ਅਦਾਇਗੀ ਕਰ ਦੇਣ ਦੀ ਵਿਵਸਥਾ ਕੀਤੇ ਜਾਣ ਬਾਰੇ ਸੋਚਿਆ ਜਾ ਰਿਹਾ ਹੈ ਤਾਂ ਇਸ ਲਈ ਚੈਕਾਂ ਦੇ ਦੇਰੀ ਨਾਲ ਮਿਲਣ ਜਾਂ ਫੇਲ੍ਹ-ਪਾਸ ਹੋਣ ਦਾ ਝੰਜਟ ਹੀ ਮੁੱਕ ਜਾਣਾ ਹੈ।

ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਆੜ੍ਹਤੀਆਂ ਵਲੋਂ ਕਿਸਾਨਾਂ ਦਾ ਸ਼ੋਸ਼ਣ ਕਰਨ ਲਈ ਆੜ੍ਹਤ ਤੇ ਨਾਲ-ਨਾਲ ਸ਼ਾਹੂਕਾਰਾ ਕਰਨ ਨਾਲ ਦੋਹਾਂ ਧਿਰਾਂ ਵਿਚਾਲੇ ਜਿਹੜਾ ਪਵਿੱਤਰ ਰਿਸ਼ਤਾ ਸੀ, ਉਹ ਹੁਣ ਕੁੜੱਤਣ ਭਰਿਆ ਹੋ ਰਿਹਾ ਹੈ। ਇਸ ਰਿਸ਼ਤੇ ਨੂੰ ਮੁੜ ਕਾਇਮ ਕਰਨ ਲਈ ਇਸ ਤਬਦੀਲੀ ਦਾ ਆਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ



ਕਿ ਬਾਕੀ ਖਰੀਦ ਏਜੰਸੀਆਂ ਵੀ ਭਾਰਤੀ ਖੁਰਾਕ ਨਿਗਮ ਦੀ ਤਰਜ਼ 'ਤੇ ਸਿੱਧੀ ਅਦਾਇਗੀ ਦਾ ਐਲਾਨ ਕਰਨ। ਸ. ਲੱਖੋਵਾਲ ਨੇ ਆੜ੍ਹਤੀਆਂ ਵਲੋਂ ਆੜ੍ਹਤ ਦੇ ਨਾਲ-ਨਾਲ ਸ਼ਾਹੂਕਾਰਾਂ ਕਰਨ 'ਤੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਜਿਸ ਆੜ੍ਹਤੀਏ ਨੇ ਸ਼ਾਹੂਕਾਰਾ ਕਰਨਾ ਹੈ, ਉਸ ਨੂੰ ਸ਼ਾਹੂਕਾਰੇ ਦਾ ਲਾਇਸੰਸ ਲੈਣਾ ਚਾਹੀਦਾ ਹੈ ਅਤੇ ਨਿਯਮਾਂ ਦੇ ਅੰਦਰ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਖੇਤੀਬਾੜੀ ਯੂਨੀਵਰਸਿਟੀ ਜਾਂ ਕਿਸਾਨ ਕਮਿਸ਼ਨ ਤੋਂ ਇਸ ਗੱਲ ਦੀ ਜਾਂਚ ਕਰਾਵੇ ਕਿ ਆੜ੍ਹਤੀਆਂ ਅਤੇ ਖਾਸਕਰ ਕਿਸਾਨਾਂ ਤੋਂ ਆੜ੍ਹਤੀਏ ਬਣੇ ਲੋਕਾਂ ਨੇ ਪੈਸਿਆਂ ਬਦਲੇ ਕਿੰਨੀ ਜ਼ਮੀਨ ਆਪਣੇ ਨਾਂ ਕਰਵਾਈ ਹੈ। ਆੜ੍ਹਤੀਆਂ ਵਲੋਂ ਕਿਸਾਨਾਂ ਵਲ ਖੜੀਆਂ ਆਪਣੀਆਂ ਮੋਟੀਆਂ ਰਕਮਾਂ ਮੋੜਨ ਲਈ ਹੋਰ ਸਮੇਂ ਦੀ ਮੰਗ ਕਰਨ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਾਹਮਣੇ ਆੜ੍ਹਤੀਆਂ ਨੂੰ 3 ਫਸਲਾਂ ਵਿਚ ਹਿਸਾਬ ਬਰਾਬਰ ਕਰਨ ਲਈ ਕਿਹਾ ਗਿਆ ਸੀ ਪਰ ਹੁਣ ਉਹ ਹੋਰ ਸਮੇਂ ਦੀ ਮੰਗ ਕਰ ਰਹੇ ਹਨ। ਇਸ ਸਥਿਤੀ ਦੇ ਹੱਲ ਲਈ ਉਨ੍ਹਾਂ ਮੰਗ ਕੀਤੀ ਕਿ ਸਰਕਾਰ ਕਿਸਾਨਾਂ ਨੂੰ ਆੜ੍ਹਤੀਆਂ ਦਾ ਕਰਜ਼ਾ ਮੋੜਨ ਲਈ ਘੱਟ ਵਿਆਜ 'ਤੇ ਕਰਜ਼ਾ ਦੇਵੇ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇਸੇ ਵਿਸ਼ੇ 'ਤੇ ਖੋਜ ਕਰਨ ਵਾਲੇ ਮਾਹਿਰ ਤਾਂ ਸੁਖਪਾਲ ਸਿੰਘ ਦਾ ਵੀ ਮੰਨਣਾ ਹੈ ਕਿ ਕਿਸਾਨਾਂ ਨੂੰ ਸਿੱਧੀ ਅਦਾਇਗੀ ਦਾ ਸੰਕਲਪ ਘੱਟੋ-ਘੱਟ ਕਣਕ, ਝੋਨੇ ਅਤੇ ਨਰਮੇ ਦੀਆਂ ਫਸਲਾਂ 'ਤੇ ਤੁਰੰਤ ਲਾਗੂ ਹੋਣਾ ਚਾਹੀਦਾ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਅਤੇ ਸਾਬਕਾ ਐਮ.ਪੀ ਭੁਪਿੰਦਰ ਸਿੰਘ ਮਾਨ ਦਾ ਮੰਨਣਾ ਹੈ ਕਿ ਫਸਲ ਦੇ ਮਾਲਕ ਕਿਸਾਨ ਨੂੰ ਉਸ ਦੀ ਫਸਲ ਦੀ ਸਿੱਧੀ ਅਦਾਇਗੀ ਨਾ ਕਰਨਾ ਗੈਰ-ਕਾਨੂੰਨੀ, ਅਨੈਤਿਕ ਅਤੇ ਅਸਮਾਜਿਕ ਹੈ, ਜਦਕਿ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਆੜ੍ਹਤੀਆਂ ਦੀ ਲੋੜ ਹੀ ਨਹੀਂ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਆੜ੍ਹਤੀਆਂ ਦੇ ਚੁੰਗਲ 'ਚ ਫਸੇ ਕਿਸਾਨ ਹੀ ਉਨ੍ਹਾਂ ਦੀ ਬੋਲੀ ਬੋਲ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫਸਲਾਂ ਦੀ ਅਦਾਇਗੀ ਸਿੱਧੀ ਤਾਂ ਹੋਣੀ ਚਾਹੀਦੀ ਹੈ ਪਰ ਚੈਕਾਂ ਰਾਹੀਂ ਨਹੀਂ। ਉਨ੍ਹਾਂ ਕਿਹਾ ਕਿ ਏਜੰਸੀਆਂ ਅਦਾਇਗੀ ਮਾਰਕਿਟ ਕਮੇਟੀ ਨੂੰ ਕਰਨ ਅਤੇ ਉਹ ਕਿਸਾਨਾਂ ਨੂੰ ਨਕਦ ਅਦਾਇਗੀ ਕਰੇ।

ਉਧਰ ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਅਤੇ ਆੜ੍ਹਤੀਆਂ ਐਸੋਸੀਏਸ਼ਨ, ਕਿਸਾਨਾਂ ਨੂੰ ਐਫ.ਸੀ.ਆਈ. ਵਲੋਂ ਸਿੱਧੀ ਅਦਾਇਗੀ ਨੂੰ ਬਦਨੀਅਤੀ ਅਤੇ ਬਹੁਕੌਮੀ ਕੰਪਨੀਆਂ ਦੇ ਪੰਜਾਬ ਦੀਆਂ ਮੰਡੀਆਂ 'ਤੇ ਕਾਬਜ਼ ਹੋਣ ਦੇ ਨਜ਼ਰੀਏ ਤੋਂ ਦੇਖ ਰਹੀਆਂ ਹਨ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਮੰਨਣਾ ਹੈ ਕਿ ਐਫ.ਸੀ.ਆਈ. ਵਲੋਂ ਕਿਸਾਨਾਂ ਨੂੰ ਸਿੱਧੀ ਅਦਾਇਗੀ ਕਰਨ ਦੇ ਐਲਾਨ ਵਿਚੋਂ ਉਸ ਦੀ ਬਦਨੀਅਤ ਝਲਕਦੀ ਹੈ ਕਿਉਂਕਿ ਉਹ ਪੰਜਾਬ ਵਿਚੋਂ ਤਿਆਰ ਚੌਲ ਲੈਣ ਦੀ ਚਾਹਵਾਨ ਤਾਂ ਹੈ ਪਰ ਝੋਨਾ ਨਹੀਂ ਖਰੀਦਣਾ ਚਾਹੁੰਦੀ। ਉਨ੍ਹਾਂ ਕਿਹਾ ਕਿ ਆਪਣੀ ਖਰੀਦ ਟਾਲਣ ਲਈ ਐਫ.ਸੀ.ਆਈ. ਨੇ ਇਹ ਐਲਾਨ ਕੀਤਾ ਹੈ ਅਤੇ ਉਹ ਚਾਹੁੰਦੀ ਹੈ ਕਿ ਆੜ੍ਹਤੀਏ ਖਰੀਦ ਦਾ ਬਾਈਕਾਟ ਕਰਨ ਅਤੇ ਉਹ ਇਹ ਦਲੀਲ ਦੇ ਸਕੇ ਕਿ ਇਸੇ ਲਈ ਐਫ.ਸੀ.ਆਈ. ਖਰੀਦ ਨਹੀਂ ਕਰ ਸਕੀ। ਉਨ੍ਹਾਂ ਸਿੱਧੀ ਅਦਾਇਗੀ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਕਿਹਾ ਕਿ ਅਸਲ ਵਿਚ ਪੰਜਾਬ ਅੰਦਰ ਕਾਨੂੰਨ ਹੀ ਇਸ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਸਰਕਾਰ ਵਲੋਂ 2003 ਵਿਚ ਜਿਹੜੇ 'ਮਾਡਲ ਐਕਟ' ਦਾ ਖਰੜਾ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਸੀ, ਉਸ ਨੂੰ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਲਾਗੂ ਕਰਨ ਲਈ ਕਾਹਲੀਆਂ ਜਾਪਦੀਆਂ ਹਨ। ਇਸ ਦਾ ਪ੍ਰਸਤਾਵਿਤ ਖਰੜਾ 2008 ਤੋਂ ਤਿਆਰ ਪਿਆ ਹੈ। ਇਸ ਦੀ ਧਾਰਾ 5 ਅਸਲ ਵਿਚ ਇਸ ਵਿਵਸਥਾ ਵਿਚੋਂ ਆੜ੍ਹਤੀਆ ਨੂੰ ਕੱਢ ਕੇ ਆੜ੍ਹਤ ਦਾ ਸਾਰਾ ਕੰਮ ਵੱਡੀਆਂ ਕੰਪਨੀਆਂ ਨੂੰ ਦੇਣ ਦੀ ਇਕ ਵੱਡੀ ਸਾਜ਼ਿਸ਼ ਦਾ ਹਿੱਸਾ ਹੈ।

ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਦਵਿੰਦਰ ਸਿੰਘ ਚੀਮਾ ਦਾ ਦਾਅਵਾ ਹੈ ਕਿ ਪੰਜਾਬ ਅਤੇ ਹਰਿਆਣਾ ਵਿਚ ਆੜ੍ਹਤੀਆਂ ਰਾਹੀਂ ਫਸਲ ਦੇ ਮੰਡੀਕਰਨ ਦੀ ਵਿਵਸਥਾ ਦੇਸ਼ ਵਿਚ ਸਭ ਰਾਜਾਂ ਤੋਂ ਉਤਮ ਹੈ। ਸਿੱਧੀ ਅਦਾਇਗੀ ਦਾ ਸਮਰਥਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਬਹੁ-ਕੌਮੀ ਕੰਪਨੀਆਂ ਦੇ ਹੱਥਾਂ ਵਿਚ ਖੇਡ ਰਹੀਆਂ ਹਨ ਜਿਨ੍ਹਾਂ ਦਾ ਨਿਸ਼ਾਨਾ ਕਿਸਾਨ-ਆੜ੍ਹਤੀ ਰਿਸ਼ਤੇ ਨੂੰ ਤੋੜ ਕੇ ਪੰਜਾਬ ਦੀਆਂ ਮੰਡੀਆਂ 'ਤੇ ਕਾਬਜ਼ ਹੋਣਾ ਹੈ ਤਾਂ ਕਿ ਉਤਰ ਪ੍ਰਦੇਸ਼ ਤੇ ਬਿਹਾਰ ਵਾਂਗ ਕਿਸਾਨਾਂ ਦੀ ਲੁੱਟ ਹੋ ਸਕੇ।

## ਮੁਕਾਬਲਿਆਂ ਦੇ ਦੋਸ਼ੀਆਂ ਦੇ ਬਾਈਕਾਟ ਦਾ ਸੱਦਾ

**ਅੰਮ੍ਰਿਤਸਰ:** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਜਸਵੰਤ ਸਿੰਘ ਖਾਲੜਾ ਦੀ 15ਵੀਂ ਬਰਸੀ ਮਨਾਉਂਦਿਆਂ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ ਅਤੇ ਜਥੇਬੰਦੀ ਵਲੋਂ ਮਤਾ ਪਾਸ ਕਰਕੇ ਦੇਸ਼ ਵਿਦੇਸ਼ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਪੁਲਿਸ ਅਧਿਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਖਤਮ ਕਰਦਿਆਂ ਸਮਾਜਿਕ ਸਬੰਧ ਤੋੜ ਲਏ ਜਾਣ। ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਖਾਲੜਾ ਦੀ 15ਵੀਂ ਬਰਸੀ ਸਬੰਧੀ ਅਰਦਾਸ ਕਰਨ ਮੌਕੇ ਜਥੇਬੰਦੀ ਦੇ ਪ੍ਰਧਾਨ ਹਰਮਨਦੀਪ ਸਿੰਘ ਸਰਹਾਲੀ, ਵਿਰਸਾ ਸਿੰਘ ਬਹਿਲਾ, ਸਤਵਿੰਦਰ ਸਿੰਘ ਪਲਾਸੌਰ ਆਦਿ ਹਾਜ਼ਰ ਸਨ। ਜਥੇਬੰਦੀ ਦੇ ਆਗੂਆਂ ਨੇ ਇਥੇ ਅਰਦਾਸ ਉਪਰੰਤ ਮਤੇ ਪੜ੍ਹਨੇ ਅਰੰਭ ਕੀਤੇ ਤਾਂ ਅਕਾਲ ਤਖਤ ਸਾਹਿਬ ਦੇ ਮੁੱਖ ਗਰੰਥੀ ਵਲੋਂ ਇਸ ਦਾ ਵਿਰੋਧ ਕੀਤਾ ਗਿਆ। ਸਿੱਟੇ ਵਜੋਂ ਦੋਵਾਂ ਧਿਰਾਂ ਵਿਚਾਲੇ ਕੁਝ ਸਮਾਂ ਬਹਿਸ ਵੀ ਹੋਈ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਵਲੋਂ ਇਸ ਸਮਾਗਮ ਮੌਕੇ ਚਾਰ ਮਤੇ ਪਾਸ ਕੀਤੇ ਗਏ।

ਇਕ ਮਤੇ ਰਾਹੀਂ ਉਨ੍ਹਾਂ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਭੇਂਟ ਕੀਤੀ। ਜਥੇਬੰਦੀ ਨੇ ਦੇਸ਼ ਵਿਦੇਸ਼ ਵਿਚ ਵਸਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਝੂਠੇ ਪੁਲੀਸ ਮੁਕਾਬਲੇ ਬਣਾਉਣ ਵਾਲੇ ਪੁਲਿਸ ਅਧਿਕਾਰੀਆਂ ਨਾਲ ਸਮਾਜਿਕ ਸਬੰਧ ਤੋੜ ਲਏ ਜਾਣ ਅਤੇ ਰੋਟੀ-ਬੇਟੀ ਦੀ ਸਾਂਝ ਖਤਮ ਕੀਤੀ ਜਾਵੇ। ਜਥੇਬੰਦੀ ਦੇ ਆਗੂਆਂ ਨੇ ਚੰਡੀਗੜ੍ਹ ਵਿਖੇ ਬਣਾਈ ਗਈ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਯਾਦਗਾਰ ਨੂੰ ਜਸਵੰਤ ਸਿੰਘ ਖਾਲੜਾ ਅਤੇ 25 ਹਜ਼ਾਰ ਨਿਰਦੋਸ਼ ਸਿੱਖਾਂ ਦੀ ਯਾਦਗਾਰ ਵਿਚ ਤਬਦੀਲ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੋਕਣ ਲਈ ਆੜ੍ਹਤੀਆ ਪ੍ਰਣਾਲੀ ਨੂੰ ਖਤਮ ਕਰਨ ਅਤੇ ਕਿਸਾਨਾਂ ਦੇ ਸਮੁੱਚੇ ਕਾਰੋਬਾਰ ਨੂੰ ਸਹਿਕਾਰੀ ਸਭਾਵਾਂ ਦੇ ਹਵਾਲੇ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਕਿਸਾਨਾਂ, ਮਜ਼ਦੂਰਾਂ ਅਤੇ ਗਰੀਬ ਵਰਗ ਦੇ ਕਰਜ਼ੇ ਮੁਆਫ਼ ਕਰਨ ਦੀ ਮੰਗ ਸਮੇਤ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਵੀ ਮੰਗੀ।

## ਹਰਿਆਣਾ ਦੇ ਵਿਧਾਇਕਾਂ ਨੂੰ ਹਰ ਮਹੀਨੇ ਮਿਲਣਗੇ 55 ਹਜ਼ਾਰ ਰੁਪਏ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਨੇ ਵਿਧਾਇਕਾਂ ਦੀ ਤਨਖਾਹ 10,000 ਰੁਪਏ ਮਹੀਨਾ ਕਰਨ ਦੇ ਨਾਲ-ਨਾਲ ਭੱਤਿਆਂ ਵਿਚ ਵਾਧਾ ਕਰਨ ਦੇ ਫ਼ੈਸਲੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਸਾਬਕਾ ਵਿਧਾਇਕਾਂ ਦੀ ਪੈਨਸ਼ਨ ਵਿਚ ਵੀ 2500 ਰੁਪਏ ਵਾਧਾ ਕਰਨ ਦਾ ਐਲਾਨ ਕੀਤਾ ਹੈ। ਤਨਖਾਹ ਤੇ ਭੱਤਿਆਂ ਵਿੱਚ ਵਾਧੇ ਨਾਲ ਵਿਧਾਇਕਾਂ ਨੂੰ ਪ੍ਰਤੀ ਮਹੀਨਾ 35000 ਦੀ ਥਾਂ 55000 ਰੁਪਏ ਮਿਲਣਗੇ।

ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਰਣਦੀਪ ਸਿੰਘ ਸੁਰਜੇਵਾਲਾ ਨੇ ਬੀਤੀ 7 ਸਤੰਬਰ ਨੂੰ ਸਦਨ ਨੂੰ ਦੱਸਿਆ ਕਿ ਹੁਣ ਵਿਧਾਇਕਾਂ ਲਈ ਵਿਧਾਨ ਸਭਾ ਖੇਤਰ ਭੱਤਾ 15,000 ਰੁਪਏ ਤੋਂ ਵਧਾ ਕੇ 20,000 ਰੁਪਏ, ਦਫ਼ਤਰ ਭੱਤਾ 2500 ਰੁਪਏ ਤੋਂ ਵਧਾ ਕੇ 5000 ਰੁਪਏ, ਪ੍ਰਾਹੁਣਚਾਰੀ ਭੱਤਾ 3000 ਰੁਪਏ ਤੋਂ ਵਧਾ ਕੇ 5000 ਰੁਪਏ, ਸਕੱਤਰੇਤ ਭੱਤਾ 5000 ਰੁਪਏ ਤੋਂ ਵਧਾ ਕੇ 10,000 ਰੁਪਏ, ਰੋਜ਼ਾਨਾ ਭੱਤਾ 1000 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤਾ ਗਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂਤ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**
**ਫੋਨ:209-992-7185**

***ਪੰਜਾਬ ਸਰਕਾਰ ਵਲੋਂ ਪਰਵਾਸੀ ਪੰਜਾਬੀ ਸੰਮੇਲਨ ਅਗਲੇ ਸਾਲ ਜਨਵਰੀ 'ਚ ਹੋਵੇਗਾ-ਰੱਖੜਾ**

-ਜਿਥੇ ਪਰਵਾਸੀਆਂ ਨੂੰ ਲਾਰਿਆਂ ਦੇ ਛਣਕਣੇ ਮੁਫਤ ਵੰਡੇ ਜਾਣਗੇ।

***ਟੋਨੀ ਬਲੇਅਰ ਉਪਰ ਜੁੱਤੀਆਂ ਤੇ ਆਂਡਿਆਂ ਦੀ ਵਰਖਾ**

-ਸਾਨੂੰ ਤਾਂ ਲੱਗਦਾ ਸੀ 'ਕੱਲੇ ਸਾਡੇ ਲੀਡਰ ਈ ਜੁੱਤੀਆਂ ਖਾਣ ਵਾਲੇ ਕੰਮ ਕਰਦੇ ਐ।

***ਮੈਂ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ 'ਚ ਸ਼ਾਮਲ ਨਹੀਂ ਹਾਂ-ਨਰਿੰਦਰ ਮੋਦੀ**

-ਸ਼ੁਕਰ ਐ ਅੱਲ ਦਾ!!!

***ਜਿਸ ਦੇਸ਼ ਵਿਚ ਪੈਸੇ ਲੈ ਕੇ ਗਵਾਹ ਮੁੱਕਰ ਜਾਂਦੇ ਹੋਣ...।**

-ਵੋਹ ਭਾਰਤ ਦੇਸ਼ ਹੈ ਮੇਰਾ।

***ਅਜੇ ਰਿਟਾਇਰ ਨਹੀਂ ਹੋ ਰਿਹਾਂ-ਮਨਮੋਹਨ ਸਿੰਘ**

-ਸਾਨੂੰ ਪਤੈ, ਰਾਹੁਲ ਗਾਂਧੀ ਭਾਰਤ ਦੇ ਦੌਰੇ 'ਤੇ ਐ।

***ਢਾਡੀ ਕੁਲਜੀਤ ਸਿੰਘ ਦਿਲਬਰ ਜਥੇ ਸਮੇਤ ਅਮਰੀਕਾ 'ਚ**

-ਅਮਰੀਕਾ 'ਚ ਜਥਾ ਲੈ ਕੇ ਆਉਣ ਦਾ ਸੁਆਦ ਤਾਂ ਹੀ ਐ ਜੇ ਨਾਂ ਅੱਗੇ ਸੰਤ ਲੱਗਦਾ ਹੋਵੇ।

***ਨਕਸਲੀਆਂ ਨਾਲ ਹੋਈ ਮੁੱਠਭੇੜ 'ਚ ਪੰਜ ਜਵਾਨ ਹਲਾਕ।**

-ਮੁਕਾਬਲਾ ਅਸਲੀ ਹੋਊ।

*Visit us on the web:*
***punjabtimesusa.com***

# ਪੰਜਾਬ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਨਾਂ ਭੇਜੇ

### ਤੱਥ ਖੋਜ ਕਮੇਟੀ ਦੇ ਮੁਖੀ ਦੀ ਚੋਣ ਦੇ ਮਕਸਦ ਲਈ

**ਚੰਡੀਗੜ੍ਹ:** ਲਾਵਾਰਿਸ ਲਾਸ਼ਾਂ ਦੀ ਜਾਂਚ ਲਈ ਗਠਿਤ ਕੀਤੀ ਤੱਥ ਖੋਜ ਕਮੇਟੀ ਦੇ ਨਵੇਂ ਮੁਖੀ ਦੀ ਚੋਣ ਲਈ ਪੰਜਾਬ ਸਰਕਾਰ ਵਲੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਤਿੰਨ ਆਈ.ਏ.ਐਸ. ਅਧਿਕਾਰੀਆਂ ਦਾ ਪੈਨਲ ਭੇਜਿਆ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਨਵੇਂ ਪੈਨਲ ਵਿਚ ਧਨਵੀਰ ਸਿੰਘ ਬੈਂਸ, ਸੁਰਿੰਦਰਜੀਤ ਸਿੰਘ ਸੰਧੂ ਅਤੇ ਜਗਜੀਤ ਪੁਰੀ ਦਾ ਨਾਮ ਸ਼ਾਮਲ ਹੈ। ਇਸ ਵੇਲੇ ਇਸ ਕਮੇਟੀ ਦੇ ਮੁਖੀ ਪੰਜਾਬ ਦੇ ਵਿੱਤ ਕਮਿਸ਼ਨਰ (ਵਿਕਾਸ) ਨਵਰੀਤ ਸਿੰਘ ਕੰਗ ਹਨ।

ਸ੍ਰੀ ਕੰਗ ਨੇ ਕੁਝ ਮਹੀਨੇ ਪਹਿਲਾਂ ਹੀ ਕਮੇਟੀ ਦੇ ਮੁਖੀ ਵਜੋਂ ਸੇਵਾਵਾਂ ਦੇਣ ਤੋਂ ਇਨਕਾਰ ਕਰਦਿਆਂ ਸਰਕਾਰ ਨੂੰ ਨਵੀਂ ਨਿਯੁਕਤੀ ਕਰਨ ਲਈ ਕਿਹਾ ਸੀ। ਸਰਕਾਰ ਵਲੋਂ ਪਹਿਲਾਂ ਇਹ ਵੀ ਵਿਚਾਰ ਕੀਤਾ ਜਾ ਰਿਹਾ ਸੀ ਕਿ ਤਿੰਨ ਸੇਵਾਮੁਕਤ ਅਧਿਕਾਰੀਆਂ ਦਾ ਪੈਨਲ ਕਮਿਸ਼ਨ ਨੂੰ ਭੇਜਿਆ ਜਾਵੇ ਪਰ ਮੁੱਖ ਮੰਤਰੀ ਦਫ਼ਤਰ ਵਲੋਂ ਇਤਰਾਜ਼ ਲਗਾਇਆ ਗਿਆ ਕਿ ਸੇਵਾਮੁਕਤ ਅਧਿਕਾਰੀ ਨੂੰ ਵਾਧੂ ਦੀ ਤਨਖਾਹ ਤੇ ਭੱਤੇ ਦੇਣ ਦੀ ਥਾਂ ਸੇਵਾ ਕਰ ਰਹੇ ਅਧਿਕਾਰੀ ਨੂੰ ਹੀ ਇਹ ਕੰਮ ਸੌਂਪਿਆ ਜਾਵੇ। ਇਸਤੋਂ ਬਾਅਦ ਰਾਜ ਦੇ ਗ੍ਰਹਿ ਵਿਭਾਗ ਵਲੋਂ ਉਕਤ ਤਿੰਨ ਆਈ.ਏ.ਐਸ. ਅਧਿਕਾਰੀਆਂ ਦਾ ਪੈਨਲ ਭੇਜਿਆ ਗਿਆ ਹੈ। ਪੰਜਾਬ ਸਰਕਾਰ ਵਲੋਂ ਤਿੰਨ ਅਧਿਕਾਰੀਆਂ ਦਾ ਪੈਨਲ ਭੇਜੇ ਜਾਣ ਤੋਂ ਬਾਅਦ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਤਿੰਨਾਂ ਅਧਿਕਾਰੀਆਂ ਦਾ ਨਿੱਜੀ ਵੇਰਵਾ ਮੰਗਿਆ ਹੈ। ਅਧਿਕਾਰੀਆਂ ਦਾ ਨਿੱਜੀ ਵੇਰਵਾ ਘੋਖਣ ਤੋਂ ਬਾਅਦ ਕਮਿਸ਼ਨ ਵਲੋਂ ਇਹ ਨਵੀਂ ਨਿਯੁਕਤੀ ਕੀਤੀ ਜਾਣੀ ਹੈ। ਜ਼ਿਕਰਯੋਗ ਹੈ ਕਿ ਲਾਵਾਰਸ ਲਾਸ਼ਾਂ ਦੀ ਪਛਾਣ ਦਾ ਕੰਮ ਪਿਛਲੇ ਕਈ ਮਹੀਨਿਆਂ ਤੋਂ ਬਿਲਕੁਲ ਰੁਕਿਆ ਪਿਆ ਹੈ। ਰਾਜ ਸਰਕਾਰ ਵਲੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ 'ਤੇ ਕਰੀਬ ਪੌਣੇ ਦੋ ਸਾਲ ਪਹਿਲਾਂ ਕਮੇਟੀ ਦਾ ਗਠਨ ਕੀਤਾ ਗਿਆ ਸੀ। ਕਮੇਟੀ ਦਾ ਕਨਵੀਨਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਨਿਯੁਕਤ ਕੀਤਾ ਗਿਆ ਸੀ ਕਿਉਂਕਿ ਲਾਵਾਰਸ ਲਾਸ਼ਾਂ ਦੇ ਬਹੁਤੇ ਮਾਮਲੇ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲ੍ਹਿਆਂ ਨਾਲ ਸਬੰਧਤ ਸਨ। ਕੇਂਦਰੀ ਜਾਂਚ ਬਿਊਰੋ ਵਲੋਂ ਅੰਮ੍ਰਿਤਸਰ, ਪੱਟੀ ਤੇ ਤਰਨਤਾਰਨ ਦੇ ਸ਼ਮਸ਼ਾਨਘਾਟਾਂ ਵਿਚ ਅੱਤਵਾਦ ਦੇ ਸਮੇਂ ਦੌਰਾਨ ਪੁਲੀਸ ਵਲੋਂ ਲਾਵਾਰਸ ਕਰਾਰ ਦੇ ਕੇ ਸਸਕਾਰ ਕੀਤੇ ਮਾਮਲਿਆਂ ਦੀ ਜਾਂਚ ਕੀਤੀ ਗਈ ਸੀ। ਜਾਂਚ ਦੌਰਾਨ ਕੇਂਦਰੀ ਜਾਂਚ ਏਜੰਸੀ ਨੇ ਬਹੁ ਗਿਣਤੀ ਮਾਮਲਿਆਂ ਨੂੰ ਸੁਲਝਾ ਲਿਆ ਸੀ। ਉਪਰੰਤ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਸਨ ਪਰ ਫਿਰ ਵੀ ਬਹੁਤ ਸਾਰੇ ਮਾਮਲੇ ਅਣਸੁਲਝੇ ਪਏ ਸਨ, ਇਸ ਲਈ ਕਮਿਸ਼ਨ ਨੇ ਤੱਥ ਖੋਜ ਕਮੇਟੀ ਦਾ ਗਠਨ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ। ਕਮੇਟੀ ਕੋਲ 1000 ਤੋਂ ਵੱਧ ਸ਼ਿਕਾਇਤਾਂ ਪਹੁੰਚੀਆਂ ਸਨ ਜਿਸ ਵਿਚ ਪਰਿਵਾਰਾਂ ਨੇ ਪੁਲਿਸ 'ਤੇ ਆਪਣੇ ਪਰਿਵਾਰ ਦੇ ਜੀਆਂ ਨੂੰ ਅੱਤਵਾਦ ਸਮੇਂ ਖਪਾਉਣ ਦੇ ਦੋਸ਼ ਲਾਏ ਸਨ।

## ਕਿਸਾਨਾਂ ਦੀ ਮਰਜ਼ੀ ਨਾਲ ਹੋਵੇਗੀ ਜ਼ਮੀਨ ਐਕੁਵਾਇਰ

**ਜਲੰਧਰ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਰਾਜ ਦੇ ਵਿਕਾਸ ਲਈ ਕਿਸਾਨਾਂ ਦੀ ਰਜ਼ਾਮੰਦੀ ਤੋਂ ਬਗੈਰ ਜ਼ਮੀਨ ਐਕੁਵਾਇਰ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਜ਼ਮੀਨ ਐਕੁਵਾਇਰ ਕਰਨ ਲਈ ਮੁੱਢਲੀ ਕਾਰਵਾਈ ਕਰਨ ਤੋਂ ਪਹਿਲਾਂ ਕਿਸਾਨਾਂ ਦੀ ਸਹਿਮਤੀ ਲਾਜ਼ਮੀ ਬਣਾਈ ਗਈ ਹੈ। ਉਹ ਬੀਤੀ 5 ਸਤੰਬਰ ਨੂੰ ਆਪਣੀ ਜਲੰਧਰ ਫੇਰੀ ਮੌਕੇ ਪੱਤਰਕਾਰਾਂ ਨਾਲ ਗੱਲ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਨੂੰ ਵੀ ਕਿਸਾਨਾਂ ਦੀ ਰਜ਼ਾਮੰਦੀ ਤੋਂ ਬਗੈਰ ਜਬਰੀ ਜ਼ਮੀਨ ਐਕੁਵਾਇਰ ਕਰਨ ਦਾ ਕੰਮ ਵਿਚ ਹੀ ਰੋਕ ਦੇਣ ਲਈ ਕਹਿ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਮੀਨ ਦਾ ਬਾਜ਼ਾਰੂ ਭਾਅ ਲੈਣ ਲਈ ਕਿਸਾਨਾਂ ਨੂੰ ਸੰਘਰਸ਼ ਨਹੀਂ ਕਰਨਾ ਪਿਆ ਕਰੇਗਾ। ਉਨ੍ਹਾਂ ਨੇ ਮੁਹਾਲੀ ਹਵਾਈ ਅੱਡੇ ਲਈ ਜ਼ਮੀਨ ਐਕੁਵਾਇਰ ਕੀਤੇ ਜਾਣ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਉਥੇ ਕਿਸਾਨਾਂ ਤੋਂ ਜ਼ਮੀਨ ਉਨ੍ਹਾਂ ਦੀ ਮਰਜ਼ੀ ਦੇ ਭਾਅ ਲਈ ਗਈ ਸੀ।


ਮੁੱਖ ਮੰਤਰੀ ਪੀ.ਏ.ਪੀ. ਚੌਕ ਤੋਂ ਲੇਹ ਖੇਤਰ ਵਿਚ ਬੱਦਲ ਫਟਣ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਤੂੜੀ ਅਤੇ ਪਸ਼ੂ ਖੁਰਾਕ ਦੇ 120 ਟਰੱਕਾਂ ਦੇ ਕਾਫ਼ਲੇ ਨੂੰ ਝੰਡੀ ਦੇ ਕੇ ਰਵਾਨਾ ਕਰਨ ਲਈ ਆਏ ਸਨ।

## ਪਾਸਪੋਰਟ ਫੀਸ ਵਧਣ ਲੱਗੀ

**ਜਲੰਧਰ:** ਦੇਸ਼ ਭਰ ਵਿਚ ਨਿੱਜੀ ਪਾਸਪੋਰਟ ਸੇਵਾ ਕੇਂਦਰਾਂ ਦੇ ਖੁੱਲ੍ਹਣ ਨਾਲ ਆਉਣ ਵਾਲੇ ਸਮੇਂ ਵਿਚ ਪਾਸਪੋਰਟ ਬਣਾਉਣ ਲਈ ਫੀਸ ਵਿਚ ਵਾਧਾ ਹੋਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ ਤੇ ਲੋਕਾਂ ਨੂੰ ਖਦਸ਼ਾ ਹੈ ਕਿ ਨਿੱਜੀ ਸੇਵਾ ਕੇਂਦਰਾਂ ਦੇ ਖੁੱਲ੍ਹਣ ਨਾਲ ਉਨ੍ਹਾਂ 'ਤੇ ਹੋਰ ਫੀਸ ਦਾ ਭਾਰ ਪਾਇਆ ਜਾ ਸਕਦਾ ਹੈ।

ਪਾਸਪੋਰਟ ਦਫਤਰਾਂ ਵਿਚ ਅਜੇ 1000 ਰੁਪਏ ਫੀਸ ਕਈ ਸਾਲਾਂ ਤੋਂ ਵਸੂਲ ਕੀਤੀ ਜਾ ਰਹੀ ਹੈ ਤੇ ਹੁਣ ਤਿੰਨ ਸ਼ਹਿਰਾਂ ਵਿਚ ਪਾਸਪੋਰਟ ਸੇਵਾ ਕੇਂਦਰ ਖੁੱਲ੍ਹਣ ਤੋਂ ਬਾਅਦ ਫਾਰਮ ਜਮ੍ਹਾਂ ਕਰਵਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਲੋਕਾਂ ਨੂੰ ਖਦਸ਼ਾ ਹੈ ਕਿ ਜੇਕਰ ਉਕਤ ਸੇਵਾ ਕੇਂਦਰਾਂ ਵਿਚ ਫਾਈਲ ਜਮ੍ਹਾਂ ਕਰਵਾਉਣ ਤੋਂ ਬਾਅਦ ਫੀਸਾਂ ਵਿਚ ਵਾਧਾ ਕੀਤਾ ਗਿਆ ਤਾਂ ਇਸ ਨਾਲ ਪੰਜਾਬ ਦੇ ਲੋਕਾਂ 'ਤੇ ਸਭ ਤੋਂ ਜ਼ਿਆਦਾ ਭਾਰ ਪਏਗਾ। ਅਜੇ ਵਿਦੇਸ਼ ਮੰਤਰਾਲੇ ਨੇ ਫੀਸਾਂ ਵਧਣ ਬਾਰੇ ਕਿਸੇ ਵੀ ਤਰ੍ਹਾਂ ਦਾ ਐਲਾਨ ਨਹੀਂ ਕੀਤਾ ਹੈ ਪਰ ਜੇਕਰ ਨਿੱਜੀ ਕੰਪਨੀ ਨੂੰ ਉਕਤ ਪਾਸਪੋਰਟ ਤਿਆਰ ਕਰਨ ਦਾ ਕੰਮ ਦੇਣਾ ਹੈ ਤੇ ਫੀਸਾਂ ਵਿਚ ਵਾਧਾ ਹੋਣ ਦੀ ਸੰਭਾਵਨਾ ਨੂੰ ਰੋਕਿਆ ਵੀ ਨਹੀਂ ਜਾ ਸਕਦਾ ਹੈ। ਦੇਸ਼ ਭਰ ਵਿਚ ਇਹੋ ਜਿਹੇ 77 ਕੇਂਦਰ ਖੋਲ੍ਹੇ ਜਾਣੇ ਹਨ।

## ਸੱਜਣ ਵਿਰੁਧ ਚਾਰਜਸ਼ੀਟ 'ਤੇ ਸੁਣਵਾਈ ਮੁਲਤਵੀ



**ਨਵੀਂ ਦਿੱਲੀ :** 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ 'ਚ ਦਿੱਲੀ ਪੁਲਿਸ ਵਲੋਂ ਕਾਂਗਰਸ ਆਗੂ ਸੱਜਣ ਕੁਮਾਰ ਵਿਰੁਧ ਤਿਆਰ ਕੀਤੀ ਗਈ ਚਾਰਜਸ਼ੀਟ 'ਤੇ ਦਿੱਲੀ ਦੀ ਇਕ ਅਦਾਲਤ 'ਚ ਸੁਣਵਾਈ ਇਕ ਵਾਰ ਫਿਰ ਮੁਲਤਵੀ ਕਰ ਦਿੱਤੀ ਗਈ ਹੈ, ਕਿਉਂਕਿ ਜਿਸ ਜੱਜ ਨੇ ਇਹ ਸੁਣਵਾਈ ਕਰਨੀ ਸੀ, ਉਹ ਛੁੱਟੀ 'ਤੇ ਸੀ। ਜ਼ਿਲ੍ਹਾ ਜੱਜ ਐਸ. ਕੇ ਸਰਵਰੀਆ ਨੇ ਮੁਦੱਈ ਧਿਰ ਵਲੋਂ ਸੱਜਣ ਕੁਮਾਰ ਵਿਰੁਧ ਦਿੱਲੀ ਪੁਲਿਸ ਵਲੋਂ ਤਿਆਰ ਕੀਤੀ ਗਈ ਉਸ ਚਾਰਜਸ਼ੀਟ ਦੇ ਸੰਬੰਧ ਵਿਚ ਹਦਾਇਤ ਲਈ ਦਾਇਰ ਕੀਤੀ ਗਈ ਅਰਜ਼ੀ 'ਤੇ ਜਿਰ੍ਹਾ ਨਵੇਂ ਸਿਰੇ ਤੋਂ ਸੁਣਨੀ ਸੀ, ਜਿਹੜੀ ਕਿਸੇ ਵੀ ਨਿਆਂਇਕ ਅਧਿਕਾਰੀ ਅੱਗੇ ਦਾਇਰ ਨਹੀਂ ਕੀਤੀ ਗਈ।

ਹੁਣ ਇਸ ਮਾਮਲੇ 'ਤੇ ਸੁਣਵਾਈ 17 ਸਤੰਬਰ ਨੂੰ ਹੋਵੇਗੀ। ਜ਼ਿਲ੍ਹਾ ਜੱਜ ਸਰਵਰੀਆ ਦਾ ਨਾਂ ਉਨ੍ਹਾਂ ਜੱਜਾਂ ਦੀ ਸੂਚੀ ਵਿਚ ਵੀ ਸ਼ਾਮਲ ਹੈ, ਜਿਨ੍ਹਾਂ ਦਾ ਤਬਾਦਲਾ ਕਰ ਦਿੱਤਾ ਗਿਆ ਹੈ, ਪਰ ਦਿੱਲੀ ਹਾਈ ਕੋਰਟ ਨੇ ਇਸ ਸੂਚੀ ਨੂੰ ਲਾਗੂ ਕਰਨ 'ਤੇ ਰੋਕ ਲਾਈ ਹੋਈ ਹੈ। ਸਰਵਰੀਆ ਤੋਂ ਪਹਿਲਾਂ ਇਸ ਮਾਮਲੇ ਦੀ ਸੁਣਵਾਈ ਜ਼ਿਲ੍ਹਾ ਜੱਜ ਬਿਮਲਾ ਮਾਕਿਨ ਕਰ ਚੁੱਕੇ ਹਨ। ਬਿਮਲਾ ਮਾਕਿਨ ਨੇ 24 ਮਈ ਅਤੇ 31 ਮਈ ਨੂੰ ਬਹਿਸ ਦੀ ਸੁਣਵਾਈ ਕੀਤੀ ਸੀ ਅਤੇ ਹੁਕਮ ਜਾਰੀ ਕਰਨ ਲਈ 2 ਜੂਨ ਦਾ ਦਿਨ ਤੈਅ ਕੀਤਾ ਸੀ, ਪਰ ਉਹ ਫੈਸਲਾ ਸੁਣਾਉਣ ਤੋਂ ਪਹਿਲਾਂ ਹੀ ਸੇਵਾਮੁਕਤ ਹੋ ਗਏ। ਮਾਕਿਨ ਨੂੰ ਇਹ ਕੇਸ ਐਡੀਸ਼ਨਲ ਸੈਸ਼ਨ ਜੱਜ ਵੀ ਕੇ ਗੋਇਲ ਵਲੋਂ ਭੇਜਿਆ ਗਿਆ ਸੀ, ਜਿਨ੍ਹਾਂ ਨੇ ਬਹਿਸ ਦੀ ਸੁਣਵਾਈ ਤੋਂ ਬਾਅਦ 21 ਮਈ ਨੂੰ ਆਪਣੇ ਆਪ ਨੂੰ ਇਸ ਮਾਮਲੇ ਤੋਂ ਵੱਖ ਕਰ ਲਿਆ ਸੀ।


## ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।

BAY AREA COLLEGE OF NURSING 2004



**ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ**
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

**3 Locations in Bay Area:**
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

**www.bayareacollege.net**

## Real Estate & Loans Under One Roof

***Call:Sam Chahal Tel: 916-612-5773***

*For Buying and Selling Residential, Commercial property and for Loans in Sacramento area*

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**
e-mail:sam@jassigill.com

**Reo-Bankowned Properties**
**Serving from Bay Area to Sacramento**

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

## Golden State Realty

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਪਰਮਪਾਲ ਸਿੰਘ ਸਿੱਧੂ ਅੰਮ੍ਰਿਤਸਰ ਦੇ ਨਵੇਂ ਪੁਲਿਸ ਕਮਿਸ਼ਨਰ

**ਅੰਮ੍ਰਿਤਸਰ:** ਪੰਜਾਬ ਪੁਲੀਸ ਦੇ ਅਧਿਕਾਰੀਆਂ ਵਿਚ ਛਿੜੀ ਜੰਗ ਨੂੰ ਰਾਜਨੀਤੀ ਦੀ ਪੁੱਠ ਚੜ੍ਹ ਜਾਣ ਕਾਰਨ ਰਾਜ ਸਰਕਾਰ ਔਖੀ ਹੈ। ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਦੀ ਨਵੀਂ ਨਿਯੁਕਤੀ ਦਾ ਰੇੜਕਾ ਮੁਕਾਉਣ ਲਈ ਸਰਕਾਰ ਵਲੋਂ ਦੋਵਾਂ ਅਧਿਕਾਰੀਆਂ ਨੂੰ ਹੀ ਅੰਮ੍ਰਿਤਸਰ ਤੋਂ ਦੂਰ ਕਰਨਾ ਤੈਅ ਕਰ ਲਿਆ ਗਿਆ ਹੈ ਅਤੇ ਸਰਹੱਦੀ ਰੇਂਜ ਤੋਂ ਪਦ ਉੱਨਤ ਹੋ ਕੇ ਆਈ.ਜੀ. ਬਣੇ ਪਰਮਪਾਲ ਸਿੰਘ ਸਿੱਧੂ ਨੂੰ ਅੰਮ੍ਰਿਤਸਰ ਦਾ ਨਵਾਂ ਪੁਲੀਸ ਕਮਿਸ਼ਨਰ ਲਾ ਦਿੱਤਾ ਗਿਆ ਹੈ। ਸ੍ਰੀ ਸਿੱਧੂ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਅੰਮ੍ਰਿਤਸਰ ਵਿਚ ਹੀ ਤਾਇਨਾਤ ਸਨ। ਉਨ੍ਹਾਂ ਨੂੰ ਮੁੱਖ ਮੰਤਰੀ ਦੇ ਕਰੀਬੀ ਵੀ ਮੰਨਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਵਰਿੰਦਰ ਕੁਮਾਰ ਦੀ ਥਾਂ ਪੰਜਾਬ ਸਰਕਾਰ ਨੇ ਸ੍ਰੀ ਆਰ.ਕੇ. ਮਿੱਤਲ ਆਈ.ਪੀ.ਐਸ. ਨੂੰ ਅੰਮ੍ਰਿਤਸਰ ਦਾ ਪੁਲੀਸ ਕਮਿਸ਼ਨਰ ਨਿਯੁਕਤ ਕੀਤਾ ਸੀ ਪਰ ਬੀਤੀ 3 ਸਤੰਬਰ ਨੂੰ ਉਨ੍ਹਾਂ ਨੂੰ ਇਸ ਅਹੁਦੇ ਦਾ ਚਾਰਜ ਨਹੀਂ ਲੈਣ ਦਿੱਤਾ ਗਿਆ। ਜਿਸ ਢੰਗ ਨਾਲ ਇਹ ਕਾਂਡ ਵਾਪਰਿਆ, ਉਸ ਤੋਂ ਗ੍ਰਹਿ ਵਿਭਾਗ ਤੇ ਮੁੱਖ ਮੰਤਰੀ ਦਾ ਖ਼ਫ਼ਾ ਹੋਣਾ ਸੁਭਾਵਿਕ ਹੀ ਸੀ। ਲਿਹਾਜ਼ਾ, ਇਨ੍ਹਾਂ ਦੋਵਾਂ ਨੂੰ ਹੀ ਇਹ ਅਹੁਦਾ ਨਾ ਦੇਣ ਦਾ ਨਿਰਣਾ ਲਿਆ ਗਿਆ। ਅਜਿਹੇ ਤਿੰਨ ਤਬਾਦਲਿਆਂ ਦੇ ਨਾਲ ਹੋਰ ਇਕ ਦਰਜਨ ਅਧਿਕਾਰੀਆਂ ਦੇ ਤਬਾਦਲੇ ਵੀ ਤੈਅ ਹਨ। ਗ੍ਰਹਿ ਵਿਭਾਗ ਦੇ ਇਕ ਉੱਚ ਅਧਿਕਾਰੀ ਨੇ ਆਪਣਾ ਨਾਮ ਗੁਪਤ ਰਖਦਿਆਂ ਦੱਸਿਆ ਕਿ ਆਰ.ਪੀ. ਮਿੱਤਲ ਨੂੰ ਜ਼ੋਨਲ ਆਈ. ਜੀ. (ਜਲੰਧਰ) ਤਾਇਨਾਤ ਕੀਤਾ ਗਿਆ ਹੈ। ਜਲੰਧਰ ਦੇ ਆਈ.ਜੀ. ਜ਼ੋਨਲ ਈਸ਼ਵਰ ਚੰਦਰ ਨੂੰ ਆਈ.ਜੀ. ਰੇਲਵੇ ਪਟਿਆਲਾ ਨਿਯੁਕਤ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਨੂੰ ਆਰ.ਪੀ. ਮਿੱਤਲ ਜਦੋਂ ਅੰਮ੍ਰਿਤਸਰ ਵਿਚ ਕਮਿਸ਼ਨਰ ਦਾ ਅਹੁਦਾ ਸੰਭਾਲਣ ਲਈ ਪਹੁੰਚੇ ਤਾਂ ਇਸ ਅਧਿਕਾਰੀ ਨੂੰ ਟੈਲੀਫੋਨ 'ਤੇ ਸੰਦੇਸ਼ ਲਗਾਇਆ ਗਿਆ ਕਿ ਉਹ ਅੰਮ੍ਰਿਤਸਰ ਵਿਚ ਹੀ ਮੌਜੂਦ ਸਥਾਨਕ ਸਵੈ ਸ਼ਾਸਨ ਮੰਤਰੀ ਮਨੋਰੰਜਨ ਕਾਲੀਆ ਨੂੰ ਮਿਲਣ। ਸ੍ਰੀ ਕਾਲੀਆ ਅਤੇ ਸ੍ਰੀ ਮਿੱਤਲ ਦਰਮਿਆਨ ਹੋਈ ਅੱਧੇ ਘੰਟੇ ਦੀ ਮੀਟਿੰਗ ਤੋਂ ਬਾਅਦ ਸ੍ਰੀ ਮਿੱਤਲ ਨਵੇਂ ਅਹੁਦੇ ਦਾ ਚਾਰਜ ਲਏ ਬਿਨਾਂ ਆਪਣੀ ਕਾਰ ਵਿਚ ਬੈਠ ਕੇ ਅੰਮ੍ਰਿਤਸਰ ਤੋਂ ਵਾਪਸ ਆ ਗਏ। ਮੁੱਖ ਮੰਤਰੀ ਦੇ ਕਰੀਬੀਆਂ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਵਲੋਂ ਭਾਵੇਂ ਅੰਮ੍ਰਿਤਸਰ ਦੇ ਕਮਿਸ਼ਨਰ ਵਰਿੰਦਰ ਕੁਮਾਰ ਦਾ ਤਬਾਦਲਾ ਰੱਦ ਕਰਾਉਣ ਲਈ ਜ਼ੋਰ ਲਾਇਆ ਜਾ ਰਿਹਾ ਸੀ ਪਰ ਸ੍ਰੀ ਕੁਮਾਰ ਨੂੰ ਸਰਕਾਰ ਦੇ ਹੁਕਮਾਂ ਮੁਤਾਬਕ ਡੀ.ਆਈ.ਜੀ. ਜਲੰਧਰ ਰੇਂਜ ਵਜੋਂ ਅਹੁਦਾ ਸੰਭਾਲਣਾ ਹੀ ਪੈਣਾ ਹੈ।

## ਤਬਾਦਲੇ ਅਕਾਲੀ ਭਾਜਪਾ ਖਹਿਬਾਜੀ ਦਾ ਸਿੱਟਾ

ਸੂਤਰਾਂ ਅਨੁਸਾਰ ਅੰਮ੍ਰਿਤਸਰ ਪੁਲੀਸ ਕਮਿਸ਼ਨਰ ਦੀ ਨਿਯੁਕਤੀ ਭਾਰਤੀ ਜਨਤਾ ਪਾਰਟੀ ਦੀ ਅੰਦਰੂਨੀ ਖਹਿਬਾਜ਼ੀ ਕਾਰਨ ਹੀ ਚਰਚਾ ਵਿਚ ਆਈ ਹੈ। ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਇਸ ਨਿਯੁਕਤੀ ਦਾ ਅੰਦਰਖਾਤੇ ਵਿਰੋਧ ਕੀਤਾ ਸੀ, ਜਦੋਂ ਕਿ ਪ੍ਰਸ਼ਾਸਕੀ ਹਲਕਿਆਂ ਵਿਚ ਮੰਨਿਆ ਜਾ ਰਿਹਾ ਹੈ ਕਿ ਸ੍ਰੀ ਮਿੱਤਲ ਨੂੰ ਅੰਮ੍ਰਿਤਸਰ ਦਾ ਪੁਲੀਸ ਕਮਿਸ਼ਨਰ ਲਗਵਾਉਣ ਵਿਚ ਭਾਜਪਾ ਦੇ ਹੀ ਇਕ ਆਗੂ ਨੇ ਸਰਗਰਮ ਭੂਮਿਕਾ ਨਿਭਾਈ। ਸ੍ਰੀ ਮਿੱਤਲ ਵਰਗੀ ਘਟਨਾ ਸਾਬਕਾ ਐਸ.ਐਸ.ਪੀ. ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਵੇਲੇ ਵਾਪਰੀ ਸੀ। ਉਸ ਵੇਲੇ ਸੱਤਾ ਵਿਚ ਸ਼ਾਮਲ ਭਾਜਪਾ ਦੇ ਇਕ ਧੜੇ ਨੇ ਇਸ ਪੁਲੀਸ ਅਧਿਕਾਰੀ ਨੂੰ ਤਬਦੀਲ ਕਰਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਸੀ ਭਾਵੇਂ ਉਹ ਘਟਨਾ ਭਾਜਪਾ ਦੀ ਅੰਦਰੂਨੀ ਖਿੱਚੋਤਾਣ ਦਾ ਸਿੱਟਾ ਸੀ ਪਰ ਉਸ ਘਟਨਾ ਨੇ ਵੀ ਸਾਬਤ ਕੀਤਾ ਸੀ ਕਿ ਇਹ ਪ੍ਰਸ਼ਾਸਨਿਕ ਉੱਚ ਅਹੁਦਿਆਂ 'ਤੇ ਸੁਚਾਰੂ ਪ੍ਰਬੰਧ ਕਰਨ-ਕਰਾਉਣ ਨੂੰ ਅੱਖੋਂ ਪਰੋਖੇ ਕਰਕੇ ਸੱਤਾ ਵਿਚ ਸ਼ਾਮਲ ਹਰ ਪਾਰਟੀ ਇੱਥੇ ਆਪਣੀ ਮਨ-ਮਰਜ਼ੀ ਮੁਤਾਬਕ ਅਧਿਕਾਰੀ ਨਿਯੁਕਤ ਕਰਾਉਣਾ ਚਾਹੁੰਦੀ ਹੈ। ਪਤਾ ਲੱਗਾ ਹੈ ਕਿ ਭਾਜਪਾ ਆਗੂਆਂ ਵਲੋਂ ਵਰਿੰਦਰ ਕੁਮਾਰ ਨੂੰ ਹੀ ਇੱਥੇ ਰੱਖਣ ਲਈ ਜ਼ੋਰ ਪਾਇਆ ਗਿਆ ਸੀ। ਭਾਜਪਾ ਆਗੂਆਂ ਵਲੋਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਸ੍ਰੀ ਮਨੋਰੰਜਨ ਕਾਲੀਆ ਕੋਲ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਇਨ੍ਹਾਂ ਭਾਵਨਾਵਾਂ ਬਾਰੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਮੁਖੀ ਯਸ਼ਵੰਤ ਸਿਨਹਾ ਨੂੰ ਵੀ ਜਾਣੂੰ ਕਰਵਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਇਹ ਤਬਾਦਲਾ ਰੁਕਵਾਉਣ ਲਈ ਅਪੀਲ ਵੀ ਕੀਤੀ ਗਈ ਸੀ। ਇਸ ਮਗਰੋਂ ਭਾਜਪਾ ਆਗੂਆਂ ਵਲੋਂ ਇਹ ਮਾਮਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਉਠਾਇਆ ਗਿਆ ਅਤੇ ਤਬਾਦਲਾ ਰੁਕਵਾਇਆ ਗਿਆ।

ਨਵੇਂ ਸਰਕਾਰੀ ਆਦੇਸ਼ਾਂ ਅਨੁਸਾਰ ਕੁਲਦੀਪ ਸਿੰਘ ਨੂੰ ਆਈ.ਜੀ. (ਆਰਥਿਕ ਅਪਰਾਧ ਵਿੰਗ), ਵਿਜੀਲੈਂਸ ਬਿਊਰੋ ਨਿਯੁਕਤ ਕੀਤਾ ਗਿਆ ਹੈ। ਬੀ.ਕੇ. ਉੱਪਲ ਨਵੇਂ ਆਈ. ਜੀ. (ਸਪੈਸ਼ਲ ਨਾਰਕੋਟਿਕਸ ਸੈਲ) ਹੋਣਗੇ। ਰੋਹਿਤ ਚੌਧਰੀ ਨੂੰ ਡਾਇਰੈਕਟਰ, ਪੰਜਾਬ ਪੁਲੀਸ ਅਕਾਦਮੀ (ਫਿਲੌਰ) ਲਾਇਆ ਗਿਆ ਹੈ। ਤਿੰਨ ਦਿਨ ਪਹਿਲਾਂ ਉਨ੍ਹਾਂ ਨੂੰ ਆਈ.ਜੀ. (ਅਪ੍ਰੇਸ਼ਨਜ਼) ਦਾ ਅਹੁਦਾ ਦਿੱਤਾ ਗਿਆ ਸੀ, ਪਰ ਹੁਣ ਇਸ ਅਹੁਦੇ 'ਤੇ ਹਰਪ੍ਰੀਤ ਸਿੰਘ ਦੀ ਨਿਯੁਕਤੀ ਕੀਤੀ ਗਈ ਹੈ।

# ਪੁਲਿਸ ਵਿਚ ਵਿਆਪਕ ਤਬਾਦਲਿਆਂ ਦੀ ਸਿਆਸਤ

**ਚੰਡੀਗੜ੍ਹ:** ਪੰਜਾਬ ਪੁਲਿਸ ਵਿਚ ਸੀਨੀਅਰ ਅਫਸਰਾਂ ਦੇ ਵੱਡੇ ਪੱਧਰ 'ਤੇ ਕੀਤੇ ਗਏ ਤਬਾਦਲਿਆਂ ਨੂੰ ਕਿਸੇ ਆਮ ਪ੍ਰਬੰਧਕੀ ਮਸ਼ਕ ਦੇ ਖਾਤੇ ਵਿਚ ਪਾ ਕੇ ਨਹੀਂ ਵੇਖਿਆ ਜਾ ਸਕਦਾ। ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਇਸ ਤਰ੍ਹਾਂ ਦੀ ਕਵਾਇਦ ਜ਼ਿਆਦਾਤਰ ਚੋਣਾਂ ਵਿਚ ਪੁਲਿਸ ਫੋਰਸ ਦਾ ਲਾਹਾ ਲੈਣ ਦੇ ਮਨੋਰਥ ਨਾਲ ਹੀ ਵਿਉਂਤ ਕੇ ਕੀਤੀ ਜਾਂਦੀ ਹੈ। ਪੰਜਾਬ ਦੀਆਂ ਅਸੈਂਬਲੀ ਚੋਣਾਂ ਸਾਲ 2012 ਵਿਚ ਹੋਣੀਆਂ ਹਨ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦਾ ਡੇਢ ਕੁ ਸਾਲ ਬਾਕੀ ਹੈ। ਯਾਨੀ ਕਿ ਪੁਲੀਸ ਅਫਸਰਾਂ ਦੀਆਂ ਹੁਣ ਕੀਤੀਆਂ ਗਈਆਂ ਤਾਇਨਾਤੀਆਂ ਘੱਟੋ-ਘੱਟ ਦੋ ਸਾਲ ਤੱਕ ਆਰਾਮ ਨਾਲ ਬਰਕਰਾਰ ਰੱਖੀਆਂ ਜਾ ਸਕਣਗੀਆਂ। ਦੂਜਾ, ਅਸੈਂਬਲੀ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਵਾਲੀਆਂ ਹਨ। ਇਸ ਤੋਂ ਇਲਾਵਾ ਵੇਖਿਆ ਜਾਵੇ ਤਾਂ ਪੰਜਾਬ ਅੰਦਰ ਅਮਨ-ਕਾਨੂੰਨ ਦੇ ਮੁਹਾਜ਼ 'ਤੇ ਕੁਝ ਵੀ ਅਜਿਹਾ ਖਾਸ ਨਹੀਂ ਵਾਪਰਿਆ, ਜਿਸ ਕਾਰਨ ਪੁਲੀਸ ਦੇ ਵੱਡੇ ਪੱਧਰ ਦੇ ਤਬਾਦਲਿਆਂ ਦੀ ਕੋਈ ਹੰਗਾਮੀ ਜ਼ਰੂਰਤ ਬਣੀ ਹੋਵੇ। ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਵਜੋਂ ਪਰਮਪਾਲ ਸਿੰਘ ਸਿੱਧੂ ਦੀ ਨਿਯੁਕਤੀ ਤੋਂ ਪਹਿਲਾਂ ਜੋ ਕੁਝ ਵੀ ਵਾਪਰਿਆ ਹੈ, ਉਸ ਨਾਲ ਇਨ੍ਹਾਂ ਤਬਾਦਲਿਆਂ ਪਿੱਛੇ ਚੱਲ ਰਹੀ ਸਿਆਸਤ ਦੀ ਹੀ ਸੂਹ ਨਹੀਂ ਮਿਲੀ ਸਗੋਂ ਭਾਰਤੀ ਜਨਤਾ ਪਾਰਟੀ ਅੰਦਰਲੀ ਖਿੱਚੋਤਾਣ ਵੀ ਸਾਹਮਣੇ ਆਈ ਹੈ। ਵਰਿੰਦਰ ਕੁਮਾਰ ਦੀ ਨਿਯੁਕਤੀ ਤੋਂ ਪਹਿਲਾਂ ਇਸ ਦਾ ਇਕ ਧੜਾ ਪੁਲੀਸ ਅਧਿਕਾਰੀ ਕੁੰਵਰ ਪ੍ਰਤਾਪ ਸਿੰਘ ਦਾ ਤਬਾਦਲਾ ਕਰਾਉਣ ਲਈ ਜ਼ੋਰ ਲਾਉਂਦਾ ਰਿਹਾ ਜਦਕਿ ਦੂਜਾ ਧੜਾ ਰੁਕਵਾਉਣ ਲਈ। ਖਾਸ ਕਰਕੇ ਪੰਜਾਬ ਅੰਦਰ ਆਮ ਜਿਹੀ ਧਾਰਨਾ ਬਣ ਚੁੱਕੀ ਹੈ ਕਿ ਜਿਹੜੇ ਪੁਲੀਸ ਅਫਸਰ, ਸਿਆਸੀ ਆਗੂਆਂ ਦਾ ਇਸ਼ਾਰਾ ਨਹੀਂ ਸਮਝਦੇ, ਉਨ੍ਹਾਂ ਨੂੰ ਤਬਾਦਲਿਆਂ ਤੇ ਜ਼ਲਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਰਟੀ ਵਿਧਾਇਕ ਕਿਸੇ ਪੁਲਿਸ ਅਧਿਕਾਰੀ ਨੂੰ ਨਿਯੁਕਤ ਕਰਾਉਣ ਜਾਂ ਫਿਰ ਉਸ ਦੀ ਬਦਲੀ ਕਰਵਾਉਣ ਲਈ ਧਰਨੇ ਲਾਉਣ ਤੱਕ ਚਲੇ ਜਾਂਦੇ ਹਨ। ਹਾਕਮ ਪਾਰਟੀ ਨੇ ਹੁਣ ਲਾਜ਼ਮੀ ਤੌਰ 'ਤੇ ਇਹੀ ਵੇਖਿਆ ਹੋਵੇਗਾ ਕਿ ਕਿਹੜੇ ਪੁਲੀਸ ਅਫਸਰ ਉਸ ਪ੍ਰਤੀ ਕਿੰਨੇ ਵਫਾਦਾਰ ਹਨ ਤੇ ਉਨ੍ਹਾਂ ਨੂੰ ਆਪਣੇ ਲਾਭ ਲਈ ਕਿਸ ਥਾਂ 'ਤੇ ਤਾਇਨਾਤ ਕੀਤਾ ਜਾਵੇ।

ਮਾਣਯੋਗ ਸੁਪਰੀਮ ਕੋਰਟ ਨੇ ਸਾਲ 2008 ਵਿਚ ਦਿੱਤੇ ਇਕ ਫੈਸਲੇ ਵਿਚ ਕਿਹਾ ਸੀ ਕਿ ਐਸ.ਐਚ.ਓ. ਤੋਂ ਲੈ ਕੇ ਆਈ.ਜੀ. ਤੱਕ ਓਪਰੇਸ਼ਨਲ ਡਿਊਟੀਆਂ 'ਤੇ ਤਾਇਨਾਤ ਕਿਸੇ ਵੀ ਪੁਲੀਸ ਅਧਿਕਾਰੀ ਦਾ ਤਬਾਦਲਾ ਦੋ ਸਾਲ ਤੋਂ ਪਹਿਲਾਂ ਨਹੀਂ ਕੀਤਾ ਜਾਵੇਗਾ। ਸਿਆਸੀ ਨੇਤਾ ਪੁਲਿਸ ਨੂੰ ਆਪਣੇ ਮੁਤਾਬਕ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਹੋ ਕਾਰਨ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਪੰਜਾਬ ਅੰਦਰ ਅਜੇ ਪੁਲਿਸ ਸੁਧਾਰਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਸਿਰਫ ਦਿਖਾਵਾ ਕੀਤਾ ਜਾ ਰਿਹਾ ਹੈ। ਸਿਆਸੀਕਰਨ ਇਸ ਹੱਦ ਤੱਕ ਹੋ ਚੁੱਕਿਆ ਹੈ ਕਿ ਥਾਣਿਆਂ ਦੀ ਹੱਦਬੰਦੀ ਲੋਕਾਂ ਦੀ ਸਹੂਲਤ ਨੂੰ ਅਣਦੇਖਿਆ ਕਰਕੇ ਵਿਧਾਨ ਸਭਾ ਹਲਕਿਆਂ ਮੁਤਾਬਿਕ ਕਰ ਦਿੱਤੀ ਗਈ ਹੈ। ਪੁਲੀਸ ਸਬ-ਡਿਵੀਜ਼ਨਾਂ ਦੀ ਗਿਣਤੀ, ਅਸੈਂਬਲੀ ਹਲਕਿਆਂ ਦੇ ਬਰਾਬਰ ਲਿਆ ਕੇ ਇਨ੍ਹਾਂ ਨੂੰ ਸਿੱਧੇ ਸਿਆਸੀ ਪ੍ਰਭਾਵ ਹੇਠ ਕਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਦੀ ਜਵਾਬਦੇਹੀ ਸਿਰਫ ਸਿਆਸੀ ਨੇਤਾਵਾਂ ਪ੍ਰਤੀ ਹੀ ਨਹੀ, ਲੋਕਾਂ ਪ੍ਰਤੀ ਵੀ ਹੈ, ਜਿਨ੍ਹਾਂ ਦੀ ਅਜੇ ਵੀ ਸਿੱਧੇ ਮੂੰਹ ਐਫ.ਆਈ.ਆਰ. ਦਰਜ ਨਹੀ ਕੀਤੀ ਜਾਂਦੀ ਤੇ ਜਿਨ੍ਹਾਂ ਨੂੰ ਅਜੇ ਵੀ ਇਹੋ ਜਾਪਦਾ ਹੈ ਕਿ ਪੁਲਿਸ ਉਨ੍ਹਾਂ ਨਾਲ ਵਧੀਕੀ ਤੇ ਗੁਸਤਾਖੀ ਕਰਦੀ ਹੈ। ਇਥੋਂ ਤੱਕ ਕਿ ਪੁਲੀਸ ਕੋਲੋਂ ਇਨਸਾਫ ਲੈਣ ਲਈ ਵੀ ਲੋਕਾਂ ਨੂੰ ਅਦਾਲਤਾਂ ਦਾ ਸਹਾਰਾ ਲੈਣ ਦੀ ਲੋੜ ਪੈ ਜਾਂਦੀ ਹੈ। ਕਿਸੇ ਵੀ ਪਾਰਟੀ ਦੇ ਸੱਤਾ ਸੰਭਾਲਦਿਆਂ ਹੀ ਤੁਰੰਤ ਕਾਰਵਾਈ ਧੜਾਧੜ ਪੁਲੀਸ ਤਬਾਦਲਿਆਂ ਦੀ ਹੁੰਦੀ ਹੈ ਤੇ ਬਾਅਦ ਵਿਚ ਇਹ ਸਾਰਾ ਸਮਾਂ ਇਕ ਦੂਜੇ ਦੇ ਕੰਮ ਆਉਣ ਵਿਚ ਹੀ ਲੰਘਾ ਦਿੰਦੇ ਹਨ। ਪੁਲੀਸ ਦਾ ਸਿਆਸੀਕਰਨ ਬੰਦ ਕਰਨਾ ਸਮੇਂ ਦੀ ਲੋੜ ਹੈ।


**Realtor & Mortgage Specialist**
**Bay Area & Central Valley**

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

**RAJ SINGH**
**Cell:510-452-7370**

MISSIONPEAK
46560 Fremont Blvd.,
Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ



**Wraich Transport LLC**
**North American Truck Stop**
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offers all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310



**Truck Stop For Lease In Oklahoma**

ਓਕਲਹੋਮਾ ਵਿਚ ਹਾਈਵੇ 69/75 ਉਤੇ ਇਕ ਬਹੁਤ ਵਧੀਆ ਬਿਜ਼ੀ ਲੋਕੇਸ਼ਨ ਉਤੇ ਸਥਿਤ ਟਰੱਕ ਸਟਾਪ ਲੀਜ਼ ਲਈ ਉਪਲਬਧ ਹੈ।

ਗੈਸ ਅਤੇ ਡੀਜ਼ਲ
(4 ਗੈਸ ਪੰਪ ਅਤੇ ਦੋ ਟਰੱਕ ਡੀਜ਼ਲ ਪੰਪ)
ਰੈਸਟੋਰੈਂਟ (70 ਸੀਟਾਂ)
ਸਟੋਰ ਬੀਅਰ ਲਾਇਸੈਂਸ ਦੇ ਨਾਲ
ਟਰੱਕ ਮਕੈਨਿਕ ਸ਼ਾਪ
ਟਰੱਕ ਡਰਾਈਵਰਾਂ ਲਈ 3 ਸ਼ਾਵਰ
ਦਸ ਸਾਲ ਦੀ ਲੀਜ਼, 50 ਹਜ਼ਾਰ ਡਾਲਰ ਡਿਪਾਜ਼ਿਟ
ਅਤੇ ਰੈਂਟ 5 ਹਜ਼ਾਰ ਡਾਲਰ ਮਹੀਨਾ

ਕਾਲ ਕਰੋ:
469-279-3208 ਜਾਂ 213-379-8080

# ਹਾਮਿਦ ਨੇ ਮੰਨਿਆ-ਪਾਕਿ ਕ੍ਰਿਕਟ ਟੀਮ ਦਾ ਹਰ ਮੈਚ ਫਿਕਸ

**ਲੰਦਨ-ਇਸਲਾਮਾਬਾਦ:** ਪਾਕਿਸਤਾਨ ਕ੍ਰਿਕਟ ਵਿਚ ਫੈਲੇ ਭ੍ਰਿਸ਼ਟਾਚਾਰ ਦੀਆਂ ਜਦੋਂ ਪਰਤਾਂ ਖੁੱਲ੍ਹਣ ਲੱਗੀਆਂ ਤਾਂ ਸਾਰੀ ਦੁਨੀਆਂ ਦੰਗ ਰਹਿ ਗਈ ਕਿਉਂਕਿ ਪਾਕਿ ਖਿਡਾਰੀ ਹਰ ਮੈਚ ਫਿਕਸਿੰਗ ਵਿਚ ਸ਼ਾਮਲ ਹੁੰਦੇ ਹਨ। ਇਹ ਖੁਲਾਸਾ ਕਿਸੇ ਹੋਰ ਨੇ ਨਹੀਂ ਬਲਕਿ ਪਾਕਿਸਤਾਨ ਦੇ ਸਾਬਕਾ ਸਲਾਮੀ ਬੱਲੇਬਾਜ਼ ਯਾਸਿਰ ਹਾਮਿਦ ਨੇ ਕੀਤਾ ਹੈ। ਹਾਮਿਦ ਨੇ ਇੱਕ ਸਟਿੰਗ ਇੰਟਰਵਿਊ ਵਿਚ ਕਿਹਾ ਹੈ ਕਿ ਉਸ ਦੇ ਸਾਥੀ ਖਿਡਾਰੀ ਤਕਰੀਬਨ ਹਰ ਮੈਚ ਫਿਕਸਿੰਗ ਵਿਚ ਸ਼ਾਮਲ ਹੁੰਦੇ ਹਨ ਤੇ ਹੁਣ ਉਹ ਫਸ ਚੁੱਕੇ ਹਨ। ਭਾਵੇਂ ਕਿ ਬਾਅਦ ਵਿਚ ਹਮੀਦ ਨੇ ਸਟਿੰਗ ਆਪ੍ਰੇਸ਼ਨ ਕਰਨ ਵਾਲੀ ਬਰਤਾਨੀਆ ਦੀ ਅਖ਼ਬਾਰ 'ਨਿਊਜ਼ ਆਫ਼ ਦਾ ਵਰਲਡ' 'ਤੇ ਬਲੈਕਮੇਲ ਕਰਨ ਦਾ ਦੋਸ਼ ਲਗਾ ਦਿੱਤਾ।

ਇਸ ਦੇ ਨਾਲ ਹੀ ਤਾਜ਼ਾ ਮੈਚ ਫਿਕਸਿੰਗ ਕਾਂਡ 'ਚ ਸ਼ਾਮਲ ਪਾਕਿਸਤਾਨ ਦੇ ਤਿੰਨਾਂ ਖਿਡਾਰੀਆਂ ਸਲਮਾਨ ਬੱਟ, ਮੁਹੰਮਦ ਆਮੇਰ ਤੇ ਮੁਹੰਮਦ ਆਸਿਫ ਨੇ ਵੀ ਤਫਤੀਸ਼ ਦੌਰਾਨ ਮੰਨਿਆ ਹੈ ਕਿ ਉਨ੍ਹਾਂ ਨੇ ਸੱਟੇਬਾਜ਼ ਮਜ਼ਹਰ ਮਜ਼ੀਦ ਤੋਂ ਮੋਟੀ ਰਕਮ ਲਈ ਸੀ ਪਰ ਬੜੀ ਢੀਠਤਾਈ ਨਾਲ ਇਹ ਵੀ ਕਿਹਾ ਕਿ ਉਨ੍ਹਾਂ ਕੁਝ ਗਲਤ ਨਹੀਂ ਕੀਤਾ। ਲੰਡਨ ਵਿਚ ਮੈਚ ਫਿਕਸਿੰਗ ਮਾਮਲੇ ਦੇ ਦੋਸ਼ ਤਹਿਤ ਮੁਅੱਤਲ ਕੀਤੀ ਤਿੱਕੜੀ ਨੇ ਸਕਾਟਲੈਂਡ ਯਾਰਡ ਪੁਲਿਸ ਵੱਲੋਂ ਕੀਤੀ ਪੜਤਾਲ ਦੌਰਾਨ ਮੰਨਿਆ ਕਿ ਮਜ਼ੀਦ ਤੋਂ ਡਾਲਰ ਲਏ ਹਨ ਪਰ ਉਨ੍ਹਾਂ ਇਹ ਵੀ ਕਿਹਾ ਕਿ ਇਹ ਰਾਸ਼ੀ 'ਸਪਾਂਸਰ ਸਮਝੌਤੇ' ਤਹਿਤ ਲਈ ਹੈ ਜਿਹੜੇ ਉਨ੍ਹਾਂ ਵੱਖ-ਵੱਖ ਵਪਾਰਕ ਸੰਗਠਨਾਂ ਨਾਲ ਕੀਤੇ ਸਨ। ਖਿਡਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਉਨ੍ਹਾਂ ਲਈ ਏਜੰਟ ਦਾ ਕੰਮ ਕਰਦਾ ਮਜ਼ੀਦ ਸੱਟੇਬਾਜ਼ ਵੀ ਹੈ। ਮਿਲੀਆਂ ਰਿਪੋਰਟਾਂ ਅਨੁਸਾਰ ਸਲਮਾਨ ਬੱਟ ਦੇ ਹੋਟਲ ਵਿਚਲੇ ਕਮਰੇ 'ਚੋਂ 50 ਹਜ਼ਾਰ ਪੌਂਡ ਬਰਾਮਦ ਕੀਤੇ ਗਏ ਹਨ।

ਮੈਚ ਫਿਕਸਿੰਗ ਕਾਂਡ 'ਚ ਦੋਸ਼ੀ ਪਾਏ ਜਾਣ ਤੋਂ ਬਾਅਦ ਕੌਮਾਂਤਰੀ ਕ੍ਰਿਕਟ ਪ੍ਰੀਸ਼ਦ (ਆਈ.ਸੀ.ਸੀ.) ਨੇ ਇਨ੍ਹਾਂ ਤਿੰਨਾਂ ਖਿਡਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਦੂਜੇ ਪਾਸੇ ਪਾਕਿਸਤਾਨ ਨੇ ਖਿਡਾਰੀਆਂ ਨੂੰ ਮੁਅੱਤਲ ਕਰਨ ਕਰਕੇ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ 'ਤੇ ਵਰ੍ਹਦਿਆਂ ਕਿਹਾ ਕਿ ਇਸ ਫ਼ੈਸਲੇ ਪਿੱਛੇ ਆਈ.ਸੀ.ਸੀ. ਦੇ ਪ੍ਰਧਾਨ ਸ਼ਰਦ ਪਵਾਰ ਦਾ ਹੱਥ ਹੈ। ਲੰਦਨ 'ਚ ਪਾਕਿ ਹਾਈ ਕਮਿਸ਼ਨਰ ਵਾਜ਼ਿਦ ਸ਼ਮਸੁਲ ਹਸਨ ਨੇ ਖਿਡਾਰੀਆਂ ਨੂੰ ਮੁਅੱਤਲ ਕਰਨ ਵਿਰੁੱਧ ਕਾਨੂੰਨੀ ਕਾਰਵਾਈ ਦੀ ਧਮਕੀ ਦਿੰਦੇ ਹੋਏ ਕਿਹਾ ਕਿ ਕੌਂਸਲ ਦੀ ਆਪਣੀ ਕਮਜ਼ੋਰੀ ਲਈ ਪਾਕਿਸਤਾਨ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਸ੍ਰੀ ਹਸਨ ਨੇ ਕੌਂਸਲ ਦੇ ਮੁੱਖ ਕਾਰਜਕਾਰੀ ਹਰੂਨ ਲਾਰਗਟ ਤੇ ਪ੍ਰਧਾਨ ਸ਼ਰਦ ਪਵਾਰ ਦੀ ਸਖ਼ਤ ਅਲੋਚਨਾ ਕਰਦੇ ਹੋਏ ਕਿਹਾ ਕਿ ਖਿਡਾਰੀਆਂ ਦੀ ਮੁਅੱਤਲੀ ਪਿੱਛੇ ਸਾਜ਼ਿਸ਼ ਹੈ। ਇਸ ਦੇ ਨਾਲ ਹੀ ਪਾਕਿਸਤਾਨ ਕ੍ਰਿਕਟ ਬੋਰਡ ਨੇ ਕਿਹਾ ਕਿ ਜੇਕਰ ਖਿਡਾਰੀ ਨਿਰਦੋਸ਼ ਪਾਏ ਗਏ ਤਾਂ ਉਹ ਆਈ.ਸੀ.ਸੀ. 'ਤੇ ਮਾਣਹਾਨੀ ਦਾ ਮੁਕੱਦਮਾ ਕਰਨਗੇ। ਬੋਰਡ ਦੇ ਕਾਨੂੰਨੀ ਸਲਾਹਕਾਰ ਤਫ਼ਜ਼ੁੱਲ ਰਿਜ਼ਵੀ ਨੇ ਕਿਹਾ ਹੈ ਕਿ ਜਾਂਚ ਦੌਰਾਨ ਜੇਕਰ ਖਿਡਾਰੀ ਨਿਰਦੋਸ਼ ਪਾਏ ਗਏ ਤਾਂ ਉਹ ਆਈ.ਸੀ.ਸੀ. ਖ਼ਿਲਾਫ਼ ਮਾਣਹਾਨੀ ਦਾ ਕੇਸ ਕਰਨਗੇ। ਉਨ੍ਹਾਂ ਆਈ.ਸੀ.ਸੀ. 'ਤੇ ਮੁਅੱਤਲੀ ਦੇ ਨਿਯਮ ਤੋੜਨ ਦਾ ਦੋਸ਼ ਵੀ ਲਾਇਆ ਹੈ। ਪਾਕਿਸਤਾਨ ਨੇ ਆਪਣੇ ਖਿਡਾਰੀਆਂ ਦਾ ਬਚਾਅ ਕਰਦੇ ਹੋਏ ਕਿਹਾ ਹੈ ਕਿ ਇਸ ਸਾਜ਼ਿਸ਼ ਪਿੱਛੇ ਭਾਰਤੀ ਸੱਟੇਬਾਜ਼ ਦਾ ਹੱਥ ਹੈ। ਦੂਜੇ ਪਾਸੇ ਸੰਯੁਕਤ ਰਾਸ਼ਟਰ 'ਚ ਪਾਕਿਸਤਾਨ ਦੇ ਅਧਿਕਾਰੀ ਅਬਦੁੱਲਾ ਹਰੂਨ ਨੇ ਦੋਸ਼ੀ ਖਿਡਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਤੋਂ ਪਹਿਲਾਂ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਨੇ 'ਸਪਾਟ ਮੈਚ ਫਿਕਸਿੰਗ' ਕਾਂਡ ਦੇ ਮੱਦੇਨਜ਼ਰ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਇਕਾਈ ਤਹਿਤ ਦੋਸ਼ ਤੈਅ ਕਰਦੇ ਹੋਏ ਪਾਕਿਸਤਾਨ ਦੇ ਤਿੰਨ ਖਿਡਾਰੀਆਂ ਸਲਮਾਨ ਬਟ, ਮੁਹੰਮਦ ਆਸਿਫ ਤੇ ਮੁਹੰਮਦ ਆਮੇਰ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਤੇ ਉਨ੍ਹਾਂ ਖ਼ਿਲਾਫ਼ ਅਪਰਾਧਿਕ ਜਾਂਚ ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ। ਕ੍ਰਿਕਟ ਕੌਂਸਲ ਨੇ ਕਿਹਾ ਹੈ ਕਿ ਨਿਯਮਾਂ ਮੁਤਾਬਕ ਮਾਮਲੇ ਦਾ ਨਤੀਜਾ ਆਉਣ ਤੱਕ ਤਿੰਨੇ ਖਿਡਾਰੀਆਂ 'ਤੇ ਕ੍ਰਿਕਟ ਖੇਡਣ ਤੇ ਕ੍ਰਿਕਟ ਨਾਲ ਸਬੰਧਿਤ ਸਰਗਰਮੀਆਂ 'ਤੇ ਤੁਰੰਤ ਰੋਕ ਲਾ ਦਿੱਤੀ ਹੈ। ਇਸ ਦੇ ਨਾਲ ਹੀ ਇੱਕ ਹੋਰ ਝਟਕਾ ਦਿੰਦਿਆਂ ਤੇਜ਼ ਗੇਂਦਬਾਜ਼ਾਂ ਮੁਹੰਮਦ ਆਸਿਫ ਤੇ ਮੁਹੰਮਦ ਆਮੇਰ ਦਾ ਨਾਂ ਆਈ.ਸੀ.ਸੀ. ਪੁਰਸਕਾਰਾਂ ਦੀ ਸੂਚੀ 'ਚੋਂ ਵੀ ਹਟਾ ਦਿੱਤਾ ਗਿਆ ਹੈ। ਆਮੇਰ ਨੂੰ 'ਸਰਵੋਤਮ ਉਭਰਦਾ ਕ੍ਰਿਕਟਰ' ਤੇ ਆਸਿਫ ਨੂੰ 'ਸਰਵੋਤਮ ਕ੍ਰਿਕਟਰ' ਦੀ ਸ਼੍ਰੇਣੀ 'ਚ ਰੱਖਿਆ ਗਿਆ ਸੀ।

ਇੱਥੇ ਜ਼ਿਕਰਯੋਗ ਹੈ ਕਿ ਲਾਰਡ ਟੈਸਟ ਦੌਰਾਨ ਸਪਾਟ ਫਿਕਸਿੰਗ ਲਈ ਵਰਤੀ ਨਕਦੀ ਪਾਕਿਸਤਾਨੀ ਕ੍ਰਿਕਟ ਟੀਮ ਦੇ ਕਪਤਾਨ ਸਲਮਾਨ ਬਟ ਦੇ ਹੋਟਲ ਵਾਲੇ ਕਮਰੇ ਤੇ ਉਸ ਦੇ ਟੈਸਟ ਗਰਾਊਂਡ ਵਾਲੇ ਲਾਕਰ 'ਚੋਂ ਮਿਲੀ ਹੈ। 'ਡੇਲੀ ਮੇਲ' ਦੀ ਰਿਪੋਰਟ ਮੁਤਾਬਕ ਸਕਾਟਲੈਂਡ ਯਾਰਡ ਦੇ ਅਧਿਕਾਰੀ ਬਟ ਤੋਂ ਇਸ ਗੱਲ ਦੀ ਪੁੱਛਗਿੱਛ ਕਰ ਰਹੇ ਹਨ ਕਿ ਉਸ ਦੇ ਹੋਟਲ ਵਾਲੇ ਕਮਰੇ ਤੇ ਲਾਰਡ ਕ੍ਰਿਕਟ ਗਰਾਊਂਡ ਵਿਚ ਉਸ ਦੇ ਲਾਕਰ 'ਚੋਂ ਇਹ ਵਿਸ਼ੇਸ਼ ਨਿਸ਼ਾਨੀ ਵਾਲੀ ਕਰੰਸੀ ਕਿਥੋਂ ਆਈ। ਸਮਝਿਆ ਜਾਂਦਾ ਹੈ ਕਿ ਇਹ ਕਰੰਸੀ ਸਟਿੰਗ ਆਪ੍ਰੇਸ਼ਨ ਕਰਨ ਵਾਲੀ ਅਖ਼ਬਾਰ 'ਨਿਊਜ਼ ਆਫ ਦਾ ਵਰਲਡ' ਦੇ ਰਿਪੋਰਟਰ ਵੱਲੋਂ ਕਥਿਤ ਸਪਾਟ ਫਿਕਸਰ ਮਜ਼ਹਰ ਮਜ਼ੀਦ ਨੂੰ ਦਿੱਤੇ 1,50,000 ਪੌਂਡ ਦਾ ਹਿੱਸਾ ਹੈ। ਪਾਕਿਸਤਾਨ ਤੇ ਬਰਤਾਨੀਆ ਵਿਚਕਾਰ ਲਾਰਡ ਟੈਸਟ ਦੀਆਂ ਤਿੰਨ 'ਨੋ ਬਾਲਜ਼' ਫਿਕਸਡ ਕਰਨ ਲਈ ਮਜ਼ੀਦ ਨੂੰ ਦਿੱਤੇ ਪੈਸਿਆਂ 'ਤੇ ਗੁਪਤ ਨਿਸ਼ਾਨ ਲੱਗਾ ਹੋਇਆ ਸੀ ਤਾਂ ਜੋ ਬਾਅਦ ਵਿਚ ਪੁਲਿਸ ਉਨ੍ਹਾਂ ਦੀ ਸ਼ਨਾਖਤ ਕਰ ਸਕੇ।

ਇਸ ਦੌਰਾਨ ਮੁਹੰਮਦ ਆਸਿਫ ਦੀ ਸਾਬਕਾ ਦੋਸਤ ਲੜਕੀ ਵੀਨਾ ਮਲਿਕ ਨੇ ਲਾਹੌਰ ਵਿਚ ਭਾਰਤੀ ਸੱਟੇਬਾਜ਼ਾਂ ਨਾਲ ਆਸਿਫ ਦੇ ਕਥਿਤ ਸਬੰਧਾਂ ਦੇ ਸਬੂਤ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਦੀ ਭ੍ਰਿਸ਼ਟਾਚਾਰ ਵਿਰੋਧੀ ਇਕਾਈ ਨੂੰ ਸੌਂਪੇ। ਵੀਨਾ ਮਲਿਕ ਨੇ ਇਹ ਦੋਸ਼ ਲਾਇਆ ਸੀ ਕਿ ਆਸਿਫ ਮਿਥ ਕੇ ਮੈਚ ਖੇਡਣ ਵਿਚ ਸ਼ਾਮਲ ਸੀ ਤੇ ਉਸ ਕੋਲ ਇਸ ਦੇ ਠੋਸ ਸਬੂਤ ਹਨ। ਇਸ ਪਿੱਛੋਂ ਹਸਨ ਰਜ਼ਾ ਜਿਹੜਾ ਦੱਖਣੀ ਏਸ਼ੀਆ ਲਈ ਆਈ.ਸੀ.ਸੀ. ਦਾ ਭ੍ਰਿਸ਼ਟਾਚਾਰ ਵਿਰੋਧੀ ਇਕਾਈ ਦਾ ਚੋਟੀ ਦਾ ਅਧਿਕਾਰੀ ਹੈ, ਨੇ ਮਲਿਕ ਨਾਲ ਉਸ ਦੇ ਘਰ ਜਾ ਕੇ ਮੁਲਾਕਾਤ ਕੀਤੀ ਤੇ ਉਸ ਤੋਂ ਸਬੂਤ ਹਾਸਲ ਕੀਤੇ।

## ਪਾਕਿ ਸਰਕਾਰ ਵੱਲੋਂ ਸਖ਼ਤੀ

ਪਾਕਿਸਤਾਨ ਸਰਕਾਰ ਨੇ ਮੌਜੂਦਾ ਤੇ ਸਾਬਕਾ ਖਿਡਾਰੀਆਂ ਦੀ ਜਾਇਦਾਦ ਦੀ ਜਾਂਚ ਕਰਨ ਦਾ ਫੈਸਲਾ ਕੀਤਾ ਹੈ ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ 'ਚ ਦੇਸ਼ ਦੀ ਟੀਮ ਦੀ ਅਗਵਾਈ ਕੀਤੀ ਹੈ। ਅਖ਼ਬਾਰ 'ਜੰਗ' ਮੁਤਾਬਿਕ ਫੈਡਰਲ ਬਿਊਰੋ ਆਫ਼ ਰੈਵੇਨਿਊ (ਐਫ.ਬੀ.ਆਰ.) ਨੇ ਆਪਣੇ ਖੇਤਰੀ ਅਧਿਕਾਰੀਆਂ ਨੂੰ ਕ੍ਰਿਕਟਰਾਂ ਦੇ ਬੈਂਕ ਖਾਤਿਆਂ ਤੇ ਹੋਰ ਜਾਇਦਾਦ ਦੀ ਜਾਣਕਾਰੀ ਇਕੱਠੀ ਕਰਨ ਲਈ ਕਿਹਾ ਹੈ। ਇਹ ਵੀ ਪਤਾ ਕਰਨ ਲਈ ਕਿਹਾ ਗਿਆ ਹੈ ਕਿ ਕ੍ਰਿਕਟਰਾਂ ਕੋਲ ਕਿੰਨੀਆਂ ਕਾਰਾਂ ਹਨ। ਅਖ਼ਬਾਰ ਨੇ ਅਧਿਕਾਰੀ ਇਸਰਾਰ ਰਾਊਫ ਦੇ ਹਵਾਲੇ ਨਾਲ ਕਿਹਾ ਹੈ ਕਿ ਪਾਕਿਸਤਾਨ ਕ੍ਰਿਕਟ ਬੋਰਡ ਨੂੰ ਵੀ ਆਪਣੇ ਖਿਡਾਰੀਆਂ, ਚੋਣ ਕਮੇਟੀ, ਕੋਚ ਤੇ ਮੈਨੇਜ਼ਰਾਂ ਨਾਲ ਸਬੰਧਿਤ ਖਰਚਿਆਂ ਦੀ ਜਾਣਕਾਰੀ ਦੇਣ ਲਈ ਕਿਹਾ ਹੈ।


## ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਸਿਆਟਲ, ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ, ਆਦਿ ਸ਼ਹਿਰਾਂ ਵਿਚ ਆ-ਜਾ ਸਕਣ।

*ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।*

*ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ*



**ਫੋਨ:(510) 881-8008**
**ਸੈਲ:408-896-4518**

**Email:** cctransinc@gmail.com

**C and C Trans Inc.,** *Hayward, CA*



## Gas Station For Sale

**Once in a life time opportunity. Very profitable Gas Station with property for sale in Ohio. Doing inside store sales $90,000 to $95,000 per month and $60,000 gallons fule out side. Absentee owner.**

**If interested call with confidence**

**Ph:734-756-7463 or 734-660-2721**

**or contact via e-mail: ABRENTERPRISE@LIVE.COM**




ਓਹਾਇਓ ਵਿਚ ਬਹੁਤ ਹੀ ਵਧੀਆ ਮੁਨਾਫਾ ਦੇਣ ਵਾਲਾ ਗੈਸ ਸਟੇਸ਼ਨ ਪ੍ਰਾਪਰਟੀ ਸਮੇਤ ਵਿਕਾਊ ਹੈ। ਬਹੁਤ ਵੀ ਬਿਜ਼ੀ ਹਾਈਵੇ ਲੋਕੇਸ਼ਨ। ਬੀਅਰ, ਵਾਈਨ ਅਤੇ ਲਿੱਕਰ ਦੇ ਲਾਈਸੈਂਸ ਸਮੇਤ।

ਅੰਦਰ ਦੀ ਸੇਲ 90 ਤੋਂ 95 ਹਜ਼ਾਰ ਡਾਲਰ, ਗੈਸ ਦੀ ਸੇਲ 60 ਹਜ਼ਾਰ ਗੈਲਨ

***ਕਾਲ ਕਰੋ:734-756-7463 ਜਾਂ 734-660-2721***



## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

**We Specialize in Bankowned, Foreclosure and Short Sale Homes**

*ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।*

**We Do Loan Modification and Credit Repair to Save Your Home From Forclosure**

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

**Right Time To Buy For Investers And First Time Home Buyers**

REALTY WORLD
Millennium



**Gurbans Singh Gill**
Realtor
12 Years Experiance in Real Estate
e-mail: gurbans@gotracy.com

Fax: 209-836-0706
www.gotracy.com

**Gurbans Gill 209-815-1869**

# ਖ਼ੁਦਕਸ਼ੀ ਦੇ ਰਾਹ ਪਏ ਕਿਸਾਨਾਂ ਨੂੰ ਸਹਾਰੇ ਦੀ ਲੋੜ

**-ਧੀਰਜ ਪਿਸ਼ੌਰੀਆ**

ਹਰੀ ਕ੍ਰਾਂਤੀ ਦਾ ਮਹਾਂਨਾਇਕ ਅਖਵਾਉਣ ਵਾਲਾ ਕਿਸਾਨ ਖ਼ੁਦਕੁਸ਼ੀ ਲਈ ਮਜਬੂਰ ਹੋ ਗਿਆ ਹੈ। ਭਾਰਤ ਵਿਚ ਪਿਛਲੇ 14-15 ਸਾਲਾਂ ਦੌਰਾਨ 1.5 ਲੱਖ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਪੰਜਾਬ ਵਿਚ ਵੀ ਇਸ ਅਰਸੇ ਦੌਰਾਨ 20,000 ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਇਸ ਵੇਲੇ ਦੇਸ਼ ਦੇ ਬਹੁਤੇ ਕਿਸਾਨ ਗਰੀਬੀ ਰੇਖਾ ਦੇ ਨੇੜੇ-ਤੇੜੇ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਦੇਸ਼ ਵਿਚ ਹਰ ਪੰਜ ਘੰਟਿਆਂ 'ਚ ਇਕ ਕਿਸਾਨ ਖ਼ੁਦਕੁਸ਼ੀ ਕਰ ਰਿਹਾ ਹੈ। ਆਤਮ ਹੱਤਿਆਵਾਂ ਦੇ ਇਨ੍ਹਾਂ ਅੰਕੜਿਆਂ ਵਿਚ ਪੰਜਾਬ ਦਾ ਨਾਂ ਮੋਹਰੀ ਰਾਜਾਂ ਵਿਚ ਆਉਂਦਾ ਹੈ। ਪੰਜਾਬ ਵਿਚ ਇਨ੍ਹਾਂ ਆਤਮ ਹੱਤਿਆਵਾਂ ਦਾ ਸਭ ਤੋਂ ਜ਼ਿਆਦਾ ਕਹਿਰ ਮਾਲਵੇ 'ਚ ਬਰਸ ਰਿਹਾ ਹੈ। ਪਿਛਲੇ 10 ਸਾਲਾਂ ਵਿਚ ਸਿਰਫ਼ ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ 2,890 ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਕਿਸਾਨ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨ ਤੋਂ ਅਸਮਰੱਥ ਹੈ। ਉਸ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਭਾਰਤ ਵਿਚ ਖੇਤੀਬਾੜੀ ਨਾਲ ਕੋਈ 9 ਕਰੋੜ ਪਰਿਵਾਰ ਜੁੜੇ ਹੋਏ ਹਨ। ਇਨ੍ਹਾਂ ਕਿਸਾਨ ਪਰਿਵਾਰਾਂ ਵਿਚੋਂ 48.34 ਫੀਸਦੀ ਪਰਿਵਾਰ ਕਰਜ਼ੇ ਹੇਠ ਦੱਬੇ ਹੋਏ ਹਨ। ਪੰਜਾਬ ਜਿਸ ਨੂੰ ਅਮੀਰ ਸੂਬਾ ਕਿਹਾ ਜਾਂਦਾ ਹੈ, ਇਸ ਦੇ 65.4 ਫੀਸਦੀ ਕਿਸਾਨਾਂ ਦੇ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ, ਜੋ ਕਿ ਰਾਸ਼ਟਰੀ ਅੰਕੜਿਆਂ ਤੋਂ ਜ਼ਿਆਦਾ ਹੈ।

ਹਰੀ ਕ੍ਰਾਂਤੀ ਜਿਸ ਤਹਿਤ ਭਾਰਤ ਦੇ ਲੋਕਾਂ ਦਾ ਢਿੱਡ ਭਰਨ ਲਈ ਪੰਜਾਬ ਵਿਚ 1960 ਵਿਚ ਖਾਦਾਂ ਅਤੇ ਰਸਾਇਣਾਂ ਦੀ ਰੱਜ ਕੇ ਵਰਤੋਂ ਕੀਤੀ ਗਈ। ਫਸਲਾਂ ਦੇ ਉਤਪਾਦਨ ਵਿਚ ਪੂਰਾ ਉਛਾਲ ਆਇਆ, ਕਿਸਾਨ ਗਲਤਫਹਿਮੀ ਵਿਚ ਖੁਸ਼ ਹੋਇਆ। ਇੱਥੋਂ ਹੀ ਪੰਜਾਬ ਦੇ ਕਿਸਾਨ ਅਤੇ ਕਿਰਸਾਨੀ ਦੀ ਬਰਬਾਦੀ ਦਾ ਰਾਹ ਖੁੱਲ੍ਹ ਗਿਆ। ਖੇਤੀ ਲਾਗਤ ਵਧਦੀ ਗਈ। ਖੇਤ, ਖਾਦਾਂ ਅਤੇ ਤਰ੍ਹਾਂ-ਤਰ੍ਹਾਂ ਦੇ ਰਸਾਇਣਾਂ ਕੀਟਨਾਸ਼ਕਾਂ 'ਤੇ



ਨਿਰਭਰ ਹੋ ਗਏ। ਹਰੀ ਕ੍ਰਾਂਤੀ ਤੋਂ 25-30 ਸਾਲ ਬਾਅਦ ਭਾਵ 1990 ਤੋਂ ਬਾਅਦ ਫਸਲਾਂ ਦਾ ਝਾੜ ਹੌਲੀ-ਹੌਲੀ ਘਟਣਾ ਸ਼ੁਰੂ ਹੋ ਗਿਆ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਨਿੱਤ ਵਧਦੀ ਵਰਤੋਂ ਨਾਲ ਧਰਤੀ ਬੰਜ਼ਰ ਹੋਣੀ ਸ਼ੁਰੂ ਹੋ ਗਈ। ਪੰਜਾਬ ਵਿਚ ਕੀਟਨਾਸ਼ਕਾਂ ਦੀ ਖਪਤ ਭਾਰਤ ਦੀ ਕੁੱਲ ਖਪਤ ਦਾ 18 ਫੀਸਦੀ ਹੈ। ਖਾਦਾਂ ਭਾਰਤ ਦੀ ਖਪਤ ਦਾ 10 ਫੀਸਦੀ ਹਨ। ਬੀਜਾਂ ਤੇ ਕੀਟਨਾਸ਼ਕ ਕੰਪਨੀਆਂ ਪੰਜਾਬ ਦੇ ਕਿਸਾਨਾਂ ਦੀ ਭਾਰੀ ਲੁੱਟ ਕਰ ਰਹੀਆਂ ਹਨ। ਤਿੰਨ ਵੱਡੀਆਂ ਕੰਪਨੀਆਂ ਬੀਜ ਮਾਰਕੀਟ ਦੇ 40 ਫੀਸਦੀ ਹਿੱਸੇ 'ਤੇ ਕੰਟਰੋਲ ਕਰ ਚੁੱਕੀਆਂ ਹਨ। ਇਨ੍ਹਾਂ ਸਮੇਤ ਕੁਲ ਛੇ ਕੰਪਨੀਆਂ ਨੇ ਕੀਟਨਾਸ਼ਕ ਦਵਾਈਆਂ ਦੇ ਤਿੰਨ ਚੌਥਾਈ ਹਿੱਸੇ 'ਤੇ ਕੰਟਰੋਲ ਕਰ ਲਿਆ ਹੈ।

ਉਧਰ 1990 ਤੋਂ 2000 ਤੱਕ ਹਰੀ ਕ੍ਰਾਂਤੀ ਦੇ ਪਟਾਕੇ ਵੀ ਹੌਲੀ-ਹੌਲੀ ਫੂੱਸ ਹੋਣੇ ਸ਼ੁਰੂ ਹੋ ਗਏ। ਇਸ ਵੇਲੇ ਤੱਕ ਮਾਲਵੇ ਦੇ ਕਿਸਾਨਾਂ ਦੇ ਘਰ ਸੋਨੇ ਵਰਗੀਆਂ ਨਰਮੇ-ਕਪਾਹ ਦੀਆਂ ਫੁੱਟੀਆਂ ਨਾਲ ਭਰੇ ਪਏ ਸਨ, ਪ੍ਰੰਤੂ ਮਾੜੀ ਕਿਸਮਤ ਨੂੰ ਸਾਲ 1995 ਦੇ ਆਸ-ਪਾਸ ਕਪਾਹ ਦੀਆਂ ਚਿੱਟੀਆਂ ਫੁੱਟੀਆਂ ਨੂੰ ਅਮਰੀਕਨ ਸੁੰਡੀ ਪੈ ਗਈ, ਅਸਲ ਵਿਚ ਇਹ ਸੁੰਡੀ ਕਿਸਾਨਾਂ ਦੀ ਕਿਸਮਤ ਨੂੰ ਪੈ ਗਈ। ਉਧਰ ਪੰਜਾਬ ਦੇ ਦੂਸਰੇ ਹਿੱਸਿਆਂ ਵਿਚ ਖੇਤੀ 'ਤੇ ਖਰਚੇ ਵਧਦੇ ਗਏ, ਖੇਤੀ ਉਤਪਾਦਨਾਂ ਦੀਆਂ ਕੀਮਤਾਂ ਨੂੰ ਬਰੇਕ ਲੱਗ ਗਈ। ਉਪਰ ਸਰਕਾਰ ਵੀ ਹੌਲੀ-ਹੌਲੀ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਲੱਗੀ। ਖੇਤੀ ਲਈ ਰੱਖਿਆ ਜਾਂਦਾ ਬਜਟ ਘਟਦਾ-ਘਟਦਾ ਚਾਰ ਪ੍ਰਤੀਸ਼ਤ ਰਹਿ ਗਿਆ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕੁਲ ਬਜਟ ਦਾ 90 ਪ੍ਰਤੀਸ਼ਤ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਹੀ ਖਰਚ ਹੋ ਜਾਂਦਾ ਹੈ। ਸਰਕਾਰ ਨੇ ਖੇਤੀਬਾੜੀ ਖੋਜਾਂ ਵਿਚ ਵਾਧਾ ਤਾਂ ਕੀ ਕਰਨਾ ਸੀ, ਉਲਟਾ ਖੇਤੀ ਖੋਜ ਦੇ ਲਈ ਬਠਿੰਡੇ ਵਿਚ ਜੋ 25 ਏਕੜ ਜ਼ਮੀਨ ਪਈ ਸੀ, ਉਸ ਨੂੰ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਲਈ ਦੇ ਦਿੱਤਾ। ਇਨ੍ਹਾਂ ਕਾਰਨਾਂ ਤੋਂ ਇਲਾਵਾ ਖੁਸ਼ਹਾਲੀ ਦਾ ਪ੍ਰਤੀਕ ਟਰੈਕਟਰ ਵੀ ਛੋਟੀ ਜੋਤ ਵਾਲੇ ਕਿਸਾਨਾਂ ਨੂੰ ਕਰਜ਼ੇ ਵਿਚ ਜਕੜਨ ਦਾ ਇਕ ਕਾਰਨ ਬਣਿਆ। ਘੱਟ ਜੋਤ ਵਾਲੇ ਕਿਸਾਨਾਂ ਨੇ ਰੀਸੋ-ਰੀਸ ਜਾਂ ਫਿਰ ਟਰੈਕਟਰ ਕੰਪਨੀਆਂ ਦੇ ਏਜੰਟਾਂ ਦੇ ਝਾਂਸਿਆਂ ਵਿਚ ਆ ਕੇ ਟਰੈਕਟਰ ਖਰੀਦ ਲਏ। ਹੋਣਾ ਤਾਂ ਇਹ ਚਾਹੀਦਾ ਸੀ ਕਿ 25-30 ਸਾਲ ਪਹਿਲਾਂ ਹੀ ਛੋਟੇ ਕਿਸਾਨਾਂ ਦੇ ਖੇਤੀ ਕੰਮਾਂ ਲਈ ਪੰਜਾਬ ਸਰਕਾਰ ਵਲੋਂ ਕੋ-ਆਪਰੇਟਿਵ ਸੁਸਾਇਟੀਆਂ ਰਾਹੀਂ ਟਰੈਕਟਰ ਉਪਲੱਬਧ ਕਰਾਏ ਜਾਂਦੇ ਤਾਂ ਜੋ ਛੋਟੇ ਕਿਸਾਨ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ। ਪੰਜਾਬ ਵਿਚ ਰਕਬਾ ਭਾਰਤ ਦੇ ਕੁੱਲ ਖੇਤੀ ਰਕਬੇ ਦਾ ਸਿਰਫ਼ 2.5 ਫੀਸਦੀ ਹੈ ਅਤੇ ਟਰੈਕਟਰ, ਭਾਰਤ ਦੇ ਕੁੱਲ ਟਰੈਕਟਰਾਂ ਦੀ ਗਿਣਤੀ ਦਾ 24 ਫੀਸਦੀ ਹਨ। ਇਹ ਕੋਈ ਖੁਸ਼ਹਾਲੀ ਦਾ ਪ੍ਰਤੀਕ ਨਹੀਂ, ਬਲਕਿ ਬਰਬਾਦੀ ਦਾ ਕਾਰਨ ਬਣਿਆ। ਕੁਝ ਕਿਸਾਨ ਤਾਂ ਆਪਣੇ ਛੋਟੇ-ਮੋਟੇ ਕਰਜ਼ਿਆਂ ਨੂੰ ਲਾਹੁਣ ਅਤੇ ਆਪਣੀਆਂ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਨਵੇਂ ਟਰੈਕਟਰ ਕਰਜ਼ੇ 'ਤੇ ਲੈ ਕੇ ਉਸ ਨੂੰ ਘੱਟ ਰੇਟ 'ਤੇ ਵੇਚ ਦਿੰਦੇ ਹਨ। ਵੱਖ-ਵੱਖ ਸ਼ਹਿਰਾਂ ਵਿਚ ਲਗਦੀਆਂ ਟਰੈਕਟਰ ਮੰਡੀਆਂ ਵਿਚ ਪਹੁੰਚਦੇ ਨਵੇਂ-ਨਵੇਂ ਟਰੈਕਟਰ ਇਸ ਦਾ ਪ੍ਰਤੱਖ ਪ੍ਰਮਾਣ ਹਨ। ਇਸ ਨਾਲ ਕਿਸਾਨ ਹੋਰ ਕਰਜ਼ੇ ਦੇ ਜਾਲ ਵਿਚ ਫਸਦੇ ਜਾ ਰਹੇ ਹਨ।

ਸੰਨ 1991 ਵਿਚ ਜਨਗਣਨਾ ਦੇ ਅਨੁਸਾਰ ਪੰਜਾਬ ਦੇ 11.17 ਲੱਖ ਕਿਸਾਨ ਪਰਿਵਾਰਾਂ ਵਿਚੋਂ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਗਿਣਤੀ ਪੰਜ ਲੱਖ ਦੇ ਕਰੀਬ ਸੀ। ਥੋੜ੍ਹੇ ਸਮੇਂ ਦੌਰਾਨ ਹੀ ਦੋ ਲੱਖ ਕਿਸਾਨ ਖੇਤੀਬਾੜੀ ਦੇ ਧੰਦੇ ਤੋਂ ਬਾਹਰ ਹੋ ਗਏ ਹਨ। ਉਨ੍ਹਾਂ ਵਿਚੋਂ ਜ਼ਿਆਦਾਤਰ ਕਿਸਾਨ ਲੇਬਰ ਚੌਕਾਂ ਵਿਚ ਖੜ੍ਹਨ ਲਈ ਮਜਬੂਰ ਹਨ। ਸੰਨ 2001 ਦੇ ਜਨਗਣਨਾ ਵੇਲੇ 9.97 ਲੱਖ ਕਿਸਾਨ ਪਰਿਵਾਰ ਹੀ ਰਹਿ ਗਏ ਅਤੇ ਪੰਜ ਏਕੜ ਤੋਂ ਘੱਟ ਵਾਲੇ ਕਿਸਾਨਾਂ ਦੀ ਗਿਣਤੀ ਤਿੰਨ ਲੱਖ ਰਹਿ ਗਈ। ਬੀਤੇ ਸਮੇਂ ਵਿਚ 72 ਹਜ਼ਾਰ ਕਿਸਾਨਾਂ ਦੀ ਪੂਰੀ ਦੀ ਪੂਰੀ ਖੇਤੀਯੋਗ ਭੂਮੀ ਨੀਲਾਮ ਹੋ ਗਈ। ਤਾਜ਼ਾ ਅਨੁਮਾਨਾਂ ਮੁਤਾਬਕ ਪੰਜਾਬ ਦੇ ਕਿਸਾਨਾਂ ਸਿਰ 30 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਵਿਚ 62 ਫੀਸਦੀ ਬੈਂਕਾਂ ਦਾ, 32 ਫੀਸਦੀ ਆੜਤੀਆਂ ਦਾ ਅਤੇ 6 ਫੀਸਦੀ ਕਰਜ਼ਾ ਪ੍ਰਾਈਵੇਟ ਏਜੰਸੀਆਂ ਦਾ ਹੈ। ਪੰਜਾਬ ਦੀ ਛੋਟੀ ਕਿਸਾਨੀ ਕਰਜ਼ਿਆਂ, ਤੰਗੀਆਂ, ਤੋਟਾਂ, ਮਜਬੂਰੀਆਂ ਦਾ ਦਰਦ ਹੰਢਾ ਰਹੀ ਹੈ। ਪੰਜਾਬ ਦੀ 19 ਫੀਸਦੀ ਕਿਸਾਨੀ ਕਰਜ਼ੇ ਹੇਠ ਪੂਰੀ ਤਰ੍ਹਾਂ ਦੱਬੀ ਪਈ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਖੁਦਕੁਸ਼ੀ ਦੇ ਕਿਨਾਰੇ ਖੜ੍ਹੀ ਹੈ।

ਸਰਕਾਰ ਨੂੰ ਸਮਾਂ ਸਾਂਭਣਾ ਚਾਹੀਦਾ ਹੈ। ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ। ਖੇਤੀਬਾੜੀ ਪ੍ਰਬੰਧ ਨੂੰ ਸੁਧਾਰਿਆ ਜਾਵੇ, ਖੇਤੀਬਾੜੀ ਧੰਦੇ ਨੂੰ ਕੁਦਰਤ ਪੱਖੀ ਬਣਾ ਕੇ ਕਿਸਾਨਾਂ ਲਈ ਮੁਨਾਫ਼ੇ ਵਾਲਾ ਧੰਦਾ ਬਣਾਇਆ ਜਾਵੇ ਨਾ ਕਿ ਦੇਸੀ-ਵਿਦੇਸ਼ੀ ਕੰਪਨੀਆਂ ਲਈ ਲੁੱਟ ਦਾ ਧੰਦਾ। ਮੁਕਦੀ ਗੱਲ ਪੰਜਾਬ ਦੀ ਕਿਸਾਨੀ ਨੂੰ ਬਚਾਇਆ ਜਾਵੇ, ਅਜਿਹਾ ਨਾ ਹੋਵੇ ਕਿ ਪੰਜਾਬ ਦੇ ਕਿਸਾਨ ਦੇ ਨਾਲ ਹੀ ਪੰਜਾਬ ਵੀ ਬਰਬਾਦੀ ਵਲ ਤੁਰ ਪਵੇ।

# ਸਿੱਧੂ ਵਲੋਂ ਦਰਿਆਵਾਂ ਦੇ ਕੌਮੀਕਰਨ ਦਾ ਹੋਕਾ, ਅਕਾਲੀ ਚੁੱਪ

**ਚੰਡੀਗੜ੍ਹ:** ਅਜੇ ਪਿਛਲੇ ਦਿਨੀਂ ਹੀ ਸ੍ਰੀ ਯਸ਼ਵੰਤ ਸਿਨਹਾ ਪੰਜਾਬ ਭਾਜਪਾ ਤੇ ਅਕਾਲੀ ਦਲ ਦੇ ਰਿਸ਼ਤਿਆਂ ਵਿਚ ਆਈ ਤਰੇੜ ਨੂੰ ਕੁਝ ਤੋਪੇ ਲਾਕੇ ਗਏ ਸਨ ਕਿ ਭਾਜਪਾ ਆਗੂ ਅਤੇ ਸੰਸਦ ਮੈਂਬਰ ਸ. ਨਵਜੋਤ ਸਿੰਘ ਸਿੱਧੂ ਵਲੋਂ ਦਰਿਆਵਾਂ ਦੇ ਕੌਮੀਕਰਨ ਦਾ ਰਾਗ ਅਲਾਪ ਕੇ ਫਿਰ ਸੁੱਤਾ ਨਾਗ ਛੇੜਨ ਦੀ ਕੋਸ਼ਿਸ਼ ਕੀਤੀ ਗਈ ਹੈ।



ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਅਤੇ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਆਪਣੀ ਪਾਰਟੀ ਦੀ ਕੌਮੀ ਲੀਡਰਸ਼ਿਪ ਦੀ ਲਾਈਨ ਨੂੰ ਦੁਹਰਾਉਂਦੇ ਇਹ ਬਿਆਨ ਦਿੱਤਾ ਹੈ ਕਿ ਦਰਿਆਵਾਂ ਨੂੰ ਕੌਮੀ ਜਾਇਦਾਦ ਐਲਾਨਿਆ ਜਾਵੇ ਅਤੇ ਹੜ੍ਹਾਂ ਦੀ ਰੋਕਥਾਮ ਲਈ ਕੇਂਦਰ ਅਤੇ ਰਾਜ ਸਰਕਾਰਾਂ ਮਿਲ ਕੇ ਉਪਰਾਲਾ ਕਰਨ। ਜਿਨ੍ਹਾਂ ਰਾਜਾਂ 'ਚੋਂ ਦਰਿਆ ਲੰਘਦੇ ਹਨ ਉਨ੍ਹਾਂ ਦਾ ਉਨ੍ਹਾਂ 'ਤੇ ਵਿਸ਼ੇਸ਼ ਅਧਿਕਾਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਭਾਜਪਾ ਦੇ ਸਿਰਮੌਰ ਨੇਤਾ ਅਟਲ ਬਿਹਾਰੀ ਵਾਜਪਾਈ ਦੇ ਇਨ੍ਹਾਂ ਵਿਚਾਰਾਂ ਦੀ ਵੀ ਪ੍ਰੋੜਤਾ ਕੀਤੀ ਕਿ ਦੇਸ਼ ਦੇ ਸਾਰੇ ਦਰਿਆਵਾਂ ਨੂੰ ਜੋੜ ਦੇਣਾ ਚਾਹੀਦਾ ਹੈ ਤਾਂ ਜੋ ਦੇਸ਼ ਦੇ ਸਾਰੇ ਰਾਜਾਂ ਨੂੰ ਇਨ੍ਹਾਂ ਦਰਿਆਵਾਂ 'ਚੋਂ ਕੁਝ ਨਾ ਕੁਝ ਪਾਣੀ ਮਿਲ ਸਕੇ। ਭਾਜਪਾ ਦੇ ਪਾਣੀ ਬਾਰੇ ਨਜ਼ਰੀਏ ਤੋਂ ਉਲਟ ਖੇਤਰੀ ਪਾਰਟੀਆਂ ਆਪਣਾ ਨਜ਼ਰੀਆ ਰੱਖਦੀਆਂ ਹਨ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਲੰਮੇ ਸਮੇਂ ਤੋਂ ਪੰਜਾਬ ਦੇ ਪਾਣੀਆਂ ਦੀ ਲੜਾਈ ਲੜ ਰਿਹਾ ਹੈ। ਅਕਾਲੀ ਦਲ ਪਾਣੀ ਦੇ ਮਾਮਲੇ 'ਚ ਰਿਪੇਰੀਅਨ ਅਸੂਲਾਂ ਦੀ ਹਾਮੀ ਭਰਦਾ ਹੈ। ਇਨ੍ਹਾਂ ਨਿਯਮਾਂ ਅਨੁਸਾਰ ਦਰਿਆਵਾਂ ਦੇ ਪਾਣੀਆਂ 'ਤੇ ਉਨ੍ਹਾਂ ਰਾਜਾਂ ਦਾ ਹੀ ਅਧਿਕਾਰ ਹੈ ਜਿੱਥੋਂ ਦੀ ਇਹ ਦਰਿਆ ਲੰਘਦੇ ਹਨ।

ਭਾਰਤ ਦੀਆਂ ਖੱਬੀਆਂ ਪਾਰਟੀਆਂ ਦਾ ਵੀ ਦਰਿਆਵਾਂ ਬਾਰੇ ਲਗਭਗ ਇਹ ਹੀ ਨਜ਼ਰੀਆ ਹੈ ਤੇ ਇਸੇ ਕਰਕੇ ਉਨ੍ਹਾਂ ਨੇ ਐਸ ਵਾਈ ਐਲ ਵਿਰੁਧ 1982 'ਚ ਅਕਾਲੀ ਦਲ ਨਾਲ ਕਪੂਰੀ ਵਿਖੇ ਸਾਂਝਾ ਮੋਰਚਾ ਲਗਾਇਆ ਸੀ। ਪਰ ਖੱਬੀਆਂ ਪਾਰਟੀਆਂ ਦਰਿਆਵਾਂ ਦੇ ਵਾਧੂ ਪਾਣੀ ਨੂੰ ਹੋਰ ਰਾਜਾਂ ਨੂੰ ਦੇਣ ਦੇ ਵਿਰੁਧ ਨਹੀਂ ਜਿਸ ਬਾਰੇ ਕੋਈ ਵੀ ਸਰਬਪ੍ਰਵਾਨਤ ਨੀਤੀ ਬਣਾਈ ਜਾ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਨੀਤੀ ਪੰਜਾਬ ਦੇ ਦਰਿਆਵਾਂ ਬਾਰੇ ਇਹ ਹੈ ਕਿ ਇਨ੍ਹਾਂ ਦਰਿਆਵਾਂ 'ਤੇ ਪੰਜਾਬ ਦੀ ਪੂਰੀ ਇਜਾਰੇਦਾਰੀ ਹੈ ਅਤੇ ਜੇਕਰ ਪੰਜਾਬ ਦੇ ਦਰਿਆਵਾਂ 'ਚ ਵਾਧੂ ਪਾਣੀ ਦੀ ਗੁੰਜਾਇਸ਼ ਹੋ ਜਾਵੇ ਤਾਂ ਇਹ ਪਾਣੀ ਦੂਜਿਆਂ ਰਾਜਾਂ ਨੂੰ ਰਾਇਲਟੀ ਲੈ ਕੇ ਦਿੱਤਾ ਜਾ ਸਕਦਾ ਹੈ। ਅਕਾਲੀ ਦਲ ਦਾ ਰਿਪੇਰੀਅਨ ਨਿਯਮਾਂ ਅਨੁਸਾਰ ਦਰਿਆਵਾਂ ਦੇ ਪਾਣੀ 'ਤੇ ਰਾਜ ਦਾ ਅਧਿਕਾਰ ਹੋਣ ਦਾ ਇਕ ਇਹ ਵੀ ਕਾਰਨ ਹੈ ਕਿ ਦਰਿਆ ਸਦਾ ਰਾਜ ਦੇ ਲੋਕਾਂ ਲਈ ਵਰਦਾਨ ਹੀ ਨਹੀਂ ਹੁੰਦੇ, ਸਗੋਂ ਕਈ ਵਾਰ ਉਹ ਵਾਧੂ ਪਾਣੀ ਕਾਰਨ ਸਰਾਪ ਵੀ ਬਣ ਜਾਂਦੇ ਹਨ। ਜਦੋਂ ਦਰਿਆਵਾਂ 'ਚ ਹੜ੍ਹ ਆਉਂਦੇ ਹਨ ਤਾਂ ਉਸੇ ਰਾਜ ਦੇ ਲੋਕਾਂ ਨੂੰ ਹੜ੍ਹਾਂ ਦੀ ਮੁਸੀਬਤ ਝੱਲਣੀ ਪੈਂਦੀ ਹੈ ਜਿੱਥੋਂ ਦੀ ਇਹ ਦਰਿਆ ਲੰਘਦੇ ਹਨ। ਇਸ ਸਾਲ ਪੰਜਾਬ 'ਚ ਦਰਿਆਵਾਂ 'ਚ ਹੜ੍ਹ ਆਉਣ ਕਾਰਨ ਲੱਖਾਂ ਏਕੜ ਫ਼ਸਲ ਤਬਾਹ ਹੋ ਗਈ ਹੈ ਤੇ ਹਜ਼ਾਰਾਂ ਪਰਿਵਾਰਾਂ ਦੇ ਘਰਾਂ ਨੂੰ ਨੁਕਸਾਨ ਪੁੱਜਾ ਹੈ। ਜੇਕਰ ਹੋਰ ਭਾਰੀ ਮੀਂਹ ਪੈ ਜਾਂਦੇ ਹਨ ਤਾਂ ਪੰਜਾਬ ਦਾ ਅਰਬਾਂ ਰੁਪਿਆਂ ਦਾ ਨੁਕਸਾਨ ਤੈਅ ਹੈ। ਇਸ ਲਈ ਰਿਪੇਰੀਅਨ ਨਿਯਮ ਦਾ ਆਧਾਰ ਕਾਫ਼ੀ ਠੋਸ ਹੈ। ਜੇਕਰ ਭਲੇ ਵਖਤਾਂ 'ਚ ਦਰਿਆਵਾਂ ਦੇ ਆਸਪਾਸ ਵਸੇ ਲੋਕਾਂ ਨੂੰ ਦਰਿਆ ਜੀਵਨ ਦਿੰਦੇ ਹਨ ਤਾਂ ਹੜ੍ਹਾਂ ਦੇ ਸਮੇਂ ਉਹ ਉਥੇ ਤਾਂਡਵ ਵੀ ਵਰਤਾ ਦਿੰਦੇ ਹਨ। ਇਸ ਲਈ ਉਨ੍ਹਾਂ ਲੋਕਾਂ ਦਾ ਦਰਿਆਵਾਂ ਦੇ ਪਾਣੀਆਂ 'ਤੇ ਵਧੇਰੇ ਹੱਕ ਹੈ, ਜਿਨ੍ਹਾਂ ਨੇ ਦਰਿਆਵਾਂ ਦੀ ਕਰੋਪੀ ਨੂੰ ਵੀ ਆਪਣੇ ਹੱਡਾਂ 'ਤੇ ਹੰਡਾਉਣਾ ਹੈ।

ਅਕਾਲੀ ਦਲ ਦੇ ਇਨ੍ਹਾਂ ਵਿਚਾਰਾਂ ਦੇ ਵਿਰੁਧ ਪੰਜਾਬ ਤੇ ਕੌਮੀ ਭਾਜਪਾ ਦਾ ਵੱਖਰਾ ਨਜ਼ਰੀਆ ਹੋਣਾ ਅਕਾਲੀ ਦਲ ਲਈ ਇਕ ਬਹੁਤ ਹੀ ਬੇਚੈਨੀ ਵਾਲੀ ਗੱਲ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੂੰ ਪੰਜਾਬ ਦੇ ਪਾਣੀਆਂ ਬਾਰੇ ਆਪਣੀ ਸਰਕਾਰ ਦੀ ਨੀਤੀ ਸਪੱਸ਼ਟ ਕਰਨੀ ਚਾਹੀਦੀ ਹੈ ਕਿਉਂਕਿ ਪਾਣੀਆਂ ਦਾ ਮੁੱਦਾ ਸ਼੍ਰੋਮਣੀ ਅਕਾਲੀ ਦਲ ਦੀ ਸਾਰੀ ਸਿਆਸਤ ਦਾ ਇਕ ਕੇਂਦਰੀ ਮੁੱਦਾ ਹੈ ਤੇ ਇਸੇ ਮੁੱਦੇ 'ਤੇ ਉਸ ਦੀ ਭਾਈਵਾਲ ਪਾਰਟੀ ਦਾ ਸਟੈਂਡ ਬਿਲਕੁੱਲ ਉਲਟ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਇਸ ਮਹੱਤਵਪੂਰਨ ਮਾਮਲੇ ਬਾਰੇ ਭਾਜਪਾ ਦੀ ਕੌਮੀ ਲੀਡਰਸ਼ਿਪ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਹਿਣਾ ਚਾਹੀਦਾ ਹੈ। ਉਂਜ ਤਾਂ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਵੀ ਨਵਜੋਤ ਸਿੰਘ ਸਿੱਧੂ ਵਰਗੇ ਵਿਚਾਰ ਪਹਿਲਾਂ ਪ੍ਰਗਟ ਕਰ ਚੁੱਕੇ ਹਨ। ਜੇਕਰ ਭਾਜਪਾ ਦੇ ਦੇਸ਼ ਦੇ ਫੈਡਰਲ ਢਾਂਚੇ ਬਾਰੇ ਵਿਚਾਰ ਲੋੜੋਂ ਵੱਧ ਕੇਂਦਰੀਵਾਦ ਵਾਲੇ ਹਨ ਤਾਂ ਸ਼੍ਰੋਮਣੀ ਅਕਾਲੀ ਦਲ, ਜੋ ਰਾਜਾਂ ਦੀ ਖੁਦਮੁਖ਼ਤਾਰੀ ਦਾ ਦਿਨ-ਰਾਤ ਰਾਗ ਅਲਾਪਦਾ ਹੈ, ਉਹ ਭਾਜਪਾ ਨਾਲ ਭਿਆਲੀ ਕਿਸ ਆਧਾਰ 'ਤੇ ਪਾਈ ਬੈਠਾ ਹੈ। ਇਸਨੂੰ ਇਕ ਮੌਕਾਪ੍ਰਸਤ ਗੱਠਜੋੜ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਦੋਹਾਂ ਪਾਰਟੀਆਂ 'ਚ ਮੁੱਦਿਆਂ ਬਾਰੇ ਗੰਭੀਰ ਸਿਧਾਂਤਕ ਮੱਤਭੇਦ ਸਭ ਦੇ ਸਾਹਮਣੇ ਹਨ। ਅਕਾਲੀ ਦਲ ਲਈ ਹੁਣ ਜ਼ਰੂਰੀ ਹੈ ਕਿ ਉਹ ਇਨ੍ਹਾਂ ਮਹੱਤਵਪੂਰਨ ਮੁੱਦਿਆਂ ਬਾਰੇ ਆਪਣੀ ਪਹੁੰਚ ਸਪੱਸ਼ਟ ਕਰਕੇ ਅੱਗੇ ਵਧੇ।

# *ਹਮੇਸ਼ਾਂ ਮੌਤ ਨਾਲ ਗੱਲਾਂ ਕਰਦੇ ਨੇ ਕਿਸਾਨ ਭਰਾ*

**ਫਰੀਦਕੋਟ :** ਖੇਤਾਂ 'ਚ ਕੰਮ ਕਰਨ ਵਾਲੇ ਪੰਜਾਬ ਦੇ ਹਜ਼ਾਰਾਂ ਕਿਸਾਨ ਹਰ ਵਰ੍ਹੇ ਸੱਪਾਂ ਦੀਆਂ ਸਿਰੀਆਂ ਮਿੱਧਦੇ-ਮਿੱਧਦੇ ਮੌਤ ਨੂੰ ਗਲੇ ਲਗਾਉਂਦੇ ਹਨ। ਇਹੀ ਨਹੀਂ ਹਰ ਵਰ੍ਹੇ ਸੈਂਕੜੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਦੀ ਮਾਰ ਨਾ ਝੱਲਦੇ ਹੋਏ ਆਪਣੀ ਜੀਵਨ ਲੀਲਾ ਖ਼ਤਮ ਕਰ ਲੈਂਦੇ ਹਨ। ਖੇਤੀ ਵਿਚ ਸਭ ਤੋਂ ਅੱਗੇ ਮੰਨੇ ਜਾਂਦੇ ਪੰਜਾਬ ਵਿਚ ਬੀਤੇ 23 ਸਾਲਾਂ ਦੌਰਾਨ 5,097 ਦੇ ਕਰੀਬ ਕਿਸਾਨ ਖੇਤਾਂ 'ਚ ਕੰਮ ਕਰਦੇ ਮੌਤ ਨੂੰ ਗਲੇ ਲਗਾ ਚੁੱਕੇ ਹਨ। ਮਾਲਵਾ ਪੱਟੀ ਦੇ ਕਰੀਬ 3,073 ਕਿਸਾਨ ਖੇਤਾਂ 'ਚ ਕੰਮ ਕਰਦੇ ਵੱਖ-ਵੱਖ ਤਰੀਕਿਆਂ ਨਾਲ ਮੌਤ ਦੇ ਮੂੰਹ 'ਚ ਜਾ ਚੁੱਕੇ ਹਨ। ਇਹੀ ਨਹੀਂ ਸੈਂਕੜੇ ਕਿਸਾਨ ਅਜਿਹੇ ਵੀ ਹਨ, ਜਿਨ੍ਹਾਂ ਦੀ ਗਿਣਤੀ ਸਰਕਾਰੀ ਰਿਕਾਰਡ 'ਚ ਦਰਜ ਨਹੀਂ। ਮਾਲਵਾ ਖੇਤਰ ਦੇ ਹੀ ਕਰੀਬ 500 ਦੇ ਕਰੀਬ ਖੇਤ ਮਜ਼ਦੂਰ ਕਰਜ਼ੇ ਕਾਰਨ ਮੌਤ ਨੂੰ ਗਲੇ ਲਗਾ ਚੁੱਕੇ ਹਨ।

ਕਦੇ ਟਿੱਬੇ-ਝਾੜੀਆਂ ਨਾਲ ਘਿਰੇ ਮਾਲਵੇ ਵਿਚ ਖੇਤੀ ਕਰਨੀ ਮੌਤ ਨੂੰ ਗਲੇ ਲਗਾਉਣ ਵਾਲੀ ਗੱਲ ਹੁੰਦੀ ਸੀ, ਕਿਉਂਕਿ ਖੇਤਾਂ ਵਿਚ ਚੱਤੋ ਪਹਿਰ ਸੱਪਾਂ ਦੇ ਫੂੰਕਾਰੇ ਸੁਣਦੇ ਸਨ। ਬੇਸ਼ੱਕ ਸਮੇਂ ਦੇ ਨਾਲ ਹੋਈ ਤਰੱਕੀ ਨੇ ਇਨ੍ਹਾਂ ਟਿੱਬਿਆਂ ਨੂੰ ਤਾਂ ਪੱਧਰਾ ਕਰ ਦਿੱਤਾ ਹੈ, ਜਿਸ ਨਾਲ ਸੱਪਾਂ ਦੀ ਗਿਣਤੀ ਵੀ ਘਟੀ ਹੈ, ਪ੍ਰੰਤੂ ਖੇਤਾਂ ਵਿਚ ਕੰਮ ਕਰਦੇ ਕਿਸਾਨਾਂ ਉਪਰ ਸੱਪਾਂ ਦਾ ਕਹਿਰ ਅਜੇ ਖ਼ਤਮ ਨਹੀਂ ਹੋਇਆ। ਹਰ ਵਰ੍ਹੇ ਕਈ ਕਿਸਾਨ ਸੱਪ ਲੜਨ ਨਾਲ ਹੀ ਮਰਦੇ ਹਨ। 1987 ਤੋਂ ਹੁਣ ਤੱਕ ਦੇ ਅੰਕੜਿਆਂ ਮੁਤਾਬਕ ਇਕੱਲੇ ਮਾਲਵੇ ਦੇ 513 ਕਿਸਾਨ ਖੇਤਾਂ ਵਿਚ ਕੰਮ ਕਰਦੇ ਸੱਪ ਦੇ ਡੰਗ ਨਾਲ ਹੀ ਮਰੇ ਹਨ, ਜਦਕਿ ਸਮੁੱਚੇ ਪੰਜਾਬ ਵਿਚ 945 ਕਿਸਾਨ ਸੱਪ ਲੜਨ ਨਾਲ ਮਰੇ ਹਨ। ਇਨ੍ਹਾਂ ਸਰਕਾਰੀ ਅੰਕੜਿਆਂ ਤੋਂ ਬਿਨ੍ਹਾਂ ਗਿਣਤੀ ਇਸ ਤੋਂ ਜਿਆਦਾ ਹੈ। ਦੁਖਾਂਤਕ ਪਹਿਲੂ ਇਹ ਹੈ ਕਿ ਬਹੁਤੇ ਕਿਸਾਨ ਸਮੇਂ ਸਿਰ ਇਲਾਜ ਦੀ ਘਾਟ ਨਾਲ ਮਰੇ ਹਨ। ਦੂਜੇ ਪਾਸੇ ਪੰਜਾਬ ਦੇ 90 ਪ੍ਰਤੀਸ਼ਤ ਹਸਪਤਾਲਾਂ ਤੇ ਡਿਸਪੈਂਸਰੀਆਂ ਵਿਚ ਸੱਪ ਦੇ ਡੰਗੇ ਵਿਅਕਤੀ ਨੂੰ ਬਚਾਉਣ ਲਈ ਲਗਾਇਆ ਜਾਣ ਵਾਲਾ ਟੀਕਾ 'ਐਟੀਂਸਨੇਕ' ਮੌਜੂਦ ਹੀ ਨਹੀਂ। ਇਹੀ ਨਹੀਂ ਖੇਤਾਂ ਵਿਚ ਕੀਤੀਆਂ ਜਾਂਦੀਆਂ ਸਪਰੇਆਂ ਵੀ ਕਿਸਾਨਾਂ ਦੀ ਮੌਤ ਦਾ ਕਾਰਨ ਬਣੀਆਂ ਹਨ। ਖੇਤਾਂ ਵਿਚ ਸੁੰਡੀ ਮਾਰਨ ਅਤੇ ਚੰਗੇ ਝਾੜ ਲਈ ਸਪਰੇਅ ਕਰਦੇ 1368 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿਚ ਸਭ ਤੋਂ ਵੱਧ ਗਿਣਤੀ 1062 ਇਕੱਲੀ ਮਾਲਵਾ ਖੇਤਰ ਦੀ ਹੈ। ਇਨ੍ਹਾਂ ਵਿਚ ਬਹੁਤੀ ਵਾਰ ਕਿਸਾਨ ਬਚ ਵੀ ਜਾਂਦੇ ਹਨ, ਪ੍ਰੰਤੂ ਕਈ ਅੰਗਹੀਣ ਵੀ ਹੋ ਜਾਂਦੇ ਹਨ।

ਆਧੁਨਿਕ ਮਸ਼ੀਨਰੀ ਨੇ ਜਿੱਥੇ ਕਿਸਾਨਾਂ ਦੇ ਪਰਿਵਾਰਾਂ ਦੀ ਜ਼ਿੰਦਗੀ ਸੌਖੀ ਕੀਤੀ ਹੈ, ਉਥੇ ਕਈ ਕਿਸਾਨਾਂ ਦੇ ਘਰਾਂ ਵਿਚ ਸੱਥਰ ਵੀ ਵਿਛਾਏ ਹਨ। ਮਸ਼ੀਨਰੀ ਨਾਲ ਖੇਤੀ ਕਰਦੇ 1537 ਕਿਸਾਨਾਂ ਦੀ ਮੌਤ ਦਾ ਕਾਰਨ ਹੀ ਮਸ਼ੀਨਰੀ ਬਣੀ ਹੈ, ਜਿਨ੍ਹਾਂ 'ਚੋਂ 881 ਕਿਸਾਨ ਇਕੱਲੇ ਮਾਲਵਾ ਪੱਟੀ ਦੇ ਹਨ। ਇਹੀ ਨਹੀਂ ਪੰਜਾਬ ਦੇ 17,559 ਕਿਸਾਨ ਮਸ਼ੀਨਰੀ ਨਾਲ ਅਪਾਹਜ ਵੀ ਹੋਏ ਹਨ । ਇਸ ਤੋਂ ਇਲਾਵਾ ਖੇਤਾਂ ਵਿਚੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਵੀ ਕਿਸਾਨਾਂ ਦੀ ਜਾਨ ਦਾ ਖੌਅ ਬਣੀਆਂ ਹਨ। ਪੰਜਾਬ ਵਿਚ 1347 ਕਿਸਾਨ ਬਿਜਲੀ ਦਾ ਕਰੰਟ ਲੱਗਣ ਨਾਲ ਮਰੇ ਹਨ ਜਿਨ੍ਹਾਂ ਵਿਚੋਂ 680 ਕਿਸਾਨ ਮਾਲਵੇ ਦੇ ਹਨ। ਕਿਸਾਨਾਂ ਦੀ ਮੰਦੀ ਹਾਲਤ ਦੇ ਨਾਲ ਗਰਦਿਸ਼ 'ਚ ਆਏ ਖੇਤ ਮਜ਼ਦੂਰ ਵੀ ਆਪਣੀਆਂ ਜਾਨਾਂ ਗੁਆ ਰਹੇ ਹਨ। ਇਹੀ ਨਹੀਂ ਪੰਜਾਬ ਦੇ ਸੈਂਕੜੇ ਖੇਤ ਮਜ਼ਦੂਰ ਤਾਂ ਕਰਜ਼ੇ ਦਾ ਬੋਝ ਨਾ ਝੱਲਦੇ ਹੋਏ ਮੌਤ ਨੂੰ ਗਲੇ ਲਗਾ ਚੁੱਕੇ ਹਨ।

## ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 3 ਅਕਤੂਬਰ ਨੂੰ

**ਸੈਕਰਾਮੈਂਟੋ (ਮਨਦੀਪ ਮਾਨ):** ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਇਸ ਸਾਲ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਇਥੇ 3 ਅਕਤੂਬਰ ਨੂੰ ਕਰਵਾਇਆ ਜਾਵੇਗਾ ਜਿਸ ਲਈ ਤਿਆਰੀਆਂ ਪੂਰੇ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਬਿੰਦਰਾ ਨੇ ਦੱਸਿਆ ਕਿ ਉਨ੍ਹਾਂ ਨੇ ਹੀ ਸਭ ਤੋਂ ਪਹਿਲਾਂ ਗਦਰੀ ਬਾਬਿਆਂ ਦੀ ਯਾਦ ਵਿਚ ਇਥੇ ਮੇਲੇ ਲਾਉਣੇ ਸ਼ੁਰੂ ਕੀਤੇ।

ਸ੍ਰੀ ਬਿੰਦਰਾ ਨੇ ਦੱਸਿਆ ਕਿ ਇਸ ਵਾਰ ਦਾ ਮੇਲਾ ਬੱਬਰ ਅਕਾਲੀ ਲਹਿਰ ਨੂੰ ਸਮਰਪਿਤ ਹੋਵੇਗਾ। ਇਸ ਮੇਲੇ ਦੌਰਾਨ ਗਦਰੀ ਬਾਬਿਆਂ ਅਤੇ ਬੱਬਰ ਅਕਾਲੀਆਂ ਦੀ ਘਾਲਣਾ ਸਬੰਧੀ ਵਿਚਾਰ-ਚਰਚਾ ਕੀਤੀ ਜਾਏਗੀ, ਆਜ਼ਾਦੀ ਘੁਲਾਟੀਆਂ ਬਾਰੇ ਇਕ ਨੁਮਾਇਸ਼ ਲਾਈ ਜਾਵੇਗੀ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਹੋਵੇਗਾ। ਇਸ ਤੋਂ ਇਲਾਵਾ ਗਦਰ ਲਹਿਰ ਦੇ ਮੀਤ ਪ੍ਰਧਾਨ ਭਾਈ ਭਗਵਾਨ ਸਿੰਘ ਦੇ ਰਿਕਾਰਡ ਕੀਤੇ ਹੋਏ ਤਵਿਆਂ ਦੀ ਵੀ ਇਕ ਪ੍ਰਦਰਸ਼ਨੀ ਲਾਈ ਜਾਵੇਗੀ। ਸ੍ਰੀ ਬਿੰਦਰਾ ਨੇ ਆਖਿਆ ਕਿ ਗਦਰੀ ਬਾਬਿਆਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਅਸਹਿ ਤਸੀਹੇ ਸਹੇ। ਇਹ ਮੇਲਾ ਉਨ੍ਹਾਂ ਪ੍ਰਤੀ ਇਕ ਸ਼ਰਧਾਂਜਲੀ ਮਾਤਰ ਹੈ। ਆਪਣੀ ਨਵੀਂ ਪੀੜੀ ਨੂੰ ਉਨ੍ਹਾਂ ਯੋਧਿਆਂ ਦੀ ਘਾਲਣਾ ਦਾ ਅਹਿਸਾਸ ਕਰਵਾਉਣ ਦਾ ਯਤਨ ਹੈ। ਮੇਲੇ ਸਬੰਧੀ ਹੋਰ ਜਾਣਕਾਰੀ ਸ੍ਰੀ ਬਿੰਦਰਾ ਪਾਸੋਂ ਫੋਨ 916-420-2390 'ਤੇ ਹਾਸਲ ਕੀਤੀ ਜਾ ਸਕਦੀ ਹੈ।

# ਐਨ.ਆਰ.ਆਈ. ਸਭਾ ਦੀ ਚੋਣ ਦਾ ਮਾਮਲਾ ਉਲਝਿਆ

**ਜਲੰਧਰ :** ਐਨ ਆਰ ਆਈ ਸਭਾ ਦੀਆਂ 14 ਅਪ੍ਰੈਲ, 2010 ਨੂੰ ਹੋਈਆਂ ਚੋਣਾਂ ਸਮੇਂ ਹੀ ਵਿਵਾਦ ਸ਼ੁਰੂ ਹੋ ਗਿਆ ਸੀ ਜੋ ਹੁਣ ਵਧ ਗਿਆ ਹੈ ਜਿਸ ਨਾਲ ਪ੍ਰਵਾਸੀ ਪੰਜਾਬੀ ਦੋ ਹਿੱਸਿਆਂ ਵਿਚ ਵੰਡੇ ਗਏ ਹਨ। ਚੋਣਾਂ ਵਿਚ ਹਾਰੇ ਹੋਏ ਜਸਬੀਰ ਸਿੰਘ ਸ਼ੇਰਗਿੱਲ ਨੇ ਬੀਤੀ 4 ਸਤੰਬਰ ਨੂੰ ਕਿਹਾ ਕਿ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਚਿੱਠੀ ਭੇਜ ਕੇ ਸਭਾ ਦੇ ਮੁਖੀ ਕਮਲਜੀਤ ਸਿੰਘ ਹੇਅਰ ਵਿਰੁਧ ਕਾਰਵਾਈ ਕਰਨ ਲਈ ਕਿਹਾ ਹੈ ਕਿਉਂਕਿ ਹੇਅਰ ਬ੍ਰਿਟਿਸ਼ ਸ਼ਹਿਰੀ ਹੋਣ ਕਾਰਨ ਸਭਾ ਦੀ ਚੋਣ ਨਹੀਂ ਲੜ ਸਕਦੇ ਸਨ। ਉਨ੍ਹਾਂ ਕਿਹਾ ਕਿ ਚੋਣਾਂ ਮੁਕੰਮਲ ਹੋਣ ਤੋਂ ਬਾਅਦ ਉਨ੍ਹਾਂ ਨੇ ਗ੍ਰਹਿ ਮੰਤਰਾਲੇ ਨੂੰ ਸ਼ਿਕਾਇਤ ਕੀਤੀ ਸੀ ਕਿ ਕੁਝ ਅਧਿਕਾਰੀ ਸਭਾ ਦੇ ਮਾਮਲੇ ਵਿਚ ਗੈਰ-ਜ਼ਰੂਰੀ ਦਖਲ ਦੇ ਕੇ ਹੇਅਰ ਦਾ ਸਾਥ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹੁਣ ਗ੍ਰਹਿ ਮੰਤਰਾਲੇ ਨੂੰ ਜਵਾਬ ਦੇਣਾ ਹੈ। ਜਲਦੀ ਹੀ ਸਾਰੇ ਵਿਵਾਦ ਤੋਂ ਪਰਦਾ ਉਠ ਜਾਵੇਗਾ ਅਤੇ ਪ੍ਰਵਾਸੀਆਂ ਨੂੰ ਸਭਾ ਬਾਰੇ ਸਹੀ ਸਥਿਤੀ ਦੀ ਜਾਣਕਾਰੀ ਮਿਲ ਜਾਵੇਗੀ।

ਦੂਜੇ ਪਾਸੇ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੇ ਕਿਹਾ ਹੈ ਕਿ ਅਸਲ ਵਿਚ ਪ੍ਰਧਾਨਗੀ ਚੋਣ ਹਾਰਨ ਤੋਂ ਬਾਅਦ ਸ਼ੇਰਗਿੱਲ ਝੂਠੀਆਂ ਸ਼ਿਕਾਇਤਾਂ ਗ੍ਰਹਿ ਮੰਤਰਾਲੇ ਨੂੰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਸ਼ੇਰਗਿੱਲ ਵਿਚ ਹਿੰਮਤ ਹੈ ਤਾਂ ਉਹ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਨ ਤਾਂ ਕਿ ਸਾਰੀ ਸਥਿਤੀ ਸਪੱਸ਼ਟ ਹੋ ਸਕੇ। ਹੇਅਰ ਨੇ ਕਿਹਾ ਕਿ ਗਿਆਨੀ ਰੇਸ਼ਮ ਸਿੰਘ ਜਦੋਂ ਪ੍ਰਧਾਨ ਦੀ ਚੋਣ ਜਿੱਤੇ ਸਨ, ਉਹ ਯੂ.ਕੇ. ਪਾਸਪੋਰਟ ਹੋਲਡਰ ਸਨ ਅਤੇ ਉਸ ਵੇਲੇ ਵੀ ਸ਼ੇਰਗਿੱਲ ਨੇ ਹਾਈ ਕੋਰਟ ਵਿਚ ਕੇਸ ਕੀਤਾ ਸੀ। 2008 ਵਿਚ ਜਦੋਂ ਮੁੜ ਚੋਣਾਂ ਹੋਈਆਂ ਤਾਂ ਉਹ ਸਭਾ ਦੇ ਪ੍ਰਧਾਨ ਬਣੇ ਤਾਂ ਸ਼ੇਰਗਿੱਲ ਨੇ ਮੁੜ ਹਾਈ ਕੋਰਟ ਵਿਚ ਕੇਸ ਕੀਤਾ ਅਤੇ ਕਿਹਾ ਕਿ ਉਹ ਅਕਾਲੀ ਦਲ ਦੇ ਮਦਦ ਨਾਲ ਚੋਣ ਜਿੱਤੇ ਹਨ। ਉਸ ਵੇਲੇ ਹਾਈਕੋਰਟ ਨੇ ਉਨ੍ਹਾਂ ਦਾ ਕੇਸ ਰੱਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹੁਣ ਦੂਜੀ ਵਾਰ ਸ਼ੇਰਗਿੱਲ ਨੂੰ 500 ਤੋਂ ਵੱਧ ਵੋਟਾਂ ਨਾਲ ਹਾਰ ਸਹਿਣੀ ਪਈ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਸਭਾ ਕੋਈ ਸਰਕਾਰੀ ਸੰਗਠਨ ਨਹੀਂ। ਪ੍ਰਵਾਸੀਆਂ ਦੇ ਮਸਲੇ ਹੱਲ ਕਰਵਾਉਣ ਲਈ ਸਭਾ, ਸਰਕਾਰ ਦੀ ਮਦਦ ਲੈਂਦੀ ਹੈ ਪਰ ਸਰਕਾਰ ਤੋਂ ਸਭਾ ਨੂੰ ਕੋਈ ਗ੍ਰਾਂਟ ਨਹੀਂ ਮਿਲਦੀ। ਸਭਾ ਦੀ ਇਮਾਰਤ ਬਣਾਉਣ ਲਈ ਜ਼ਮੀਨ ਸਰਕਾਰ ਤੋਂ ਲੀਜ਼ 'ਤੇ ਲਈ ਹੋਈ ਹੈ। ਉਨ੍ਹਾਂ ਕਿਹਾ ਕਿ ਚੋਣਾਂ ਹਾਰਨ ਸਮੇਂ ਸ਼ੇਰਗਿੱਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਜੇਤੂ ਸਰਟੀਫਿਕੇਟ ਨਾ ਦੇਣ ਪਰ ਇਸ ਦੇ ਬਾਵਜੂਦ ਅਧਿਕਾਰੀਆਂ ਨੇ ਸਰਕਾਰ ਤੋਂ ਰਾਏ ਲੈਣ ਤੋਂ ਬਾਅਦ ਕਦਮ ਚੁੱਕੇ ਸਨ।

ਉਧਰ ਪ੍ਰਵਾਸੀ ਪੰਜਾਬੀ ਪ੍ਰੀਤਮ ਸਿੰਘ ਨਾਰੰਗਪੁਰ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਉਹ ਸਭਾ ਨੂੰ ਲੈ ਕੇ ਚੱਲ ਰਹੇ ਵਿਵਾਦ ਨੂੰ ਦੇਖਦੇ ਹੋਏ ਸਭਾ ਦੇ ਸਰਕਾਰੀ ਜਾਂ ਗੈਰਸਰਕਾਰੀ ਹੋਣ ਬਾਰੇ ਆਪਣੀ ਸਥਿਤੀ ਸਪੱਸ਼ਟ ਕਰੇ। ਉਨ੍ਹਾਂ ਕਿਹਾ ਕਿ ਜਦ ਤੱਕ ਸਰਕਾਰ, ਗ੍ਰਹਿ ਮੰਤਰਾਲੇ ਦੀ ਚਿੱਠੀ ਦਾ ਜਵਾਬ ਨਹੀਂ ਭੇਜਦੀ ਤਦ ਤੱਕ ਪ੍ਰਵਾਸੀਆਂ ਵਿਚ ਸਭਾ ਨੂੰ ਲੈ ਕੇ ਸ਼ੰਕਾ ਦੀ ਸਥਿਤੀ ਬਣੀ ਰਹੇਗੀ ਜੋ ਕਿ ਸਭਾ ਦੇ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹੀ ਦੱਸ ਸਕਦੀ ਹੈ ਕਿ ਕੌਣ-ਕੌਣ ਪ੍ਰਵਾਸੀ ਸਭਾ ਦੀ ਚੋਣ ਲੜ ਸਕਦਾ ਹੈ ਅਤੇ ਕੌਣ ਨਹੀਂ।ਜ਼ਿਕਰਯੋਗ ਹੈ ਕਿ ਐਨ.ਆਰ.ਆਈ. ਸਭਾ, ਪੰਜਾਬ ਦੇ ਪ੍ਰਧਾਨਗੀ ਚੋਣ ਦੇ ਮਸਲੇ ਕਾਰਨ ਪੰਜਾਬ ਸਰਕਾਰ ਕਸੂਤੀ ਸਥਿਤੀ ਵਿਚ ਫਸ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਭੇਜ ਕੇ ਸਭਾ ਦੇ ਬਰਤਾਨਵੀ ਪ੍ਰਧਾਨ ਦੀ ਚੋਣ ਨੂੰ ਅਯੋਗ ਦੱਸਦਿਆਂ ਇਸ 'ਤੇ ਮੁੜ ਨਜ਼ਰਸਾਨੀ ਕਰਨ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਵਲੋਂ ਸਭਾ ਦੇ ਸੰਵਿਧਾਨ ਵਿਚ ਇਸ ਨੂੰ ਸਰਕਾਰੀ ਏਜੰਸੀ ਦਾ ਨਾਂ ਦਿੱਤਾ ਗਿਆ ਹੈ ਜਦੋਂਕਿ ਕਾਨੂੰਨ ਅਨੁਸਾਰ ਬਰਤਾਨਵੀ ਨਾਗਰਿਕ ਨੂੰ ਸਰਕਾਰ ਦੀ ਸਰਪ੍ਰਸਤੀ ਵਾਲੀ ਸਭਾ ਦੀ ਚੋਣ ਲੜਨ ਦਾ ਹੱਕ ਨਹੀਂ।ਕੇਂਦਰੀ ਗ੍ਰਹਿ ਮੰਤਰਾਲੇ ਵਲੋਂ 18 ਅਗਸਤ 2010 ਨੂੰ ਪੰਜਾਬ ਦੇ ਮੁੱਖ ਸਕੱਤਰ ਨੂੰ ਲਿਖੇ ਪੱਤਰ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤ ਦੇ ਸੰਵਿਧਾਨ ਦੀ ਇੰਡੀਅਨ ਸਿਟੀਜ਼ਨ ਐਕਟ ਦੀ ਧਾਰਾ 9 ਅਤੇ 326 ਅਨੁਸਾਰ ਪਰਵਾਸੀ ਭਾਰਤੀ ਕਮਲਜੀਤ ਸਿੰਘ ਹੇਅਰ ਦੀ ਪ੍ਰਧਾਨਗੀ ਲਈ ਚੋਣ ਕਾਨੂੰਨ ਅਨੁਸਾਰ ਯੋਗ ਨਹੀਂ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਨੂੰ ਇਸ ਸਭਾ ਦਾ ਮੁੱਖ ਸਰਪ੍ਰਸਤ ਕਿਹਾ ਗਿਆ ਹੈ। ਸਭਾ ਦੇ ਪ੍ਰਧਾਨ ਦੀ ਚੋਣ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਨੂੰ ਕਰਾਉਣ ਦੇ ਹੱਕ ਦਿੱਤੇ ਗਏ ਹਨ। ਪੰਜਾਬ ਸਰਕਾਰ ਵਲੋਂ ਸਭਾ ਦੀ ਸਰਬਉੱਚਤਾ ਕਾਇਮ ਰੱਖਣ ਲਈ ਕਿਸੇ ਹੋਰ ਸਭਾ ਦੇ ਗਠਨ 'ਤੇ ਰੋਕ ਲਾਈ ਗਈ ਹੈ ਅਤੇ ਐਨ.ਆਰ.ਆਈ. ਸਭਾ ਦੀ ਤਰਜ਼ 'ਤੇ ਪਹਿਲਾਂ ਗਠਿਤ ਸੰਸਥਾਵਾਂ ਨੂੰ ਤੁਰੰਤ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ।

ਹੁਣ ਕੇਂਦਰ ਸਰਕਾਰ ਵਲੋਂ ਸਭਾ ਦੇ ਪ੍ਰਧਾਨ ਦੀ ਚੋਣ 'ਤੇ ਪ੍ਰਸ਼ਨ ਚਿੰਨ੍ਹ ਲਾਉਣ ਨਾਲ ਅਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਵਲੋਂ ਸਭਾ ਨੂੰ ਗੈਰ ਸਰਕਾਰੀ ਸੰਸਥਾ (ਐਨ.ਜੀ.ਓ.) ਕਹਿਣ ਨਾਲ ਇਸ ਦੀ ਹੋਂਦ ਵਿਵਾਦਾਂ ਵਿਚ ਘਿਰ ਗਈ ਹੈ। ਮੁੱਖ ਸਕੱਤਰ ਦੇ ਇਸ ਬਿਆਨ ਨੇ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਅਤੇ ਸਭਾ ਦੇ ਚੇਅਰਮੈਨ ਲਈ ਅਜੀਬ ਸਥਿਤੀ ਪੈਦਾ ਕਰ ਦਿੱਤੀ ਹੈ। ਸਭਾ ਦੇ ਚੇਅਰਮੈਨ ਨੇ ਇਸ ਮੁੱਦੇ 'ਤੇ ਚੰਡੀਗੜ੍ਹ ਵਿਚ ਮੁੱਖ ਸਕੱਤਰ ਨਾਲ ਗੱਲਬਾਤ ਵੀ ਕੀਤੀ। ਬਾਰਾਂ ਸਾਲ ਪਹਿਲਾਂ ਹੋਂਦ ਵਿਚ ਆਈ ਇਸ ਸੰਸਥਾ ਦੇ ਚੇਅਰਮੈਨ ਅਤੇ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਵਲੋਂ ਛਪਵਾਏ ਸੰਵਿਧਾਨ ਦੇ ਪੰਨਾ ਨੰਬਰ ਚਾਰ ਵਿਚ ਕਿਹਾ ਗਿਆ ਹੈ ਕਿ ਇਹ ਰਾਜ ਸਰਕਾਰ ਦੀ ਏਜੰਸੀ ਵਜੋਂ ਪੰਜਾਬ ਵਿਚ ਪਰਵਾਸੀ ਭਾਰਤੀਆਂ ਦੀ ਭਲਾਈ ਲਈ ਕੰਮ ਕਰੇਗੀ। ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਦਾ ਕਹਿਣਾ ਹੈ ਕਿ ਐਨ.ਆਰ.ਆਈ. ਸਭਾ, ਸੁਸਾਇਟੀ ਐਕਟ 1860 ਤਹਿਤ ਰਜਿਸਟਰਡ ਹੈ ਅਤੇ ਪੰਜਾਬ ਸਰਕਾਰ ਨੇ ਜੁਲਾਈ ਮਹੀਨੇ ਖਤ ਭੇਜ ਕੇ ਇਸ ਨੂੰ ਐਨ.ਜੀ.ਓ. ਦਾ ਨਾਂ ਵੀ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਭਾ ਨੂੰ ਕੋਈ ਸਮੱਸਿਆ ਆਉਣ 'ਤੇ ਸਰਕਾਰ ਦੀ ਮਦਦ ਲਈ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਭਾ ਸੂਚਨਾ ਅਧਿਕਾਰ ਐਕਟ ਤਹਿਤ ਨਹੀਂ ਆਉਂਦੀ ਅਤੇ ਸਭਾ ਦੇ ਸੰਵਿਧਾਨ ਨੂੰ ਹੀ ਨਵੇਂ ਵਿਵਾਦ ਦਾ ਸਪੱਸ਼ਟੀਕਰਨ ਮੰਨਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਚੋਣ ਜਾਇਜ਼ ਹੈ ਅਤੇ ਉਨ੍ਹਾਂ ਨੂੰ ਗੈਰ ਸਰਕਾਰੀ ਸੰਸਥਾ ਦੀ ਚੋਣ ਲੜਨ ਦਾ ਹੱਕ ਹੈ।ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਅਤੇ ਸਭਾ ਦੇ ਚੇਅਰਮੈਨ ਆਰ.ਐਸ. ਲੱਧੜ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੀ ਸਭਾ ਦੇ ਬਰਤਾਨਵੀ ਪ੍ਰਧਾਨ ਦੀ ਚੋਣ ਨੂੰ ਦਰੁਸਤ ਨਾ ਦੱਸਣ ਸਬੰਧੀ ਕੋਈ ਚਿੱਠੀ ਪ੍ਰਾਪਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਬਤੌਰ ਚੇਅਰਮੈਨ ਉਨ੍ਹਾਂ ਕੋਲ ਸਭਾ ਦੇ ਪ੍ਰਸ਼ਾਸਨਿਕ ਅਤੇ ਵਿੱਤੀ ਅਧਿਕਾਰ ਹਨ ਪਰ ਸਭਾ ਦੇ ਸਰਕਾਰੀ ਏਜੰਸੀ ਜਾਂ ਐਨ.ਜੀ.ਓ. ਹੋਣ ਬਾਰੇ ਉਨ੍ਹਾਂ ਨੇ ਆਪਣਾ ਪੱਖ ਦੱਸਣ ਤੋਂ ਟਾਲਾ ਵੱਟ ਲਿਆ।ਪੰਜਾਬ ਸਰਕਾਰ ਦੇ ਮੁੱਖ ਸਕੱਤਰ ਐਸ.ਐਲ. ਅਗਰਵਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਦਾ ਬਰਤਾਨਵੀ ਨਾਗਰਿਕ ਦਾ ਸਭਾ ਦਾ ਪ੍ਰਧਾਨ ਵਜੋਂ ਚੋਣ ਨੂੰ ਅਯੋਗ ਠਹਿਰਾਉਣ ਦਾ ਪੱਤਰ ਮਿਲ ਗਿਆ ਹੈ ਅਤੇ ਉਹ ਇਸ ਬਾਰੇ ਸਾਰੇ ਤੱਥਾਂ ਦੀ ਛਾਣਬੀਣ ਕਰਨਗੇ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਪੜਤਾਲ ਪਿਛੋਂ ਢੁਕਵੀਂ ਕਾਰਵਾਈ ਕਰਕੇ ਕੇਂਦਰ ਸਰਕਾਰ ਨੂੰ ਇਸ ਦੀ ਸੂਚਨਾ ਦਿੱਤੀ ਜਾਵੇਗੀ।

## ਗੁਰੂ ਗ੍ਰੰਥ ਸਾਹਬ ਦੇ ਚਾਰ ਸਰੂਪ ਅਗਨ ਭੇਟ

**ਅੰਮ੍ਰਿਤਸਰ :** ਕਸਬਾ ਜੰਡਿਆਲਾ ਨੇੜੇ ਪਿੰਡ ਗਹਿਰੀ ਮੰਡੀ ਸਥਿਤ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਬੀਤੀ 3 ਸਤੰਬਰ ਨੂੰ ਬਿਜਲੀ ਦਾ ਸ਼ਾਰਟ ਸਰਕਟ ਹੋਣ ਕਾਰਨ ਲੱਗੀ ਅੱਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪ ਅਗਨ ਭੇਟ ਹੋ ਗਏ। ਇਹ ਸਰੂਪ ਸਸਕਾਰ ਲਈ ਗੋਇੰਦਵਾਲ ਵਿਖੇ ਲਿਜਾਏ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਰਾਤ ਸਮੇਂ ਵਾਪਰੀ।

ਪਿੰਡ ਗਹਿਰੀ ਮੰਡੀ ਦੀ ਲਹਿੰਦੀ ਪੱਤੀ ਵਿਖੇ ਗੁਰਦੁਆਰਾ ਬਾਬਾ ਜੀਵਨ ਸਿੰਘ ਦੇ ਸੁਖ ਆਸਨ ਵਿਖੇ ਚਾਰ ਪਾਵਨ ਸਰੂਪ ਰੱਖੇ ਹੋਏ ਸਨ। ਰਾਤ ਸਮੇਂ ਅਚਨਚੇਤ ਅੱਗ ਲੱਗ ਗਈ ਜਿਸਦੀ ਜਾਣਕਾਰੀ ਸਵੇਰੇ ਲੋਕਾਂ ਵਲੋਂ ਗੁਰਦੁਆਰੇ ਦੇ ਗ੍ਰੰਥੀ ਨੂੰ ਦਿੱਤੀ ਗਈ। ਇਸ ਘਟਨਾ ਵਿਚ ਗੁਰਦੁਆਰੇ ਦੇ ਇਸ ਕਮਰੇ ਵਿਚ ਰੱਖੇ ਚਾਰੇ ਸਰੂਪ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਘਟਨਾ ਦੀ ਜਾਣਕਾਰੀ ਮਿਲਣ 'ਤੇ ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਉੱਚ ਅਧਿਕਾਰੀ ਅਤੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਵਲੋਂ ਭੇਜੇ ਨੁਮਾਇੰਦੇ ਵੀ ਘਟਨਾ ਸਥਾਨ 'ਤੇ ਪੁੱਜੇ। ਬਾਦ 'ਚ ਪ੍ਰਭਾਵਿਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਨੁਮਾਇੰਦੇ ਗੋਇੰਦਵਾਲ ਵਿਖੇ ਲੈ ਗਏ ਜਿਥੇ ਇਨ੍ਹਾਂ ਸਰੂਪਾਂ ਦਾ ਸਸਕਾਰ ਕੀਤਾ ਜਾਵੇਗਾ।

## ਭਿੰਡਰ ਦੇ ਪਿਤਾ ਦਾ ਦਿਹਾਂਤ

**ਜਰਮਨੀ :** ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਜਰਮਨੀ ਦੇ ਸਾਬਕਾ ਪ੍ਰਧਾਨ ਭਾਈ ਸੁਰਿੰਦਰ ਸਿੰਘ ਭਿੰਡਰ ਨੂੰ ਉਸ ਸਮੇਂ ਅਸਹਿ ਸਦਮਾ ਪੁੱਜਾ ਜਦੋ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ. ਸੇਵਾ ਸਿੰਘ ਪੰਜਾਬ 'ਚ ਪਿੰਡ ਤਰਸਿੱਕਾ (ਜ਼ਿਲ੍ਹਾ ਅਮ੍ਰਿਤਸਰ) ਵਿਖੇ 85 ਸਾਲ ਦੀ ਉਮਰ 'ਚ ਬੀਤੀ 29 ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ। ਜ਼ਿਕਰਯੋਗ ਹੈ ਕਿ ਭਾਈ ਸੁਰਿੰਦਰ ਸਿੰਘ ਭਿੰਡਰ ਦਾ ਭਾਰਤ ਸਰਕਾਰ ਦੀ ਸਿਰਫ ਸਿੱਖਾਂ ਲਈ ਬਣਾਈ ਕਾਲੀ ਸੂਚੀ 'ਚ ਨਾਂ ਹੋਣ ਕਰਕੇ ਉਹ ਪਹਿਲਾਂ ਆਪਣੀ ਮਾਤਾ ਜੀ ਦੇ ਵੀ ਅੰਤਿਮ ਦਰਸ਼ਨ ਨਹੀਂ ਕਰ ਸਕੇ ਸਨ। ਹੁਣ ਬਾਪ ਦੀ ਅਰਥੀ ਨੂੰ ਵੀ ਮੋਢਾ ਨਹੀਂ ਦੇ ਸਕੇ। ਹਾਲਾਂਕਿ ਭਾਈ ਭਿੰਡਰ ਉਤੇ ਪੰਜਾਬ 'ਚ ਕੋਈ ਅਪਰਾਧਿਕ ਮਾਮਲਾ ਵੀ ਦਰਜ ਨਹੀਂ।

## Matrimonials

### ਕੰਨਿਆ ਦੀ ਲੋੜ

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

Parents seek well educated USA settled family girl for Sikh cleanshaved son, 28, 5'-10", M.S from USA, Settled in Michigan-USA, permanent job , Call: 214-677-6465 or e-mail to: jit.simer@gmail.com.

### ਵਰ ਦੀ ਲੋੜ

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com

*To Advertise with us*
*Call: 847-359-0746*
*Fax:847-705-9388*
*e-mial: punjabtimes1@sbcglobal.net*

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

100% NCLEX-PN Pass Rate! SSF Campus January 2010 – March 2010 Hayward Campus January 2008 – March 2008
Job Placement Assistance! Affordable Payment Plans!
NCP Career College & College of Nursing
Training students since 1993!

12 Month LVN Program
20 Day CNA Program
Full Time
Part Time
Days, Evenings & Weekends
Choose which one is right for you… Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454

# ਸੁਖਬੀਰ ਬਾਦਲ ਵਲੋਂ ਰਾਜਨੀਤਿਕ ਬਦਲ ਦੀ ਤਲਾਸ਼

**ਬਠਿੰਡਾ :** ਪਿਛਲੇ ਦਿਨੀਂ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੇ ਸਰਕਾਰੀ ਨਿਵਾਸ 'ਤੇ ਹੋਈ ਡਿਨਰ ਡਿਪਲੋਮੇਸੀ ਉਪਰੰਤ ਬੇਸ਼ੱਕ ਅਕਾਲੀ-ਭਾਜਪਾ ਗੱਠਜੋੜ ਦੇ ਸੀਨੀਅਰ ਆਗੂਆਂ ਨੇ ਦੋਵਾਂ ਧਿਰਾਂ ਦਰਮਿਆਨ ਪੈਦਾ ਹੋਏ ਮਤਭੇਦਾਂ ਨੂੰ ਸਮਝਾਉਣ ਸਬੰਧੀ ਵੱਖੋ-ਵੱਖਰੇ ਤੌਰ 'ਤੇ ਬਿਆਨ ਜਾਰੀ ਕਰ ਦਿੱਤੇ ਹਨ, ਲੇਕਿਨ ਸਮੇਂ-ਸਮੇਂ 'ਤੇ ਭਾਜਪਾ ਆਗੂਆਂ ਵਲੋਂ ਅਪਣਾਏ ਜਾ ਰਹੇ ਤਿੱਖੇ ਤੇਵਰਾਂ ਦੇ ਸੰਦਰਭ ਵਿਚ ਨਵੀਆਂ ਸਿਆਸੀ ਸਫ਼ਬੰਦੀਆਂ ਸਮੇਤ ਅਕਾਲੀ ਦਲ ਨੇ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੁਣੇ ਤੋਂ ਹੀ ਬਦਲਵੇਂ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹ ਹਕੀਕਤ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪੰਚਾਇਤੀ ਤੇ ਸਥਾਨਕ ਸਰਕਾਰਾਂ ਬਾਰੇ ਹੋਈਆਂ ਚੋਣਾਂ ਵੇਲੇ ਅਕਾਲੀ-ਭਾਜਪਾ ਗੱਠਜੋੜ ਦਰਮਿਆਨ ਜੋ ਕਸੀਦਗੀ ਪੈਦਾ ਹੋਈ ਸੀ, ਘੱਟ ਜਾਂ ਵੱਧ ਉਹ ਹੁਣ ਤੱਕ ਬਰਕਰਾਰ ਹੈ।

ਸਿਆਸੀ ਖ਼ੁਦਗਰਜ਼ੀ ਦੇ ਚਲਦਿਆਂ ਭਾਜਪਾ ਦੀ ਕੌਮੀ ਲੀਡਰਸ਼ਿਪ ਨੂੰ ਖ਼ੁਸ਼ ਰੱਖਣ ਦੇ ਮਕਸਦ ਨਾਲ ਜਿੱਥੇ ਸੀਨੀਅਰ ਬਾਦਲ, ਅਕਾਲੀ ਦਲ ਦੀਆਂ ਪ੍ਰਵਾਨਤ ਨੀਤੀਆਂ ਤੋਂ ਵੀ ਕਿਸੇ ਹੱਦ ਤੱਕ ਕਦਮ ਪਿਛਾਂਹ ਖਿਸਕਾਉਣ ਦਾ ਪੈਂਤੜਾ ਅਪਨਾਉਂਦੇ ਆ ਰਹੇ ਹਨ, ਉਥੇ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਸਟੈਂਡ ਆਪਣੇ ਪਿਤਾ ਤੋਂ ਕੁਝ ਵੱਖਰਾ ਹੈ। ਅਤੀਤ ਵਿਚ ਲਾਏ ਦੋਸ਼ਾਂ ਰਾਹੀਂ ਵੱਡੇ ਬਾਦਲ ਪ੍ਰਤੀ ਲਚਕੀਲੀ ਪਹੁੰਚ ਅਪਨਾਉਂਦਿਆਂ ਭਾਜਪਾ ਆਗੂ ਉਨ੍ਹਾਂ ਵਿਰੁਧ ਹੀ ਨਿਸ਼ਾਨੇ ਸੇਧਦੇ ਰਹੇ ਹਨ। ਇਸ ਤੱਥ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਰਕਾਰ ਦੀ ਨਿਰਭਰਤਾ ਆਪਣੇ 19 ਵਿਧਾਇਕਾਂ 'ਤੇ ਹੋਣ ਤੋਂ ਉਤਸ਼ਾਹਤ ਹੋ ਕੇ ਭਾਜਪਾ ਦੇ ਸੂਬਾਈ ਆਗੂ ਆਪਣੀ ਤਾਕਤ ਦੀ ਪੂਰੀ ਕੀਮਤ ਵਸੂਲਣ ਵਾਸਤੇ ਕਈ ਵਾਰ ਕੁਲੀਸ਼ਨ ਧਰਮ ਨਾ ਨਿਭਾਉਣ ਦੀਆਂ ਹੱਦਾਂ ਪਾਰ ਕਰਨ ਤੱਕ ਵੀ ਚਲੇ ਜਾਂਦੇ ਹਨ। ਅਜਿਹੇ ਵਰਤਾਰੇ ਨੂੰ ਸੀਨੀਅਰ ਬਾਦਲ ਤਾਂ ਬੇਸ਼ੱਕ ਨਜ਼ਰਅੰਦਾਜ਼ ਕਰ ਦਿੰਦੇ ਹਨ, ਪਰ ਜਗੀਰੂ ਪਿਛੋਕੜ ਤੇ ਜਵਾਨ ਉਮਰ ਦੇ ਚਲਦਿਆਂ ਸੁਖਬੀਰ ਲਈ ਅਜਿਹੀ ਹੈਂਕੜਬਾਜ਼ੀ ਹਜ਼ਮ ਕਰਨੀ ਅਸੰਭਵ ਹੈ, ਖਾਸਕਰ ਉਸ ਵੇਲੇ ਜਦੋਂ ਗੱਠਜੋੜ ਦੇ ਆਗੂਆਂ ਤੋਂ ਇਲਾਵਾ ਮੀਡੀਆ ਧੁਨੰਤਰ ਵੀ ਇਹ ਪ੍ਰਵਾਨ ਕਰ ਚੁੱਕੇ ਹੋਣ ਕਿ ਮੌਜੂਦਾ ਸਰਕਾਰ ਦੀ ਸਥਾਪਨਾ ਦੇ ਚੈਂਪੀਅਨ ਜੂਨੀਅਰ ਬਾਦਲ ਹੀ ਹਨ।

ਜੇਕਰ ਅਕਾਲੀ ਦਲ ਦੇ ਅੰਦਰਲੇ ਸੂਤਰਾਂ 'ਤੇ ਵਿਸ਼ਵਾਸ ਕੀਤਾ ਜਾਵੇ ਤਾਂ ਜੂਨੀਅਰ ਬਾਦਲ ਨਿੱਤ ਦੀ ਕਿਚ ਕਿਚ ਤੇ ਕਥਿਤ ਸਿਆਸੀ ਬਲੈਕਮੇਲਿੰਗ ਤੋਂ ਕਾਫ਼ੀ ਔਖੇ ਹਨ। ਇਹੀ ਕਾਰਨ ਹੈ ਕਿ ਭਾਜਪਾ ਨੂੰ ਥਾਂ-ਸਿਰ ਰੱਖਣ ਵਾਸਤੇ ਜਿੱਥੇ ਉਨ੍ਹਾਂ ਨੇ ਵਿਰੋਧੀ ਅਕਾਲੀ ਧੜਿਆਂ ਵਲ ਦੋਸਤੀ ਦਾ ਹੱਥ ਵਧਾਉਣਾ ਸ਼ੁਰੂ ਕੀਤਾ ਹੈ, ਉਥੇ ਉਹ ਆਉਂਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਰਾਜ ਦੀਆਂ ਉਨ੍ਹਾਂ ਪਾਰਟੀਆਂ ਨਾਲ ਵੀ ਸੀਟ ਅਡਜਸਟਮੈਂਟ ਕਰਨ ਲਈ ਯਤਨਸ਼ੀਲ ਹਨ, ਜਿਨ੍ਹਾਂ ਦਾ ਨੇੜ ਭਵਿੱਖ ਵਿਚ ਕਾਂਗਰਸ ਨਾਲ ਗੱਠਜੋੜ ਬਣਨਾ ਅਸੰਭਵ ਹੈ। ਸੂਤਰਾਂ ਅਨੁਸਾਰ ਅਕਾਲੀ ਦਲ ਵਲੋਂ ਲੜੀਆਂ ਜਾਣ ਵਾਲੀਆਂ ਅਜਿਹੀਆਂ 70 ਸੀਟਾਂ ਦੀ ਉਹ ਸ਼ਨਾਖਤ ਵੀ ਕਰ ਚੁੱਕੇ ਹਨ, ਜਿੱਥੇ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਅੰਜਾਮ ਹੀ ਨਹੀਂ ਦਿੱਤਾ ਜਾ ਰਿਹਾ, ਬਲਕਿ ਉਥੋਂ ਲਈ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਸਮਰੱਥ ਉਮੀਦਵਾਰਾਂ ਦੀ ਭਾਲ ਵੀ ਏਜੰਡੇ 'ਤੇ ਹੈ।

## ਕੇਂਦਰ ਆਗਿਆ ਦੇਵੇ ਤਾਂ ਪੰਜਾਬ ਕਰੇ ਪਹਿਲ



**ਅੰਮ੍ਰਿਤਸਰ :** ਗੋਦਾਮਾਂ 'ਚ ਸੜ ਰਿਹਾ ਅਨਾਜ ਗਰੀਬਾਂ 'ਚ ਵੰਡਣ ਦੇ ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਜੇਕਰ ਕੇਂਦਰ ਸਰਕਾਰ ਆਗਿਆ ਦੇਵੇ ਤਾਂ ਪੰਜਾਬ ਵਿਚ ਪਹਿਲ ਦੇ ਆਧਾਰ 'ਤੇ ਗਰੀਬਾਂ ਵਿਚ ਅਨਾਜ ਦੀ ਮੁਫ਼ਤ ਵੰਡ ਸ਼ੁਰੂ ਕਰ ਦਿੱਤੀ ਜਾਵੇਗੀ। ਇਹ ਵਿਚਾਰ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪ੍ਰਗਟਾਏ। ਉਹ ਬੀਤੀ 4 ਸਤੰਬਰ ਨੂੰ ਇਥੇ ਪਿੰਡ ਸਿਆਲਕਾ ਵਿਖੇ ਬਾਬਾ ਜੀਵਨ ਸਿੰਘ ਦੇ ਜਨਮ ਦਿਹਾੜੇ ਸਬੰਧੀ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਆਏ ਸਨ।

ਕੁਝ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀਮਤੀ ਬਾਦਲ ਨੇ ਸੁਪਰੀਮ ਕੋਰਟ ਵਲੋਂ ਗੋਦਾਮਾਂ 'ਚ ਸੜ ਰਿਹਾ ਅਨਾਜ ਗਰੀਬਾਂ 'ਚ ਨਾ ਵੰਡਣ 'ਤੇ ਕੇਂਦਰ ਸਰਕਾਰ ਦੀ ਖਿਚਾਈ ਕੀਤੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਇਸ ਸਬੰਧੀ ਸੂਬਾ ਸਰਕਾਰਾਂ ਨੂੰ ਵੀ ਤੁਰੰਤ ਆਦੇਸ਼ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੱਕ ਦੇਸ਼ 'ਤੇ ਰਾਜ ਕਰਨ ਵਾਲੀ ਕਾਂਗਰਸ ਦੀ ਅਗਵਾਈ ਵਾਲੀਆਂ ਕੇਂਦਰ ਸਰਕਾਰਾਂ ਦੀਆਂ ਗਲਤ ਖ਼ੁਰਾਕ ਨੀਤੀਆਂ ਕਾਰਨ ਹੀ ਅੱਜ ਅਜਿਹੇ ਹਾਲਾਤ ਬਣੇ ਹਨ ਕਿ ਇਕ ਪਾਸੇ ਲੱਖਾਂ ਟਨ ਅਨਾਜ ਗਲ-ਸੜ ਰਿਹਾ ਹੈ ਅਤੇ ਦੂਸਰੇ ਪਾਸੇ ਗਰੀਬ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਸਿੱਖਾਂ ਵਿਚ ਫੈਲੀ ਅਸੁਰੱਖਿਆ ਦੀ ਭਾਵਨਾ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਚੁੱਕੇ ਜਦੋਂਕਿ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਸਬੰਧੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਇਹ ਗੰਭੀਰ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਵਫ਼ਦ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੂੰ ਵੀ ਮਿਲ ਕੇ ਆਇਆ ਹੈ। ਉਨ੍ਹਾਂ ਦੱਸਿਆ ਕਿ ਨੰਨ੍ਹੀ ਛਾਂ-ਮੁਹਿੰਮ ਨੂੰ ਹੋਰ ਹੁਲਾਰਾ ਦੇਣ ਲਈ ਕੀਤੇ ਜਾ ਰਹੇ ਸਮਾਗਮ ਵਿਚ ਰਾਸ਼ਟਰਪਤੀ ਪ੍ਰਤਿਭਾ ਪਾਟਿਲ 6 ਅਕਤੂਬਰ ਨੂੰ ਅੰਮ੍ਰਿਤਸਰ ਆਉਣਗੇ।

# ਲੇਹ ਪੀੜਤਾਂ ਲਈ 1 ਕਰੋੜ ਦੀ ਰਾਹਤ ਐਲਾਨੀ

**ਸ੍ਰੀਨਗਰ :** ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਬੀਤੀ 2 ਸਤੰਬਰ ਨੂੰ ਇੱਥੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਸੂਬੇ ਵਿਚਲੇ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਹੈ ਕਿ ਰਾਜ ਸਰਕਾਰ ਲੇਹ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਇਕ ਕਰੋੜ ਰੁਪਏ ਦੇਵੇਗੀ ਤੇ ਹੜ੍ਹ 'ਚ ਜਿਨ੍ਹਾਂ ਸਿੱਖਾਂ ਦੀਆਂ ਦੁਕਾਨਾਂ ਰੁੜ੍ਹ ਗਈਆਂ ਹਨ, ਉਨ੍ਹਾਂ ਹਰ ਇਕ ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ 5-5 ਲੱਖ ਰੁਪਏ ਦਿੱਤੇ ਜਾਣਗੇ। ਉਨ੍ਹਾਂ ਗੁਰਦੁਆਰਾ ਸ੍ਰੀ ਪੱਥਰ ਸਾਹਿਬ ਦੀ ਮੁਰੰਮਤ ਤੇ ਉਸਾਰੀ ਲਈ 5 ਲੱਖ ਰੁਪਏ ਦੇਣ ਤੋਂ ਇਲਾਵਾ ਸੋਲਰ ਕਲੋਨੀ ਵਿਚਲੇ ਰਾਹਤ ਕੈਂਪਾਂ 'ਚ ਪੀੜਤਾਂ ਨਾਲ ਮੁਲਾਕਾਤ ਕੀਤੀ।



*ਸੁਖਬੀਰ ਸਿੰਘ ਬਾਦਲ ਨੂੰ ਲੇਹ ਹਵਾਈ ਅੱਡੇ 'ਤੇ ਜੀ ਆਇਆਂ ਕਹਿੰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ*

ਜਨਾਬ ਉਮਰ ਅਬਦੁੱਲਾ ਦੀ ਰਿਹਾਇਸ਼ 'ਤੇ ਉਨ੍ਹਾਂ ਨਾਲ ਮੁਲਾਕਾਤ ਕਰਨ ਮਗਰੋਂ ਸ੍ਰੀ ਬਾਦਲ ਨੇ ਪੱਤਰਕਾਰਾਂ ਨੂੰ ਦੱਸਿਆ, "ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਜਿਸ ਤਰ੍ਹਾਂ ਸਿੱਖਾਂ ਦੀ ਸੁਰੱਖਿਆ ਸਬੰਧੀ ਚਿੰਤਤ ਹਨ, ਉਸ ਨੂੰ ਦੇਖ ਕੇ ਸਾਨੂੰ ਤਸੱਲੀ ਹੋਈ ਹੈ। ਉਨ੍ਹਾਂ ਨੇ ਸਾਨੂੰ ਭਰੋਸਾ ਦਿੱਤਾ ਹੈ ਕਿ ਸੂਬਾ ਸਰਕਾਰ ਸਾਰੇ ਘੱਟ-ਗਿਣਤੀ ਫਿਰਕਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ।"

ਇਸ ਤੋਂ ਪਹਿਲਾਂ ਸ. ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਲੇਹ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਉਨ੍ਹਾਂ ਇਲਾਕੇ ਦੇ ਹਾਲਾਤ ਦੇ ਮੱਦੇਨਜ਼ਰ ਐਲਾਨ ਕੀਤਾ ਕਿ ਪੰਜਾਬ ਸਰਕਾਰ ਲੇਹ ਜ਼ਿਲ੍ਹੇ ਦੇ ਇਕ ਪਿੰਡ ਨੂੰ ਮੁੜ ਵਸਾਉਣ ਵਾਸਤੇ ਅਪਣਾਏਗੀ। ਇਸ ਦੌਰੇ ਮੌਕੇ ਉਪ ਮੁੱਖ ਮੰਤਰੀ ਨੇ ਰਾਹਤ ਸਮੱਗਰੀ ਨਾਲ ਭਰੇ 11 ਟਰੱਕ ਲੱਦਾਖ ਖ਼ੁਦਮੁਖ਼ਤਿਆਰ ਪਹਾੜੀ ਵਿਕਾਸ ਕੌਂਸਲ ਦੇ ਮੁੱਖ ਕਾਰਜਕਾਰੀ ਕੌਂਸਲਰ ਸੇਰਿੰਗ ਦੋਰਜੀ ਦੇ ਸਪੁਰਦ ਕੀਤੇ। ਬਾਅਦ ਵਿਚ ਪੰਜਾਬ ਤੋਂ ਗਏ ਵਫ਼ਦ ਨੇ ਉਪ ਮੁੱਖ ਮੰਤਰੀ ਨਾਲ ਗੁਰਦੁਆਰਾ ਪੱਥਰ ਸਾਹਿਬ ਵਿਖੇ ਮੱਥਾ ਟੇਕਿਆ।

ਸ. ਸੁਖਬੀਰ ਸਿੰਘ ਬਾਦਲ ਨੇ ਹੜ੍ਹ ਮਾਰੇ ਲੇਹ ਦੇ ਸੋਲਰ ਵੈਲੀ ਰਾਹਤ ਕੈਂਪ (ਚੋਗਲਾਮਸਰ) ਵਿਖੇ ਤਿੰਨ ਘੰਟੇ ਗੁਜ਼ਾਰੇ। ਉਥੇ ਉਨ੍ਹਾਂ 9 ਸਾਲਾ ਬੱਚੀ ਸਕਲਜਾਂਗ ਅੰਗਮੂ ਨੂੰ ਗੋਦ ਲੈ ਲਿਆ। ਇਹ ਬੱਚੀ ਇਸ ਵੇਲੇ ਚੰਡੀਗੜ੍ਹ ਦੇ ਸੈਕਟਰ-25 ਵਿਚਲੇ ਜਵਾਹਰ ਨਵੋਦਿਆ ਵਿਦਿਆਲਿਆ 'ਚ 6ਵੀਂ ਜਮਾਤ ਵਿਚ ਪੜ੍ਹਦੀ ਹੈ।

ਉਨ੍ਹਾਂ ਕਿਹਾ, "ਮੈਂ ਐਲਾਨ ਕਰਦਾ ਹਾਂ ਕਿ ਬੱਚੀ ਨੂੰ ਪੰਜਾਬ ਸਰਕਾਰ ਗੋਦ ਲੈ ਰਹੀ ਹੈ। ਚੰਡੀਗੜ੍ਹ ਵਿਚ ਰਹਿ ਕੇ ਇਹ ਬੱਚੀ ਜਦੋਂ ਤੱਕ +2 ਪੂਰੀ ਨਹੀਂ ਕਰ ਲੈਂਦੀ ਉਦੋਂ ਤੱਕ ਸਰਕਾਰ ਉਸ ਦੀ ਪੜ੍ਹਾਈ ਦਾ ਸਾਰਾ ਖਰਚ ਚੁੱਕੇਗੀ।" ਇਹ ਐਲਾਨ ਹੁੰਦਿਆਂ ਹੀ ਲੜਕੀ ਦੀ ਮਾਂ ਸਤਾਂਜ਼ਿਕ ਦੋਲਮਾ ਦੀਆਂ ਅੱਖਾਂ ਵਿਚ ਹੰਝੂ ਆ ਗਏ।

## ਡੀ.ਐਲ.ਐਫ. ਵਲੋਂ ਪਿੰਡਾਂ ਦੀ ਜ਼ਮੀਨ 'ਤੇ ਅੱਖ

**ਚੰਡੀਗੜ੍ਹ :** ਰਾਜਧਾਨੀ ਦੀ ਬੁੱਕਲ ਵਿਚਲੇ ਪੰਜਾਬ ਦੇ ਪਿੰਡਾਂ ਦੀ ਹਜ਼ਾਰਾਂ ਏਕੜ ਸ਼ਾਮਲਾਟ ਜ਼ਮੀਨ 'ਤੇ ਬਹੁਕੌਮੀ ਕੰਪਨੀਆਂ ਨੇ ਅੱਖ ਟਿਕਾਈ ਹੋਈ ਹੈ। ਇਸੇ ਰਣਨੀਤੀ ਤਹਿਤ ਮਕਾਨ ਉਸਾਰੀ ਵਿਚ ਮਸ਼ਹੂਰ ਬਹੁਕੌਮੀ ਕੰਪਨੀ ਡੀ.ਐਲ.ਐਫ. ਨੇ ਚੰਡੀਗੜ੍ਹ ਨੇੜਲੇ 15 ਪਿੰਡਾਂ ਦੀ ਪੰਚਾਇਤੀ ਜ਼ਮੀਨ ਹਾਸਲ ਕਰਨ ਲਈ ਰਾਜ ਸਰਕਾਰ ਤੱਕ ਪਹੁੰਚ ਕੀਤੀ ਹੈ। ਕੰਪਨੀ ਦੇ ਨੁਮਾਇੰਦੇ ਵਲੋਂ ਹਾਲ ਹੀ ਵਿਚ ਬੀਤੀ 25 ਅਗਸਤ ਨੂੰ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਇਕ ਪੱਤਰ ਲਿਖਿਆ ਗਿਆ ਹੈ। ਇਸ ਪੱਤਰ ਰਾਹੀਂ ਕੰਪਨੀ ਵਲੋਂ ਰਾਜਧਾਨੀ ਨੇੜਲੇ ਮਸਤਗੜ੍ਹ, ਮਿਲਕ, ਤੋਗਾਂ, ਧਨੋਰਾਂ, ਟੀਰਾ, ਦੇਵੀਨਗਰ, ਸਲਾਮਤਪੁਰ, ਮੁੱਲਾਂਪੁਰ, ਰਤਵਾੜਾ, ਭਰੁੰਜੀਆਂ ਚਾਹੜ ਮਾਜਰਾ, ਬਾਸੋਂਪੁਰ, ਸੰਗਾਲਾ, ਪੈਂਤਪੁਰ ਆਦਿ ਪਿੰਡਾਂ ਦੀ ਪੰਚਾਇਤੀ ਜ਼ਮੀਨ ਮੰਗੀ ਗਈ ਹੈ।

ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਨ੍ਹਾਂ ਪਿੰਡਾਂ ਵਿਚ ਪੰਚਾਇਤਾਂ ਕੋਲ ਕਰੀਬ 10,000 ਏਕੜ ਜ਼ਮੀਨ ਹੈ ਤੇ ਇਸ ਜ਼ਮੀਨ ਦਾ ਭਾਅ ਅਰਬਾਂ ਰੁਪਏ ਹੈ। ਡੀ.ਐਲ.ਐਫ. ਵਲੋਂ ਇਹ ਜ਼ਮੀਨ ਮਹਿਜ਼ ਕੁਝ ਰੁਪਈਆਂ ਵਿਚ ਲੀਜ਼ 'ਤੇ ਹਾਸਲ ਕਰਨ ਲਈ ਸਰਕਾਰ ਤੱਕ ਪਹੁੰਚ ਕੀਤੀ ਗਈ ਹੈ। ਡੀ.ਐਲ.ਐਫ. ਵਲੋਂ ਆਪਣੇ ਪੱਤਰ ਵਿਚ ਕਿਹਾ ਗਿਆ ਹੈ ਕਿ ਪੰਚਾਇਤਾਂ ਦੀ ਜ਼ਮੀਨ 'ਤੇ ਸਮਾਜਿਕ ਗਤੀਵਿਧੀਆਂ ਵਿਕਸਿਤ ਕੀਤੀਆਂ ਜਾਣਗੀਆਂ ਜਿਵੇਂ ਕਿ ਸੈਰਗਾਹ, ਵਾਟਰ ਬਾਡੀਜ਼, ਤੈਰਾਕੀ ਪੂਲ ਤੇ ਗੋਲਫ ਕੋਰਸ ਆਦਿ। ਕੰਪਨੀ ਵਲੋਂ ਤਰਕ ਪੇਸ਼ ਕੀਤਾ ਗਿਆ ਹੈ ਕਿ ਇਸ ਜ਼ਮੀਨ ਦਾ ਬਹੁਤਾ ਹਿੱਸਾ ਹਰੀ ਪੱਟੀ ਵਜੋਂ ਰੱਖਿਆ ਜਾਵੇਗਾ ਤੇ ਕੰਪਨੀ ਦੀਆਂ ਗਤੀਵਿਧੀਆਂ ਲੋਕਾਂ ਨੂੰ ਨੌਕਰੀਆਂ ਦੇ ਮੌਕੇ ਦੇਣਗੀਆਂ ਜਿਸ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਇਸ ਕੰਪਨੀ ਵਲੋਂ ਪੰਚਾਇਤੀ ਜ਼ਮੀਨ ਹਾਸਲ ਕਰਨ ਦੇ ਮਾਮਲੇ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚਲਦੇ ਇਕ ਕੇਸ ਵਿਚ ਸਰਕਾਰ, ਡੀ.ਐਲ.ਐਫ. ਅਤੇ ਪੰਚਾਇਤਾਂ ਵਲੋਂ ਜਵਾਬ ਦਾਅਵਾ ਦਿੰਦਿਆਂ ਕਿਹਾ ਸੀ ਕਿ ਪੰਚਾਇਤੀ ਜ਼ਮੀਨ ਲੈਣ ਲਈ ਕੋਈ ਕਾਰਵਾਈ ਨਹੀਂ ਚਲ ਰਹੀ।

ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੇ ਖ਼ਦਸ਼ਾ ਵੀ ਪ੍ਰਗਟਾਇਆ ਹੈ ਕਿ ਪੰਚਾਇਤਾਂ ਦੀ ਜ਼ਮੀਨ ਇਕ ਵਾਰੀ ਪੰਚਾਇਤਾਂ ਦੇ ਹੱਥੋਂ ਚਲੀ ਗਈ ਤਾਂ ਸਾਧਾਰਨ ਲੋਕਾਂ ਨੂੰ ਡੀ.ਐਲ.ਐਫ. ਵਲੋਂ ਵਿਕਸਤ ਕੀਤੀ ਗਈ ਕਿਸੇ ਵੀ ਸਮਾਜਿਕ ਜਾਂ ਖੇਡ ਗਤੀਵਿਧੀ ਦਾ ਕੋਈ ਲਾਭ ਨਹੀਂ ਹੋਣਾ। ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਕਿਹਾ ਕਿ ਵਿਭਾਗ ਵਲੋਂ ਤਾਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿਸੇ ਤਰੀਕੇ ਇਸ ਜ਼ਮੀਨ ਨੂੰ ਬਚਾ ਲਿਆ ਜਾਵੇ ਪਰ ਸਰਕਾਰ ਵਲੋਂ ਪੰਚਾਇਤੀ ਜ਼ਮੀਨ ਡੀ.ਐਲ.ਐਫ. ਨੂੰ ਦੇਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਵਲੋਂ ਵੀ ਮੁੱਲਾਂਪੁਰ ਵਿਖੇ ਕ੍ਰਿਕਟ ਸਟੇਡੀਅਮ ਦੀ ਉਸਾਰੀ ਲਈ ਲੋੜੀਂਦੀ ਜ਼ਮੀਨ ਖ਼ਰੀਦੀ ਗਈ ਹੈ। ਦੂਜੇ ਪਾਸੇ ਕੰਪਨੀ ਦੇ ਇਕ ਨੁਮਾਇੰਦੇ ਦਾ ਦੱਸਣਾ ਹੈ ਕਿ ਡੀ.ਐਲ.ਐਫ. ਨੇ ਚੰਡੀਗੜ੍ਹ ਦੇ ਨੇੜੇ ਪੰਜਾਬ ਵਿਚ 1250 ਏਕੜ ਜ਼ਮੀਨ ਵਿਚ ਸੁਪਰ ਮੈਗਾ ਪ੍ਰੋਜੈਕਟ ਦੀ ਉਸਾਰੀ ਕਰਨੀ ਹੈ।

# ਮਾਓਵਾਦੀਆਂ ਵਲੋਂ ਅਗਵਾ ਪੁਲਿਸ ਮੁਲਾਜ਼ਮ ਰਿਹਾ

ਸਬ-ਇੰਸਪੈਕਟਰ ਅਭੈ ਪ੍ਰਸ਼ਾਦ ਯਾਦਵ, ਰੁਪੇਸ਼ ਕੁਮਾਰ ਸਿਨਹਾ ਅਤੇ ਹਵਾਲਦਾਰ ਅਹਿਸਾਨ ਖਾਨ ਦੀ ਰਿਹਾਈ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਇਨ੍ਹਾਂ ਤਿੰਨਾਂ ਪੁਲੀਸ ਕਰਮਚਾਰੀਆਂ ਨੂੰ ਲੱਖੀ ਸਰਾਏ ਜ਼ਿਲ੍ਹੇ ਦੇ ਪਹਾੜੀ ਤੇ ਜੰਗਲੀ ਖੇਤਰ ਤੋਂ ਸਵੇਰੇ ਰਿਹਾ ਕੀਤਾ ਗਿਆ। ਤਿੰਨੇ ਮੁਲਾਜ਼ਮ ਤੰਦਰੁਸਤ ਤੇ ਖ਼ੁਸ਼ ਹਨ। ਇਨ੍ਹਾਂ ਦੇ ਪਰਿਵਾਰਾਂ ਨੇ ਵੀ ਸੁਖ ਦਾ ਸਾਹ ਲਿਆ। ਮੁੱਖ ਮੰਤਰੀ ਨੇ ਕਿਹਾ, "ਚਲੋ ਮਾਮਲਾ ਸੁਲਝ ਗਿਆ ਹੈ, ਅਸੀਂ ਬੇਹੱਦ ਖ਼ੁਸ਼ ਹਾਂ।" ਸ੍ਰੀ ਨਿਤੀਸ਼ ਕੁਮਾਰ ਨੇ ਮਾਓਵਾਦੀਆਂ ਨੂੰ ਹਿੰਸਾ ਤਿਆਗ ਕੇ ਮੁੱਖ ਧਾਰਾ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਅਗਵਾਕਾਰਾਂ ਨਾਲ ਕੋਈ ਸੌਦੇਬਾਜ਼ੀ ਨਹੀਂ ਕੀਤੀ ਗਈ। ਇਸ ਤੋਂ ਪਹਿਲਾਂ ਮਾਓਵਾਦੀ ਅਗਵਾਕਾਰਾਂ ਨੇ ਰਿਹਾਈ ਲਈ ਆਪਣੇ 8 ਕੈਦੀ ਸਾਥੀਆਂ ਨੂੰ ਆਜ਼ਾਦ ਕਰਨ ਦੀ ਮੰਗ ਰੱਖੀ ਸੀ।

ਇਸ ਦੌਰਾਨ ਨਿਤੀਸ਼ ਕੁਮਾਰ ਨੇ ਕਿਹਾ ਹੈ ਕਿ ਮਾਓਵਾਦੀਆਂ ਨੂੰ ਸਮਾਜ ਦਾ ਹਿੰਸਾ ਕਹਿਣ ਵਾਲਾ ਉਹ ਇਕੱਲਾ ਆਗੂ ਨਹੀਂ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਅਜਿਹੇ ਹੀ ਬਿਆਨ ਲਗਾਤਾਰ ਦਿੰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਕੇਂਦਰ ਨੂੰ ਸਹਿਯੋਗ ਦਿੱਤਾ ਤੇ ਸਾਰੀਆਂ ਮੀਟਿੰਗਾਂ ਵਿਚ ਹਿੱਸਾ ਲਿਆ। ਇਸ ਤੋਂ ਇਲਾਵਾ ਭਾਜਪਾ ਨੇ ਕੇਂਦਰ ਤੋਂ ਮਾਓਵਾਦੀ ਸਮੱਸਿਆ ਦੇ ਪੱਕੇ ਹੱਲ ਦੀ ਮੰਗ ਕੀਤੀ ਹੈ। ਪਾਰਟੀ ਬੁਲਾਰੇ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਬਿਹਾਰ ਸਰਕਾਰ ਨੇ ਸਥਿਤੀ ਨੂੰ ਬਿਹਤਰ ਢੰਗ ਨਾਲ ਹੱਲ ਕੀਤਾ ਹੈ ਅਤੇ ਸਾਰੀਆਂ ਪਾਰਟੀਆਂ ਨੂੰ ਭਰੋਸੇ 'ਚ ਲੈ ਕੇ ਸਹੀ ਕਾਰਵਾਈ ਕੀਤੀ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਖ਼ਬਰਦਾਰ ਕੀਤਾ ਕਿ ਮਾਓਵਾਦੀ ਆਪਣਾ ਘੇਰਾ ਵਧਾਉਂਦੇ ਆ ਰਹੇ ਹਨ ਜਿਸ ਕਰਕੇ ਠੋਸ ਕਾਰਵਾਈ ਦੀ ਜ਼ਰੂਰਤ ਹੈ।

ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਆਪਣੇ ਭਾਈਵਾਲ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਮਾਓਵਾਦੀਆਂ ਵਿਰੁਧ ਕਾਰਵਾਈ ਦੇ ਮੁੱਦੇ 'ਤੇ ਭਾਜਪਾ ਦੇ ਕੋਈ ਮਤਭੇਦ ਨਹੀਂ ਹਨ। ਦੋਵੇਂ ਕਾਰਵਾਈ ਤੇ ਗੱਲਬਾਤ ਦੇ ਹੱਕ ਵਿਚ ਹਨ। ਭਾਜਪਾ ਤੇ ਜੇ.ਡੀ. (ਯੂ.) ਦੀ ਪਹੁੰਚ ਇਕ ਸਮਾਨ ਹੈ। ਇਸ ਦੇ ਨਾਲ ਹੀ ਕੇਂਦਰ ਨੇ ਕਿਹਾ ਹੈ ਕਿ ਮਾਓਵਾਦੀਆਂ ਵਿਰੁਧ ਕਾਰਵਾਈ ਜਾਰੀ ਰਹੇਗੀ। ਕੇਂਦਰੀ ਗ੍ਰਹਿ ਸਕੱਤਰ ਜੀ.ਕੇ. ਪਿੱਲੇ ਨੇ ਕਿਹਾ, "ਨਕਸਲੀਆਂ ਵਿਰੁਧ ਚਲ ਰਹੀ ਮੁਹਿੰਮ ਬਾਦਸਤੂਰ ਜਾਰੀ ਰਹੇਗੀ।"

ਜ਼ਿਕਰਯੋਗ ਹੈ ਕਿ ਬੀਤੀ 29 ਅਗਸਤ ਨੂੰ ਲਖੀਸਰਾਏ ਦੇ ਕਜਰਾ ਥਾਣਾ ਖੇਤਰ 'ਚ ਪੁਲਿਸ ਅਤੇ ਨਕਸਲੀਆਂ ਵਿਚਾਲੇ ਹੋਏ ਮੁਕਾਬਲੇ ਦੌਰਾਨ ਨਕਸਲੀਆਂ ਨੇ ਚਾਰ ਪੁਲਿਸ ਮੁਲਾਜ਼ਮਾਂ ਨੂੰ ਬੰਧਕ ਬਣਾ ਲਿਆ ਸੀ। ਬੰਧਕ ਬਣਾਏ ਗਏ ਪੁਲਿਸ ਮੁਲਾਜ਼ਮਾਂ 'ਚ ਰੂਪੇਸ਼ ਕੁਮਾਰ ਸਿਨਹਾ (ਬੇਤੀਆ), ਅਭੈ ਯਾਦਵ (ਬੇਗੂਸਰਾਏ), ਅਹਿਤਸ਼ਾਮ ਖਾਨ (ਮਾਂਡਰ, ਝਾਰਖੰਡ) ਅਤੇ ਲੁਕਸ ਟੇਟੇ (ਸਿਮਡੇਗਾ, ਝਾਰਖੰਡ) ਸ਼ਾਮਲ ਸਨ। ਇਨ੍ਹਾਂ ਵਿਚੋਂ ਬਿਹਾਰ ਮਿਲਟਰੀ ਪੁਲੀਸ (ਬੀ.ਐਮ.ਪੀ.) ਦੇ ਹਵਾਲਦਾਰ ਲੂਕਸ ਟੇਟੇ ਦੀ ਗੋਲੀਆਂ ਵਿੰਨ੍ਹੀ ਲਾਸ਼ ਬੀਤੀ 3 ਸਤੰਬਰ ਨੂੰ ਲੱਖੀਸਰਾਏ ਵਿਚੋਂ ਮਿਲੀ ਸੀ। ਲਾਸ਼ ਦੇ ਲਾਗਿਓਂ ਮਿਲੇ ਇਕ ਪਰਚੇ ਵਿਚ ਮਾਓਵਾਦੀਆਂ ਨੇ ਹਵਾਲਦਾਰ ਦੇ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਧਮਕੀ ਦਿੱਤੀ ਸੀ ਕਿ ਜੇ ਸੂਬਾਈ ਸਰਕਾਰ ਉਨ੍ਹਾਂ ਦੇ 8 ਜੇਲ੍ਹ 'ਚ ਬੰਦ ਸਾਥੀਆਂ ਨੂੰ ਰਿਹਾ ਨਹੀਂ ਕਰਦੀ ਤਾਂ ਉਨ੍ਹਾਂ ਵਲੋਂ ਬੰਦੀ ਬਣਾਏ ਗਏ ਬਾਕੀ ਤਿੰਨ ਜਵਾਨਾਂ ਦਾ ਵੀ ਇਹੋ ਹਸ਼ਰ ਹੋਵੇਗਾ।

ਇਸ ਤੋਂ ਪਹਿਲਾਂ ਨਕਸਲੀਆਂ ਵਲੋਂ ਬੰਧਕ ਬਣਾਏ ਗਏ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਵਲੋਂ ਆਤਮਦਾਹ ਦੀਆਂ ਧਮਕੀਆਂ ਤੇ ਚੁਫੇਰਿਓਂ ਹੋ ਰਹੀ ਆਲੋਚਨਾ ਦੇ ਚੱਲਦਿਆਂ ਬਿਹਾਰ ਸਰਕਾਰ ਨੇ ਨਕਸਲੀਆਂ ਨੂੰ ਸੁਰੱਖਿਅਤ ਲਾਂਘਾ ਦੇਣ ਦਾ ਮਨ ਬਣਾ ਲਿਆ ਸੀ। ਇਸ ਸਬੰਧੀ ਫ਼ੈਸਲਾ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਵਲੋਂ ਬੀਤੇ ਸਨਿਚਰਵਾਰ ਨੂੰ ਸੱਦੀ ਗਈ ਸਰਬ ਪਾਰਟੀ ਮੀਟਿੰਗ 'ਚ ਲਿਆ ਗਿਆ ਸੀ। ਮੀਟਿੰਗ 'ਚ ਸੂਬੇ ਦੀਆਂ ਸਾਰੀਆਂ ਪਾਰਟੀਆਂ ਨੇ ਹਿੱਸਾ ਲਿਆ। ਵਿਰੋਧੀ ਪਾਰਟੀ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਨੇ ਇਸ ਮਾਮਲੇ ਸਬੰਧੀ ਮੁੱਖ ਮੰਤਰੀ ਨੂੰ ਮੀਟਿੰਗ ਸੱਦਣ ਦੀ ਅਪੀਲ ਕੀਤੀ ਸੀ। ਪੁਲਿਸ ਮੁਲਾਜ਼ਮ ਅਭੈ ਯਾਦਵ ਦੀ ਪਤਨੀ ਰਜਨੀ ਦੇਵੀ ਨੇ ਮੁੱਖ ਮੰਤਰੀ ਦੀ ਰਿਹਾਇਸ਼ ਸਾਹਮਣੇ ਕਈ ਦਿਨ ਧਰਨਾ ਵੀ ਦਿੱਤਾ। ਰਜਨੀ ਨੇ ਕਿਹਾ ਸੀ ਕਿ ਜਦੋਂ ਤੱਕ ਉਸ ਦੇ ਪਤੀ ਵਾਪਸ ਨਹੀਂ ਆ ਜਾਂਦੇ ਉਦੋਂ ਤੱਕ ਉਹ ਮੁੱਖ ਮੰਤਰੀ ਦੀ ਰਿਹਾਇਸ਼ ਸਾਹਮਣੇ ਬੈਠੀ ਰਹੇਗੀ। ਉਨ੍ਹਾਂ ਦੇ ਹੋਰ ਪਰਿਵਾਰਕ ਮੈਂਬਰ ਵੀ ਮੁੱਖ ਮੰਤਰੀ ਦੀ ਰਿਹਾਇਸ਼ ਸਾਹਮਣੇ ਡਟੇ ਹੋਏ ਸਨ।

ਮਾਓਵਾਦੀਆਂ ਤੋਂ ਬਚ ਕੇ ਆਏ ਸ੍ਰੀ ਸਿਨਹਾ ਨੇ ਕਿਹਾ ਕਿ ਉਹ ਰੱਬ ਦੀ ਕਿਰਪਾ ਨਾਲ ਬਚ ਕੇ ਆ ਗਿਆ, ਪਰਿਵਾਰ ਤੇ ਹੋਰ ਦੋਸਤਾਂ-ਮਿੱਤਰਾਂ ਦੀਆਂ ਦੁਆਵਾਂ ਕੰਮ ਆਈਆਂ, ਉਹ ਬੇਹੱਦ ਖ਼ੁਸ਼ ਹੈ। ਅਭੈ ਪ੍ਰਸ਼ਾਦ ਦੀ ਪਤਨੀ ਵੀ ਆਪਣੇ ਪਤੀ ਨੂੰ ਜੀਵਤ ਦੇਖ ਕੇ ਬੇਹੱਦ ਖ਼ੁਸ਼ ਹੈ। ਅਹਿਸਾਨ ਦੀ ਪਤਨੀ ਫਰੀਦਾ ਖਾਨਮ ਦਾ ਕਹਿਣਾ ਹੈ ਕਿ ਘਰ ਵਿਚ ਈਦ ਪਹਿਲਾਂ ਹੀ ਆ ਗਈ ਹੈ ਤੇ ਹਰ ਪਾਸੇ ਖ਼ੁਸ਼ੀ ਦਾ ਮਾਹੌਲ ਹੈ।

ਉਧਰ ਉੜੀਸਾ 'ਚ ਨਕਸਲ ਵਿਰੋਧੀ ਮੁਹਿੰਮ ਦੌਰਾਨ ਮਾਰੇ ਗਏ ਨਕਸਲੀ ਆਗੂ ਚੇਰੂਕੁਰੀ ਕੁਮਾਰ ਉਰਫ਼ ਆਜ਼ਾਦ ਦੇ ਦੋ ਸਹਿਯੋਗੀ ਨਕਸਲੀਆਂ ਨੂੰ ਸਥਾਨਕ ਪੁਲਿਸ ਨੇ ਬੀਤੀ 2 ਸਤੰਬਰ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਆਜ਼ਾਦ ਦੇ ਇਕ ਸਹਿਯੋਗੀ ਪਾਤਰਾ ਮਾਝੀ ਨੂੰ ਗਜਪਤੀ ਜ਼ਿਲ੍ਹੇ ਦੇ ਅਦਾਬਾ ਖੇਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ, ਜਦਕਿ ਦੂਜੇ ਨੂੰ ਸੁੰਦਰਗੜ੍ਹ ਜ਼ਿਲ੍ਹੇ ਦੇ ਰੁਕਕੇਲਾ 'ਚ ਜਾਲਦਾ ਖੇਤਰ 'ਚੋਂ ਹਿਰਾਸਤ ਵਿਚ ਲਿਆ ਗਿਆ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਅਮਲ ਅੱਗੇ ਪਿਆ



- ਫੈਸਲਾ ਪੰਜਾਬ ਤੇ ਹਰਿਆਣਾ ਸਰਕਾਰਾਂ ਦੀ ਬੇਨਤੀ 'ਤੇ-ਚੋਣ ਕਮਿਸ਼ਨ
- ਬੋਗਸ ਵੋਟਾਂ ਲਈ ਬਰਾੜ ਜ਼ੁਮੇਵਾਰ-ਸਰਨਾ

**ਚੰਡੀਗੜ੍ਹ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਪੂਰਾ ਅਮਲ ਇਕ ਮਹੀਨੇ ਲਈ ਪਛੜ ਗਿਆ ਹੈ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਦਾ ਕੰਮ 13 ਦਸੰਬਰ, 2010 ਨੂੰ ਮੁਕੰਮਲ ਹੋਣਾ ਸੀ ਪਰ ਹੁਣ 17 ਜਨਵਰੀ, 2011 ਨੂੰ ਅੰਤਿਮ ਵੋਟਰ ਸੂਚੀ ਬਾਹਰ ਆਏਗੀ। ਇਹ ਐਲਾਨ ਗੁਰਦੁਆਰਾ ਚੋਣਾਂ ਦੇ ਮੁੱਖ ਚੋਣ ਕਮਿਸ਼ਨਰ ਜਸਟਿਸ (ਰਿਟਾ.) ਹਰਫੂਲ ਸਿੰਘ ਬਰਾੜ ਨੇ ਕੀਤਾ।

ਬੀਤੀ 3 ਸਤੰਬਰ ਨੂੰ ਇਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਜਸਟਿਸ ਬਰਾੜ ਨੇ ਕਿਹਾ ਹੈ ਕਿ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੇ ਕਮਿਸ਼ਨ ਕੋਲ ਬੇਨਤੀ ਕੀਤੀ ਸੀ ਕਿ ਵੋਟਰ ਸੂਚੀਆਂ ਲਈ ਇਕ ਮਹੀਨੇ ਦਾ ਸਮਾਂ ਹੋਰ ਦਿੱਤਾ ਜਾਵੇ। ਇਸ ਸਬੰਧੀ ਕਮਿਸ਼ਨ ਨੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਗੁਰਦੁਆਰਾ ਕਮਿਸ਼ਨਰਾਂ ਅਤੇ ਹੋਰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ। ਪੰਜਾਬ ਅਤੇ ਹਰਿਆਣਾ ਦਾ ਕਹਿਣਾ ਹੈ ਕਿ ਹੜ੍ਹ ਆਉਣ ਕਾਰਨ ਉਨ੍ਹਾਂ ਦੇ ਮੁਲਾਜ਼ਮ ਹੜ੍ਹ ਦੇ ਰਾਹਤ ਕੰਮਾਂ ਵਿਚ ਲੱਗੇ ਹੋਏ ਹਨ ਅਤੇ ਇਸ ਕਰਕੇ ਵੋਟਰ ਸੂਚੀਆਂ ਸਮੇਂ ਸਿਰ ਤਿਆਰ ਕਰਨੀਆਂ ਸੰਭਵ ਨਹੀਂ ਹਨ।

ਜਸਟਿਸ ਬਰਾੜ ਨੇ ਕਿਹਾ ਹੈ ਕਿ ਇਕ ਮਹੀਨਾ ਵੋਟਰ ਸੂਚੀ ਅੱਗੇ ਪੈਣ ਨਾਲ ਸਾਰਾ ਪ੍ਰੋਗਰਾਮ ਹੀ ਬਦਲ ਗਿਆ ਹੈ। ਇਸ ਤਰ੍ਹਾਂ ਮੁਢਲੀ ਵੋਟਰ ਲਿਸਟ 2 ਅਕਤੂਬਰ ਤੱਕ ਛਪੇਗੀ। ਗੁਰਦੁਆਰਾ ਐਕਟ ਦੇ ਨਿਯਮਾਂ ਅਨੁਸਾਰ 28 ਅਕਤੂਬਰ ਤੱਕ ਇਤਰਾਜ਼ ਮੰਗੇ ਗਏ ਹਨ। ਇਨ੍ਹਾਂ ਇਤਰਾਜ਼ਾਂ ਦਾ ਨਿਪਟਾਰਾ 29 ਅਕਤੂਬਰ ਤੋਂ ਲੈ ਕੇ 30 ਨਵੰਬਰ ਤੱਕ ਹੋਵੇਗਾ। 31 ਦਸੰਬਰ ਤੱਕ ਸਪਲਮੈਂਟਰੀ ਵੋਟਰ ਲਿਸਟਾਂ ਤਿਆਰ ਹੋਣਗੀਆਂ। ਹੁਣ ਅੰਤਿਮ ਵੋਟਰ ਲਿਸਟ ਦੀ ਪ੍ਰਕਾਸ਼ਨਾ 17 ਜਨਵਰੀ, 2011 ਨੂੰ ਹੋਵੇਗੀ। ਉਸ ਦੇ ਬਾਅਦ ਹੀ ਕੇਂਦਰ ਨੂੰ ਕਮੇਟੀ ਦੀਆਂ ਚੋਣਾਂ ਲਈ ਤਾਰੀਕ ਦੇਣ ਲਈ ਲਿਖਿਆ ਜਾਵੇਗਾ। ਇਹ ਚੋਣਾਂ ਮਾਰਚ ਦੇ ਅੱਧ ਤੱਕ ਚਲੀਆਂ ਗਈਆਂ ਹਨ। ਉਨ੍ਹਾਂ ਨੇ ਅਕਾਲੀ ਨੇਤਾ ਮਨਜੀਤ ਸਿੰਘ ਕਲਕੱਤਾ ਅਤੇ ਪਰਮਜੀਤ ਸਿੰਘ ਸਰਨਾ ਦੇ ਦੋਸ਼ਾਂ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਸਾਰਿਆਂ ਦਾ ਸਤਿਕਾਰ ਕਰਦੇ ਹਨ। ਪੰਜਾਬ ਵਿਚ 52 ਲੱਖ ਤੋਂ ਵਧੇਰੇ ਵੋਟਰ ਬਨਣ ਲਈ ਫਾਰਮ ਆਏ ਹਨ। ਹਰਿਆਣਾ ਵਿਚ ਤਿੰਨ ਲੱਖ ਤੋਂ ਵਧੇਰੇ, ਹਿਮਾਚਲ ਵਿਚ 7200, ਚੰਡੀਗੜ੍ਹ ਲਈ 11,985 ਫਾਰਮ ਆਏ ਹਨ।

ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਦੇ ਚੱਲ ਰਹੇ ਅਮਲ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਸੇ ਤਰ੍ਹਾਂ ਦਾ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਵੋਟਾਂ ਬਣਾਉਣ ਬਾਰੇ ਕੋਈ ਇਤਰਾਜ਼ ਜਾਂ ਦਾਅਵਾ ਜ਼ਿਲਾ ਪੱਧਰ 'ਤੇ ਡਿਪਟੀ ਕਮਿਸ਼ਨਰ ਨਿਪਟਾਉਣਗੇ ਅਤੇ ਅੰਤਿਮ ਸੁਣਵਾਈ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਕਰਨਗੇ।

ਵਰਨਣਯੋਗ ਹੈ ਕਿ ਪਿਛਲੇ ਦਿਨੀਂ ਸ. ਮਨਜੀਤ ਸਿੰਘ ਕਲਕੱਤਾ ਅਤੇ ਕਈ ਹੋਰ ਆਗੂਆਂ ਨੇ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਲਈ ਫਾਰਮਾਂ ਬਾਰੇ ਇਤਰਾਜ਼ ਕੀਤਾ ਸੀ ਅਤੇ ਕਈ ਹੋਰ ਖਦਸ਼ੇ ਵੀ ਪ੍ਰਗਟ ਕੀਤੇ ਸਨ। ਕੇਂਦਰੀ ਗ੍ਰਹਿ ਮੰਤਰਾਲੇ ਤੋਂ ਮੰਗ ਕੀਤੀ ਗਈ ਸੀ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਵੱਡੀ ਪੱਧਰ 'ਤੇ ਬਣੀਆਂ ਜਾਅਲੀ ਵੋਟਾਂ ਲਈ ਕਿਸੇ ਕੇਂਦਰੀ ਏਜੰਸੀ ਤੋਂ ਜਾਂਚ ਕਰਵਾਈ ਜਾਵੇ। ਇਹ ਵੀ ਕਿਹਾ ਗਿਆ ਸੀ ਕਿ ਫਾਰਮ ਵਿਚ ਕੇਸਧਾਰੀ ਦੀ ਸ਼ਰਤ ਤਾਂ ਲਿਖੀ ਹੈ ਪਰ ਉਸ ਦਾ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ਼ ਹੋਣ ਬਾਰੇ ਅੰਕਿਤ ਨਹੀਂ ਹੈ। ਵੋਟਰਾਂ ਲਈ ਸ਼ਨਾਖਤੀ ਵੋਟਰ ਕਾਰਡ ਲਾਜ਼ਮੀ ਕਰਨ ਤੋਂ ਇਲਾਵਾ ਵੋਟਰ ਦੇ ਨਾਂ ਨਾਲ ਸਿੰਘ ਜਾਂ ਕੌਰ ਲੱਗਣ ਦੀ ਸ਼ਰਤ ਬਾਰੇ ਵੀ ਲਿਖਿਆ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਵੋਟਾਂ ਬਕਾਇਦਾ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹੀ ਬਣੀਆਂ ਹਨ। ਮੁੱਖ ਚੋਣ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ (ਰਿਟਾ.) ਹਰਫੂਲ ਸਿੰਘ ਬਰਾੜ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਤਾਂ ਨਿਰਪੱਖ ਚੋਣਾਂ ਕਰਵਾਉਣਾ ਹੈ ਅਤੇ ਗੁਰਦੁਆਰਾ ਐਕਟ ਮੁਤਾਬਿਕ ਹੀ ਚੋਣ ਅਮਲ ਨੂੰ ਨੇਪਰੇ ਚੜ੍ਹਾਇਆ ਜਾਵੇਗਾ।

ਇਸ ਤੋਂ ਪਹਿਲਾਂ ਬੀਤੀ 2 ਸਤੰਬਰ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਲੁਧਿਆਣਾ ਵਿਚ ਕਿਹਾ ਸੀ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ ਬਾਦਲ ਦਲ ਵਲੋਂ ਬਣਾਈਆਂ ਗਈਆਂ ਬੋਗਸ ਵੋਟਾਂ ਦੀ ਦਰੁਸਤੀ ਹੋਵੇ ਤੇ ਵੋਟਰਾਂ ਦੇ ਪਛਾਣ ਪੱਤਰ ਬਣਾਏ ਜਾਣ। ਜੇਕਰ ਧੱਕੇਸ਼ਾਹੀ ਤਹਿਤ ਬੋਗਸ ਵੋਟਰਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਚੋਣ ਕਰਵਾਈ ਗਈ ਤਾਂ ਇਸ ਨਾਲ ਸਿੱਖ ਕੌਮ ਦੇ ਧਾਰਮਿਕ ਜਜ਼ਬਾਤ ਭੜਕ ਸਕਦੇ ਹਨ।"

ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਚੋਣ ਇੰਚਾਰਜ ਜਸਟਿਸ ਹਰਫੂਲ ਸਿੰਘ ਬਰਾੜ 'ਤੇ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬੋਗਸ ਵੋਟਾਂ ਬਣਨ ਦੀ ਪ੍ਰਕਿਰਿਆ ਨੂੰ ਪ੍ਰਵਾਨਗੀ ਦੇ ਕੇ ਆਪਣੀ ਡਿਊਟੀ ਤੋਂ ਕੋਤਾਹੀ ਕੀਤੀ ਹੈ, ਇਸ ਲਈ ਉਨ੍ਹਾਂ ਨੂੰ ਇਸ ਕੁਰਸੀ 'ਤੇ ਬਣੇ ਰਹਿਣ ਦਾ ਕੋਈ ਨੈਤਿਕ ਹੱਕ ਨਹੀਂ।

# ਭਾਖੜਾ ਵਿਚ ਪਾਣੀ ਫਿਰ ਉਛਲਿਆ, ਫਲੱਡ ਗੇਟ ਖੋਲ੍ਹੇ

**ਆਨੰਦਪੁਰ ਸਾਹਿਬ :** ਹਿਮਾਚਲ ਪ੍ਰਦੇਸ਼ ਦੇ ਉਪਰਲੇ ਇਲਾਕਿਆਂ ਵਿਚ ਪਿਘਲ ਰਹੇ ਗਲੇਸ਼ੀਅਰਾਂ ਅਤੇ ਭਾਖੜਾ ਡੈਮ ਦੇ ਕੈਚਮੈਂਟ ਖੇਤਰ ਵਿਚ ਹੋ ਰਹੀ ਬਰਸਾਤ ਨਾਲ ਡੈਮ ਵਿਚ ਪਾਣੀ ਦਾ ਪੱਧਰ 1680.34 ਫੁੱਟ ਹੋ ਗਿਆ ਅਤੇ ਗੋਬਿੰਦ ਸਾਗਰ ਝੀਲ ਵਿਚ ਹਾਲੇ ਵੀ 47369 ਕਿਊਸਿਕ ਪਾਣੀ ਦੀ ਆਮਦ ਬਰਕਰਾਰ ਹੈ। ਇਸ ਕਰਕੇ ਬੀ.ਬੀ.ਐਮ. ਬੀ. ਦੇ ਅਧਿਕਾਰੀਆਂ ਵਲੋਂ ਬੀਤੀ 5 ਸਤੰਬਰ ਨੂੰ ਫਿਰ ਚਾਰੇ ਫਲੱਡ ਗੇਟ ਦੋ-ਦੋ ਫੁੱਟ ਖੋਲ੍ਹੇ ਗਏ । ਇਹ ਅਗਲੇ 15 ਦਿਨਾਂ ਤੱਕ ਹੀ ਖੁੱਲ੍ਹੇ ਰਹਿਣ ਦੀ ਸੰਭਾਵਨਾ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਆਲਾ ਮਿਆਰੀ ਸੂਤਰਾਂ ਅਨੁਸਾਰ ਡੈਮ ਵਿਚ ਪਾਣੀ ਦਾ ਪੱਧਰ ਜਿੱਥੇ 1680.34 ਫੁੱਟ ਹੋ ਗਿਆ, ਉਥੇ ਡੈਮ ਤੋਂ ਟਰਬਾਈਨਾਂ ਰਾਹੀਂ 33983 ਕਿਊਸਿਕ ਪਾਣੀ ਅਤੇ ਫਲੱਡ ਗੇਟਾਂ ਰਾਹੀਂ 7279 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਇਸ ਤਰ੍ਹਾਂ ਭਾਖੜਾ ਡੈਮ ਤੋਂ ਕੁੱਲ 41262 ਕਿਊਸਿਕ ਪਾਣੀ ਨੰਗਲ ਡੈਮ ਲਈ ਛੱਡਿਆ ਜਾ ਰਿਹਾ ਹੈ।

ਨੰਗਲ ਡੈਮ ਤੋਂ ਨਿਕਲਦੀ ਨੰਗਲ ਹਾਈਡਲ ਨਹਿਰ ਵਿਚ 12500 ਕਿਊਸਿਕ ਅਤੇ ਆਨੰਦਪੁਰ ਸਾਹਿਬ ਹਾਈਡਲ ਨਹਿਰ ਵਿਚ 10150 ਕਿਊਸਿਕ ਪਾਣੀ, ਜਦੋਂ ਕਿ ਸਤਲੁਜ ਦਰਿਆ ਵਿਚ 20050 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। 6 ਸਤੰਬਰ ਨੂੰ ਸਤਲੁਜ ਦਰਿਆ ਵਿਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਵਧਾਈ ਗਈ ਪਾਣੀ ਦੀ ਮਾਤਰਾ ਨਾਲ ਜਿੱਥੇ ਦਰਿਆ ਕਿਨਾਰੇ ਵਸੇ ਅੱਧੀ ਦਰਜਨ ਪਿੰਡਾਂ ਵਿਚ ਪਾਣੀ ਆ ਗਿਆ ਸੀ, ਬੁਰਜ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਵੀ ਪਾਣੀ ਵੜ ਗਿਆ । ਆਨੰਦਪੁਰ ਸਾਹਿਬ ਵਲੋਂ ਬੁਰਜ ਨੂੰ ਜਾਣ ਵਾਲੀ ਸੜਕ ਦਾ ਕਾਫੀ ਹਿੱਸਾ ਜਿੱਥੇ ਪਾਣੀ ਵਿਚ ਡੁੱਬਿਆ ਹੋਇਆ ਹੈ। ਲੋਧੀਪੁਰ, ਬੁਰਜ, ਮਟੌਰ, ਮੈਹੰਦਲੀ ਕਲਾਂ, ਬੱਲੋਵਾਲ ਅਤੇ ਹਰੀਵਾਲ ਆਦਿ ਪਿੰਡਾਂ ਵਿਚ ਵੀ ਪਾਣੀ ਚਲਿਆ ਗਿਆ ਹੈ। ਇਸ ਨਾਲ ਲੋਕਾਂ ਦੀਆਂ ਫਸਲਾਂ ਦਾ ਕਾਫੀ ਨੁਕਸਾਨ ਹੋ ਰਿਹਾ ਹੈ। ਮਟੌਰ ਦੇ ਸਰਪੰਚ ਸੁਰਿੰਦਰ ਸਿੰਘ ਨੇ ਦੱਸਿਆ ਕਿ ਸ਼ਾਮ ਨੂੰ 6 ਵਜੇ ਦੇ ਕਰੀਬ ਡੈਮ ਤੋਂ ਛੱਡਿਆ ਗਿਆ ਪਾਣੀ ਉਨ੍ਹਾਂ ਦੇ ਪਿੰਡਾਂ ਵਿਚ ਆ ਗਿਆ ਹੈ। ਜੇਕਰ ਪਾਣੀ ਦੀ ਆਮਦ ਇਸੇ ਤਰ੍ਹਾਂ ਜਾਰੀ ਰਹੀ ਤਾਂ ਇਹ ਪਿੰਡਾਂ ਦੇ ਘਰਾਂ ਵਿਚ ਵੀ ਦਾਖਲ ਹੋ ਸਕਦਾ ਹੈ। ਉਧਰ ਪਿੰਡ ਲੋਧੀਪੁਰ ਦੇ ਬੰਨ੍ਹ ਵਿਚ ਪਏ ਪਾੜ ਨੂੰ ਠੀਕ ਨਾ ਕਰਨ ਕਰਕੇ ਸਤਲੁਜ ਦਰਿਆ ਦਾ ਪਾਣੀ ਪਿੰਡ ਵਿਚ ਬੇਰੋਕ ਵੜ ਰਿਹਾ ਸੀ ਜਿਸ ਕਰਕੇ ਪਿੰਡ ਦੇ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਬੰਨ੍ਹ ਨਾ ਬਣਾ ਕੇ ਸਾਨੂੰ ਜਾਣਬੁਝ ਕੇ ਮੌਤ ਦੇ ਮੂੰਹ ਵਿਚ ਧੱਕਿਆ ਜਾ ਰਿਹਾ ਹੈ। ਜਦਕਿ ਐਸ.ਡੀ.ਐਮ. ਅਰਵਿੰਦਪਾਲ ਸਿੰਘ ਸੰਧੂ ਨੇ ਕਿਹਾ ਕਿ ਪਾਣੀ ਪਹਿਲਾਂ ਨਾਲੋਂ ਕਾਫੀ ਘੱਟ ਹੈ ਅਤੇ ਇਹ ਪਾਣੀ ਇਨ੍ਹਾਂ ਪਿੰਡਾਂ ਵਿਚੋਂ ਹੋ ਕੇ ਨਿਕਲ ਜਾਵੇਗਾ। ਇਸ ਲਈ ਜ਼ਿਆਦਾ ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ। ਸ੍ਰੀ ਸੰਧੂ ਨੇ ਇਹ ਵੀ ਕਿਹਾ ਕਿ ਅਸੀਂ ਸਾਰੇ ਸਤਲੁਜ ਕਿਨਾਰੇ ਵਸੇ ਪਿੰਡਾਂ ਦੇ ਲੋਕਾਂ ਨੂੰ ਸੁਚੇਤ ਕਰ ਦਿੱਤਾ ਹੈ।


ਉਪ ਮੰਡਲ ਪ੍ਰਸ਼ਾਸਨ ਵਲੋਂ ਤਹਿਸੀਲ ਭਰ ਵਿਚ ਪਿਛਲੇ ਦਿਨੀ ਆਏ ਹੜ੍ਹਾਂ ਨਾਲ ਨਜਿੱਠਣ ਲਈ ਹੰਗਾਮੀ ਹਾਲਾਤ ਵਿਚ ਬਠਿੰਡਾ ਤੋਂ ਮੰਗਵਾਈ ਕੁਦਰਤੀ ਆਫਤਾਂ ਨਾਲ ਨਜਿੱਠਣ ਵਾਲੀ 41 ਮੈਂਬਰੀ ਟੀਮ ਜਿਨ੍ਹਾਂ ਕੋਲ ਅੱਧੀ ਦਰਜਨ ਕਿਸ਼ਤੀਆਂ ਵੀ ਸਨ, ਇਥੋਂ ਵਾਪਸ ਮੁੜ ਚੁੱਕੀ ਹੈ।

## ਸੈਕਸ ਵਰਕਰ ਨਿਕਲੀ ਬ੍ਰਿਟਿਸ਼ ਐਮ.ਪੀ. ਦੀ ਪਤਨੀ

**ਲੰਦਨ:** ਬ੍ਰਿਟੇਨ ਵਿਚ ਸੱਤਾਧਾਰੀ ਟੋਰੀ ਪਾਰਟੀ ਦੇ ਐਮ.ਪੀ. ਮਾਈਕ ਵੈਦਰਲੀ ਦੀ ਪਤਨੀ ਕਾਰਲਾ ਦੇ ਸੈਕਸ ਵਰਕਰ ਹੋਣ ਦਾ ਖੁਲਾਸਾ ਹੋਇਆ ਹੈ।

ਇਸ ਖੁਲਾਸੇ ਨਾਲ ਦੇਸ਼ ਦੇ ਸਭ ਤੋਂ ਨੌਜਵਾਨ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਲਈ ਮੁਸੀਬਤ ਖੜ੍ਹੀ ਹੋ ਸਕਦੀ ਹੈ। ਉਨ੍ਹਾਂ 'ਤੇ ਮਾਈਕ ਨੂੰ ਪਾਰਟੀ ਵਿਚੋਂ ਕੱਢਣ ਦਾ ਦਬਾਅ ਪੈਣ ਦੀ ਸ਼ੰਕਾ ਜਤਾਈ ਜਾ ਰਹੀ ਹੈ। ਰਿਪੋਰਟ ਅਨੁਸਾਰ ਕਾਰਲਾ 3-3 ਵੇਸਵਾਘਰਾਂ ਵਿਚ ਜਾਂਦੀ ਹੈ। ਬ੍ਰਾਜ਼ੀਲੀਅਨ ਪਤਨੀ ਦੀ ਇਸ ਕਰਤੂਤ ਬਾਰੇ ਸੁਣ ਕੇ ਮਾਈਕ ਆਪ ਸੁੰਨ ਹੈ। ਉਸ ਨੇ ਪ੍ਰਤੀਕਰਮ ਦਿੱਤਾ ਕਿ ਇਹ ਖੌਫਨਾਕ ਅਤੇ ਅਫਸੋਸਜਨਕ ਹੈ।

## ਅਕਾਲੀ ਦਲ ਦਾ ਮੈਂਬਰ ਨਹੀਂ - ਬੀਰਦਵਿੰਦਰ



**ਲੁਧਿਆਣਾ:** ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ 'ਚ ਪਿਛਲੇ ਸਮੇਂ ਸ਼ਾਮਲ ਹੋਏ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਬੀਤੀ 1 ਸਤੰਬਰ ਨੂੰ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਮੁੱਢਲੇ ਮੈਂਬਰ ਵੀ ਨਹੀਂ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨਾਲ ਇਕ ਸਾਂਝੀ ਪ੍ਰੈਸ ਕਾਨਫਰੰਸ 'ਚ ਸਿਰਫ ਫੋਟੋਆਂ ਖਿਚਵਾਈਆਂ ਤੇ ਦੋ ਰੈਲੀਆਂ 'ਚ ਭਾਗ ਲਿਆ ਸੀ।

ਬੀਰਦਵਿੰਦਰ ਸਿੰਘ ਨੇ ਕਿਹਾ ਕਿ ਬੜੀ ਆਸ ਤੇ ਮਨਸ਼ਾ ਨਾਲ ਉਹ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ ਸਨ ਪਰ ਜਦੋਂ ਅੰਦਰ ਜਾ ਕੇ ਉਨ੍ਹਾਂ ਦੇਖਿਆ ਤਾਂ ਹੈਰਾਨ ਹੋ ਗਏ ਕਿ ਇਹ ਪੁਰਾਣਾ ਸ਼੍ਰੋਮਣੀ ਅਕਾਲੀ ਦਲ ਨਹੀਂ ਰਿਹਾ ਤੇ ਹੁਣ ਬਾਦਲ ਐਂਡ ਸੰਨਜ਼ ਪਾਰਟੀ ਬਣ ਕੇ ਦੋਵੇਂ ਹੱਥੀਂ ਸੂਬੇ ਨੂੰ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਦੇ ਸਮਾਂ ਹੁੰਦਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਮਹਾਨ ਆਗੂਆਂ, ਕੁਰਬਾਨੀਆਂ ਤੇ ਇਤਿਹਾਸ ਵਾਲੀ ਇਕ ਪਾਰਟੀ ਹੁੰਦੀ ਸੀ ਪਰ ਹੁਣ ਇਹ ਪੈਸੇ ਤੇ ਚੌਧਰ ਵਾਲੀ ਪਾਰਟੀ ਬਣ ਗਈ ਹੈ ਤੇ ਤੇ ਆਪਣੇ ਅਸਲੀ ਮਨੋਰਥ ਤੋਂ ਖਿੜਕ ਗਈ ਹੈ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

Desi Cuts and Color Plus
For Men, Women & Children
Grand Opening

Mandeep
510-200-4415
Ph:510-429-0786

Tony
(510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 (Behind Tacobell)

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at
847-673-3825
EARLY BIRD SALE!!!!
India $545
London $250

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm


CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

# ਸ਼ਿਕਾਗੋ ਕਬੱਡੀ ਕੱਪ ਲੱਛਰਾਂ ਦੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਨੇ ਜਿੱਤਿਆ

*(ਸਫਾ ਇਕ ਦੀ ਬਾਕੀ)*

ਦਾ ਦੂਜਾ ਇਨਾਮ ਟੋਰਾਂਟੋ ਦੀ ਟੀਮ ਦੇ ਹੱਥ ਲੱਗਾ।

ਇਸ ਮੌਕੇ ਕਲੱਬ ਵਲੋਂ ਪੰਜਾਬ ਟਾਈਮਜ਼ ਦੇ ਸੰਪਾਦਕ ਸ੍ਰੀ ਅਮੋਲਕ ਸਿੰਘ ਜੰਮੂ ਅਤੇ ਸਾਡਾ ਚੈਨਲ ਦੇ ਸੀ ਈ ਓ ਅਤੇ ਪੰਜਾਬੀ ਟ੍ਰਿਬਿਊਨ ਅਖਬਾਰ ਦੇ ਸਾਬਕਾ ਸੰਪਾਦਕ ਸ੍ਰੀ ਸਿੱਧੂ ਦਮਦਮੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਧਾਵੀਆਂ ਸੰਨੀ ਕੰਦੋਲਾ ਅਤੇ ਬਲਜਿੰਦਰ ਨੀਲੋਂ ਨੇ ਕਾਮਯਾਬ ਧਾਵੀਆਂ ਵਜੋਂ ਵਧੀਆ ਖੇਡ ਦਿਖਾਈ ਉਥੇ ਇਸ ਟੀਮ ਦੇ ਸਟਾਪਰਾਂ ਮੰਨਾ ਲੱਛਰ, ਕਾਲਾ ਨੀਲੋਂ, ਜੱਸੇ, ਵਿਕੀ ਅਤੇ ਕਾਲੇ ਮੂਲ ਦੇ ਖਿਡਾਰੀ ਡਾਂਟੇ ਨੇ ਕਾਮਯਾਬ ਜੱਫੇ ਲਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਦੂਜੇ ਪਾਸੇ ਟੋਰਾਂਟੋ ਦੀ ਟੀਮ ਵੀ ਕਿਸੇ ਗੱਲੋਂ ਘੱਟ ਨਹੀਂ ਸੀ ਅਤੇ ਇਸ ਗੱਲ ਦਾ ਪਤਾ ਇਥੋਂ ਹੀ ਲਗ ਜਾਂਦਾ ਹੈ ਕਿ ਜੇਤੂ ਟੀਮ ਅੱਧੇ ਸਮੇਂ ਤੱਕ ਸਿਰਫ ਅੱਧੇ ਅੰਕ ਦਾ ਫਰਕ ਪਾ ਸਕੀ। ਟੋਰਾਂਟੋ ਟੀਮ ਦੇ ਖਿਡਾਰੀਆਂ ਸੋਨੀ ਸਨੇਤ ਅਤੇ ਕੀਪਾ ਸੁਰਖਪੁਰੀਏ ਨੇ ਵੀ ਕਿਸੇ ਗੱਲੋਂ ਕੋਈ ਕਸਰ ਬਾਕੀ ਨਹੀਂ ਛਡੀ। ਕਬੱਡੀ ਪ੍ਰੇਮੀਆਂ ਨੇ ਵੀ ਦੋਵਾਂ ਟੀਮਾਂ ਦੀ ਇਕੱਲੀ ਇਕੱਲੀ ਰੇਡ ਅਤੇ ਇਕੱਲੇ ਇਕੱਲੇ ਸਟਾਪ ਦਾ ਦਿਲ ਖੋਲ੍ਹ ਕੇ ਡਾਲਰਾਂ ਨਾਲ ਮੁੱਲ ਪਾਇਆ। ਇਸ ਮੁਕਾਬਲੇ ਵਿਚ ਕਾਲਾ ਨੀਲੋਂ ਨੂੰ ਬੈਸਟ ਸਟਾਪਰ ਅਤੇ ਸੰਨੀ ਕੰਦੋਲਾ ਅਤੇ ਬੱਲੀ ਮਹੇੜੂ ਨੂੰ ਬੈਸਟ ਰੇਡਰ ਕਰਾਰ ਦਿੱਤਾ ਗਿਆ।

ਪਿਛਲੇ ਕਈ ਦਿਨਾਂ ਤੋਂ ਮੌਸਮ ਵਲੋਂ ਖੇਡੀ ਜਾ ਰਹੀ ਲੁਕਣਮੀਚੀ ਕਰਕੇ ਪ੍ਰਬੰਧਕਾਂ ਦੇ ਚਿਹਰਿਆਂ ਉਤੇ ਚਿੰਤਾ ਦੀਆਂ ਰੇਖਾਵਾਂ ਸਨ ਕਿ ਕਿਧਰੇ ਇੰਦਰ ਦੇਵਤਾ ਕੰਮ ਵਿਚ ਘੜੰਮ ਹੀ ਨਾ ਪਾ ਦੇਵੇ ਪਰ ਮੌਸਮ ਦੇਵਤਾ ਨੇ ਪੂਰੀ ਮਿਹਰਬਾਨੀ ਰਖੀ। ਨਾ ਸਿਰਫ ਸਨਿਚਰਵਾਰ ਦੇ ਮੁਕਾਬਲੇ ਮੌਸਮ ਵਿਚ ਠੰਡਕ ਹੀ ਘੱਟ ਸੀ ਸਗੋਂ ਮੇਘਰਾਜ ਦੇ ਨਿਕੇ ਮੋਟੇ ਦਬਕਿਆਂ ਦੇ ਬਾਵਜੂਦ ਇੰਦਰਦੇਵ ਨੇ ਉਦੋਂ ਤਕ ਕਸੀਸ ਵੱਟੀ ਰਖੀ ਜਦੋਂ ਤਕ ਦਿਨ ਛਿਪ ਜਾਣ 'ਤੇ ਪੁਲਿਸ ਵਾਲਿਆਂ ਨੇ ਮੇਲਾ ਖਤਮ ਕਰਨ ਲਈ ਹੁਕਮ ਨਾ ਕੀਤੇ। ਇਧਰੋਂ ਮੇਲਾ ਖਿੰਡਿਆ ਤੇ ਉਧਰੋਂ ਇੰਦਰਦੇਵ ਨੇ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿਤਾ ਜਿਵੇਂ ਮੇਲਾ ਸੁਖੀ-ਸਾਂਦੀ ਖਤਮ ਹੋਣ 'ਤੇ ਆਸ਼ੀਰਵਾਦ ਦੇ ਰਿਹਾ ਹੋਵੇ।



*ਕਬੱਡੀ ਦੇ ਕੁਝ ਸੰਘਰਸ਼ਮਈ ਪਲ (ਫੋਟੋ: ਮਹਿੰਦਰ ਸਿੰਘ ਰਕਾਲਾ)*

ਪ੍ਰਬੰਧਕਾਂ ਦਾ ਦਾਅਵਾ ਸੀ ਕਿ ਪਿਛਲੇ ਦਸਾਂ ਸਾਲਾਂ ਵਿਚ ਸ਼ਿਕਾਗੋ 'ਚ ਹੋਏ ਕਿਸੇ ਵੀ ਖੇਡ ਮੇਲੇ ਦੇ ਮੁਕਾਬਲੇ ਇਸ ਵਾਰ ਦਰਸ਼ਕਾਂ ਦੀ ਗਿਣਤੀ ਵੱਧ ਸੀ। ਕਲੱਬ ਦੇ ਇਕ ਸਰਗਰਮ ਮੈਂਬਰ ਅਜੈਬ ਸਿੰਘ ਲੱਖਣ ਨੇ ਕਿਹਾ ਕਿ ਬਸੀ ਵੁਡਜ਼ ਦੇ ਮੇਲੇ ਵਾਲੇ ਖੇਤਰ ਵਿਚ ਕੁਲ 1045 ਪਾਰਕਿੰਗ ਸਪਾਟ ਸਨ, ਜਿਨ੍ਹਾਂ ਵਿਚੋਂ ਘੱਟੋ-ਘੱਟ 1025 ਉਤੇ ਮੇਲੇ ਦੇ ਦਰਸ਼ਕਾਂ ਦੀਆਂ ਕਾਰਾਂ ਖੜੀਆਂ ਸਨ। ਸ਼ਾਮ ਨੂੰ 4 ਵਜੇ ਤੋਂ ਬਾਅਦ ਕਈ ਦਰਸ਼ਕਾਂ ਨੂੰ ਇਸ ਕਰ ਕੇ ਵਾਪਸ ਮੁੜਨਾ ਪਿਆ ਕਿਉਂਕਿ ਕਾਰ ਪਾਰਕਿੰਗ ਲਈ ਕੋਈ ਜਗ੍ਹਾ ਹੀ ਨਹੀਂ ਸੀ ਬਚੀ। ਪ੍ਰਬੰਧਕਾਂ ਅਨੁਸਾਰ ਦਿਨ ਭਰ ਵਿਚ 3000 ਤੋਂ ਵੀ ਵੱਧ ਦਰਸ਼ਕ ਮੇਲਾ ਵੇਖਣ ਲਈ ਪਹੁੰਚੇ। ਕਈ ਦਰਸ਼ਕਾਂ ਨੂੰ ਦੂਰ-ਦੁਰੇਡੇ ਕਾਰ ਪਾਰਕ ਕਰ ਕੇ ਆਉਣਾ ਪਿਆ। ਮੇਲੇ ਵਿਚ ਜਿਥੇ ਸ਼ਿਕਾਗੋ ਦੀ ਰਵਾਇਤ ਅਨੁਸਾਰ ਬੀਬੀਆਂ ਕਾਫੀ ਵੱਡੀ ਗਿਣਤੀ ਵਿਚ ਮੌਜੂਦ ਸਨ ਉਥੇ ਬੱਚਿਆਂ ਨੇ ਵੀ ਮੇਲੇ ਦਾ ਆਈਸਕਰੀਮ ਅਤੇ ਕੈਂਡੀਆਂ ਨਾਲ ਖੂਬ ਲੁਤਫ ਉਠਾਇਆ।

ਕਬੱਡੀ ਟੀਮਾਂ ਦੋ ਪੂਲਾਂ ਵਿਚ ਖੇਡੀਆਂ। ਪਹਿਲੇ ਪੂਲ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ, ਇੰਡੀਆ ਅਤੇ ਇੰਗਲੈਂਡ ਦੀਆਂ ਟੀਮਾਂ ਸਨ। ਦੂਜੇ ਪੂਲ ਵਿਚ ਟੋਰਾਂਟੋ ਫੈਡਰੇਸ਼ਨ, ਕੈਨੇਡਾ, ਮਾਡੈਸਟੋ-ਸੈਨ ਹੋਜ਼ੇ ਕਲੱਬ ਅਤੇ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੀਆਂ ਟੀਮਾਂ ਖੇਡੀਆਂ। ਸਾਰੇ ਮੈਚ ਫਸਵੇਂ ਅਤੇ ਦਿਲਚਸਪ ਰਹੇ। ਸੈਮੀਫਾਈਨਲ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ ਅਤੇ ਇੰਡੀਆ ਦੀ ਟੀਮ ਅਤੇ ਟੋਰਾਂਟੋ ਫੈਡਰੇਸ਼ਨ ਅਤੇ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਵਿਚਾਲੇ ਭੇੜ ਹੋਇਆ। ਸੈਮੀਫਾਈਨਲ ਵਿਚੋਂ ਜਿੱਤ ਕੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ ਅਤੇ ਟੋਰਾਂਟੋ ਫੈਡਰੇਸ਼ਨ ਦੀਆਂ ਟੀਮਾਂ ਫਾਈਨਲ 'ਚ ਪਹੁੰਚੀਆਂ। ਫਾਈਨਲ ਵਿਚ ਸੰਨੀ ਕੰਦੋਲਾ, ਬਲਜਿੰਦਰ ਨੀਲੋਂ, ਬੱਲੀ ਮਹੇੜੂ, ਕੀਪਾ ਸੁਰਖਪੁਰੀਆ, ਮੰਨਾ ਲੱਛਰ, ਕੰਵਰਦੀਪ ਸੰਧੂ ਨੇ ਵਧੀਆ ਖੇਡ ਦਿਖਾਈ।

ਮਿਡਵੈਸਟ ਫਾਈਨਲ ਦੇ ਮੁਕਾਬਲੇ ਵਿਚ ਮਿਲਵਾਕੀ ਅਤੇ ਇੰਡੀਅਨਐਪੋਲਿਸ ਦਾ ਭੇੜ ਹੋਇਆ ਅਤੇ ਜੇਤੂ ਮਿਲਵਾਕੀ ਦੀ ਟੀਮ ਰਹੀ। ਅੰਡਰ-21 ਵਰਗ ਵਿਚ ਸ਼ਿਕਾਗੋ ਅਤੇ ਪੀ ਸੀ ਏ ਮਿਸ਼ੀਗਨ ਦੀਆਂ ਟੀਮਾਂ ਖੇਡੀਆਂ। ਜੇਤੂ ਮਿਸ਼ੀਗਨ ਦੀ ਟੀਮ ਰਹੀ।

ਇਸ ਕਬੱਡੀ ਟੂਰਨਾਮੈਂਟ ਦੀ ਕੁਮੈਂਟਰੀ ਪ੍ਰੋ. ਮੱਖਣ ਸਿੰਘ ਹਕੀਮਪੁਰੀ ਨੇ ਆਪਣੇ ਰਵਾਇਤੀ ਅੰਦਾਜ਼ ਵਿਚ ਕਰ ਕੇ ਖੇਡ ਦੇਖਣ ਦਾ ਮਜ਼ਾ ਕਈ ਗੁਣਾ ਵਧਾਇਆ। ਉਹ ਕੁਮੈਂਟਰੀ ਕਰਦਿਆਂ ਨਾਲ-ਨਾਲ ਖਿਡਾਰੀਆਂ ਦੀ ਜਾਣ-ਪਛਾਣ ਵੀ ਕਰਵਾਈ ਜਾਂਦੇ ਅਤੇ ਹਾਸੇ-ਠੱਠੇ ਦੇ ਟੋਟਕੇ ਵੀ ਛਡੀ ਜਾਂਦੇ। ਸੰਨੀ ਕੰਦੋਲੇ ਨੂੰ ਐਨ ਹੰਦਿਆਂ ਕੋਲ ਜਦੋਂ ਵਿਰੋਧੀ ਜਾਫੀ ਨੇ ਰੋਕ ਲਿਆ ਤਾਂ ਉਸਦੀ ਟਿਪਣੀ ਸੀ, 'ਅਜੇ ਦਿੱਲੀ ਦੂਰ ਹੈ ਬਈ।' ਜਦੋਂ ਕੋਈ ਰੇਡਰ ਹੱਥ ਲਾ ਕੇ ਬੜੀ ਤੇਜੀ ਨਾਲ ਮੁੜਦਾ ਤਾਂ ਉਹ ਕਹਿੰਦੇ, 'ਵੇਖ ਜਾਂਦੈ ਫਰੰਟੀਅਰ ਮੇਲ ਵਾਂਗੂੰ।' ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੇ ਵੀ ਕੁਮੈਂਟਰੀ ਕਰਨ ਵਿਚ ਉਨ੍ਹਾਂ ਦਾ ਹੱਥ ਵਟਾਇਆ। ਕਲੱਬ ਦੀ ਤਰਫੋਂ ਆਏ ਮਹਿਮਾਨਾਂ ਦੀ ਜਾਣ-ਪਛਾਣ ਅਤੇ ਉਨ੍ਹਾਂ ਦੇ ਸਨਮਾਨ ਮੌਕੇ ਮੰਚ ਸੰਚਾਲਨ ਹੈਪੀ ਹੀਰ ਨੇ ਬੜੀ ਮੁਸਤੈਦੀ ਨਾਲ ਕੀਤਾ। ਇਹ ਗੱਲ ਵੀ ਖੂਬ ਰਹੀ ਕਿ ਪ੍ਰਬੰਧਕਾਂ ਨੇ ਸਮੇਂ ਦਾ ਪ੍ਰਬੰਧ ਇਨੇ ਵਧੀਆ ਤਰੀਕੇ ਨਾਲ ਕੀਤਾ ਕਿ ਕਿਤੇ ਵੀ ਇਉਂ ਨਹੀਂ ਲਗਿਆ ਕਿ ਸਮਾਂ ਖਰਾਬ ਹੋ ਰਿਹਾ ਹੈ।

ਕਬੱਡੀ ਮੈਚਾਂ ਦੇ ਅਖੀਰ ਤੇ ਬੁਲੰਦ ਆਵਾਜ਼ ਦੇ ਮਾਲਕ ਸੁਖਵਿੰਦਰ ਪੰਛੀ ਅਤੇ ਕੈਨੇਡਾ ਤੋਂ ਆਏ 'ਮੇਰੀ ਗਲੀ ਆਉਣੋਂ ਹਟ ਜਾ, ਵੰਗਾਂ ਛਣਕਾਉਣੋਂ ਹਟ ਜਾ' ਫੇਮ ਗੀਤਾ ਜੈਲਦਾਰ ਨੇ ਕੁਝ ਸਮੇਂ ਲਈ ਸਰੋਤਿਆਂ ਦਾ ਚੰਗਾ ਮਨੋਰੰਜਨ ਕੀਤਾ।

ਮੇਲਾ ਦੇਖਣ ਆਏ ਦਰਸ਼ਕਾਂ ਲਈ ਕੜੀ-ਚੌਲ, ਕੁਕੜ ਬੋਟੀ ਤੋਂ ਬਿਨਾਂ ਚਾਹ-ਪਾਣੀ ਦਾ ਵੀ ਚੰਗਾ ਪ੍ਰਬੰਧ ਸੀ। ਸ਼ਾਮ ਨੂੰ ਪੰਮੇ ਦੀਆਂ ਬਣਾਈਆਂ ਗਰਮਾ-ਗਰਮ ਜਲੇਬੀਆਂ ਨਾਲ ਦਰਸ਼ਕਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਮੇਲੇ ਨੂੰ ਰੰਗੀਨ ਬਣਾਉਣ ਅਤੇ ਪ੍ਰਾਹੁਣਚਾਰੀ ਨੂੰ ਚਾਰ ਚੰਦ ਲਾਉਣ ਲਈ ਕਾਰ-ਡਿੱਕੀ ਸੇਵਾ ਵੀ ਚਲਦੀ ਰਹੀ ਪਰ ਕਿਸੇ ਨੇ ਵੀ ਬੇਸੁਆਦੀ ਪੈਦਾ ਕਰਨ ਵਾਲੀ ਗੱਲ ਨਾ ਕੀਤੀ। ਪ੍ਰਬੰਧਕ ਖੁਦ ਵੀ ਪੂਰੇ ਜਾਬਤੇ ਵਿਚ ਰਹੇ ਅਤੇ ਉਨ੍ਹਾਂ ਮੇਲੀਆਂ ਨੂੰ ਵੀ ਪੂਰੇ ਜਾਬਤੇ ਵਿਚ ਰਖਣ ਦੀ ਕੋਸ਼ਿਸ਼ ਕੀਤੀ।

ਮੇਲੇ ਵਿਚ ਸ਼ਿਕਾਗੋ ਤੋਂ ਇਲਾਵਾ ਮਿਡਵੈਸਟ ਦੀਆਂ ਸਟੇਟਾਂ ਦੀਆਂ ਸਭਿਆਚਾਰਕ, ਖੇਡ ਅਤੇ ਧਾਰਮਕ ਸੰਸਥਾਵਾਂ ਦੇ ਨੁਮਾਇੰਦੇ ਕਾਫੀ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ।

ਕੈਲੀਫੋਰਨੀਆ ਤੋਂ ਆਏ ਲੱਛਰ ਭਰਾ-ਜਸਵਿੰਦਰ ਸਿੰਘ ਅਤੇ ਤਰਲੋਚਨ ਸਿੰਘ ਆਪਣੀ ਟੀਮ ਦੇ ਜਿੱਤਣ ਕਰ ਕੇ ਤਾਂ ਖੁਸ਼ ਸਨ ਹੀ, ਨਾਲ ਹੀ ਉਹ ਇਸ ਗੱਲੋਂ ਵੀ ਖੁਸ਼ ਸਨ ਕਿ ਉਨ੍ਹਾਂ ਦੀ ਨਵੀਂ ਬਣਾਈ ਕਬੱਡੀ ਫੈਡਰੇਸ਼ਨ ਅਧੀਨ ਕਿੰਗਜ਼ ਕਲੱਬ ਸੈਕਰਾਮੈਂਟੋ ਦੀ ਟੀਮ ਇਸ ਮੇਲੇ ਤੋਂ ਇਕ ਦਿਨ ਪਹਿਲਾਂ ਇਥੇ ਹੋਏ ਪੰਜਾਬ ਸਪੋਰਟਸ ਕਲੱਬ ਦੇ ਮੇਲੇ ਵਿਚ ਜੇਤੂ ਰਹੀ। ਲੱਛਰ ਭਰਾਵਾਂ ਦੇ ਨਾਲ ਉਨ੍ਹਾਂ ਦੀ ਟੀਮ ਦੇ ਨਾਲ ਬਲਜੀਤ ਸਹੋਤਾ, ਅਮਰਜੀਤ ਸੰਘਾ, ਗੁਰਦਿਆਲ ਚੰਦ ਅਤੇ ਲਹਿੰਬਰ ਸਿੱਧੂ ਪਹੁੰਚੇ ਹੋਏ ਸਨ। ਸੈਕਰਾਮੈਂਟੋ ਦੀ ਟੀਮ ਨਾਲ ਇੰਦੂ ਭਲਵਾਨ, ਸੁਖੀ ਸੇਖੋਂ, ਗੁਰਮੁਖ ਸਿੰਘ, ਮੇਜਰ ਸਿੰਘ ਅਤੇ ਗੋਰਾ ਧਾਲੀਵਾਲ ਵੀ ਪਹੁੰਚੇ ਹੋਏ ਸਨ। ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਵਲੋਂ ਜਿਤਿਆ ਹੋਇਆ ਕੱਪ ਸਥਾਨਕ ਸ਼ੇਰੇ ਪੰਜਾਬ ਕਲੱਬ ਨੂੰ ਮਾਣ ਵਜੋਂ ਭੇਟ ਕੀਤਾ ਗਿਆ।

ਸ਼ਿਕਾਗੋ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਦੇ ਅਹੁਦੇਦਾਰ ਅਤੇ ਪਤਵੰਤੇ ਸੱਜਣ ਮੇਲੇ ਦਾ ਆਨੰਦ ਮਾਣ ਰਹੇ ਸਨ। ਵਾਕੀਗਨ ਤੋਂ ਲੱਕੀ ਅਤੇ ਜੱਸੀ ਸਹੋਤਾ, ਅੰਮ੍ਰਿਤਪਾਲ ਸਿੰਘ ਗਿੱਲ ਆਪਣੇ ਸਹਿਯੋਗੀਆਂ ਨਾਲ ਮੇਲੇ ਦੀ ਰੌਣਕ ਵਧਾ ਰਹੇ ਸਨ।

ਅਮਰਦੇਵ ਸਿੰਘ ਬਦੇਸ਼ਾ (ਪ੍ਰਧਾਨ) ਦੀ ਅਗਵਾਈ ਹੇਠ ਕਲੱਬ ਦੇ ਮੈਂਬਰਾਂ-ਜਸਵਿੰਦਰ ਸਿੰਘ ਜੱਸੀ, ਜਿੰਦਰ ਸਿੰਘ ਬੈਨੀਪਾਲ, ਸਤਨਾਮ ਸਿੰਘ ਮਿਨਹਾਸ, ਨਰਿੰਦਰ ਸਿੰਘ ਸਰਾਂ, ਜਿੰਦੀ ਖੰਗੂੜਾ, ਪਰਮਿੰਦਰ ਸਿੰਘ ਵਾਲੀਆ, ਅਜੈਬ ਸਿੰਘ ਲੱਖਣ, ਹੈਪੀ ਹੀਰ, ਸੰਤੋਖ ਸਿੰਘ ਡੀ ਸੀ, ਰਛਪਾਲ ਸਿੰਘ ਖੰਗੂੜਾ, ਦੀਪਾ ਬਦੇਸ਼ਾ, ਹਰਦੀਪ ਸਿੰਘ ਗਿੱਲ, ਰਵਿੰਦਰ ਸਿੰਘ ਖਹਿਰਾ, ਬਿਕਰਮ ਸਿੰਘ ਸਿੱਧੂ, ਲਾਲੀ ਨਿੱਝਰ, ਲਵਦੀਪ ਸਿੰਘ ਦੁੱਲਤ, ਅਜਮੇਰ ਸਿੰਘ ਪਨੂੰ, ਹਰਵਿੰਦਰ ਸਿੰਘ ਬਿੱਲਾ-ਮਿਆਣੀ, ਪੀਟਾ ਸਹੋਤਾ, ਨਾਜਰ ਸਿੰਘ ਗਿੱਲ, ਬੱਬੀ ਬਾਠ, ਕਾਬਲ ਸਿੰਘ ਭੁੱਲਰ, ਗਿਆਨ ਸਿੰਘ ਸੀਹਰਾ, ਬਲਦੇਵ ਸਿੰਘ ਗਿੱਲ, ਇੰਦਰਜੀਤ ਸਿੰਘ ਮੁੱਕਰ, ਬਲਦੇਵ ਸਿੰਘ ਰਾਜੂ, ਬਲਜੀਤ ਸਿੰਘ ਮੰਗੀ, ਜਿੰਦੀ ਦਿਆਲ, ਸੁਖਵਿੰਦਰ ਸਿੰਘ ਮੰਡੇਰ, ਪ੍ਰਲਾਹਦ ਸਿੰਘ ਕਾਹਲੋਂ, ਅੰਮ੍ਰਿਤਪਾਲ ਸਿੰਘ ਰੰਧਾਵਾ, ਸੁਖਵੀਰ ਸਿੰਘ ਗੋਗਨਾ ਨੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਅਣਥੱਕ ਮਿਹਨਤ ਕੀਤੀ।

## ਐਨ.ਆਰ.ਆਈ. ਦਾ ਕਤਲ

**ਭੋਗਪੁਰ:** ਬੀਤੀ ਰਾਤ ਨੇੜਲੇ ਪਿੰਡ ਮਾਣਕ ਢੇਰੀ ਤੋਂ ਵਾਪਸ ਅਮਰੀਕਾ ਜਾ ਰਹੇ ਇਕ ਪ੍ਰਵਾਸੀ ਭਾਰਤੀ ਦੀ ਦਰਦਨਾਕ ਹੱਤਿਆ ਤੇ ਉਸ ਦੇ ਪਰਿਵਾਰ ਨੂੰ ਲੁੱਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਵੇਰਵਿਆਂ ਅਨੁਸਾਰ ਮਹਿੰਦਰਜੀਤ ਸਿੰਘ ਪੁੱਤਰ ਮਲਕੀਅਤ ਸਿੰਘ ਵਾਲੀ ਪਿੰਡ ਬਹਿਰਾਮ ਸਰਿਸ਼ਤਾ ਜ਼ਿਲ੍ਹਾ ਜਲੰਧਰ ਦਾ ਵਿਆਹ 1993 ਵਿਚ ਪਿੰਡ ਮਾਣਕ ਢੇਰੀ ਦੀ ਪਰਮਜੀਤ ਕੌਰ ਪੁੱਤਰੀ ਊਧਮ ਸਿੰਘ ਨਾਲ ਹੋਇਆ ਸੀ। ਮਹਿੰਦਰਜੀਤ ਸਿੰਘ ਦੇ ਪਰਿਵਾਰ ਵਾਲੇ ਸ਼ੁਰੂ ਤੋਂ ਹੀ ਉਸਦੇ ਵਿਆਹ ਦੇ ਖਿਲਾਫ ਸਨ, ਜਿਸ ਕਾਰਨ ਮਹਿੰਦਰਜੀਤ ਦੇ ਆਪਣੇ ਪਰਿਵਾਰ ਵਾਲਿਆਂ ਨਾਲੋਂ ਸੰਬੰਧ ਸਮਾਪਤ ਹੋ ਚੁੱਕੇ ਸਨ। ਹੁਣ 7 ਅਗਸਤ ਨੂੰ ਉਹ ਆਪਣੀ ਪਤਨੀ, ਪੁੱਤਰ ਲਵਪ੍ਰੀਤ ਸਿੰਘ ਤੇ ਪੁੱਤਰੀ ਗੁਰਸ਼ਰਨਜੀਤ ਨਾਲ ਆਪਣੇ ਸਾਲੇ ਅਮਨਦੀਪ ਸਿੰਘ ਦੇ ਵਿਆਹ 'ਚ ਸ਼ਾਮਲ ਹੋਣ ਲਈ ਭਾਰਤ ਆਇਆ ਸੀ। ਜਦੋਂ ਮਹਿੰਦਰਜੀਤ ਅਮਰੀਕਾ ਵਾਪਸ ਜਾਣ ਲਈ ਬੀਤੀ ਰਾਤ 11 ਵਜੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਸਾਲੇ ਮਨਜੀਤ ਸਿੰਘ ਜੋ ਕਿ ਅਮਰੀਕਾ ਵਿਖੇ ਹੀ ਰਹਿੰਦਾ ਹੈ, ਦੇ ਪਰਿਵਾਰ ਨਾਲ ਇਕ ਟੈਂਪੂ ਟਰੈਵਲ 'ਚ ਸਵਾਰ ਹੋ ਕੇ ਅੰਮ੍ਰਿਤਸਰ ਏਅਰਪੋਰਟ ਜਾ ਰਿਹਾ ਸੀ।

ਇਸ ਸਮੇਂ ਗੱਡੀ ਦੇ ਡਰਾਈਵਰ ਤੇ ਕਲੀਨਰ ਸਮੇਤ ਕੁੱਲ 13 ਵਿਅਕਤੀ ਸਵਾਰ ਸਨ, ਜਦੋਂ ਗੱਡੀ ਪਿੰਡ ਤੋਂ ਕੇਵਲ ਦੋ ਕਿ.ਮੀ. ਦੂਰ ਹੀ ਗਈ ਸੀ ਤਾਂ ਪਿੱਛੋਂ ਆ ਰਹੀ ਇਕ ਕਾਲੇ ਰੰਗ ਦੀ ਸਫਾਰੀ ਗੱਡੀ 'ਚੋਂ ਚਾਰ ਨੌਜਵਾਨ ਉਤਰ ਕੇ ਟੈਂਪੂ ਟਰੈਵਲ ਵਿਚ ਜਾ ਵੜੇ। ਇਨ੍ਹਾਂ ਨੌਜਵਾਨਾਂ ਨੇ ਟੈਂਪੂ ਟਰੈਵਲ 'ਚ ਸਵਾਰ ਮਹਿੰਦਰਜੀਤ ਸਿੰਘ ਦੀ ਕੰਨਪਟੀ ਵਿਚ ਦੋ ਗਲੀਆਂ ਦਾਗ ਦਿੱਤੀਆਂ। ਹਮਲਾਵਰ ਕੁਲ ਤਿੰਨ ਗੱਡੀਆਂ 'ਚ ਸਵਾਰ ਸਨ। ਟੈਂਪੂ ਟਰੈਵਲ ਦੇ ਪਿੱਛੇ ਵੀ ਦੋ ਹੋਰ ਗੱਡੀਆਂ ਚੱਲ ਰਹੀਆਂ ਸਨ। ਹਮਲਾਵਰ ਬੰਦੂਕਾਂ ਅਤੇ ਪਿਸਤੌਲਾਂ ਨਾਲ ਲੈਸ ਸਨ। ਹਮਲਾਵਰਾਂ ਨੇ ਟੈਂਪੂ ਟਰੈਵਲ 'ਚ ਸਵਾਰ ਸਾਰੇ ਹੀ ਸਵਾਰਾਂ ਕੋਲੋਂ ਸੋਨੇ ਦੇ ਗਹਿਣੇ ਤੇ ਇਕ ਲੱਖ ਰੁਪਏ ਨਗਦੀ ਲੁੱਟ ਲਈ। ਪੁਲਸ ਨੇ ਮਹਿੰਦਰਜੀਤ ਸਿੰਘ ਦੇ ਭਰਾ ਪਰਮਿੰਦਰ ਸਿੰਘ (ਇਟਲੀ), ਭਾਬੀ ਗੁਰਮੇਲ ਕੌਰ, ਭੈਣ ਸੁਖਵਿੰਦਰ ਕੌਰ ਤੇ ਜੀਜਾ ਭਾਗ ਸਿੰਘ 'ਤੇ ਸੁਪਾਰੀ ਦੇ ਕੇ ਕਤਲ ਕਰਾਉਣ ਦਾ ਮਾਮਲਾ ਦਰਜ ਕੀਤਾ ਹੈ।

## ਹੇਵਰਡ ਕਬੱਡੀ ਕੱਪ ਦੀ ਤਿਆਰੀ ਜ਼ੋਰਾਂ 'ਤੇ

**ਫਰੀਮਾਂਟ:** ਯੂਨਾਈਟਿਡ ਸਪੋਰਟਸ ਕਲੱਬ ਦੀ ਇਕ ਅਹਿਮ ਮੀਟਿੰਗ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਦੋ ਹਫਤੇ ਪਹਿਲਾਂ ਹੋਏ ਕੈਲ ਸਟੇਟ ਦੇ ਘਟਨਾਕ੍ਰਮ ਤੋਂ ਉਪਜੇ ਹਾਲਾਤ ਦਾ ਜਾਇਜਾ ਲਿਆ ਗਿਆ।

ਮੀਟਿੰਗ ਵਿਚ ਟੂਰਨਾਮੈਂਟ ਦੀਆਂ ਸਾਰੀਆਂ ਤਿਆਰੀਆਂ ਉਪਰ ਤਸੱਲੀ ਪ੍ਰਗਟ ਕੀਤੀ ਗਈ। ਟੂਰਨਾਮੈਂਟ ਆਪਣੇ ਮਿਥੇ ਸਮੇਂ ਅਤੇ ਸਥਾਨ ਉਪਰ 25 ਸਤੰਬਰ ਨੂੰ ਕੈਲ ਸਟੇਟ ਸਟੇਡੀਅਮ ਵਿਚ ਹੀ ਹੋਵੇਗਾ। ਕਲੱਬ ਨੇ ਸਮੂਹ ਕਬੱਡੀ ਪ੍ਰੇਮੀਆਂ ਨੂੰ ਨਿੱਘਾ ਸੱਦਾ ਦਿਤਾ ਹੈ ਕਿ ਉਹ ਸੁਪਰ ਸਟਾਰ ਕਬੱਡੀ ਖਿਡਾਰੀਆਂ ਦੀ ਖੇਡ ਨੂੰ ਨੇੜਿਓਂ ਤੱਕਣ ਲਈ ਜ਼ਰੂਰ ਦਰਸ਼ਨ ਦੇਣ। ਸਕਿਉਰਿਟੀ ਦੇ ਸਖਤ ਪ੍ਰਬੰਧ ਕੀਤੇ ਗਏ ਹਨ। ਚੇਅਰਮੈਨ ਸ੍ਰੀ ਗਾਖਲ ਨੇ ਕਬੱਡੀ ਪ੍ਰੇਮੀਆਂ ਨੂੰ ਕਿਹਾ ਕਿ ਬਿਨਾ ਝਿਜਕ ਟੂਰਨਾਮੈਂਟ ਨੂੰ ਦੇਖਣ ਲਈ ਪਹੁੰਚੋ, ਅਸੀਂ ਤੁਹਾਡੀ ਬੇਸਬਰੀ ਨਾਲ ਉਡੀਕ ਕਰਾਂਗੇ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440




TAJ

INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451

Note:Also Income Tax filing Available



Gurdawar S. Mann

Lic#0F34231

# ਇਰਾਕ ਜੰਗ ਦੀ ਬਦਨਾਮੀ ਦਾ ਦਾਗ ਧੋਣ ਦਾ ਯਤਨ ਹੈ ਬਲੇਅਰ ਦੀ ਕਿਤਾਬ

**–ਜਤਿੰਦਰ ਪਨੂੰ**

ਇਕ ਦਰਜਨ ਤੋਂ ਵੱਧ ਸਾਲਾਂ ਤੱਕ ਬਰਤਾਨੀਆ ਵਰਗੇ ਦੇਸ਼ ’ਤੇ ਰਾਜ ਕਰਨ ਵਾਲੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੀ ਕਿਤਾਬ ਇਸ ਵਕਤ ਸੰਸਾਰ ਸਿਆਸਤ ਦੀ ਚਰਚਾ ਦਾ ਕੇਂਦਰ ਬਣੀ ਪਈ ਹੈ। ਕਹਿੰਦੇ ਹਨ ਕਿ ਰਾਜੇ ਦਾ ਪੁੱਤਰ ਮੰਗਣ ਵੀ ਤੁਰ ਪਏ ਤਾਂ ਠੂਠੇ ਵਿਚ ਲੋਕੀਂ ਮੋਤੀਆਂ ਦੀ ਖੈਰ ਪਾਉਂਦੇ ਹਨ। ਟੋਨੀ ਬਲੇਅਰ ਏਨਾ ਕਿਸਮਤ ਵਾਲਾ ਨਹੀਂ ਜਾਪਦਾ। ਉਸ ਦੀ ਚੌਵੀ ਪੌਂਡ ਕੀਮਤ ਵਾਲੀ ਕਿਤਾਬ ਮੁੱਢਲੇ ਪੜਾਅ ’ਤੇ ਹੀ ਆਮ ਪਾਠਕ ਲਈ ਅੱਧੀ ਕੀਮਤ ਕਰ ਕੇ ਬਾਰਾਂ–ਬਾਰਾਂ ਪੌਂਡ ਦੀ ਵੇਚਣੀ ਪੈ ਰਹੀ ਹੈ। ਵੇਚਣ ਦਾ ਢੰਗ ਏਨਾ ਭੱਦਾ ਚੁਣਿਆ ਹੈ ਕਿ ਵੇਖ ਕੇ ਹੱਸਣ ਨੂੰ ਦਿਲ ਕਰਦਾ ਹੈ। ਟੋਨੀ ਬਲੇਅਰ ਦੀ ਫੋਟੋ ਲਾ ਕੇ ਹੇਠਾਂ ਕਿਤਾਬ ਦੀ ਕੀਮਤ ਬਾਰਾਂ ਪੌਂਡ ਏਨੇ ਵੱਡੇ ਅੱਖਰਾਂ ਵਿਚ ਲਿਖੀ ਪਈ ਹੈ, ਜਿਵੇਂ ਸ਼ਾਪਿੰਗ ਮਾਲ ਵਾਲੇ ਆਪਣੇ ਨਾ ਵਿਕ ਰਹੇ ਮਾਲ ਦੀ ‘ਸੇਲ’ ਲਈ ਇਸ਼ਤਿਹਾਰਬਾਜ਼ੀ ਕਰ ਰਹੇ ਹੋਣ। ਏਨੀ ਹਾਸੋਹੀਣੀ ਸਥਿਤੀ ਬੰਦੇ ਦੇ ਆਪਣੇ ਕਿਰਦਾਰ ਕਾਰਨ ਬਣਦੀ ਹੈ।

ਜਿਵੇਂ ਕਦੇ ਅੱਧ–ਵਿਚਾਲਿਓਂ ਜੌਹਨ ਮੇਜਰ ਨੇ ਆਪਣੀ ਪਾਰਟੀ ਦੀ ਮਾਰਗਰੇਟ ਥੈਚਰ ਤੋਂ ਕੁਰਸੀ ਖੋਹ ਲਈ ਸੀ, ਉਸ ਦੀ ਥਾਂ ਆਏ ਟੋਨੀ ਬਲੇਅਰ ਦੀ ਮਿਆਦ ਮੁੱਕਣ ਦਾ ਕੁਝ ਸਮਾਂ ਰਹਿੰਦਿਆਂ ਉਸ ਨੂੰ ਪਾਸੇ ਧੱਕ ਕੇ ਗਾਰਡਨ ਬਰਾਊਨ ਅਗੇ ਆ ਗਿਆ ਸੀ। ਟੋਨੀ ਬਲੇਅਰ ਨੇ ਜਦੋਂ ਬਰਤਾਨੀਆ ਦੀ ਕਮਾਨ ਪਹਿਲੀ ਵਾਰ ਸਾਂਭੀ ਸੀ, ਉਹ ਮਾੜਾ ਬੰਦਾ ਨਹੀਂ ਸੀ ਗਿਣਿਆ ਜਾਂਦਾ। ਆਪਣੀਆਂ ਕਈ ਨੀਤੀਆਂ ਦਾ ਜਨਤਕ ਵਿਰੋਧ ਹੋਣ ਦੇ ਬਾਵਜੂਦ ਉਹ ਵਾਰ–ਵਾਰ ਲੇਬਰ ਪਾਰਟੀ ਦੀ ਜਿੱਤ ਦਾ ਰਾਹ ਪੱਧਰਾ ਕਰ ਲੈਂਦਾ ਰਿਹਾ ਸੀ। ਫਿਰ ਉਹ ਸਮਾਂ ਆ ਗਿਆ, ਜਦੋਂ ਉਸ ਦੇ ਅਮਰੀਕਾ ਵਾਲੇ ਜੋੜੀਦਾਰ ਜਾਰਜ ਬੁਸ਼ ਦੇ ਤਸਲੇ ਮੂਧੇ ਵੱਜ ਜਾਣ ਨੇ ਬਰਤਾਨੀਆ ਦੀ ਲੇਬਰ ਪਾਰਟੀ ਨੂੰ ਵੀ ਆਪਣੀ ਬੇੜੀ ਡੁੱਬ ਜਾਣ ਦੀ ਚਿੰਤਾ ਲਾ ਦਿੱਤੀ। ਇਸ ਤੋਂ ਬਚਣ ਲਈ ਲੇਬਰ ਪਾਰਟੀ ਨੂੰ ਆਗੂ ਬਦਲਣਾ ਪੈ ਗਿਆ। ਟੋਨੀ ਬਲੇਅਰ ਦੀ ਥਾਂ ਆਇਆ ਗਾਰਡਨ ਬਰਾਊਨ ਉਸ ਦਾ ਕੋਈ ਸੁਚੱਜਾ ਬਦਲ ਬਣ ਕੇ ਪੇਸ਼ ਨਹੀਂ ਹੋ ਸਕਿਆ। ਗੱਲਾਂ ਉਸ ਨੇ ਬਹੁਤ ਕੀਤੀਆਂ, ਪਰ ਪਾਰਟੀ ਨੂੰ ਡੁੱਬ ਜਾਣ ਤੋਂ ਬਚਾ ਸਕਣ ਜੋਗਾ ਨਾ ਨਿਕਲਿਆ। ਉਹ ਤਾਂ ਹਾਰ ਜਾਣ ਮਗਰੋਂ ਇਹ ਧੱਬਾ ਵੀ ਲਵਾ ਬੈਠਾ ਕਿ ਗੱਦੀ ਬਚਾਉਣ ਲਈ ਉਹ ਲਿਬਰਲ ਵਾਲਿਆਂ ਨਾਲ ਪਰਦੇ ਪਿੱਛੇ ਗੋਂਦਾਂ ਗੁੰਦਣ ਵੀ ਤੁਰ ਪਿਆ ਸੀ। ਹੁਣ ਜਦੋਂ ਲੇਬਰ ਪਾਰਟੀ ਦੀ ਸਰਕਾਰ ਨਹੀਂ ਰਹੀ ਤੇ ਹਰ ਕੋਈ ਇਸ ਹਾਲ ਨੂੰ ਪੁੱਜਣ ਦੀ ਜ਼ਿੰਮੇਵਾਰੀ ਦੂਜੇ ਵਲ ਸੁੱਟਣ ਲੱਗ ਪਿਆ ਹੈ, ਓਦੋਂ ਸਾਹਮਣੇ ਆਈ ਟੋਨੀ ਬਲੇਅਰ ਦੀ ਕਿਤਾਬ ਵੀ ਇਕ ਤਰ੍ਹਾਂ ਨਾਲ ਉਸ ਦੀ ਆਪਣੀ ਭੂਮਿਕਾ ਦੀ ਸਫਾਈ ਦੇਣ ਵਰਗੀ ਕੋਸ਼ਿਸ਼ ਹੈ।

ਅਸੀਂ ਪਿਛਲੇ ਸਮੇਂ ਵਿਚ ਕਈ ਲੀਡਰਾਂ ਦੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਹਨ। ਕਦੇ ਪੰਡਿਤ ਜਵਾਹਰ ਲਾਲ ਨਹਿਰੂ ਦੀਆਂ ਆਪਣੀ ਧੀ ਇੰਦਰਾ ਗਾਂਧੀ ਨੂੰ ਲਿਖੀਆਂ ਚਿੱਠੀਆਂ ਦੀ ਕਿਤਾਬ ਆਈ ਸੀ, ਜਿਸ ਵਿਚ ਉਸ ਨੇ ਆਪਣੀ ਧੀ ਨੂੰ ਧਰਤੀ ਦੇ ਬਣਨ ਤੋਂ ਲੈ ਕੇ ਮਨੁੱਖਤਾ ਦੇ ਮੁਕੰਮਲ ਇਤਿਹਾਸ ਦਾ ਗਿਆਨ ਦੇਣ ਦਾ ਯਤਨ ਕੀਤਾ ਸੀ। ਉਹ ਕਿਤਾਬ ਇਹੋ ਜਿਹੀ ਸੀ, ਜਿਹੜੀ ਦੁਨੀਆ ਭਰ ਦੇ ਮਾਪਿਆਂ ਵਲੋਂ ਆਪਣੀ ਔਲਾਦ ਨੂੰ ਸੌਖੀ ਆਮ ਸਿੱਖਿਆ ਦੀ ਪਹਿਲੀ ਪੌੜੀ ਬਣ ਸਕਦੀ ਸੀ। ਜਿਹੜੇ ਲੋਕ ਪੰਡਤ ਨਹਿਰੂ ਦੀ ਰਾਜਨੀਤੀ ਨਾਲ ਸਹਿਮਤ ਨਹੀਂ ਸਨ ਅਤੇ ਉਹਦੇ ਦੇਹਾਂਤ ਪਿੱਛੋਂ ਵੀ ਉਸ ਦੇ ਓਦਾਂ ਦੇ ਹੀ ਕੱਟੜ ਵਿਰੋਧੀ ਬਣੇ ਰਹੇ, ਉਨ੍ਹਾਂ ਵਿਚ ਵੀ ਅਨੇਕਾਂ ਇਹੋ ਜਿਹੇ ਸਨ, ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਉਹ ਕਿਤਾਬ ਪੜ੍ਹਨ ਦੀ ਪ੍ਰੇਰਨਾ ਦਿੱਤੀ ਸੀ। ਕਿਸੇ ਹੋਰ ਆਗੂ ਨੇ ਇਹੋ ਜਿਹਾ ਕੰਮ ਕੀਤਾ ਹੋਵੇ, ਸਾਡੇ ਧਿਆਨ ਵਿਚ ਨਹੀਂ।

ਦੂਜੇ ਪਾਸੇ ਅਸੀਂ ਇਹੋ ਜਿਹੇ ਆਗੂਆਂ ਬਾਰੇ ਵੀ ਜਾਣਦੇ ਹਾਂ, ਜਿਨ੍ਹਾਂ ਨੇ ਰਾਜਨੀਤੀ ਵਿਚੋਂ ਰਹੀ ਕਮਾਈ ਦੀ ਕਸਰ ਪੂਰੀ ਕਰਨ ਲਈ ਕਿਤਾਬਾਂ ਲਿਖ ਮਾਰੀਆਂ ਜਾਂ ਲੋਕਾਂ ਦੇ ਇਕ ਵਿਸ਼ੇਸ਼ ਵਰਗ ਨੂੰ ਭੁਚਲਾਉਣ ਤੇ ਜਾਂ ਫਿਰ ਆਪਣੇ ਕਿਰਦਾਰ ਦੀ ਕਾਲਖ ਲੁਕਾਉਣ ਲਈ ਕਿਤਾਬਾਂ ਲਿਖੀਆਂ ਹਨ। ਟੋਨੀ ਬਲੇਅਰ ਉਨ੍ਹਾਂ ਵਿਚੋਂ ਆਖਰੀ ਸ਼੍ਰੇਣੀ ਵਿਚ ਆਉਂਦਾ ਹੈ, ਪਰ ਉਸ ਤੋਂ ਪਹਿਲਾਂ ਕੁਝ ਹੋਰਨਾਂ ਦੀ ਗੱਲ ਕਰਨੀ ਬਣਦੀ ਹੈ।

ਕੁਝ ਸਮਾਂ ਪਹਿਲਾਂ ਇਕ ਕਿਤਾਬ ਲਿਖੀ ਸੀ ਭਾਰਤ ਦੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ। ਉਸ ਵਿਚ ਤੱਥ ਵੀ ਗ਼ਲਤ ਅਤੇ ਤੋੜੇ–ਮਰੋੜੇ ਪਏ ਸਨ, ਜਿਸ ਦਾ ਪਹਿਲਾਂ ਉਹ ਆਦੀ ਨਹੀਂ ਸੀ ਹੁੰਦਾ। ਸਾਰੀ ਕਿਤਾਬ ਉਸ ਨੇ ਇਕ ਖਾਸ ਸੋਚ ਅਤੇ ਮਕਸਦ ਅਧੀਨ ਲਿਖੀ ਸੀ। ਉਸ ਤੋਂ ਕੁਝ ਸਮਾਂ ਪਹਿਲਾਂ ਅਡਵਾਨੀ ਨੇ ਪਾਕਿਸਤਾਨ ਜਾ ਕੇ ਮੁਹੰਮਦ ਅਲੀ ਜਿਨਾਹ ਦੇ ਸੋਹਿਲੇ ਗਾਏ ਸਨ ਤੇ ਉਸ ਦੇ ਪ੍ਰਿਤਪਾਲਕ ਆਰ ਐਸ ਐਸ ਵਾਲੇ ਉਸ ਨਾਲ ਤੜਿੰਗ ਹੋ ਗਏ ਸਨ। ਜਿਸ ਭਾਰਤੀ ਜਨਤਾ ਪਾਰਟੀ ਨੇ ਉਸ ਨੂੰ ਦੇਸ਼ ਦੇ ਵੱਡੇ ਤਖਤ ਉਤੇ ਬਿਠਾਉਣ ਦਾ ਝੰਡਾ ਉਠਾ ਰੱਖਿਆ ਸੀ, ਉਹ ਉਸ ਦੇ ਨਾਲ ਖੜੋਣ ਦੀ ਥਾਂ ਉਸ ਤੋਂ ਪਾਸਾ ਵੱਟ ਕੇ ਉਸ ਦੀ ਛੁੱਟੀ ਕਰਨ ਨੂੰ ਤਿਆਰ ਹੋ ਗਈ ਸੀ। ਸੌ ਵਲ ਪਾ ਕੇ ਉਸ ਨੇ ਆਪਣੇ ਅਸਲੀ ਮਾਲਕ ਮਨਾਏ ਤੇ ਫਿਰ ਪੁਰਾਣੇ ਵੱਕਾਰ ਦੀ ਬਹਾਲੀ ਲਈ ਉਹ ਕਿਤਾਬ ਲਿਖ ਦਿੱਤੀ ਸੀ, ਜਿਸ ਵਿਚ ਆਪਣੇ ਬਚਪਨ ਤੋਂ ਲੈ ਕੇ ਵੇਰਵੇ ਦਰਜ ਕਰ ਕੇ ਇਹ ਸਾਬਤ ਕਰਨ ਦਾ ਯਤਨ ਕੀਤਾ ਸੀ ਕਿ “ਮੈਂ ਹਿੰਦੂਤਵ ਦਾ ਜਮਾਂਦਰੂ ਝੰਡਾ ਬਰਦਾਰ ਹਾਂ।” ਉਸ ਕਿਤਾਬ ਦੀ ਚਰਚਾ ਨੇ ਜਿਨਾਹ ਦੀ ਕਬਰ ’ਤੇ ਜਾ ਕੇ ਫਾਤਿਹਾ ਪੜਨ ਵਾਲੀ ਯਾਦ ’ਤੇ ਮਿੱਟੀ ਪਾ ਦਿੱਤੀ ਤੇ ਅਡਵਾਨੀ ਖੁਸ਼ ਹੋ ਗਿਆ।

ਫਿਰ ਇਕ ਕਿਤਾਬ ਲਿਖੀ ਓਸੇ ਭਾਰਤੀ ਜਨਤਾ ਪਾਰਟੀ ਦੇ ਦੂਜੇ ਸਿਰਕੱਢ ਆਗੂ ਜਸਵੰਤ ਸਿੰਘ ਨੇ, ਜਿਸ ਵਿਚ ਪਾਕਿਸਤਾਨ ਬਣਨ ਦੀ ਸਾਰੀ ਕਹਾਣੀ ਪਾ ਕੇ ਮੁਹੰਮਦ ਅਲੀ ਜਿਨਾਹ ਦੀਆਂ ਕੁਝ ਸਿਫਤਾਂ ਵੀ ਕਰ ਦਿੱਤੀਆਂ। ਭਾਜਪਾ ਵਾਲੇ ਉਸ ਦੇ ਪਿੱਛੇ ਪੈ ਗਏ। ਉਨ੍ਹਾਂ ਦੀ ਨਰਿੰਦਰ ਮੋਦੀ ਵਾਲੀ ਸਰਕਾਰ ਨੇ ਗੁਜਰਾਤ ਵਿਚ ਉਸ ਕਿਤਾਬ ਦੀ ਵਿਕਰੀ ’ਤੇ ਪਾਬੰਦੀ ਵੀ ਲਾ ਦਿੱਤੀ, ਜਿਹੜੀ ਅਦਾਲਤ ਵਿਚ ਜਾ ਕੇ ਜਾਇਜ਼ ਠਹਿਰਾਉਣੀ ਮੁਸ਼ਕਿਲ ਹੋ ਗਈ ਅਤੇ ਫਿਰ ਹਟਾਉਣੀ ਪਈ ਸੀ। ਜਸਵੰਤ ਸਿੰਘ ਨੂੰ ਭਾਜਪਾ ਵਿਚੋਂ ਕੱਢ ਦਿੱਤਾ ਗਿਆ। ਉਹ ਆਪਣੀ ਗੱਲ ’ਤੇ ਅੜਿਆ ਰਿਹਾ ਤੇ ਪਾਕਿਸਤਾਨ ਜਾ ਕੇ ਵੀ ਆਪਣੀ ਕਿਤਾਬ ਦਾ ਰਿਲੀਜ਼ ਸਮਾਗਮ ਕਰ ਆਇਆ। ਸਾਲ ਇਕ ਮਸਾਂ ਲੱਗਾ ਤੇ ਉਸ ਨੂੰ ਫਿਰ ਭਾਜਪਾ ਨੇ ਵਾਪਸ ਲੈ ਕੇ ਆਪਣਾ ਆਗੂ ਬਣਾ ਲਿਆ। ਜਦੋਂ ਕੱਢਿਆ ਸੀ, ਓਦੋਂ ਉਸ ਦੀ ਚੇਅਰਮੈਨੀ ਵਾਲੀ ਪਾਰਲੀਮੈਂਟਰੀ ਕਮੇਟੀ ਵਿਚਲੇ ਆਪਣੇ ਮੈਂਬਰਾਂ ਨੂੰ ਮੀਟਿੰਗ ਵਿਚ ਜਾਣੋਂ ਵੀ ਰੋਕ ਦਿੱਤਾ ਸੀ। ਭਾਜਪਾ ਦੀ ਉਸ ਤੜਫਣੀ ਦਾ ਅਸਲ ਕਾਰਨ ਇਹ ਘੱਟ ਸੀ ਕਿ ਜਸਵੰਤ ਸਿੰਘ ਨੇ ਜਿਨਾਹ ਦੀ ਸਿਫਤ ਕੀਤੀ ਸੀ, ਵੱਧ ਇਹ ਸੀ ਕਿ ਸਹਿਜ ਸੁਭਾਅ ਉਸ ਨੇ ਉਹ ਵੇਰਵੇ ਦਰਜ ਕਰ ਦਿੱਤੇ ਸਨ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਸ਼ਾਂਤ ਵਸਦੇ ਇਲਾਕਿਆਂ ਵਿਚ ਦੰਗੇ ਭੜਕਾਉਣ ਦਾ ਕੰਮ ਉਸ ਹਿੰਦੂ ਮਹਾਂ ਸਭਾ ਨੇ ਛੋਹਿਆ ਸੀ, ਜਿਸ ਦੀ ਲਾਈ ਕਲਮ ਵਿਚੋਂ ਪਹਿਲਾਂ ਜਨ ਸੰਘ ਤੇ ਫਿਰ ਭਾਜਪਾ ਜੰਮੀ ਸੀ। ਜਦੋਂ ਜਸਵੰਤ ਸਿੰਘ ਨੇ ਕਿਤਾਬ ਤੋਂ ਚੋਖੀ ਕਮਾਈ ਕਰ ਲਈ ਤੇ ਗੱਲ ਮੱਠੀ ਪੈ ਜਾਣ ਕਰ ਕੇ ਉਸ ਬਾਰੇ ਸਵਾਲ ਪੁੱਛੇ ਜਾਣ ਦਾ ਵਕਤ ਵੀ ਨਾ ਰਿਹਾ। ਓਦੋਂ ਉਸੇ ਜਸਵੰਤ ਸਿੰਘ ਨੂੰ ਭਾਜਪਾ ਨੇ ਵਾਪਸ ਲੈ ਕੇ ਗਲ ਨਾਲ ਲਾ ਲਿਆ। ਏਨੀ ਛੇਤੀ ਉਹ ਗੰਗਾ ਤਾਂ ਨਹੀਂ ਸੀ ਨਹਾ ਆਇਆ। ਏਦਾਂ ਦੀਆਂ ਕੁਝ ਹੋਰ ਕਿਤਾਬਾਂ ਵੀ ਆਈਆਂ ਅਤੇ ਕਈ ਲੀਡਰਾਂ ਨੇ ਕਿਤਾਬਾਂ ਦੀ ਥਾਂ ਅਖ਼ਬਾਰਾਂ ਵਿਚ ਲੇਖ ਲਿਖ ਕੇ ਇਹੋ ਕੁਝ ਕੀਤਾ, ਪਰ ਮਕਸਦ ਸਭ ਦਾ ਲਗਭਗ ਇੱਕੋ ਸੀ, ਟੋਨੀ ਬਲੇਅਰ ਤੇ ਅਡਵਾਨੀ ਵਾਲਾ ਹੀ।



ਹੁਣ ਆਈਏ ਟੋਨੀ ਬਲੇਅਰ ਦੀ ਕਿਤਾਬ ਵਲ। ਇਸ ਮਾਮਲੇ ਵਿਚ ਕੁਝ ਹੋਰ ਕਹਿਣ ਤੋਂ ਪਹਿਲਾਂ ਇਹ ਨੋਟ ਕਰਨਾ ਚਾਹੀਦਾ ਹੈ ਕਿ ਪਿਛਲੀ ਸਦੀ ਨੇ ਬਰਤਾਨੀਆ ਦੀ ਹੈਸੀਅਤ ਕਾਫੀ ਹੌਲੀ ਕਰ ਛੱਡੀ ਸੀ। ਵੀਹਵੀਂ ਸਦੀ ਚੜ੍ਹਨ ਵੇਲੇ ਸੰਸਾਰ ਭਰ ਵਿਚ ਫੈਲੇ ਬਰਤਾਨਵੀਂ ਸਾਮਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ, ਪਰ ਅੱਧ ਆਉਣ ਤੱਕ ਉਸ ਦਾ ਸੂਰਜ ਡੁੱਬਦਾ–ਡੁਬਦਾ ਉਨ੍ਹਾਂ ਹੱਦਾਂ ਤੱਕ ਸੀਮਤ ਹੋਣ ਲੱਗ ਪਿਆ, ਜਿਨ੍ਹਾਂ ਵਿਚ ਕਈ ਵਾਰੀ ਬਰਫ ਅਤੇ ਧੁੰਦ ਕਾਰਨ ਕਈ–ਕਈ ਦਿਨ ਸੂਰਜ ਦੇ ਦਰਸ਼ਨ ਹੀ ਨਹੀਂ ਸਨ ਹੁੰਦੇ। ਉਸ ਸਦੀ ਦੇ ਸ਼ੁਰੂ ਵਿਚ ਜਦੋਂ ਮੰਡੀਆਂ ’ਤੇ ਕਬਜ਼ੇ ਲਈ ਪਹਿਲੀ ਸੰਸਾਰ ਜੰਗ ਲੱਗੀ, ਓਦੋਂ ਤੱਕ ਬਰਤਾਨੀਆ ਇਕ ਧੜੇ ਦੇ ਦੇਸ਼ਾਂ ਦਾ ਮੋਹਰੀ ਹੁੰਦਾ ਸੀ, ਪਰ ਜਦੋਂ ਵੀਹ ਸਾਲ ਬਾਅਦ ਦੂਜੀ ਸੰਸਾਰ ਜੰਗ ਏਸੇ ਮਕਸਦ ਲਈ ਲੜਨੀ ਪਈ ਤਾਂ ਉਸ ਧੜੇ ਦੀ ਕਮਾਨ ਅਸਲ ਵਿਚ ਅਮਰੀਕੀਆਂ ਦੇ ਹੱਥ ਆ ਚੁੱਕੀ ਸੀ। ਚਾਲਬਾਜ਼ੀ ਦੇ ਮਾਹਰ ਅਮਰੀਕੀਆਂ ਨੇ ਹਿਟਲਰ ਅੱਗੇ ਅੜ ਕੇ ਮਰਨ ਦਾ ਸਭ ਤੋਂ ਪਹਿਲਾ ਮੌਕਾ ਸੋਵੀਅਤ ਰੂਸ ਵਾਲਿਆਂ ਨੂੰ ਦਿੱਤਾ ਤੇ ਦੂਜੀ ਪਾਲ ’ਤੇ ਬਰਤਾਨੀਆ ਨੂੰ ਖੜਾ ਕਰਕੇ ਨੁਕਸਾਨ ਉਸ ਦਾ ਹੋਣ ਦਿੱਤਾ, ਪਰ ਤਬਾਹ ਹੋਏ ਯੂਰਪੀ ਮੁਲਕਾਂ ਦੀ ਮੁੜ ਉਸਾਰੀ ਦੇ ਠੇਕੇ ਆਪਣੀਆਂ ਕੰਪਨੀਆਂ ਨੂੰ ਦਿਵਾ ਦਿੱਤੇ ਸਨ। ਫਿਰ ਸੰਸਾਰ ਦੀ ਸੱਥ ਯੂ ਐਨ. ਵਿਚ ਕਹਿਣ ਖਾਤਰ ਬਰਤਾਨੀਆ ਨੂੰ ਵੀਟੋ ਦੀ ਤਾਕਤ ਦਿਵਾ ਦਿੱਤੀ, ਪਰ ਅਸਲ ਵਿਚ ਇਹ ਤਾਕਤ ਬਰਤਾਨੀਆ ਨੇ ਨਹੀਂ ਸੀ ਵਰਤਣੀ, ਅਮਰੀਕਾ ਨੇ ਆਪਣੇ ਲਈ ਹੀ ਦੂਜੀ ਵੋਟ ਦਾ ਪ੍ਰਬੰਧ ਕੀਤਾ ਸੀ।

ਏਨਾ ਕੁਝ ਹੋ ਕੇ ਵੀ ਬਰਤਾਨੀਆ ਦੀ ਹਾਲਤ ਕਿਰਾਏ ਦੇ ਕਾਰਿੰਦੇ ਵਾਲੀ ਓਦੋਂ ਤੱਕ ਨਹੀਂ ਸੀ ਬਣੀ, ਜਦੋਂ ਤੱਕ ਟੋਨੀ ਬਲੇਅਰ ਨੇ ਇਸ ਦੇ ਪ੍ਰਧਾਨ ਮੰਤਰੀ ਵਜੋਂ ਅਗਵਾਈ ਨਹੀਂ ਸੀ ਸਾਂਭੀ। ਅਮਰੀਕਾ ਨੇ ਇਕ ਜੰਗ ਚਾਲੀ ਕੁ ਸਾਲ ਪਹਿਲਾਂ ਵੀਅਤਨਾਮ ਵਿਚ ਲੜੀ ਸੀ, ਉਸ ਵਿਚ ਵੀ ਉਸ ਦੀ ਹਾਲਤ ਕੁੱਟ ਖਾਣ ਪਿੱਛੋਂ ‘ਲੌਟ ਕੇ ਬੁੱਧੂ ਘਰ ਕੋ ਆਏ’ ਵਾਲੀ ਹੋਈ ਸੀ। ਬਰਤਾਨੀਆ ਨੂੰ ਉਸ ਜੰਗ ਵਿਚ ਖਿੱਚਣ ਲਈ ਵੀ ਅਮਰੀਕਾ ਨੇ ਜ਼ੋਰ ਲਾਇਆ ਸੀ, ਪਰ ਉਦੋਂ ਦੇ ਪ੍ਰਧਾਨ ਮੰਤਰੀ ਹੈਰਾਲਡ ਵਿਲਸਨ ਨੇ ਸਾਫ ਕਹਿ ਦਿੱਤਾ ਸੀ ਕਿ ਜਿਸ ਨੇ ਪੁਆੜੇ ਪਾਏ ਹਨ, ਉਹ ਆਪ ਹੀ ਭੁਗਤਦਾ ਫਿਰੇ, ਬਰਤਾਨਵੀ ਫੌਜ ਉਥੇ ਲੜਨ ਨਹੀਂ ਜਾਵੇਗੀ। ਟੋਨੀ ਬਲੇਅਰ ਪਹਿਲਾ ਪ੍ਰਧਾਨ ਮੰਤਰੀ ਸੀ, ਜਿਸ ਨੂੰ ਬਰਤਾਨੀਆ ਦਾ ਅਟਲ ਬਿਹਾਰੀ ਵਾਜਪਾਈ ਕਿਹਾ ਜਾ ਸਕਦਾ ਹੈ। ਅਮਰੀਕਾ ਨੇ ਭਾਵੇਂ ਭਾਰਤ ਤੋਂ ਮਦਦ ਲੈਣ ਤੋਂ ਪ੍ਰਹੇਜ਼ ਕੀਤਾ ਸੀ, ਪਰ ਸਾਡੇ ਪ੍ਰਧਾਨ ਮੰਤਰੀ ਵਾਜਪਾਈ ਨੇ ਅਫਗਾਨਿਸਤਾਨ ਦੀ ਜੰਗ ਵੇਲੇ ਬਿਨਾਂ ਮਦਦ ਦੀ ਨੌਬਤ ਆਏ ਤੋਂ ਹੀ ਕਹਿ ਦਿੱਤਾ ਸੀ ਕਿ ‘ਭਾਰਤ ਕਾ ਬੱਚਾ–ਬੱਚਾ ਅਮਰੀਕਾ ਕੇ ਸਾਥ ਹੈ।’ ਜਿਵੇਂ ਓਦੋਂ ਵਾਜਪਾਈ ਸਾਹਿਬ ਨੂੰ ਅਮਰੀਕੀ ਘੋੜ–ਸਵਾਰਾਂ ਦੇ ਪਿੱਛੇ ‘ਮਰੀਅਲ ਖੱਚਰ ਵਾਲਾ ਪੰਜਵਾਂ ਸਵਾਰ’ ਬਣਨ ਦਾ ਜ਼ੋਸ਼ ਆ ਗਿਆ ਸੀ, ਟੋਨੀ ਬਲੇਅਰ ਨੇ ਵੀ ਉਹੋ ਕੁਝ ਕਰ ਵਿਖਾਇਆ। ਕਿਸੇ ਵੀ ਹੋਰ ਤੋਂ ਪਹਿਲਾਂ ਟੋਨੀ ਬਲੇਅਰ ਨੇ ਇਹ ਐਲਾਨ ਕੀਤਾ ਸੀ ਕਿ ਉਹ ਅਮਰੀਕਾ ਦੀ ਜੰਗ ਮੁਹਿੰਮ ਦਾ ਮੋਹਰਾ ਬਣ ਕੇ ਆਪਣੀ ਫੌਜ ਅਫਗਾਨਿਸਤਾਨ ਭੇਜੇਗਾ। ਇਥੋਂ ਸ਼ੁਰੂ ਹੋਈ ਮੁਹਿੰਮ ਜਦੋਂ ਇਰਾਕ ਵਿਚ ਵੀ ਜਾ ਪੁੱਜੀ, ਜਿੱਥੇ ਦੋਵਾਂ ਦੇਸ਼ਾਂ ਦੀ ਫੌਜ ਨੂੰ ਵੱਡਾ ਜਾਨੀ ਨੁਕਸਾਨ ਝੱਲਣਾ ਪਿਆ, ਟੋਨੀ ਬਲੇਅਰ ਜੰਗ ਵਿਚ ਵੀ ਤੇ ਜੰਗ ਲਈ ਘੜੀ ਗਈ ਝੂਠੀ ਬਹਾਨੇਬਾਜ਼ੀ ਵਿਚ ਵੀ ਭਾਈਵਾਲ ਬਣਿਆ ਰਿਹਾ।

ਟੋਨੀ ਬਲੇਅਰ ਦੀਆਂ ਕੁਝ ਨੀਤੀਆਂ ਮਾੜੀਆਂ ਹੋ ਸਕਦੀਆਂ ਹਨ, ਪਰ ਇਹ ਹਰ ਕੋਈ ਮੰਨਦਾ ਹੈ ਕਿ ਕੁਝ ਕੰਮ ਉਸ ਨੇ ਆਮ ਆਦਮੀ ਦੇ ਭਲੇ ਵਾਲੇ ਵੀ ਕੀਤੇ ਸਨ। ਸਕੂਲਾਂ ਲਈ ਉਸ ਦੇ ਵਕਤ ਗਰਾਂਟਾਂ ਵਧੀਆਂ ਸਨ ਤੇ ਸਮਾਜੀ ਸੁਰੱਖਿਆ ਦੀਆਂ ਸਕੀਮਾਂ ਵੀ ਹੁਣ ਜਿੰਨੇ ਕੁਹਾੜੇ ਦੀ ਮਾਰ ਹੇਠ ਨਹੀਂ ਸਨ। ਇਸ ਦੇ ਬਾਵਜੂਦ ਜੇ ਉਸ ਦੀ ਸਰਕਾਰ ਬਾਰੇ ਲੋਕਾਂ ਦੀ ਰਾਏ ਮਾੜੀ ਬਣਦੀ ਗਈ ਤੇ ਲੇਬਰ ਪਾਰਟੀ ਨੂੰ ਲੀਡਰ ਬਦਲਣਾ ਪੈ ਗਿਆ ਤਾਂ ਦੋ ਕਾਰਨਾਂ ਕਰ ਕੇ। ਪਹਿਲਾ ਕਾਰਨ ਇਹ ਕਿ ਉਹ ਲੇਬਰਪੁਣੇ ਦੀ ਲੀਹ ਤੋਂ ਲੱਥ ਗਿਆ ਸੀ। ਟੋਨੀ ਬਲੇਅਰ ਵੇਲੇ ਲੇਬਰ ਪਾਰਟੀ ਵਿਚ ਦੋ–ਦੋ ਪੌਂਡ ਦੇ ਕੇ ਆਪਣਾ ਸਮਰਥਨ ਦੇਣ ਵਾਲੇ ਸਾਧਾਰਨ ਮੈਂਬਰਾਂ ਨਾਲੋਂ ਸਵਰਾਜ ਪਾਲ ਵਰਗੇ ਪੂੰਜੀਪਤੀਆਂ ਦੀ ਪੁੱਛ–ਗਿੱਛ ਵਧ ਗਈ, ਜਿਹੜੇ ਦੋ–ਦੋ ਮਿਲੀਅਨ (ਵੀਹ–ਵੀਹ ਲੱਖ) ਪੌਂਡ ਪਲਾਂ ਵਿਚ ਦੇ ਸਕਣ। ਦੂਜੀ ਤੇ ਇਸਤੋਂ ਵੱਡੀ ਗਲਤੀ ਅਮਰੀਕੀ ਖੰਘੂਰੇ ਪਿੱਛੇ ਲੱਗ ਕੇ ਇਰਾਕ ਦੀ ਜੰਗ ਵਿਚ ਕੁੱਟ ਖਾਣ ਤੁਰ ਪੈਣਾ ਸੀ।

ਹੁਣ ਜਦੋਂ ਟੋਨੀ ਬਲੇਅਰ ਦੀ ਕਿਤਾਬ ਮਾਰਕੀਟ ਵਿਚ ਆਈ ਹੈ ਤਾਂ ਇਸ ਦੇ ਪ੍ਰਕਾਸ਼ਕਾਂ ਨੇ ਬਣਦੇ ਸੇਵਾ ਫਲ ਦੇ ਸਾਢੇ ਚਾਰ ਮਿਲੀਅਨ (ਪੰਜਤਾਲੀ ਲੱਖ) ਪੌਂਡ ਦੀ ਬਜਾਏ ਪੰਜਾਹ ਲੱਖ ਪੌਂਡ ਉਸ ਨੂੰ ਅਗਾਊਂ ਦੇ ਦਿੱਤੇ ਹਨ, ਜੋ ਭਾਰਤੀ ਸਿੱਕੇ ਵਿਚ ਚਾਲੀ ਕਰੋੜ ਦੇ ਨੇੜੇ–ਤੇੜੇ ਬਣਨਗੇ। ਟੋਨੀ ਨੇ ਐਲਾਨ ਕੀਤਾ ਕਿ ਇਹ ਪੈਸੇ ਆਪਣੇ ਲਈ ਨਹੀਂ ਖਰਚਣੇ, ਇਰਾਕ ਦੀ ਜੰਗ ਵਿਚ ਮਾਰੇ ਗਏ ਜਾਂ ਜ਼ਖਮੀ ਹੋਏ ਫੌਜੀਆਂ ਦੇ ਪਰਿਵਾਰਾਂ ਦੀ ਮਦਦ ਲਈ ਦੇ ਦੇਣੇ ਹਨ। ਏਨੀ ਗੱਲ ਆਖ ਕੇ ਉਸਨੇ ਭੂੰਡਾਂ ਦੀ ਨਵੀਂ ਖੱਖਰ ਛੇੜ ਲਈ ਹੈ। ਏਨੇ ਸਵਾਲ ਪੁੱਛੇ ਜਾਣ ਲੱਗ ਪਏ ਹਨ ਕਿ ਸਾਰਿਆਂ ਦਾ ਜਵਾਬ ਦੇ ਸਕਣਾ ਹੀ ਟੋਨੀ ਬਲੇਅਰ ਲਈ ਸੁਰਤਾ ਭੁਲਾ ਦੇਣ ਵਾਲਾ ਝਮੇਲਾ ਬਣ ਗਿਆ ਹੈ। ਆਪਣੇ–ਪਰਾਏ ਸਾਰੇ ਹੀ ਟੋਨੀ ਬਲੇਅਰ ਨੂੰ ਉਸ ਜੰਗ ਦਾ ਮੁੱਖ ਮੁਜਰਮ ਸਾਬਤ ਕਰਨ ਇੰਵ ਤੁਰ ਪਏ ਹਨ, ਜਿਸ ਦਾ ਕਿਸੇ ਨੇ ਕਿਆਸ ਤੱਕ ਨਹੀਂ ਸੀ ਕੀਤਾ।

ਖਾੜੀ ਦੇ ਦੇਸ਼ਾਂ ਵਿਚ ਜੇ ਕਿਸੇ ਦਾ ਕਤਲ ਹੋ ਜਾਵੇ ਤਾਂ ਕਾਤਲ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਦਾ ਇੱਕੋ ਪ੍ਰਬੰਧ ਹੈ ਕਿ ਕਤਲ ਹੋਏ ਬੰਦੇ ਦੇ ਪਰਿਵਾਰ ਦੀ ਮੰਗ ਮੁਤਾਬਕ ਕਾਤਲ ਦਾ ਪਰਿਵਾਰ ਰਕਮ ਅਦਾ ਕਰ ਦੇਵੇ। ਅੰਗਰੇਜ਼ੀ ਵਿਚ ਇਸ ਨੂੰ ‘ਬਲੱਡ ਮਨੀ’ ਕਿਹਾ ਜਾਂਦਾ ਹੈ। ਕਈ ਸਦੀਆਂ ਤੱਕ ਇਹ ਰਿਵਾਜ ਕਈ ਯੂਰਪੀ ਦੇਸ਼ਾਂ ਵਿਚ ਵੀ ਪ੍ਰਚੱਲਤ ਰਹਿ ਚੁੱਕਾ ਹੈ। ਟੋਨੀ ਬਲੇਅਰ ਦੀ ਇਸ ਪੇਸ਼ਕਸ਼ ਨੂੰ ਬਰਤਾਨੀਆ ਦੇ ਲੋਕ ਇਹ ਕਹਿ ਕੇ ਰੱਦ ਕਰ ਰਹੇ ਹਨ ਕਿ ਬਲੇਅਰ ਆਪਣੇ ਗੁਨਾਹ ਬਖਸ਼ਾਉਣ ਲਈ ‘ਬਲੱਡ ਮਨੀ’ ਪੇਸ਼ ਕਰਨ ਦਾ ਯਤਨ ਕਰ ਰਿਹਾ ਹੈ। ਉਸ ਨੂੰ ਯਾਦ ਕਰਵਾਇਆ ਜਾ ਰਿਹਾ ਹੈ ਕਿ ਜਦੋਂ ਇਰਾਕ ਦੀ ਜੰਗ ਲੱਗੀ, ਓਦੋਂ ਅਮਰੀਕਾ ਦੇ ਨਾਲ ਖੜੋ ਕੇ ਟੋਨੀ ਬਲੇਅਰ ਦੀ ਸਰਕਾਰ ਨੇ ਵਾਰ–ਵਾਰ ਕਿਹਾ ਸੀ ਕਿ ਸੱਦਾਮ ਹੁਸੈਨ ਨੇ ਜਨਤਕ ਤਬਾਹੀ ਦੇ ਹਥਿਆਰ ਤਿਆਰ ਕਰ ਲਏ ਹਨ, ਜਿਨ੍ਹਾਂ ਦਾ ਖਾਤਮਾ ਕਰਨ ਦਾ ਜੰਗ ਤੋਂ ਬਿਨਾਂ ਕੋਈ ਰਾਹ ਹੀ ਨਹੀਂ। ਜਦੋਂ ਇਰਾਕ ਉਤੇ ਕਬਜ਼ਾ ਕਰ ਲਿਆ ਤਾਂ ਉਥੇ ਇਹੋ ਜਿਹੇ ਹਥਿਆਰ ਨਹੀਂ ਸਨ ਨਿਕਲੇ। ਅਮਰੀਕਾ ਵਾਲਿਆਂ ਨੂੰ ਵੀ ਮੰਨਣਾ ਪਿਆ ਸੀ ਤੇ ਟੋਨੀ ਬਲੇਅਰ ਨੂੰ ਵੀ ਕਿ ਉਹ ਰਿਪੋਰਟਾਂ ਆਧਾਰ ਰਹਿਤ ਸਨ, ਸਗੋਂ ਲੋਕਾਂ ਨੂੰ ਜੰਗ ਲਈ ਮਾਨਸਿਕ ਤੌਰ ‘ਤੇ ਤਿਆਰ ਕਰਨ ਲਈ ਘੜੀਆਂ ਗਈਆਂ ਸਨ। ਬਰਤਾਨੀਆ ਦੇ ਲੋਕ ਕਹਿੰਦੇ ਹਨ ਕਿ ਆਪਣੇ ਲੋਕਾਂ ਨੂੰ ਜੰਗ ਦੀ ਭੱਠੀ ਵਿਚ ਝੋਕਣ ਲਈ ਬਲੇਅਰ ਨੇ ਝੂਠੀਆਂ ਰਿਪੋਰਟਾਂ ਪੇਸ਼ ਕਰਕੇ ਪੂਰੇ ਦੇਸ਼ ਨਾਲ ਧੋਖਾ ਕੀਤਾ ਹੈ, ਕਿਤਾਬ ਦੀ ਕਮਾਈ ਦੇ ਪੌਂਡਾਂ ਦਾ ਪੋਚਾ ਮਾਰਕੇ ਹੁਣ ਉਹ ਉਸ ਕਾਲਖ ਦੇ ਦਾਗ ਪੂੰਝਣ ਦਾ ਯਤਨ ਕਰ ਰਿਹਾ ਹੈ। ਉਹ ਇਹ ਪੁੱਛਦੇ ਹਨ ਕਿ ਜੇ ਚਾਲੀ ਸਾਲ ਪਹਿਲਾਂ ਪ੍ਰਧਾਨ ਮੰਤਰੀ ਹੈਰਾਲਡ ਵਿਲਸਨ ਵੀਅਤਨਾਮ ਦੀ ਜੰਗ ਵਿਚ ਜਾਣ ਤੋਂ ਨਾਂਹ ਕਰ ਸਕਦਾ ਸੀ ਤਾਂ ਟੋਨੀ ਬਲੇਅਰ ਤੋਂ ਜਾਰਜ ਬੁਸ਼ ਨੂੰ ਇਹ ਨਾਂਹ ਕਿਉਂ ਨਾ ਕੀਤੀ ਗਈ?

ਅਮਰੀਕਾ ਵਿਚ ਜਾਰਜ ਬੁਸ਼ ਦੀ ਪਾਰਟੀ ਨੂੰ ਵੀ ਏਸੇ ਗੁਨਾਹ ਦੀ ਸਜ਼ਾ ਭੁਗਤਣੀ ਪਈ ਸੀ, ਜਦੋਂ ਬਰਾਕ ਓਬਾਮਾ ਦੀ ਜਿੱਤ ਹੋਈ ਸੀ। ਜਿਸ ਪਾਸੇ ਨੂੰ ਇਹ ਬਹਿਸ ਬੁਸ਼ ਦੀ ਹਾਰ ਨੇ ਤੋਰੀ ਸੀ, ਟੋਨੀ ਬਲੇਅਰ ਦੀ ਕਿਤਾਬ ਨੇ ਇਹ ਅੱਗੇ ਵਧਾ ਦਿੱਤੀ ਹੈ। ਬੇਇੱਜ਼ਤੀ ਤਾਂ ਉਹਦੀ ਪਹਿਲਾਂ ਹੀ ਬਥੇਰੀ ਹੋ ਚੁੱਕੀ ਸੀ, ਹੁਣ ਉਹ ਰਹਿੰਦੀ ਕਸਰ ਵੀ ਕਢਵਾ ਲਵੇਗਾ।

## ਟੋਨੀ ਬਲੇਅਰ ’ਤੇ ਜੁੱਤੀਆਂ ਅਤੇ ਅੰਡਿਆਂ ਦੀ ਵਾਛੜ

**ਡਬਲਿਨ :** ਅਪਣੀ ਜ਼ਿੰਦਗੀ ਬਾਰੇ ਕਿਤਾਬ ‘ਏ ਜਰਨੀ’ ਦੇ ਪ੍ਰਚਾਰ ਲਈ ਪੁੱਜੇ ਟੋਨੀ ਬਲੇਅਰ ਉਪਰ ਬੀਤੀ 4 ਸਤੰਬਰ ਨੂੰ ਇਥੇ ਜੰਗ ਵਿਰੋਧੀ ਮੁਜ਼ਾਹਰਾਕਾਰੀਆਂ ਨੇ ਜੁੱਤੀਆਂ ਅਤੇ ਅੰਡਿਆਂ ਦੀ ਵਰਖਾ ਕਰ ਦਿੱਤੀ। ਭਾਰੀ ਗਿਣਤੀ ਵਿਚ ਇਕੱਠੇ ਹੋਏ ਮੁਜ਼ਾਹਰਾਕਾਰੀ ਬਲੇਅਰ ਦੇ ਹੱਥ ਖ਼ੂਨ ਨਾਲ ਰੰਗੇ ਹੋਣ ਦਾ ਦੋਸ਼ ਲਗਾ ਰਹੇ ਸਨ। ਜਿਉਂ ਹੀ ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਆਇਰਲੈਂਡ ਦੀ ਰਾਜਧਾਨੀ ’ਚ ਕਿਤਾਬਾਂ ਦੀ ਇਕ ਦੁਕਾਨ ‘ਤੇ ਪੁੱਜੇ ਤਾਂ ਮੁਜ਼ਾਹਰਾਕਾਰੀਆਂ ਨੇ ਜੁੱਤੀਆਂ, ਅੰਡੇ ਅਤੇ ਹੋਰ ਸਾਮਾਨ ਬਲੇਅਰ ਵਲ ਸੁੱਟਣਾ ਸ਼ੁਰੂ ਕਰ ਦਿੱਤਾ ਪਰ ਕੋਈ ਵੀ ਚੀਜ਼ ਉਨ੍ਹਾਂ ਦੇ ਨਾ ਲੱਗੀ। ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਹੋਏ ਸਨ। ਬਲੇਅਰ ਦੇ ਦਸਤਖ਼ਤਾਂ ਵਾਲੀ ਕਿਤਾਬ ਖ਼ਰੀਦਣ ਵਾਲਿਆਂ ਨੂੰ ਆਪਣੇ ਬੈਗ ਅਤੇ ਮੋਬਾਈਲ ਫ਼ੋਨ ਬਾਹਰ ਰੱਖਣ ਲਈ ਕਿਹਾ ਗਿਆ ਸੀ। ਦੱਸਣਯੋਗ ਹੈ ਕਿ ਬਲੇਅਰ ਦੇ ਕਾਰਜਕਾਲ ਦੌਰਾਨ ਹੀ 2003 ਵਿਚ ਇਰਾਕ ਵਿਚ ਫ਼ੌਜ ਭੇਜਣ ਦਾ ਫ਼ੈਸਲਾ ਕੀਤਾ ਗਿਆ ਸੀ।

# ਬਲੇਅਰ ਦੀ ਪੁਸਤਕ ‘ਏ ਜਰਨੀ’ ’ਚ ਦਿਲਚਸਪ ਖੁਲਾਸੇ

**ਲੰਡਨ :** ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਆਪਣੇ ਤੋਂ ਮਗਰੋਂ ਬਣੇ ਦੇਸ਼ ਦੇ ਪ੍ਰਧਾਨ ਮੰਤਰੀ ਗੋਰਡਨ ਬ੍ਰਾਊਨ ਨੂੰ ‘ਸੰਕਟ’ ਕਰਾਰ ਦਿੰਦਿਆਂ ਇਰਾਕ ਜੰਗ ‘ਚ ਹੋਈਆਂ ਮੌਤਾਂ ਲਈ ‘ਘੋਰ ਅਫਸੋਸ’ ਪ੍ਰਗਟ ਕੀਤਾ ਹੈ।

ਆਪਣੀ ਲਿਖੀ ਪੁਸਤਕ ਵਿਚ ਉਨ੍ਹਾਂ ਨੇ ਕਿਹਾ ਕਿ 2003 ਦੇ ਇਰਾਕ ਹਮਲੇ ਦੇ ਨਤੀਜੇ ਬੜੇ ‘ਭਿਆਨਕ’ ਸਨ ਤੇ ਉਹ ਇਹ ਪੇਸ਼ੀਨਗੋਈ ਨਹੀਂ ਕਰ ਸਕੇ ਕਿ “ਕੋਈ ਸੰਕਟ ਮੰਡਰਾਉਣ ਵਾਲਾ” ਹੈ। 1997 ਤੋਂ 2007 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਬਲੇਅਰ ਨੇ ਆਪਣੀ ਪੁਸਤਕ ‘ਏ ਜਰਨੀ’ ਵਿਚ ਕਿਹਾ ਹੈ ਕਿ ਉਹ ਸਭ ਪਾਸੇ ਹੋਈਆਂ ਮੌਤਾਂ ਲਈ ਬੇਹੱਦ ਪ੍ਰੇਸ਼ਾਨ ਤੇ ਸ਼ਰਮਿੰਦੇ ਹੋਏ ਜਿਨ੍ਹਾਂ ‘ਚ ਬਰਤਾਨਵੀ ਸੈਨਿਕ, ਉਨ੍ਹਾਂ ਦੇ ਭਾਈਵਾਲ, ਆਮ ਇਰਾਕੀ ਨਾਗਰਿਕ, ਸਫੀਰ ਤੇ ਆਮ ਹੱਤਿਆਵਾਂ ਦਾ ਨਿਸ਼ਾਨਾ ਬਣਨ ਵਾਲੇ ਸ਼ੁਮਾਰ ਹਨ।



ਪਰ ਨਾਲ ਹੀ ਉਨ੍ਹਾਂ ਕਿਹਾ ਹੈ ਕਿ ਉਹ “ਜੰਗ ‘ਚ ਜਾਣ ਦੇ ਫੈਸਲੇ ‘ਤੇ ਪਛਤਾਵਾ ਨਹੀਂ ਕਰ ਸਕਦੇ” ਕਿਉਂਕਿ ਸੱਦਾਮ ਹੁਸੈਨ ਨੂੰ ਹਟਾਉਣ ਦੀ ਥਾਂ ਅਹੁਦੇ ‘ਤੇ ਬਣੇ ਰਹਿਣ ਦੇਣ ਨਾਲ ਸੁਰੱਖਿਆ ਲਈ ਵੱਡਾ ਸੰਕਟ ਛਿੜ ਸਕਦਾ ਸੀ। ਬਲੇਅਰ ਨੇ ਆਪਣੇ ਕੁਲੀਗ ਤੋਂ ਵਿਰੋਧੀ ਬਣੇ ਗੋਰਡਨ ਬ੍ਰਾਊਨ ਦੀ ਭਾਰੀ ਨਿੰਦਿਆਂ ਕਰਦਿਆਂ ਕਿਹਾ ਕਿ ਉਹਨੂੰ ਉਨ੍ਹਾਂ ਦੀ ਪਾਰਟੀ ਵਾਲਿਆਂ ਨੇ ਪ੍ਰਧਾਨ ਮੰਤਰੀ ਵਜੋਂ ਵਧਾ ਚੜ੍ਹਾ ਕੇ ਦੇਖਿਆ। ਉਨ੍ਹਾਂ ਕਿਹਾ ਹੈ, “ਬਰਾਊਨ ਦੇ ਅਹੁਦੇ ‘ਤੇ ਤਿੰਨ ਸਾਲ ‘ਆਫਤ’ ਜਿਹੇ ਸਨ।

ਸਾਬਕਾ ਪ੍ਰਧਾਨ ਮੰਤਰੀ ਨੇ ਲੇਬਰ ਪਾਰਟੀ ਦੀ ਕਰਾਰੀ ਹਾਰ ਲਈ ਬ੍ਰਾਊਨ ਦੀ ਤਬਦੀਲ ਹੋਈ ਰਣਨੀਤੀ ਨੂੰ ਦੋਸ਼ੀ ਕਿਹਾ ਹੈ। ਪੁਸਤਕ ‘ਚ ਇਰਾਕ ‘ਤੇ ਹਮਲਾ, ਉਤਰੀ ਆਇਰਲੈਂਡ ‘ਚ ਅਮਨ ਅਮਲ, ਘਰੇਲੂ ਸੁਧਾਰ ਤੇ ਉਨ੍ਹਾਂ ਦੇ ਬ੍ਰਾਊਨ ਨਾਲ ਅਣਸੁਖਾਵੇਂ ਸਬੰਧਾਂ ਦਾ ਜ਼ਿਕਰ ਹੈ।

ਜਾਪਦਾ ਹੈ ਕਿ ਪੁਸਤਕ ‘ਚ ਬਲੇਅਰ ਨੇ ਸਾਬਕਾ ਗ੍ਰਹਿ ਸਕੱਤਰ ਜੈਕ ਸਟਰਾਅ ਤੇ ਆਪਣੇ ਨਿੱਜੀ ਸਹਾਇਕ ਅਲਾਸਟੇਅਰ ਕੈਂਪਬੈਲ ਜਿਹੇ ਆਪਣੇ ਵਫਾਦਾਰਾਂ ਨੂੰ ਵੀ ਨਹੀਂ ਬਖਸ਼ਿਆ। ਉਨ੍ਹਾਂ ਨੇ ਸ਼ਰਾਬ ‘ਤੇ ਆਪਣੀ ਨਿਰਭਰਤਾ ਤੇ ਰਾਣੀ ਨਾਲ ਪਰਸਪਰ ਟਾਕਰਿਆਂ ਦਾ ਵੇਰਵਾ ਵੀ ਦਿੱਤਾ ਹੈ। ਉਨ੍ਹਾਂ ਨੇ ਸਵੀਕਾਰ ਕੀਤਾ ਹੈ ਕਿ ਅਹੁਦੇ ‘ਤੇ ਰਹਿੰਦਿਆਂ ਉਨ੍ਹਾਂ ਦੀ ਸਭ ਤੋਂ ਵੱਡੀ ਗਲਤੀ ਸ਼ਰਨ ਮੰਗਣ ਵਾਲਿਆਂ ਦੇ ਹੜ੍ਹ ਨਾਲ ਨਜਿੱਠਣ ‘ਚ ਅਸਫਲ ਰਹਿਣਾ ਸੀ। ਇਹਦੀ ਪੇਸ਼ੀਨਗੋਈ ਕਰਨ ਅਤੇ ਉਭਰ ਰਹੇ ‘ਨਿਮਨ ਵਰਗ’ ਨਾਲ ਨਿਬੜਨ ‘ਚ ਵੀ ਉਹ ਅਸਫਲ ਰਹੇ। ਪੁਸਤਕ ‘ਚ ਇਕ ਪੂਰਾ ਅਧਿਆਇ ਸ਼ਹਿਜ਼ਾਦੀ ਡਿਆਨਾ ਦੀ ਮੌਤ ਸਬੰਧੀ ਹੈ।

# ਪੰਜਾਬ ਟਾਈਮਜ਼

**ਸਨਿਚਰਵਾਰ, 11 ਸਤੰਬਰ 2010**

ਜਿਹੜੇ ਆਪਣੇ ਆਪ ਨੂੰ ਯੋਗ ਸਮਝਦੇ ਹਨ, ਉਹੀ ਯੋਗ ਹੁੰਦੇ ਹਨ। -ਵਰਜਿਲ


## ਕ੍ਰਿਕਟ ਦਾ ਸੱਟਾ

ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਅਤੇ ਬਰਤਾਨੀਆ ਕ੍ਰਿਕਟ ਬੋਰਡ ਦੇ ਦਬਾਅ ਅੱਗੇ ਝੁਕਦਿਆਂ ਪਾਕਿਸਤਾਨ ਕ੍ਰਿਕਟ ਬੋਰਡ ਨੇ ਆਪਣੇ ਤਿੰਨ ਖਿਡਾਰੀਆਂ ਕਪਤਾਨ ਸਲਮਾਨ ਬੱਟ, ਮੁਹੰਮਦ ਆਮਿਰ ਅਤੇ ਮੁਹੰਮਦ ਆਸਿਫ ਨੂੰ ਇੰਗਲੈਂਡ ਦੌਰੇ ਦੌਰਾਨ ਇਕ ਦਿਨਾ ਅਤੇ ਟਵੰਟੀ-20 ਲੜੀ ਦੇ ਮੈਚਾਂ ਵਿਚੋਂ ਬਾਹਰ ਕਰ ਦਿੱਤਾ ਹੈ। ਇਨ੍ਹਾਂ ਖਿਡਾਰੀਆਂ ਨੂੰ ਟੀਮ 'ਚੋਂ ਬਾਹਰ ਕਰਨ ਦਾ ਐਲਾਨ ਟੀਮ ਮੈਨੇਜਰ ਯਵਰ ਸਈਅਦ ਨੇ ਕੀਤਾ। ਯਾਦ ਰਹੇ ਇਨ੍ਹਾਂ ਤਿੰਨ ਖਿਡਾਰੀਆਂ ਖਿਲਾਫ਼ ਪਿਛਲੇ ਹਫਤੇ ਬਰਤਾਨੀਆ ਦੀ ਇਕ ਅਖ਼ਬਾਰ ਨੇ ਦੋਸ਼ ਲਾਏ ਸਨ ਕਿ ਉਨ੍ਹਾਂ ਵਲੋਂ ਇਕ ਟੈਸਟ ਮੈਚ ਮਿੱਥ ਕੇ ਖੇਡਿਆ ਗਿਆ। ਬਰਤਾਨੀਆ ਦੀ ਇਸ ਅਖ਼ਬਾਰ ਨੇ ਅਜਿਹੇ ਖੁਲਾਸੇ ਇਕ ਸੁਟਿੰਗ ਆਪ੍ਰੇਸ਼ਨ ਵਿਚ ਕੀਤੇ ਸਨ। ਪਾਕਿਸਤਾਨੀ ਖਿਡਾਰੀਆਂ ਨੂੰ ਕੱਢਣ ਦਾ ਉਪਰੋਕਤ ਫੈਸਲਾ ਪਾਕਿ ਦੇ ਅਧਿਕਾਰੀਆਂ ਵਲੋਂ ਲੰਦਨ ਵਿਖੇ ਬਰਤਾਨੀਆ ਅਤੇ ਵੇਲਜ਼ ਕ੍ਰਿਕਟ ਬੋਰਡ ਦੇ ਅਧਿਕਾਰੀਆਂ ਨਾਲ ਇਕ ਮੀਟਿੰਗ ਤੋਂ ਪਿੱਛੋਂ ਲਿਆ ਗਿਆ। ਯਾਦ ਰਹੇ, ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਦੇ ਪਿਛਲੇ ਹਫਤੇ ਪ੍ਰਕਾਸ਼ ਵਿਚ ਆਏ ਉਪਰੋਕਤ ਘੁਟਾਲੇ ਨੇ ਸਾਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਘੁਟਾਲੇ ਤਹਿਤ ਪਾਕਿਸਤਾਨੀ ਖਿਡਾਰੀਆਂ ਵਲੋਂ ਲਾਰਡਜ਼ ਕ੍ਰਿਕਟ ਟੈਸਟ ਵਿਚ ਮਿੱਥ ਕੇ ਨੋ ਬਾਲਾਂ ਕੀਤੀਆਂ ਗਈਆਂ, ਜਿਸ ਦਾ ਵਿਰੋਧੀ ਟੀਮ ਨੂੰ ਫਾਇਦਾ ਹੋਇਆ। ਇਹ ਸਾਰਾ ਕੁਝ ਸੱਟੇ ਵਿਚ ਮਿੱਥੀਆਂ ਸ਼ਰਤਾਂ ਅਨੁਸਾਰ ਖਿਡਾਰੀਆਂ ਨੇ ਪੈਸੇ ਲੈ ਕੇ ਕੀਤਾ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਾਕਿਸਤਾਨ ਕ੍ਰਿਕਟ ਬੋਰਡ ਇਸ ਘੁਟਾਲੇ ਦੇ ਬੇਪਰਦ ਹੋਣ ਤੋਂ ਬਾਅਦ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਅਤੇ ਇੰਗਲੈਂਡ ਕ੍ਰਿਕਟ ਬੋਰਡ ਦੇ ਭਾਰੀ ਦਬਾਅ ਹੇਠ ਸੀ। ਇਸ ਤੋਂ ਇਲਾਵਾ ਬਰਤਾਨੀਆ ਦੀ ਪ੍ਰੋਫੈਸ਼ਨਲ ਕ੍ਰਿਕਟ ਐਸੋਸੀਏਸ਼ਨ ਅਤੇ ਪਾਕਿਸਤਾਨ ਦੇ ਸਾਬਕਾ ਸੀਨੀਅਰ ਖਿਡਾਰੀਆਂ ਨੇ ਵੀ ਦਾਗੀ ਖਿਡਾਰੀਆਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਉਨ੍ਹਾਂ ਦਾ ਆਖਣਾ ਸੀ ਕਿ ਇਨ੍ਹਾਂ ਖਿਡਾਰੀਆਂ ਖਿਲਾਫ਼ ਉਮਰ ਭਰ ਲਈ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਦਿਲਚਸਪ ਤੱਥ ਇਹ ਹੈ ਕਿ ਖਿਡਾਰੀਆਂ ਨੂੰ ਟੀਮ ਤੋਂ ਵੱਖ ਕਰਨ ਦਾ ਫੈਸਲਾ ਲਏ ਜਾਣ ਤੋਂ ਪਹਿਲਾਂ ਪਾਕਿਸਤਾਨ ਕ੍ਰਿਕਟ ਬੋਰਡ ਦੇ ਮੁਖੀ ਐਜਾਜ਼ ਭੱਟ ਨੇ ਇਹ ਵੀ ਕਿਹਾ ਸੀ ਕਿ ਤਿੰਨੇ ਖਿਡਾਰੀ ਬਰਤਾਨੀਆ ਖਿਲਾਫ਼ ਖੇਡਣ ਵਾਲੀ ਟੀਮ ਦੇ ਮੈਂਬਰ ਰਹਿਣਗੇ, ਜਦੋਂ ਤੱਕ ਉਨ੍ਹਾਂ ਖਿਲਾਫ਼ ਕੋਈ ਫੈਸਲਾ ਨਹੀਂ ਹੋ ਜਾਂਦਾ ਪਰ ਬਾਅਦ ਵਿਚ ਪਾਕਿ ਬੋਰਡ ਨੇ ਆਪਣਾ ਇਹ ਫੈਸਲਾ ਬਦਲ ਲਿਆ। ਉਂਜ ਪਾਕਿਸਤਾਨ ਦੇ ਹਾਈ ਕਮਿਸ਼ਨਰ ਵਾਜਿਦ ਐਸ. ਹਸਨ ਨੇ ਆਪਣੇ ਇਕ ਵੱਖਰੇ ਬਿਆਨ ਵਿਚ ਕਿਹਾ ਹੈ ਕਿ ਸਲਮਾਨ ਬੱਟ, ਮੁਹੰਮਦ ਆਸਿਫ ਅਤੇ ਮੁਹੰਮਦ ਆਮਿਰ ਨੂੰ ਟੀਮ 'ਚੋਂ ਕੱਢਿਆ ਨਹੀਂ ਗਿਆ ਸਗੋਂ ਦੋਸ਼ਾਂ ਦੇ ਸਿੱਟੇ ਵਜੋਂ ਪੈਦਾ ਹੋਏ ਮਾਨਸਿਕ ਤਸ਼ੱਦਦ ਕਾਰਨ ਉਨ੍ਹਾਂ ਨੂੰ ਟੀਮ ਤੋਂ ਬਾਹਰ ਰੱਖਿਆ ਗਿਆ ਹੈ। ਤਿੰਨਾਂ ਖਿਡਾਰੀਆਂ ਨਾਲ ਮੀਟਿੰਗ ਪਿਛੋਂ ਹਸਨ ਨੇ ਖਿਡਾਰੀਆਂ ਦਾ ਪੱਖ ਲੈਂਦੇ ਹੋਏ ਜ਼ੋਰ ਦੇ ਕੇ ਆਖਿਆ ਕਿ ਜਦੋਂ ਤੱਕ ਤਿੰਨੇ ਕਸੂਰਵਾਰ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਉਹ ਨਿਰਦੋਸ਼ ਹਨ। ਉਧਰ ਖਿਡਾਰੀ ਵੀ ਇਸ ਗੱਲ 'ਤੇ ਕਾਇਮ ਹਨ ਕਿ ਉਹ ਨਿਰਦੋਸ਼ ਹਨ ਤੇ ਮਾਨਸਿਕ ਤਸ਼ੱਦਦ ਨੇ ਉਨ੍ਹਾਂ 'ਤੇ ਬਹੁਤ ਅਸਰ ਪਾਇਆ ਹੈ ਅਤੇ ਉਹ ਹੋਰ ਖੇਡਣ ਲਈ ਮਨੋਂ ਤਿਆਰ ਨਹੀਂ। ਖਿਡਾਰੀਆਂ ਦਾ ਇਹ ਵੀ ਆਖਣਾ ਹੈ ਕਿ ਉਨ੍ਹਾਂ ਨੇ ਪਾਕਿਸਤਾਨ ਕ੍ਰਿਕਟ ਬੋਰਡ ਨੂੰ ਬੇਨਤੀ ਕੀਤੀ ਹੈ ਕਿ ਜਦੋਂ ਤੱਕ ਉਹ ਬੇਕਸੂਰ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਬਾਕੀ ਮੈਚਾਂ ਲਈ ਉਨ੍ਹਾਂ ਦੇ ਨਾਵਾਂ 'ਤੇ ਵਿਚਾਰ ਨਾ ਕੀਤਾ ਜਾਵੇ।

ਯਾਦ ਰਹੇ, ਕਈ ਸਾਲ ਪਹਿਲਾਂ ਦੱਖਣੀ ਅਫਰੀਕਾ ਦੇ ਮਰਹੂਮ ਕ੍ਰਿਕਟ ਕਪਤਾਨ ਹੈਂਸੀ ਕ੍ਰੋਨੀਏ ਖਿਲਾਫ਼ ਸੱਟੇਬਾਜ਼ੀ ਰਾਹੀਂ ਪੈਸੇ ਲੈਣ ਅਤੇ ਮਿੱਥ ਕੇ ਮੈਚ ਖੇਡਣ ਦੇ ਦੋਸ਼ ਲੱਗੇ ਸਨ। ਅਜਿਹੇ ਦੋਸ਼ ਕਈ ਭਾਰਤੀ ਖਿਡਾਰੀਆਂ ਉਪਰ ਵੀ ਲੱਗ ਚੁੱਕੇ ਹਨ। ਅਜੇ ਜਦੇਜਾ ਨਾਂ ਦੇ ਹਰਿਆਣਵੀ ਕ੍ਰਿਕਟਰ ਨੂੰ ਭਾਰਤੀ ਟੀਮ ਵਿਚੋਂ ਇਸੇ ਆਧਾਰ ਉਪਰ ਵੱਖ ਕੀਤਾ ਗਿਆ ਸੀ। ਇਸੇ ਤਰ੍ਹਾਂ ਸਾਬਕਾ ਭਾਰਤੀ ਕ੍ਰਿਕਟ ਕਪਤਾਨ ਮੁਹੰਮਦ ਅਜ਼ਹਰੂਦੀਨ ਉਪਰ ਵੀ ਮਿੱਥ ਕੇ ਮੈਚ ਖੇਡਣ ਦੇ ਦੋਸ਼ ਲੱਗੇ ਸਨ ਭਾਵੇਂ ਕਿ ਅਜ਼ਹਰੂਦੀਨ ਇਸ ਮਾਮਲੇ ਵਿਚ ਬਹੁਤਾ ਘਿਰਨ ਤੋਂ ਬਚ ਗਿਆ ਸੀ। ਉਂਜ ਵੀ ਕ੍ਰਿਕਟ ਦੇ ਮਾਮਲੇ ਵਿਚ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਇਹ ਖੇਡ ਸਿਰਫ ਬਿਜ਼ਨੈਸ ਲਈ ਖੇਡੀ ਜਾਂਦੀ ਹੈ। ਖੇਡ ਦਾ ਸਮਾਂ ਲੰਮਾ ਹੋਣ ਕਾਰਨ ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਬਹੁਤਾ ਇਸੇ ਖੇਡ ਨੂੰ ਪ੍ਰਮੋਟ ਕਰਦੀਆਂ ਹਨ। ਇਸੇ ਕਰਕੇ ਕ੍ਰਿਕਟ ਦੀ ਖੇਡ ਹੀ ਅਖ਼ਬਾਰਾਂ ਤੇ ਹੋਰ ਮੀਡੀਆ ਵਿਚ ਵੱਡਾ ਥਾਂ ਘੇਰਦੀ ਹੈ। ਭਾਰਤ ਜਿਹੇ ਦੇਸ਼ਾਂ ਵਿਚ ਕ੍ਰਿਕਟ ਦਾ ਵਿਆਪਕ ਕਾਰੋਬਾਰ ਹੈ। ਭਾਰਤੀ ਕ੍ਰਿਕਟ ਕੰਟਰੋਲ ਬੋਰਡ ਵੀ ਅਰਬਾਂ 'ਚ ਖੇਡਦਾ ਹੈ। ਮਹਾਰਾਸ਼ਟਰੀਅਨ ਸਿਆਸਤਦਾਨ ਸ੍ਰੀ ਸ਼ਰਦ ਪਵਾਰ ਭਾਰਤੀ ਕ੍ਰਿਕਟ ਬੋਰਡ ਦੇ ਮੁਖੀ ਰਹੇ ਹਨ ਅਤੇ ਹੁਣ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਦੇ ਮੁਖੀ ਹਨ। ਪੈਸੇ ਦੀ ਖਿੱਚ ਕਾਰਨ ਹੀ ਸ਼ਰਦ ਪਵਾਰ ਜਿਹਾ ਸਿਆਸਤਦਾਨ, ਸਿਆਸਤ ਨਾਲੋਂ ਕ੍ਰਿਕਟ ਨੂੰ ਪਹਿਲ ਦੇਣ ਲੱਗਾ ਹੈ।

ਕੁੱਲ ਮਿਲਾ ਕੇ ਫੁੱਟਬਾਲ ਤੇ ਟੈਨਿਸ ਤੋਂ ਬਾਅਦ ਕ੍ਰਿਕਟ ਦੀ ਖੇਡ ਪੈਸੇ ਦੀ ਸਭ ਤੋਂ ਵੱਡੀ ਖੇਡ ਹੈ। ਇਸੇ ਕਰਕੇ ਇਸ ਖੇਡ ਦੇ ਨਾਲ ਸੱਟੇਬਾਜ਼ੀ ਦਾ ਅਰਬਾਂ ਦਾ ਕਾਰੋਬਾਰ ਜੁੜ ਗਿਆ ਹੈ। ਭਾਰਤੀ ਸੱਟੇਬਾਜ਼ਾਂ ਦਾ ਵੀ ਇਸ ਖੇਤਰ ਵਿਚ ਵਿਆਪਕ ਜਾਲ ਹੈ। ਬਰਤਾਨੀਆ ਵਿਚ ਜਿਹੜੇ ਪਾਕਿਸਤਾਨੀ ਖਿਡਾਰੀ ਫੜੇ ਗਏ ਹਨ, ਇਸ ਮਾਮਲੇ ਵਿਚਲੇ ਸੱਟੇਬਾਜ਼ ਵੀ ਭਾਰਤੀ ਸੱਟੇਬਾਜ਼ਾਂ ਦੇ ਤਹਿਤ ਕੰਮ ਕਰ ਰਹੇ ਸਨ। ਸੱਟੇਬਾਜ਼ੀ ਅਸਲ ਵਿਚ ਪੈਸੇ ਦੇ ਜ਼ਰੀਏ ਖਿਡਾਰੀਆਂ ਨੂੰ ਮਿੱਥ ਕੇ ਮਾੜਾ ਖੇਡਣ ਲਈ ਉਤਸ਼ਾਹਤ ਕਰਦੀ ਹੈ। ਇੰਜ ਖੇਡ ਵਿਚੋਂ ਖੇਡ ਦੀ ਭਾਵਨਾ ਪੂਰੀ ਤਰ੍ਹਾਂ ਖ਼ਤਮ ਹੋ ਜਾਂਦੀ ਹੈ ਅਤੇ ਹਾਰ-ਜਿੱਤ ਦੇ ਨਤੀਜੇ ਸਿਰਫ ਸੱਟੇਬਾਜ਼ਾਂ ਦੇ ਹੱਥਾਂ ਵਿਚ ਚਲੇ ਜਾਂਦੇ ਹਨ। ਸਪੱਸ਼ਟ ਹੀ ਹੈ ਕਿ ਕ੍ਰਿਕਟ ਨੂੰ ਸੱਟੇਬਾਜ਼ੀ ਆਪਣੀ ਗ੍ਰਿਫ਼ਤ ਵਿਚ ਲੈ ਚੁੱਕੀ ਹੈ। ਇੰਜ ਇਹ ਇਕ ਖੇਡ ਨਾਲੋਂ ਵੱਧ ਜੂਆ ਬਣ ਚੁੱਕੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਵਿਕਾਸ ਦੀ ਹਨੇਰੀ?*

ਢੋਂਗ ਅਤੇ ਫਰੇਬ ਦਾ ਬੋਲਬਾਲਾ, ਛੁਰੀ ਕਪਟ ਦੀ ਸੀਨੇ ਨੂੰ ਸੱਲਦੀ ਏ।
ਸ਼ੋਬੀ ਅਮਲ ਤੋਂ ਬਿਨਾ ਬਿਆਨਬਾਜ਼ੀ, ਸਾਰਾ ਮੀਡੀਏ ਵਿਚ ਥਾਂ ਮੱਲਦੀ ਏ।
ਬੱਲੇ ਬੱਲੇ ਦਾ ਪਾਈ ਘੜਮੱਸ ਜਾਂਦੇ, ਖੱਟੀ ਖਾਂਦੇ ਏਹ ਝੂਠੇ ਤਰਥੱਲ ਦੀ ਏ।
ਇਨ੍ਹਾਂ ਪਾਸੋਂ ਪੰਜਾਬ ਕਦ ਮੁਕਤ ਹੋਣਾ? ਗੱਲ ਸੁੱਝਦੀ ਕੋਈ ਨਾ ਹੱਲ ਦੀ ਏ।
ਦਾਗ ਧੋਵੇਗਾ ਕਦੋਂ ਕੋਈ ਨਵਾਂ ਆਗੂ? ਹੋਈ ਬਹੁਤ ਬਦਨਾਮੀ ਇਸ 'ਦਲ' ਦੀ ਏ।
ਮੋਤ ਮੋਤ 'ਤੇ ਰੱਖ ਕੇ ਨੀਂਹ-ਪੱਥਰ, ਕਹਿੰਦੇ 'ਨੇਰੀ 'ਵਿਕਾਸ' ਦੀ ਚੱਲਦੀ ਏ!

## ਭਾਰਤੀ ਸੂਚਨਾ ਤਕਨਾਲੋਜੀ ਸਨਅਤ ਅੰਤਰਝਾਤੀ ਮਾਰੇ

**ਸੀ ਪੀ ਚੰਦਰ ਸ਼ੇਖਰ**

ਭਾਰਤ ਦੀ ਸੂਚਨਾ ਤਕਨਾਲੋਜੀ ਸਨਅਤ ਕਾਫੀ ਖਫ਼ਾ ਹੈ। ਇਸ ਦੇ ਵਿਰੋਧ ਦਾ ਤਾਜ਼ਾ ਕਾਰਨ ਇਹ ਹੈ ਕਿ ਅਮਰੀਕਾ ਨੇ ਐਚ ਆਈ ਬੀ ਵੀਜ਼ੇ ਦੀ ਫੀਸ 2300 ਡਾਲਰ ਤੋਂ ਵਧਾ ਕੇ ਲਗਭਗ 4300 ਡਾਲਰ ਕਰਨ ਦਾ ਫੈਸਲਾ ਕੀਤਾ ਹੈ। ਇਸ ਵੀਜ਼ੇ ਦੀ ਲੋੜ ਅਮਰੀਕਾ 'ਚ ਵਕਤੀ ਤੌਰ 'ਤੇ ਰਹਿਣ ਦੇ ਚਾਹਵਾਨ ਪਰਵਾਸੀ ਹੁਨਰਮੰਦ ਕਾਮਿਆਂ ਨੂੰ ਹੁੰਦੀ ਹੈ। ਭਾਰਤੀ ਸਨਅਤ ਦਾ ਮੰਨਣਾ ਹੈ ਕਿ ਇਹ ਨਵਾਂ ਬਾਰਡਰ ਸਕਿਉਰਿਟੀ ਬਿੱਲ ਜਿਹੜਾ ਅਮਰੀਕੀ ਸੈਨੇਟ ਨੇ ਪਾਸ ਕੀਤਾ ਹੈ ਤੇ ਰਾਸ਼ਟਰਪਤੀ ਦੇ ਹਸਤਾਖਰ ਹੋਣ ਮਗਰੋਂ ਕਾਨੂੰਨ ਬਣਿਆ ਹੈ, ਵਿਦੇਸ਼ੀ ਸਾਮਾਨ 'ਤੇ ਟੈਕਸ ਲਾ ਕੇ ਅਮਰੀਕਾ ਦੀ ਸਨਅਤ ਨੂੰ ਬਚਾਉਣ ਵਾਲਾ ਤੇ ਵਿਤਕਰੇਬਾਜ਼ੀ ਭਰਪੂਰ ਹੈ। ਇਸ ਬਿੱਲ ਨੂੰ ਨਵੰਬਰ 'ਚ ਹੋਣ ਵਾਲੀਆਂ ਕਾਂਗਰਸ ਚੋਣਾਂ ਦੇ ਮੱਦੇਨਜ਼ਰ ਸਥਾਨਕ ਮਜ਼ਦੂਰਾਂ ਨੂੰ ਖ਼ੁਸ਼ ਕਰਨ ਲਈ ਸੁਰੱਖਿਆ ਚਿੰਤਾਵਾਂ ਦੀ ਰਾਜਸੀ ਦੁਰਵਰਤੋਂ ਨੂੰ ਉਜਾਗਰ ਕਰਨ ਵਾਲੇ ਵਜੋਂ ਦੇਖਿਆ ਜਾ ਰਿਹਾ ਹੈ ਤਾਂ ਜੋ ਅਜਿਹਾ ਕਰਕੇ ਆਈ ਟੀ ਜਾਂ ਆਈ ਟੀ ਅਧਾਰਤ ਸੇਵਾਵਾਂ ਦੇਣ ਲਈ ਜਾਇਜ਼ ਜਾਂ ਨਾਜਾਇਜ਼ ਢੰਗ ਵਰਤਦੀਆਂ ਵਿਦੇਸ਼ੀ ਕੰਪਨੀਆਂ ਨੂੰ ਸਜ਼ਾ ਦਿੱਤੀ ਜਾ ਸਕੇ। ਭਾਰਤੀ ਸਨਅਤ ਇਸ ਗੱਲੋਂ ਵੀ ਚਿੜ੍ਹੀ ਹੋਈ ਹੈ ਕਿ ਬਿੱਲ ਨੂੰ ਸੋਧ ਦੇਣ ਵਾਲੇ ਸੈਨੇਟਰਾਂ 'ਚੋਂ ਇਕ ਚਾਰਲਸ ਸ਼ੂਮਰ ਨੇ ਭਾਰਤ ਦੀਆਂ ਆਈ ਟੀ ਸੋਰਸਿੰਗ ਕੰਪਨੀਆਂ ਨੂੰ 'ਚਾਪ ਸ਼ਾਪਸ' ਦੱਸਿਆ, ਜਿਸ ਦਾ ਅਰਥ ਉਹ ਸ਼ੈੱਡ ਹੁੰਦੇ ਹਨ, ਜਿਨ੍ਹਾਂ ਵਿਚ ਚੋਰੀਸ਼ੁਦਾ ਕਾਰਾਂ ਦੇ ਕਲਪੁਰਜ਼ੇ ਕੱਢ ਲਏ ਜਾਂਦੇ ਹਨ ਤਾਂ ਜੋ ਉਨ੍ਹਾਂ ਨੂੰ ਅੱਗੇ ਵੇਚਿਆ ਜਾ ਸਕੇ। ਸੈਨੇਟਰ ਨੇ ਬਾਅਦ 'ਚ ਸਾਫ ਕੀਤਾ ਕਿ ਉਸ ਦੇ ਕਹਿਣ ਦਾ ਮਤਲਬ 'ਬਾਡੀ ਸ਼ਾਪਸ' ਸੀ ਤੇ ਉਸ ਨੇ ਆਪਣੀ ਗਲਤੀ ਲਈ ਮਾਫੀ ਮੰਗ ਲਈ। ਇਹ ਹਕੀਕਤ ਹੈ ਕਿ ਐਚ ਆਈ ਬੀ ਵੀਜ਼ੇ ਦੀ ਸਭ ਤੋਂ ਵੱਧ ਵਰਤੋਂ ਕਰਨ ਵਾਲੀਆਂ ਕੰਪਨੀਆਂ ਇਨਫੋਸਿਸ, ਟਾਟਾ ਕੰਸਲਟੈਂਸੀ ਸਰਵਿਸ, ਵਿਪਰੋ ਅਤੇ ਮਹਿੰਦਰਾ ਸਤਿਅਮ ਜਿਹੀਆਂ ਵੱਡੀਆਂ ਕੰਪਨੀਆਂ ਹਨ। ਇਸ ਤਰ੍ਹਾਂ ਸੈਨੇਟਰ ਦੀ ਟਿੱਪਣੀ ਉਸ ਸਨਅਤ 'ਤੇ ਦੋਸ਼ ਲਾਉਣ ਵਾਂਗ ਹੈ, ਜਿਹੜੀ ਆਪਣੇ-ਆਪ ਨੂੰ ਭਾਰਤ ਦੀ ਤਕਨਾਲੋਜੀ ਦੀ ਆਗੂ ਅਤੇ ਆਰਥਿਕ ਸੁਧਾਰਾਂ ਬਾਅਦ ਇਸ ਖੇਤਰ ਦੀ ਸਫਲਤਾ ਲਈ ਜ਼ਿੰਮੇਵਾਰ ਸਮਝਦੀ ਹੈ।

ਭਾਰਤ ਸਰਕਾਰ ਸੁਧਾਰ-ਮਗਰਲੀ ਆਪਣੀ ਸਫਲਤਾ ਦੇ ਪੱਖ 'ਚ ਅੱਗੇ ਆ ਗਈ। ਕੇਂਦਰੀ ਵਣਜ ਤੇ ਸਨਅਤ ਮੰਤਰੀ ਆਨੰਦ ਸ਼ਰਮਾ ਨੇ ਅਮਰੀਕਾ ਨੂੰ ਚਿੱਠੀ ਲਿਖੀ ਹੈ। ਮਜ਼ਦੂਰ ਨੁਮਾਇੰਦੇ ਰੋਨ ਕਿਰਕ ਨੇ ਇਸ ਨਵੇਂ ਬਿੱਲ ਦਾ ਵਿਰੋਧ ਕਰਦਿਆਂ ਇਸ ਨੂੰ ਸਮਝ ਤੋਂ ਬਾਹਰ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦਾ ਉਨ੍ਹਾਂ ਭਾਰਤੀ ਕੰਪਨੀਆਂ ਦੀ ਮੁਕਾਬਲੇਬਾਜ਼ੀ ਅਤੇ ਵਪਾਰਕ ਹਿੱਤਾਂ 'ਤੇ ਮਾੜਾ ਅਸਰ ਪਵੇਗਾ, ਜਿਹੜੀਆਂ ਆਪਣੇ ਪੇਸ਼ੇਵਰਾਂ ਨੂੰ ਅਮਰੀਕਾ 'ਚ ਅਮਰੀਕੀ ਗਾਹਕਾਂ ਵਾਸਤੇ ਪ੍ਰਾਜੈਕਟਾਂ ਦੀ ਜ਼ਿੰਮੇਵਾਰੀ ਲੈਣ ਭੇਜਦੀਆਂ ਹਨ। ਅਨੁਮਾਨ ਹੈ



ਕਿ ਫੀਸ ਵਧਾਏ ਜਾਣ ਨਾਲ ਭਾਰਤੀ ਕੰਪਨੀਆਂ ਨੂੰ 200 ਮਿਲੀਅਨ ਡਾਲਰਾਂ ਦਾ ਹੋਰ ਵੀਜ਼ਾ ਖਰਚਾ ਝੱਲਣਾ ਪਵੇਗਾ। ਸਪਸ਼ਟ ਕਰਨਾ ਬਣਦਾ ਹੈ ਕਿ ਇਸ ਬਿੱਲ ਦਾ ਅਸਰ ਭਾਰਤ ਦੀ ਸੂਚਨਾ ਤਕਨਾਲੋਜੀ ਸਨਅਤ 'ਤੇ ਤਾਂ ਪਵੇਗਾ ਹੀ ਪਰ ਇਹ ਸਿਰਫ ਭਾਰਤੀ ਸਨਅਤ ਨੂੰ ਹੀ ਨਿਸ਼ਾਨਾ ਬਣਾ ਕੇ ਨਹੀਂ ਪਾਸ ਕੀਤਾ ਗਿਆ। ਅਮਰੀਕਾ ਮੁਤਾਬਕ ਇਸ ਦੀ ਚਿੰਤਾ ਮੈਕਸੀਕੋ ਨਾਲ ਲਗਦੀ ਅਮਰੀਕੀ ਸਰਹੱਦ 'ਤੇ ਸੁਰੱਖਿਆ ਮਜ਼ਬੂਤ ਕਰਨਾ ਹੈ। ਇਹ ਕੰਮ ਹੋਰ 1000 ਸਰਹੱਦੀ ਗਸ਼ਤ ਏਜੰਟ ਅਤੇ 500 ਇਮੀਗਰੇਸ਼ਨ ਅਤੇ ਕਸਟਮਜ਼ ਅਧਿਕਾਰੀ ਭਾੜੇ 'ਤੇ ਲੈ ਕੇ ਕੀਤਾ ਜਾਣਾ ਹੈ। ਇਸ ਤੋਂ ਇਲਾਵਾ ਸਰਹੱਦ ਦੀ ਰਾਖੀ ਲਈ ਹੋਰ ਪਾਇਲਟ ਰਹਿਤ ਜਹਾਜ਼ ਤੈਨਾਤ ਕੀਤੇ ਜਾਣੇ ਹਨ। ਮੈਕਸੀਕੋ ਦੇ ਗੈਰਕਾਨੂੰਨੀ ਪ੍ਰਵਾਸੀਆਂ ਵਿਰੁਧ ਚਲਾਈ ਜਾਣ ਵਾਲੀ ਇਸ ਮੁਹਿੰਮ 'ਤੇ ਅਮਰੀਕਾ ਦਾ ਲਗਭਗ 600 ਮਿਲੀਅਨ ਡਾਲਰ ਖਰਚਾ ਆਉਣਾ ਹੈ ਤੇ ਇਹ ਖਰਚਾ 50 ਤੋਂ ਵੱਧ ਮੁਲਾਜ਼ਮ ਰੱਖਣ ਵਾਲੀਆਂ ਉਨ੍ਹਾਂ ਕੰਪਨੀਆਂ ਦੀ ਦਿੱਤੀ ਜਾਂਦੀ ਵੀਜ਼ਾ ਫੀਸ ਰਾਹੀਂ ਤਾਰਿਆ ਜਾਣਾ ਹੈ ਜਿਨ੍ਹਾਂ 'ਚ ਅੱਧੇ ਤੋਂ ਵੱਧ ਮੁਲਾਜ਼ਮ ਐਚ ਆਈ ਬੀ ਜਾਂ ਐਲ ਆਈ ਵੀਜ਼ਾ ਧਾਰਕ ਆਰਜ਼ੀ ਪਰਵਾਸੀ ਹਨ। ਇਹ ਗੱਲ ਪ੍ਰਤੱਖ ਹੈ ਕਿ ਇਹ ਬਿੱਲ ਰਾਜਸੀ ਸੁਭਾਅ ਵਾਲਾ ਹੈ ਜਿਸ ਦਾ ਉਦੇਸ਼ ਨਵੰਬਰ ਵਾਲੀਆਂ ਚੋਣਾਂ ਦੇ ਸਨਮੁੱਖ ਦੋ ਹਲਕਿਆਂ ਦੇ ਵੋਟਰਾਂ ਨੂੰ ਖ਼ੁਸ਼ ਕਰਨਾ ਹੈ। ਇਕ ਤਬਕਾ ਐਰੀਜ਼ੋਨਾ ਜਿਹੇ ਰਾਜਾਂ ਦੀ ਸਥਾਨਕ ਵਸੋਂ ਦਾ ਹੈ ਜਿਸ ਦਾ ਮੰਨਣਾ ਹੈ ਕਿ ਦੱਖਣ-ਪੱਛਮੀ ਸਰਹੱਦ ਤੋਂ ਪਾਰ ਗੈਰ ਕਾਨੂੰਨੀ ਪ੍ਰਵਾਸ ਕਾਬੂ ਤੋਂ ਬਾਹਰ ਹੋ ਗਿਆ ਹੈ। ਦੂਜਾ ਤਬਕਾ ਹੈ ਅਮਰੀਕੀ ਮਜ਼ਦੂਰਾਂ ਦਾ ਜਿਹੜੇ ਹਾਲੇ ਮੰਦੀ ਦੀ ਮਾਰ ਝੱਲ ਕੇ ਹਟੇ ਹਨ ਤੇ ਹੁਣ ਨਾਕਾਫੀ ਰੁਜ਼ਗਾਰ ਬਹਾਲੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਵਿਦੇਸ਼ੀ ਮਜ਼ਦੂਰ ਘੱਟ ਤਨਖਾਹ 'ਤੇ ਕੰਮ ਕਰਕੇ ਉਨ੍ਹਾਂ ਨੂੰ ਪਿੱਛੇ ਛੱਡ ਜਾਂਦੇ ਹਨ। ਬਿੱਲ ਦਾ ਉਦੇਸ਼ ਉਥੋਂ ਦੀ ਸਨਅਤ ਨੂੰ ਵੀ ਬਚਾਉਣਾ ਹੈ, ਕਿਉਂਕਿ ਵਿਦੇਸ਼ੀ ਕੰਪਨੀਆਂ, ਵਿਦੇਸ਼ਾਂ ਤੋਂ ਲਿਆਂਦੇ ਭਾਰੀ ਗਿਣਤੀ 'ਚ ਆਰਜ਼ੀ ਹੁਨਰਮੰਦ ਮਜ਼ਦੂਰਾਂ ਦੀਆਂ ਸੇਵਾਵਾਂ ਲੈ ਰਹੀਆਂ ਹੋਣਗੀਆਂ ਅਤੇ ਇਸ ਤਰ੍ਹਾਂ ਇਸ ਖਾਸ ਉਗਰਾਹੀ ਦਾ ਉਨ੍ਹਾਂ 'ਤੇ ਵਧੇਰੇ ਅਸਰ ਪਵੇਗਾ।

ਦਿਲਚਸਪੀ ਵਾਲੀ ਗੱਲ ਇਹ ਹੈ ਕਿ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿਤਾ ਗਿਆ ਤੇ ਛੇਤੀ ਹੀ ਕਾਨੂੰਨ ਬਣਾ ਦਿਤਾ ਗਿਆ ਜਿਸ ਤੋਂ ਸੰਕੇਤ ਮਿਲਦਾ ਹੈ ਕਿ ਇਸ ਮਸਲੇ 'ਤੇ ਸਾਰੀਆਂ ਪਾਰਟੀਆਂ ਇਕਜੁੱਟ ਸਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਰਤੀ ਸਨਅਤ ਨੂੰ ਉਮੀਦ ਸੀ ਕਿ ਅਮਰੀਕੀ ਸਰਕਾਰ, ਡੈਮੋਕਰੇਟ ਹੋਵੇ ਜਾਂ ਰਿਪਬਲਿਕ, ਅਲੱਗ ਤਰ੍ਹਾਂ ਕੰਮ ਕਰੇਗੀ। ਦਰਅਸਲ, ਰਾਸ਼ਟਰਪਤੀ ਬਰਾਕ ਓਬਾਮਾ ਵਿਦੇਸ਼ਾਂ 'ਚ ਜਾਂ ਵਿਦੇਸ਼ੀਆਂ ਹੱਥ ਗਈਆਂ ਨੌਕਰੀਆਂ ਨੂੰ ਵਾਪਸ ਅਮਰੀਕੀਆਂ ਕੋਲ ਲਿਆਉਣ ਲਈ ਕਈ ਰਿਪਬਲੀਕਨਾਂ ਤੋਂ ਜ਼ਿਆਦਾ ਕਾਹਲਾ ਹੈ। ਉਂਜ ਇਹ ਹਕੀਕਤ ਹੈ ਕਿ ਭਾਰਤ 'ਚ ਸਨਅਤ ਨੂੰ ਕਾਫੀ ਜ਼ਿਆਦਾ ਚੰਭਲਾਇਆ ਗਿਆ ਹੈ। 10 ਸਾਲਾਂ ਤੋਂ ਜ਼ਿਆਦਾ ਸਮਾਂ ਪਹਿਲਾਂ ਭਾਰਤੀ ਸਨਅਤ ਨੂੰ ਵਿਸ਼ੇਸ਼ ਕਰ ਲਾਭ ਦਿੱਤੇ ਗਏ ਸਨ। ਅੱਜ ਇਹ ਸਨਅਤ ਜੋ ਆਪਣੇ ਆਪ ਨੂੰ ਉਭਰ ਰਹੇ ਗਿਆਨ ਖੇਤਰ 'ਚ ਮੋਹਰੀ ਸਥਾਨ 'ਤੇ ਦੇਖਦੀ ਹੈ, ਉਨ੍ਹਾਂ ਰਿਆਇਤਾਂ ਨੂੰ ਆਪਣੇ ਕੋਲ ਰੱਖਣ ਲਈ ਵੀ ਭਾਰੀ ਜੱਦੋਜਹਿਦ ਕਰ ਰਹੀ ਹੈ। ਅਜਿਹਾ ਕਰਨ 'ਚ ਇਹ ਇਮਾਨਦਾਰੀ ਨਹੀਂ ਦਿਖਾਉਂਦੀ। ਸਨਅਤ ਲਗਾਤਾਰ ਮੰਗ ਕਰਦੀ ਹੈ ਕਿ ਸਰਕਾਰ 'ਦੂਰ ਰਹੇ', ਤੇ ਦਲੀਲ ਦਿੰਦੀ ਹੈ ਕਿ ਇਸ ਦਾ ਉਭਾਰ ਨਿੱਜੀ ਉਪਰਾਲਿਆਂ ਸਦਕਾ ਹੋਇਆ ਹੈ ਜਦਕਿ ਹਕੀਕਤ ਇਹ ਹੈ ਕਿ ਕਰ ਰਿਆਇਤਾਂ, ਉਦਾਰਵਾਦੀ ਵਪਾਰਕ ਨਿਯਮ ਅਤੇ ਸਰਕਾਰੀ ਏਜੰਸੀਆਂ ਦੀ ਬੁਨਿਆਦੀ ਢਾਂਚੇ 'ਚ ਦਿੱਤੀ ਮਦਦ ਇਨ੍ਹਾਂ ਨੂੰ ਮੋਟੇ ਮੁਨਾਫੇ ਦੇਣ 'ਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਰਿਆਇਤਾਂ ਤਾਂ ਸਨਅਤ ਲਈ ਨਿਆਮਤ ਹਨ ਜਿਸ ਨੂੰ ਇਹ ਬੇਸਬਰੀ ਨਾਲ ਚਾਹੁੰਦੀ ਹੈ। ਜੇਕਰ ਵੀਜ਼ਾ ਫੀਸ 'ਚ ਵਾਧੇ ਨੂੰ ਸਨਅਤ ਨੂੰ ਬਚਾਉਣ ਵਾਲਾ ਕਦਮ ਕਿਹਾ ਜਾ ਸਕਦਾ ਹੈ ਜਿਹੜਾ ਵਪਾਰਕ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਇਸ ਕਿਸਮ ਦੀ ਕਰ ਰਿਆਇਤ ਨੂੰ ਬਰਾਮਦ ਸਬਸਿਡੀ ਦੇ ਬਰਾਬਰ ਕਿਹਾ ਜਾ ਸਕਦਾ ਹੈ ਜਿਹੜੀ ਵਪਾਰਕ ਨਿਯਮਾਂ ਦੀ ਉਲੰਘਣਾ ਕਰਦੀ ਹੈ।

ਆਪਣੀਆਂ ਕਮਜ਼ੋਰੀਆਂ ਨੂੰ ਲੁਕਾਉਣ ਲਈ ਦਬਾਅ ਪਾਉਣ ਦੀ ਤਾਕਤ ਨੂੰ ਵਰਤਣ ਦੀ ਬਜਾਏ ਸਨਅਤ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਕੁਝ ਸਮੱਸਿਆਵਾਂ ਦਾ ਹੱਲ ਕਰ ਸਕਦੀ ਹੈ। ਸਨਅਤ ਕੋਲ ਹਾਲੇ ਵੀ ਘਰੇਲੂ ਸਰਕਾਰੀ ਨੀਤੀ ਨੂੰ ਪ੍ਰਭਾਵਤ ਕਰਨ ਦੀ ਤਾਕਤ ਹੈ ਪਰ ਇਹ ਮੰਨਣਾ ਕਿ ਇਹ ਉਸ ਦੇਸ਼ ਦੀ ਸਰਕਾਰ 'ਤੇ ਦਬਾਅ ਪਾ ਸਕਦੀ ਹੈ ਜਿਹੜਾ ਇਸ ਦੀ ਮੁੱਖ ਮੰਡੀ ਹੈ, ਬੇਹੱਦ ਅਹੰਕਾਰੀ ਹੋਣਾ ਹੈ। ਸ਼ਾਇਦ ਸਮੱਸਿਆ ਇਹ ਹੈ ਕਿ ਸਾਡੇ ਦੇਸ਼ 'ਚ ਇਸ ਸਨਅਤ ਦਾ ਬਹੁਤ ਜ਼ਿਆਦਾ ਬਚਾਅ ਕੀਤਾ ਜਾਂਦਾ ਹੈ ਤੇ ਇਸ ਨੂੰ ਬਹੁਤ ਜ਼ਿਆਦਾ ਚੰਭਲਾਇਆ ਜਾਂਦਾ ਹੈ। ਜੇਕਰ ਸਨਅਤ ਸਰਕਾਰ 'ਤੇ ਘੱਟ ਨਿਰਭਰ ਰਹਿੰਦੀ ਹੈ ਤਾਂ ਇਸ ਨੂੰ ਮਜ਼ਦੂਰਾਂ ਨੂੰ ਚਲ ਰਹੀ ਦਿਹਾੜੀ ਤੋਂ ਘੱਟ ਮਿਹਨਤਾਨਾ ਦਿੱਤੇ ਬਗੈਰ ਵਿਦੇਸ਼ਾਂ 'ਚ ਮੁਕਾਬਲੇਬਾਜ਼ੀ ਦੀਆਂ ਵਧ ਰਹੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਨਵੀਆਂ ਰਣਨੀਤੀਆਂ ਅਖਤਿਆਰ ਕਰਨ ਵਾਸਤੇ ਹੱਲਾਸ਼ੇਰੀ ਮਿਲ ਸਕਦੀ ਹੈ।

## ਮਨਮੋਹਨ ਸਿੰਘ ਦੀ ਜ਼ਿੰਦਗੀ ਤੇ ਸਖਸ਼ੀਅਤ ਦੇ ਕੁਝ ਪੱਖ

**ਵਿਜੇ ਸਿਮਹਾ**

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਾਰੇ ਅਜਿਹੀਆਂ ਗੱਲਾਂ ਕਹੀਆਂ ਜਾਂਦੀਆਂ ਹਨ, ਜੋ ਉਨ੍ਹਾਂ ਲਈ ਉਲਝਣ ਪੈਦਾ ਕਰ ਸਕਦੀਆਂ ਹਨ। ਆਓ, ਇਨ੍ਹਾਂ ਗੱਲਾਂ 'ਤੇ ਇਕ ਨਜ਼ਰ ਮਾਰੀਏ:

ਰਾਜ ਸਭਾ 'ਚ ਉਨ੍ਹਾਂ ਦੇ ਘਰ ਦਾ ਪਤਾ ਇਸ ਤਰ੍ਹਾਂ ਦਰਜ ਹੈ-ਮਕਾਨ ਨੰ. 3989, ਨੰਦਨ ਨਗਰ, ਗੁਹਾਟੀ (ਆਸਾਮ)। ਹੁਣ ਸਵਾਲ ਉਠਦਾ ਹੈ ਕਿ ਕੀ ਇਹ ਉਨ੍ਹਾਂ ਦੀ ਅਸਲੀ ਰਿਹਾਇਸ਼ ਹੈ? ਜ਼ਿਕਰਯੋਗ ਹੈ ਕਿ ਡਾ. ਮਨਮੋਹਨ ਸਿੰਘ ਆਸਾਮ ਤੋਂ ਰਾਜ ਸਭਾ ਲਈ ਨਾਮਜ਼ਦ ਹੋਏ ਹਨ।

ਉਨ੍ਹਾਂ ਨੇ 2009 'ਚ ਸ਼ਰਮ-ਅਲ-ਸ਼ੇਖ (ਮਿਸਰ) 'ਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨਾਲ ਮੁਲਾਕਾਤ ਤੋਂ ਬਾਅਦ ਜਾਰੀ ਸਾਂਝੇ ਬਿਆਨ 'ਚ ਬਲੋਚਿਸਤਾਨ ਵਿਚ ਫੈਲੀ ਅਸ਼ਾਂਤੀ ਦੇ ਮਸਲੇ ਨੂੰ ਵੀ ਸ਼ਾਮਿਲ ਕਰਨਾ ਮੰਨ ਲਿਆ ਸੀ। ਪਾਕਿਸਤਾਨ ਇਹ ਦੋਸ਼ ਲਗਾਉਂਦਾ ਰਹਿੰਦਾ ਹੈ ਕਿ ਉਥੇ ਫੈਲੀ ਅਸ਼ਾਂਤੀ ਪਿੱਛੇ ਭਾਰਤ ਦਾ ਹੱਥ ਹੈ, ਜਦਕਿ ਅਸਲੀਅਤ ਇਹ ਹੈ ਕਿ ਉਥੇ ਅਸ਼ਾਂਤੀ ਪਾਕਿ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਕਾਰਨ ਫੈਲੀ ਹੋਈ ਹੈ। ਅਸੀਂ ਅਜੇ ਵੀ ਹੈਰਾਨ ਹਾਂ ਕਿ ਸਾਡੇ ਪ੍ਰਧਾਨ ਮੰਤਰੀ ਬਲੋਚਿਸਤਾਨ ਦੇ ਮੁੱਦੇ ਨੂੰ ਸਾਂਝੇ ਬਿਆਨ ਵਿਚ ਸ਼ਾਮਲ ਕਰਨਾ ਕਿਵੇਂ ਮੰਨ ਗਏ?

ਕਾਂਗਰਸੀ ਐਮ.ਪੀ. ਸੱਜਣ ਕੁਮਾਰ ਫਰਵਰੀ 2010 'ਚ ਅਚਾਨਕ ਗਾਇਬ ਹੋ ਗਿਆ। ਉਹ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਲੋੜੀਂਦਾ ਸੀ। ਹੈਰਾਨੀ ਦੀ ਗੱਲ ਇਹ ਰਹੀ ਕਿ ਉਸ ਦੇ ਇਸ ਤਰ੍ਹਾਂ ਗਾਇਬ ਹੋਣ 'ਤੇ ਵੀ 10 ਦਿਨਾਂ ਤੱਕ ਪ੍ਰਧਾਨ ਮੰਤਰੀ ਦਫਤਰ ਨੇ ਕੁਝ ਨਹੀਂ ਕੀਤਾ।

ਮਨੀਪੁਰ 'ਚ ਅੰਦੋਲਨਕਾਰੀ ਨਾਗਿਆਂ ਵਲੋਂ 60 ਦਿਨਾਂ ਤੱਕ ਰਸਤਾ ਰੋਕ ਕੇ ਰੱਖੇ ਜਾਣ ਨਾਲ ਇਸ ਸੂਬੇ ਦਾ ਬਾਕੀ ਦੇਸ਼ ਨਾਲੋਂ ਸੜਕ ਸੰਪਰਕ ਟੁੱਟਿਆ ਰਿਹਾ ਸੀ ਅਤੇ ਉਥੇ ਆਵਾਜਾਈ ਰੁਕਣ ਨਾਲ ਜ਼ਰੂਰੀ ਵਸਤਾਂ ਦੀ ਥੁੜ ਪੈਦਾ ਹੋ ਗਈ ਸੀ। ਪਰ ਤ੍ਰਾਸਦੀ ਇਹ ਹੈ ਕਿ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਦਫਤਰ ਨੇ ਇਸ 'ਤੇ ਚੁੱਪ ਵੱਟੀ ਰੱਖੀ।

ਭਾਰਤ ਦਾ ਮਨੁੱਖੀ ਵਿਕਾਸ ਬਾਰੇ ਇੰਡੈਕਸ ਵੀਅਤਨਾਮ, ਸ੍ਰੀਲੰਕਾ, ਲਿਬਨਾਨ ਆਦਿ ਤੋਂ ਵੀ ਪਿੱਛੇ ਹੈ। ਵਿਸ਼ਵ ਪ੍ਰਸਿਧ ਅਰਥ ਸ਼ਾਸਤਰੀ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਸ ਦਿਸ਼ਾ ਵਿਚ ਭਾਰਤ ਦਾ ਸੂਚਕ ਅੰਕ ਵਧਾਉਣ ਦਾ ਕੋਈ ਰਾਹ ਨਹੀਂ ਲੱਭ ਸਕੇ।

ਪ੍ਰਧਾਨ ਮੰਤਰੀ ਦੀ ਜਨਤਾ ਨਾਲ ਸੰਵਾਦਹੀਣਤਾ ਅਤੇ ਸੰਪਰਕ ਦੀ ਕਮੀ ਬਾਰੇ ਅਕਸਰ ਸੁਣਨ ਨੂੰ ਮਿਲਦਾ ਹੈ। ਹੁਣ ਭਾਵੇਂ ਉਹ ਕਈ ਘੰਟੇ ਕੰਮ ਕਰਦੇ ਹੋਣ ਪਰ ਉਨ੍ਹਾਂ ਲਈ ਜਨ ਸੰਪਰਕ ਅਤੇ ਆਪਣੇ ਦੇਸ਼ਵਾਸੀਆਂ ਨਾਲ ਸੰਵਾਦ ਵੀ ਤਾਂ ਓਨਾ ਹੀ ਜ਼ਰੂਰੀ ਹੈ। ਜੇ ਉਹ ਅਮਰੀਕਾ ਦੇ ਰਾਸ਼ਟਰਪਤੀ ਓਬਾਮਾ ਵਾਂਗ ਇਕ ਹਫਤਾਵਾਰੀ ਰੇਡੀਓ ਵਾਰਤਾ ਦਾ ਪ੍ਰੋਗਰਾਮ ਬਣਾ ਲੈਣ ਤਾਂ ਉਸ ਦਾ ਜਨਤਾ 'ਤੇ ਵਿਆਪਕ ਅਸਰ ਪੈ ਸਕਦਾ ਹੈ।

ਉਕਤ ਊਣਤਾਈਆਂ ਦੇ ਨਾਲ ਹੀ ਉਨ੍ਹਾਂ ਦੀਆਂ ਚੰਗਿਆਈਆਂ ਵੀ ਹਨ ਜਿਵੇਂ: ਉਹ ਬਹੁਤ ਸਰਲ ਵਿਅਕਤੀ ਹਨ। ਉਨ੍ਹਾਂ ਦਾ ਅਕਸ ਹਰਮਨਪਿਆਰਾ ਹੈ ਤੇ ਉਨ੍ਹਾਂ ਨੂੰ ਸਿਆਸਤ 'ਚ 'ਸੰਤ' ਕਿਹਾ ਜਾਂਦਾ ਹੈ। ਉਹ ਆਪਣੇ ਕੰਮਾਂ 'ਚ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨ 'ਚ ਯਕੀਨ ਕਰਦੇ ਹਨ। ਉਨ੍ਹਾਂ ਦੀ ਵਿਦੇਸ਼ ਨੀਤੀ ਹਮੇਸ਼ਾਂ ਲਚਕਦਾਰ ਰਹੀ ਹੈ। ਗੱਲ ਨੂੰ ਸਮਝਣ ਤੇ ਉਸ 'ਤੇ ਸੋਚ-ਵਿਚਾਰ ਕਰਨ ਦੀ ਉਨ੍ਹਾਂ 'ਚ ਵਿਆਪਕ ਸਮਰੱਥਾ ਹੈ। ਉਹ ਬੇਸ਼ੱਕ ਹੀ ਗੰਭੀਰ ਸੁਭਾਅ ਦੇ ਹਨ ਪਰ ਹਾਸਾ-ਮਜ਼ਾਕ ਵੀ ਕਰ ਲੈਂਦੇ ਹਨ। ਉਨ੍ਹਾਂ ਦੀ ਇਕ ਹਾਂ-ਪੱਖੀ ਗੱਲ ਇਹ ਹੈ ਕਿ ਕਿਸੇ ਵੀ ਗੱਲ ਨੂੰ ਸ਼ੁਰੂ ਕਰਨਾ ਉਨ੍ਹਾਂ ਲਈ ਕੋਈ ਸਮੱਸਿਆ ਨਹੀਂ ਹੈ।

# ਕੁਪੋਸ਼ਣ ਤੇ ਭੁੱਖਮਰੀ ਦੇ ਸ਼ਿਕਾਰ ਬੱਚੇ ਬਨਾਮ ਭਾਰਤੀ ਅਰਥਚਾਰਾ

**ਡਾ. ਅਜੀਤਪਾਲ ਸਿੰਘ**

ਸਾਡੇ ਦੇਸ਼ ਦਾ ਕਾਰਪੋਰੇਟ ਮੀਡੀਆ ਤੇ ਸਰਕਾਰ ਦੇ ਹੋਰ ਭੌਂਪੂ ਸਮੇਂ ਸਮੇਂ ਸਿਰ ਸਾਨੂੰ ਯਾਦ ਦਿਵਾਉਂਦੇ ਰਹਿੰਦੇ ਹਨ ਕਿ ਸਾਡਾ ਮੁਲਕ ''ਉਭਰਦਾ ਅਰਥਚਾਰਾ'' ਹੈ। ਇਹ 2020 ਤੱਕ ਮਹਾਂ ਸ਼ਕਤੀ ਬਣ ਜਾਵੇਗਾ, ਸਾਡੇ ਮੁਲਕਾਂ ਦੇ ਅਮੀਰਾਂ ਦੀ ਅਮੀਰੀ 'ਤੇ ਪੱਛਮੀ ਦੇਸ਼ਾਂ ਦੇ ਅਮੀਰ ਵੀ ਲਲਚਾਉਂਦੇ ਹਨ, ਸਾਡੀਆਂ (?) ਕੰਪਨੀਆਂ ਵਿਦੇਸ਼ 'ਚ ਜ਼ਮੀਨ ਹਥਿਆ ਰਹੀਆਂ ਹਨ, ਸਾਡੀ (?) ਫੌਜ ਦੇ ਕੋਲ ਕਿੰਨੇ ਉਨਤ ਹਥਿਆਰ ਹਨ, ਸਾਡੇ ਦੇਸ਼ ਦੇ ਸ਼ਹਿਰ ਕਿੰਨੇ ਸੰਸਾਰ ਪੱਧਰੀ ਹੋ ਗਏ ਹਨ, 'ਇੰਡੀਆ ਇੰਕ' ਕਿੰਨੀ ਤਰੱਕੀ ਕਰ ਰਿਹਾ ਹੈ ਵਗੈਰਾ ਵਗੈਰਾ ਤਾਂ ਕਿ ਅਸੀਂ ਆਪਣੀਆਂ ਅੱਖਾਂ ਨਾਲ ਸੜਕਾਂ 'ਤੇ ਰੋਜ਼ਾਨਾ ਜਿਸ ਭਾਰਤ ਨੂੰ ਵੇਖਦੇ ਹਾਂ, ਉਹ ਅੱਖੋਂ ਉਹਲੇ ਹੋ ਜਾਵੇ। ਇਹ 'ਉਭਰਦਾ ਅਰਥਚਾਰਾ' ਦੀ ਉਜੜਦੀ ਜਨਤਾ ਦੀ ਤਸਵੀਰ ਹੈ। ਭੁੱਖ ਨਾਲ ਦਮ ਤੋੜਦੇ ਬੱਚੇ, ਕੁਝ ਕੁ ਰੁਪਈਆਂ ਲਈ ਵਿਕਦੀਆਂ ਔਰਤਾਂ, ਕੁਪੋਸ਼ਣ ਦੀ ਮਾਰ ਹੇਠ ਆਏ ਕਮਜ਼ੋਰ, ਪੀਲੇ ਪੈ ਚੁੱਕੇ ਬੱਚੇ। ਪੂੰਜੀਪਤੀਆਂ ਦੇ ਹਿੱਤਾਂ ਦੇ ਅਨੁਕੂਲ ਆਮ ਰਾਏ ਬਣਾਉਣ ਲਈ ਕੰਮ ਕਰਨ ਵਾਲਾ ਪੂੰਜੀਵਾਦੀ ਮੀਡੀਆ ਭਾਰਤ ਦੀ ਕਿੰਨੀ ਵੀ ਚਮਕਦੀ ਤਸਵੀਰ ਸਾਡੇ ਸਾਹਮਣੇ ਪੇਸ਼ ਕਰੇ, ਅਸਲ ਸੱਚਾਈ ਪਿੱਛਾ ਨਹੀਂ ਛੱਡਦੀ ਤੇ ਸਾਡੇ ਦੇਸ਼ ਦੀਆਂ ਸਾਰੀਆਂ ਤਲਖ ਹਕੀਕਤਾਂ ਵਿਚੋਂ ਸ਼ਾਇਦ ਭਿਆਨਕ ਸੱਚਾਈ ਪਿੱਛੇ ਜਿਹੇ ਇਕ ਰਿਪੋਰਟ ਰਾਹੀਂ ਸਾਹਮਣੇ ਆਈ।

ਯੂਨੀਸੇਫ ਦੇ ਸਾਲ 2009 ਦੇ ਇਕ ਤਾਜ਼ਾ ਮੁਲੰਕਣ ਅਨੁਸਾਰ ਪੂਰੀ ਦੁਨੀਆਂ 'ਚ ਸਭ ਤੋਂ ਵੱਧ ਕੁਪੋਸ਼ਣ ਦੇ ਸ਼ਿਕਾਰ ਬੱਚੇ ਭਾਰਤ ਵਿਚ ਹਨ। ਏਨਾ ਹੀ ਨਹੀਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਵਿਕਾਸ ਸੂਚਕ ਅੰਕ 'ਚ ਭਾਰਤ ਦੀ ਥਾਂ 182 ਦੇਸ਼ਾਂ ਵਿਚੋਂ 134ਵੀਂ ਹੈ। ਇਕ ਹੋਰ ਰਿਪੋਰਟ ਅਨੁਸਾਰ ਸੰਸਾਰ ਭੁੱਖ ਸੂਚਕ ਅੰਕ 'ਚ ਭਾਰਤ ਦੀ ਥਾਂ 119 ਦੇਸ਼ਾਂ ਵਿਚੋਂ 94ਵੀਂ ਹੈ। ਅਜਿਹੇ ਦੇਸ਼ ਲਈ ਇਹ ਸ਼ਰਮ ਨਾਲ ਡੁੱਬ ਜਾਣ ਵਾਲੀ ਗੱਲ ਹੈ, ਜੋ ਕੁਦਰਤੀ ਤੇ ਮਨੁੱਖੀ ਵਸੀਲਿਆਂ ਦਾ ਧਨੀ ਹੈ। ਖੈਰ! ਖੁਦ ਪ੍ਰਧਾਨ ਮੰਤਰੀ ਇਸ ਨੂੰ ਮੰਨਣ ਤੋਂ ਪਿੱਛੇ ਨਹੀਂ ਰਹੇ। ਪਿੱਛੇ ਜਿਹੇ ਹੀ ਇਕ ਬਿਆਨ ਵਿਚ ਉਨ੍ਹਾਂ ਨੇ ਇਸ ਨੂੰ 'ਦੇਸ਼ ਲਈ ਸ਼ਰਮਨਾਕ' ਦੱਸਿਆ ਪਰ ਪ੍ਰਧਾਨ ਮੰਤਰੀ ਸ਼ਾਇਦ ਇਹ ਭੁੱਲ ਗਏ ਕਿ ਸਿਰਫ ਮੰਨ ਲੈਣਾ ਹੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦਾ ਜਾਂ ਫਿਰ ਸਿੱਖਿਆ, ਸਿਹਤ ਤੇ ਬਾਲ ਅਧਿਕਾਰਾਂ ਨੂੰ ਆਪਣੀ ਸਰਕਾਰ ਦੀ ਤਰਜੀਹ ਦੱਸ ਦੇਣ ਨਾਲ ਵੀ ਕੁਝ ਨਹੀਂ ਹੁੰਦਾ।

ਯਾਦ ਹੋਵੇ ਕਿ ਜੂਨ 2010 ਨੂੰ ਸੰਯੁਕਤ ਪ੍ਰਗਤੀਸ਼ੀਲ ਗਠਜੋੜ ਸਰਕਾਰ ਦੇ ਦੂਜੇ ਪੜਾਅ ਦਾ ਪਹਿਲਾ ਸਾਲ ਪੂਰਾ ਹੋਣ 'ਤੇ ਪ੍ਰਧਾਨ ਮੰਤਰੀ ਨੇ 'ਜਨਤਾ ਦੇ ਨਾਮ ਰਿਪੋਰਟ, 2009-10' ਪੇਸ਼ ਕੀਤੀ। ਰਿਪੋਰਟ 'ਚ ਪ੍ਰਧਾਨ ਮੰਤਰੀ ਨੇ ਸਿੱਖਿਆ, ਸਿਹਤ ਤੇ ਬਾਲ ਅਧਿਕਾਰਾਂ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਇਆ ਸੀ। ਇਸ ਰਿਪੋਰਟ 'ਚ ਹੋਰ ਕੁਝ ਵੀ ਨਹੀਂ ਸੀ ਸਿਵਾਏ ਇਹ ਦੱਸਣ ਦੇ ਕਿ ਕਿਸ-ਕਿਸ ਕੰਮ ਲਈ ਸਰਕਾਰ ਨੇ ਕਿੰਨਾ ਪੈਸਾ ਅਲਾਟ ਕੀਤਾ। ਹੁਣ ਇਹ ਤਾਂ ਬੱਚਾ ਬੱਚਾ ਜਾਣਦਾ ਹੈ ਕਿ ਵੱਡੀਆਂ-ਵੱਡੀਆਂ ਯੋਜਨਾ ਰਾਸ਼ੀਆਂ ਭ੍ਰਿਸ਼ਟਾਚਾਰੀਆਂ ਦੇ ਪੇਟ ਤੇ ਤਿਜੋਰੀ ਵਿਚ ਭਰ ਜਾਂਦੀਆਂ ਹਨ ਅਤੇ ਇਹ ਰਕਮਾਂ ਉਨ੍ਹਾਂ ਰਾਸ਼ੀਆਂ ਦੇ ਸਾਹਮਣੇ ਬੌਣੀਆਂ ਲਗਦੀਆਂ ਹਨ ਜੋ ਕਾਰਪੋਰੇਟ ਜਗਤ ਦੇ ਪੂੰਜੀਪਤੀਆਂ ਨੂੰ ਸਰਕਾਰ ਦਿੰਦੀ ਹੈ। ਇਸੇ ਸਰਕਾਰ ਦੇ ਵਿੱਤ ਮੰਤਰੀ 11 ਲੱਖ ਕਰੋੜ ਰੁਪਏ ਦੇ ਬਜਟ ਵਿਚੋਂ 5 ਲੱਖ ਕਰੋੜ ਰੁਪਏ ਕਾਰਪੋਰੇਟ ਜਗਤ ਨੂੰ ਸਾਰੀਆਂ ਛੋਟਾਂ ਤੇ ਰਿਆਇਤਾਂ ਦੀ ਸ਼ਕਲ ਵਿਚ ਦਿੰਦੇ ਹਨ। ਉਥੇ ਦੂਜੇ ਪਾਸੇ ਆਮ ਆਦਮੀ ਦੇ ਹਿੱਤਾਂ ਲਈ ਇਹੀ ਸਰਕਾਰ ਸਿਰਫ 31,036 ਕਰੋੜ ਦੀ ਰਾਸ਼ੀ ਸਕੂਲ ਸਿੱਖਿਆ ਲਈ ਅਲਾਟ ਕਰਦੀ ਹੈ।

ਇਸ ਤੋਂ ਇਲਾਵਾ ਸਿਹਤ ਤੇ ਪਰਿਵਾਰ ਕਲਿਆਣ ਲਈ ਸਿਰਫ 22,300 ਕਰੋੜ ਰੁਪਏ ਦੀ ਵਿਵਸਥਾ ਕੀਤੀ ਜਾਂਦੀ ਹੈ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਇਹ ਸਰਕਾਰ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕਿੰਨੀ ਚਿੰਤਤ ਤੇ ਪ੍ਰਤੀਬੱਧ ਹੈ। ਸਿਹਤ ਅਤੇ ਅਨਾਜ ਸੁਰੱਖਿਆ ਦੇ ਨਾਂ 'ਤੇ ਮਿਲਣ ਵਾਲੀ ਖੈਰਾਤ ਤੇ ਉਸ 'ਚ ਵੀ ਭ੍ਰਿਸ਼ਟਾਚਾਰ ਦੇ ਕਾਰਨ ਦੇਸ਼ 'ਚ ਕੁਪੋਸ਼ਣ ਦੀ ਸਥਿਤੀ ਭਿਅੰਕਰ ਹੱਦਾਂ ਤੱਕ ਪਹੁੰਚ ਗਈ ਹੈ। ਯੂਨੀਸੇਫ ਦੀ ਉਪਰ ਲਿਖੀ ਰਿਪੋਰਟ ਦੇ ਅੰਕੜਿਆਂ 'ਤੇ ਇਕ ਨਜ਼ਰ ਹੀ ਦਿਲ ਦਹਿਲਾ ਦਿੰਦੀ ਹੈ।

**ਭੁੱਖ ਤੇ ਬਿਮਾਰੀ ਨਾਲ ਦਮ ਤੋੜਦਾ ਹੈ ਬਚਪਨ :** ਭਾਰਤ 'ਚ 5 ਸਾਲ ਤੋਂ ਘੱਟ ਉਮਰ ਦੇ 42 ਫੀਸਦੀ ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ। ਹਰ ਸਾਲ ਦੇਸ਼ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਲਗਭਗ 20 ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ 'ਚੋਂ ਲਗਭਗ 10 ਲੱਖ ਮੌਤਾਂ ਦਾ ਕਾਰਨ ਕੁਪੋਸ਼ਣ ਤੇ ਭੁੱਖ ਹੈ। ਹਾਲ ਹੀ 'ਚ ਜਾਰੀ ਇਕ ਰਿਪੋਰਟ ਅਨੁਸਾਰ ਇਕੱਲੇ ਮਹਾਂਰਾਸ਼ਟਰ 'ਚ ਕੁਪੋਸ਼ਣ ਕਾਰਨ ਹਰ ਸਾਲ 45,000 ਬੱਚਿਆਂ ਦੀ ਮੌਤ ਹੁੰਦੀ ਹੈ। ਕੁਪੋਸ਼ਣ ਤੇ ਭੁਖਮਰੀ ਕਾਰਨ ਮਨੁੱਖੀ ਵਿਕਾਸ ਸਬੰਧੀ ਭਾਰਤ, ਸਬ-ਸਹਾਰਾ ਦੇ ਦੇਸ਼ਾਂ ਤੋਂ ਵੀ ਕਾਫੀ ਪਿੱਛੇ ਹੈ। ਪਾਕਿਸਤਾਨ, ਬੰਗਲਾਦੇਸ਼ ਤੇ ਨਾਇਜੀਰੀਆ ਵਰਗੇ ਪਿਛੜੇ ਦੇਸ਼ਾਂ 'ਚ ਕੁਲ ਮਿਲਾ ਕੇ ਕੁਪੋਸ਼ਣ ਨਾਲ 15 ਫੀਸਦੀ ਬੱਚੇ ਪ੍ਰਭਾਵਿਤ ਹਨ। ਵਿਕਾਸਸ਼ੀਲ ਦੇਸ਼ਾਂ 'ਚ 5 ਸਾਲ ਤੋਂ ਘੱਟ ਉਮਰ ਦੇ ਲਗਭਗ 19,50,00,000 ਬੱਚੇ ਬੌਣੇ ਵਿਕਾਸ ਦਾ ਸ਼ਿਕਾਰ ਹਨ। ਇਨ੍ਹਾਂ 'ਚੋਂ ਲਗਭਗ 6,10,00,000 ਬੱਚੇ ਭਾਰਤ ਵਿਚ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਲਗਭਗ 12,90,00,000 ਬੱਚੇ ਘੱਟ ਵਜ਼ਨ ਦੇ ਹਨ। ਇਨ੍ਹਾਂ ਵਿਚੋਂ ਲਗਭਗ 5,40,00,000 ਭਾਰਤ ਵਿਚ ਹਨ। 2005-06 ਵਿਚ ਪੰਜ ਸਾਲ ਤੋਂ ਘੱਟ ਉਮਰ ਦੇ 43 ਫੀਸਦੀ ਭਾਰਤੀ ਬੱਚੇ ਘੱਟ ਵਜ਼ਨ ਦੇ ਸਨ ਅਤੇ 48 ਫੀਸਦੀ ਬੱਚਿਆਂ ਦਾ ਵਿਕਾਸ ਬੌਣਾ ਸੀ। ਭਾਰਤ ਦੇ ਮੁਕਾਬਲੇ ਚੀਨ ਵਿਚ ਇਸ ਉਮਰ ਵਰਗ ਵਿਚ ਸਿਰਫ 7 ਫੀਸਦੀ ਬੱਚੇ ਘੱਟ ਵਜ਼ਨ ਦੇ ਸਨ ਅਤੇ 11 ਫੀਸਦੀ ਬੱਚਿਆਂ ਦਾ ਵਿਕਾਸ ਬੌਣਾ ਸੀ। ਅਫਰੀਕੀ ਦੇਸ਼ਾਂ ਵਿਚ ਵੀ ਬੱਚਿਆਂ 'ਚ ਕੁਪੋਸ਼ਣ ਭਾਰਤ ਤੋਂ ਕਾਫੀ ਘੱਟ ਹੈ। ਪੰਜ ਸਾਲ ਤੋਂ ਘੱਟ ਉਮਰ ਦੇ 21 ਫੀਸਦੀ ਅਫਰੀਕੀ ਬੱਚੇ ਘੱਟ ਵਜ਼ਨ ਦੇ ਹਨ ਅਤੇ 36 ਫੀਸਦੀ ਬੱਚਿਆਂ ਦੇ ਵਿਕਾਸ 'ਚ ਅੜਿੱਕਾ ਹੈ। ਇਨ੍ਹਾਂ ਅੰਕੜਿਆਂ ਨੂੰ ਪੇਸ਼ ਕਰਨ ਪਿੱਛੇ ਮਨਸ਼ਾ ਅੰਕੜਾਬਾਜ਼ੀ ਬਿਲਕੁਲ ਨਹੀਂ ਹੈ। ਇਹ ਸਭ ਅੰਕੜੇ ਇਸ ਘਿਨੌਣੀ ਸੱਚਾਈ ਨੂੰ ਉਜਾਗਰ ਕਰਦੇ ਹਨ, ਜਿਸ ਨੂੰ ਇਸ ਵਿਵਸਥਾ ਦੇ ਹਮਾਇਤੀ ਆਰਥਿਕ ਵਿਕਾਸ ਦੇ ਖੋਖਲੇ ਦਾਅਵਿਆਂ ਦੀ ਧੁੰਦ ਪੈਦਾ ਕਰਕੇ ਛਿਪਾਉਣ ਦੀ ਕੋਸ਼ਿਸ਼ ਕਰਦੇ ਹਨ। ਪੂੰਜੀਵਾਦੀ ਪ੍ਰਬੰਧ 'ਚ ਆਰਥਿਕ ਵਿਕਾਸ ਦਾ ਕੇਵਲ ਇੱਕੋ ਇੱਕ ਅਰਥ ਹੈ ਮਸੂਮ ਬੱਚਿਆਂ ਦਾ ਬੌਣਾ ਸਰੀਰਕ-ਮਾਨਸਿਕ ਵਿਕਾਸ। ਸਾਰੀਆਂ ਵਿਗਿਆਨਕ ਖੋਜਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਜਿਉਂਦੇ ਰਹਿਣ ਦੀ ਸੰਭਾਵਨਾ ਬਹੁਤ ਘੱਟ



ਹੁੰਦੀ ਹੈ। ਸਿਹਤਮੰਦ ਬੱਚਿਆਂ ਦੀ ਤੁਲਨਾ ਵਿਚ ਕੁਪੋਸ਼ਿਤ ਬੱਚਿਆਂ ਦੇ ਮਰਨ ਦੀ ਸੰਭਾਵਨਾ ਨੌਂ ਗੁਣਾ ਵੱਧ ਹੁੰਦੀ ਹੈ ਅਤੇ ਜੇ ਇਹ ਬੱਚੇ ਵੱਡੇ ਹੋਣ ਤੱਕ ਜਿਉਂਦੇ ਰਹਿ ਵੀ ਜਾਂਦੇ ਹਨ ਤਾਂ ਵੀ ਉਸ ਸਮੇਂ ਤੱਕ ਇਹ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕੇ ਹੁੰਦੇ ਹਨ। ਪੂਰੇ ਦੇਸ਼ ਵਿਚ ਜੇ ਕੁਪੋਸ਼ਣ ਦੀ ਸਥਿਤੀ 'ਤੇ ਇਕ ਨਜ਼ਰ ਮਾਰੀਏ ਤਾਂ ਅਸੀਂ ਦੇਖਾਂਗੇ ਕਿ ਕੁਪੋਸ਼ਿਤ ਬੱਚਿਆਂ ਦੀ ਗਿਣਤੀ ਸ਼ਹਿਰਾਂ ਦੀ ਤੁਲਨਾ ਵਿਚੋਂ ਪਿੰਡਾਂ 'ਚ ਵੱਧ ਹੈ। 2005-06 'ਚ ਜਿਥੇ ਸ਼ਹਿਰੀ ਹਲਕਿਆਂ ਵਿਚ 36 ਫੀਸਦੀ ਬੱਚੇ ਕੁਪੋਸ਼ਿਤ ਸਨ, ਉਥੇ ਪਿੰਡਾਂ ਵਿਚ ਇਹ ਅੰਕੜਾ 49 ਫੀਸਦੀ ਸੀ। ਜੇ ਵੱਖ-ਵੱਖ ਰਾਜਾਂ ਦੀ ਗੱਲ ਕਰੀਏ ਤਾਂ ਉਤਰ-ਪੂਰਬੀ ਰਾਜਾਂ ਵਿਚ ਬਾਕੀ ਦੇਸ਼ ਦੇ ਮੁਕਾਬਲੇ ਸਥਿਤੀ ਥੋੜ੍ਹੀ ਬਿਹਤਰ ਹੈ। ਸਿੱਕਮ ਤੇ ਮਨੀਪੁਰ ਵਿਚ ਜਿਥੇ ਪੰਜ ਸਾਲ ਤੋਂ ਘੱਟ ਉਮਰ ਦੇ 22 ਫੀਸਦੀ ਬੱਚੇ ਕੁਪੋਸ਼ਿਤ ਹਨ, ਉਥੇ ਝਾਰਖੰਡ ਤੇ ਮੱਧ ਪ੍ਰਦੇਸ਼ ਵਿਚ ਇਹ ਅੰਕੜਾ ਕ੍ਰਮਵਾਰ 57 ਤੇ 60 ਫੀਸਦੀ ਹੈ। ਹੇਠਾਂ ਆਪਾਂ ਦੇਸ਼ ਦੇ ਕਈ ਰਾਜਾਂ 'ਚ ਮੌਜੂਦ ਕੁਪੋਸ਼ਣ ਦੀ ਸਥਿਤੀ ਤੇ ਇਕ ਸਰਸਰੀ ਨਜ਼ਰ ਮਾਰਾਂਗੇ।

**ਮੱਧ ਪ੍ਰਦੇਸ਼:** ਪੂਰੇ ਦੇਸ਼ ਵਿਚ ਮੱਧ ਪ੍ਰਦੇਸ਼ ਨੂੰ ਕੁਪੋਸ਼ਣ ਤੇ ਉਸ ਤੋਂ ਹੋਣ ਵਾਲੀਆਂ ਮੌਤਾਂ ਸਬੰਧੀ ਨੰਬਰ ਇਕ ਰਾਜ ਹੋਣ ਦਾ ਮਾਣ ਹਾਸਿਲ ਹੈ। ਰਾਜ ਦੇ 60 ਫੀਸਦੀ ਬੱਚੇ ਕੁਪੋਸ਼ਣ ਤੋਂ ਪੀੜਤ ਹਨ। ਕੌਮੀ ਪਰਿਵਾਰ ਸਿਹਤ ਸਰਵੇਖਣ-3 ਅਤੇ ਨਮੂਨਾ ਪੰਜੀਕਰਨ ਪ੍ਰਣਾਲੀ 2008 ਦੀਆਂ ਰਿਪੋਰਟਾਂ ਅਨੁਸਾਰ 2008-09 'ਚ ਮੱਧ ਪ੍ਰਦੇਸ਼ 'ਚ ਜਨਮ ਸਮੇਂ ਬਾਲ ਮੌਤ ਦਰ ਪ੍ਰਤੀ 1000 ਪਿੱਛੇ 70 ਸੀ ਜੋ ਕਿ ਪੂਰੇ ਦੇਸ਼ ਵਿਚ ਸਭ ਤੋਂ ਵੱਧ ਸੀ। 2005-06 ਤੋਂ 2009-10 ਤਕ ਦੇ ਸਮੇਂ ਵਿਚ ਰਾਜ ਭਰ ਵਿਚ ਕੁਪੋਸ਼ਣ ਕਾਰਨ 6 ਲੱਖ ਤੋਂ ਵੱਧ ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਇਹੀ ਨਹੀਂ ਕੌਮੀ ਪਰਿਵਾਰ ਸਿਹਤ ਸਰਵੇਖਣ-3 ਅਨੁਸਾਰ ਰਾਜ 'ਚ 82 ਫੀਸਦੀ ਬੱਚੇ ਅਨੀਮੀਆ (ਖੂਨ ਦੀ ਕਮੀ) ਤੋਂ ਪੀੜਤ ਹਨ। ਆਦੀਵਾਸੀ ਇਲਾਕਿਆਂ ਵਿਚ ਸਥਿਤੀ ਹੋਰ ਵੀ ਗੰਭੀਰ ਹੈ। ਆਦੀਵਾਸੀਆਂ 'ਚ ਜਨਮ ਸਮੇਂ ਬਾਲ ਮੌਤ ਦਰ ਪ੍ਰਤੀ ਹਜ਼ਾਰ 95.6 ਹੈ, ਉਥੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਪ੍ਰਤੀ 1000 'ਤੇ 140.4 ਹੈ।

**ਝਾਰਖੰਡ:** ਸੱਤਾ ਲੋਭੀ ਸ਼ਿਬੂ ਸੋਰੇਨ ਅਤੇ ਬੇਦਮ ਭਾਜਪਾ ਦੀ ਕੁਰਸੀ ਦੀ ਉਠਕ-ਬੈਠਕ ਪਿੱਛੋਂ ਝਾਰਖੰਡ ਵਿਚ ਰਾਸ਼ਟਰਪਤੀ ਹਕੂਮਤ ਲਾਗੂ ਹੋ ਗਈ ਪਰ ਇਹ ਦੋਨੋਂ ਝਾਰਖੰਡ 'ਚ ਆਪਣੀ ਹਕੂਮਤ ਦੌਰਾਨ ਇਕ ਅਜੀਬ ਵਿਰਾਸਤ ਛੱਡ ਗਏ। ਭੁੱਖਮਰੀ ਤੇ ਕੁਪੋਸ਼ਣ ਦੀ ਵਿਰਾਸਤ ਕੌਮੀ ਪਰਿਵਾਰ ਸਿਹਤ ਸਰਵੇਖਣ-2 ਅਨੁਸਾਰ ਝਾਰਖੰਡ 'ਚ ਜਨਮ ਸਮੇਂ ਬਾਲ ਮੌਤ ਦਰ 1000 ਪਿੱਛੇ 70 ਹੈ। ਰਾਜ 'ਚ ਤਿੰਨ ਸਾਲ ਤੋਂ ਘੱਟ ਉਮਰ ਦੇ ਲਗਭਗ 54.4 ਫੀਸਦੀ ਬੱਚੇ ਘੱਟ ਵਜ਼ਨ ਦੇ ਹਨ। ਤਿੰਨ ਸਾਲ ਤੋਂ ਘੱਟ ਉਮਰ ਦੇ ਲਗਭਗ ਦਸ ਲੱਖ ਤੋਂ ਵੱਧ ਬੱਚੇ ਕੁਪੋਸ਼ਿਤ ਹਨ। ਹਰ ਸਾਲ ਪੈਦਾ ਹੋਣ ਵਾਲੇ 7,13,088 ਬੱਚਿਆਂ ਵਿਚੋਂ 49,916 ਆਪਣੇ ਪਹਿਲੇ ਜਨਮ ਦਿਨ ਤੱਕ ਜਿਉਂਦੇ ਨਹੀਂ ਰਹਿ ਸਕਦੇ। ਦੇਸ਼ ਦੇ ਲਗਭਗ 70 ਫੀਸਦੀ ਖੂਨ ਦੀ ਕਮੀ ਨਾਲ ਪੀੜਤ ਔਰਤਾਂ ਅਤੇ ਬੱਚੇ ਬਿਹਾਰ ਤੇ ਝਾਰਖੰਡ ਵਿਚ ਹਨ। ਮਾਰਚ 2009 ਵਿਚ ਸੰਯੁਕਤ ਰਾਸ਼ਟਰ ਵਿਸ਼ਵ ਅਨਾਜ ਪ੍ਰੋਗਰਾਮ ਅਤੇ ਐਮ ਐਸ ਸਵਾਮੀਨਾਥਨ ਖੋਜ ਅਦਾਰੇ ਵਲੋਂ ਜਾਰੀ ਕੀਤੀ ਗਈ ਸਾਂਝੀ ਰਿਪੋਰਟ 'ਪੇਂਡੂ ਭਾਰਤ 'ਚ ਅਨਾਜ ਸੁਰੱਖਿਆ ਦੀ ਸਥਿਤੀ' ਅਨੁਸਾਰ ਦੇਸ਼ ਦੇ ਭੁੱਖਮਰੀ ਨਾਲ ਗ੍ਰਸਤ ਸੂਬਿਆਂ ਦੀ ਸੂਚੀ 'ਚ ਝਾਰਖੰਡ ਨੇ ਉੜੀਸਾ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਰਿਪੋਰਟ ਅਨੁਸਾਰ ਝਾਰਖੰਡ 'ਚ ਦੋ ਤਿਹਾਈ ਪੇਂਡੂ ਪਰਿਵਾਰਾਂ ਨੂੰ ਪੀਣ ਦਾ ਸਾਫ ਪਾਣੀ ਵੀ ਮੁਹੱਈਆ ਨਹੀਂ ਹੁੰਦਾ।

**ਹਰਿਆਣਾ:** ਹਰਿਆਣੇ 'ਚ 6 ਤੋਂ 35 ਮਹੀਨੇ ਦੇ ਉਮਰ ਵਰਗ ਦੇ ਲਗਭਗ 82.3 ਫੀਸਦੀ ਬੱਚੇ ਖੂਨ ਦੀ ਘਾਟ ਦਾ ਸ਼ਿਕਾਰ ਹਨ। ਕੌਮੀ ਪਰਿਵਾਰ ਸਿਹਤ ਸਰਵੇਖਣ-3 ਅਨੁਸਾਰ ਸੂਬੇ ਵਿਚ ਤਿੰਨ ਸਾਲ ਤੋਂ ਘੱਟ ਉਮਰ ਦੇ 43.3 ਫੀਸਦੀ ਬੱਚਿਆਂ ਦਾ ਸ਼ਰੀਰਕ ਵਿਕਾਸ ਬੌਣਾ ਹੈ ਅਤੇ ਇਕ ਸਾਲ ਤੋਂ ਘੱਟ ਉਮਰ ਦੇ 38.2 ਫੀਸਦੀ ਬੱਚੇ ਘੱਟ ਵਜ਼ਨ ਦੇ ਹਨ। ਇਹ ਉਸ ਸੂਬੇ ਦੇ ਬੱਚਿਆਂ ਦੀ ਸਥਿਤੀ ਹੈ ਜੋ ਬਿਮਾਰ ਸੂਬਿਆਂ ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼ ਜਾਂ ਗਰੀਬ ਰਾਜਾਂ ਉੜੀਸਾ, ਝਾਰਖੰਡ ਅਤੇ ਛੱਤੀਸ਼ਗੜ੍ਹ ਵਿਚ ਸ਼ਾਮਲ ਨਹੀਂ ਹੈ ਅਤੇ ਆਪਣੀ ਖੁਸ਼ਹਾਲੀ ਲਈ ਜਾਣਿਆ ਜਾਂਦਾ ਹੈ। ਜਿਥੇ ਪ੍ਰਤੀ ਵਿਅਕਤੀ ਔਸਤ ਆਮਦਨ ਕਾਫੀ ਵੱਧ ਹੈ। ਖੇਤੀ ਵਿਕਾਸ ਦਰ ਵੀ ਮੁਕਾਬਲਤਨ ਵੱਧ ਹੈ। ਆਰਥਿਕ ਵਿਕਾਸ ਦੇ ਸਭ ਦਾਅਵੇ ਕਿੰਨੇ ਭਰਮਾਊ ਤੇ ਖੋਖਲੇ ਹਨ, ਇਸ ਤੋਂ ਸਾਫ ਹੋ ਜਾਂਦਾ ਹੈ।

**ਮਹਾਂਰਾਸ਼ਟਰ:** ਮਹਾਂਰਾਸ਼ਟਰ 'ਚ ਹਰ ਸਾਲ ਬੱਚਿਆਂ ਦੀਆਂ ਹੋਣ ਵਾਲੀਆਂ ਮੌਤਾਂ ਵਿਚੋਂ 50 ਤੋਂ 56 ਫੀਸਦੀ ਯਾਨਿ ਲਗਪਗ 45,000 ਬੱਚਿਆਂ ਦੀ ਮੌਤ ਦਾ ਕਾਰਨ ਕੁਪੋਸ਼ਣ ਹੈ। ਅਸਲੀ ਮੌਤਾਂ ਦੀ ਗਿਣਤੀ ਇਸ ਤੋਂ ਕਿਤੇ ਵਧ ਹੋ ਸਕਦੀ ਹੈ ਕਿਉਂਕਿ ਕੁਪੋਸ਼ਣ ਤੇ ਉਸ ਨਾਲ ਹੋਣ ਵਾਲੀਆਂ ਮੌਤਾਂ ਦੇ ਸਹੀ ਅੰਕੜੇ ਇਕੱਠੇ ਕਰ ਸਕਣਾ ਹੀ ਇਕ ਵੱਡੀ ਮੁਸ਼ਕਿਲ ਹੈ। ਪਹਿਲਾਂ ਤਾਂ ਸਰਕਾਰੀ ਹਸਪਤਾਲ ਬਹੁਤੀਆਂ ਮੌਤਾਂ ਨੂੰ ਦਰਜ ਹੀ ਨਹੀਂ ਕਰਦੇ। ਦੂਸਰੇ ਮਹਾਂਰਾਸ਼ਟਰ ਦੇ ਜੋ ਆਦੀਵਾਸੀ ਇਲਾਕੇ ਕੁਪੋਸ਼ਣ ਨਾਲ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ, ਉਥੇ ਕੁਪੋਸ਼ਣ ਤੇ ਉਸ ਨਾਲ ਹੋਣ ਵਾਲੀਆਂ ਬਿਮਾਰੀਆਂ ਏਨੀਆਂ ਆਮ ਹਨ ਕਿ ਲੋਕ ਬੱਚਿਆਂ ਨੂੰ ਹਸਪਤਾਲ ਲਿਜਾਣ ਦੀ ਜ਼ਰੂਰਤ ਹੀ ਨਹੀਂ ਸਮਝਦੇ। ਸਿਰਫ ਉਹੀ ਕੇਸ ਹਸਪਤਾਲ ਪਹੁੰਚਦੇ ਹਨ ਜਾਂ ਸਿਹਤ ਅਧਿਕਾਰੀ ਦੀ ਜਾਣਕਾਰੀ ਵਿਚ ਆਉਂਦੇ ਹਨ ਜੋ ਬਹੁਤ ਗੰਭੀਰ ਹੋਣ। ਇਨ੍ਹਾਂ ਇਲਾਕਿਆਂ 'ਚ ਬੁਨਿਆਦੀ ਸਿਹਤ ਸਹੂਲਤਾਂ ਤੱਕ ਮੁਹੱਈਆ ਨਹੀਂ ਹਨ।

**ਉਤਰ-ਪੂਰਬੀ ਰਾਜ:** ਦੇਸ਼ ਦੇ ਸੱਤ ਉਤਰੀ ਪੂਰਬੀ ਰਾਜਾਂ 'ਚ ਸਭ ਤੋਂ ਵੱਧ ਕੁਪੋਸ਼ਿਤ ਬੱਚਿਆਂ ਦੀ ਗਿਣਤੀ ਆਸਾਮ ਵਿਚ ਹੈ। ਪਿਛਲੇ ਸਾਲ ਜਾਰੀ ਇਕ ਰਿਪੋਰਟ ਅਨੁਸਾਰ ਆਸਾਮ 'ਚ 6,59,355 ਬੱਚੇ ਮੁਕਬਲਤਨ ਘੱਟ ਤੀਬਰਤਾ ਨਾਲ ਕੁਪੋਸ਼ਿਤ (ਗਰੇਡ 1 ਅਤੇ 2 ਦਾ ਕੁਪੋਸ਼ਣ) ਅਤੇ 1869 ਬੱਚੇ ਵਧ ਤੀਬਰਤਾ ਨਾਲ ਕੁਪੋਸ਼ਿਤ ਸਨ (ਗਰੇਡ 3 ਅਤੇ 4 ਦਾ ਕੁਪੋਸ਼ਣ) ਮਣੀਪੁਰ ਵਿਚ ਆਈ ਸੀ ਡੀ ਐਸ (ਸਮੇਕਿਤ ਬਾਲ ਵਿਕਾਸ ਯੋਜਨਾਵਾਂ) ਤਹਿਤ ਜਾਂਚੇ ਗਏ 1,90,815 ਬੱਚਿਆਂ 'ਚ 25,935 ਮੁਕਾਬਲਤਨ ਘੱਟ ਤੀਬਰਤਾ ਨਾਲ ਕੁਪੋਸ਼ਿਤ ਸਨ ਅਤੇ 453 ਗੰਭੀਰ ਰੂਪ ਨਾਲ ਕੁਪੋਸ਼ਿਤ ਸਨ। ਮੇਘਾਲਿਆ 'ਚ ਇਹੀ ਅੰਕੜੇ ਘੱਟ ਤੀਬਰਤਾ ਨਾਲ ਕੁਪੋਸ਼ਿਤ ਬੱਚਿਆਂ ਦੇ ਲਈ 70,566 ਸਨ ਅਤੇ ਗੰਭੀਰ ਰੂਪ ਨਾਲ ਕੁਪੋਸ਼ਿਤ ਬੱਚਿਆਂ ਦੀ ਗਿਣਤੀ 272 ਸੀ। ਤ੍ਰਿਪੁਰਾ 'ਚ 75,381 ਬੱਚੇ ਮੁਕਾਬਲਤਨ ਘੱਟ ਤੀਬਰਤਾ ਨਾਲ ਕੁਪੋਸ਼ਿਤ ਪਾਏ ਗਏ ਅਤੇ 621 ਗੰਭੀਰ ਰੂਪ ਵਿਚ। ਨਾਗਾਲੈਂਡ ਤੇ ਮਿਜ਼ੋਰਮ ਲਈ ਇਹ ਅੰਕੜੇ ਕਰਮਵਾਰ 11,613 ਅਤੇ 144 ਅਤੇ 30,751 ਤੇ 121 ਸਨ। ਆਸਾਮ 'ਚ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਚ ਕੁਪੋਸ਼ਣ ਦਾ ਪੱਧਰ 33 ਫੀਸਦੀ (ਕੌਮੀ ਪਰਿਵਾਰ ਸਿਹਤ ਸਰਵੇਖਣ-2) ਤੋਂ ਵਧਕੇ 40 ਫੀਸਦੀ (ਕੌਮੀ ਪਰਿਵਾਰ ਸਿਹਤ ਸਰਵੇਖਣ-3) ਹੋ ਗਿਆ ਹੈ। ਜੇ ਬਾਲ ਮੌਤ ਦਰ ਦੀ ਗੱਲ ਕਰੀਏ ਤਾਂ ਪੂਰੇ ਦੇਸ਼ 'ਚ ਆਸਾਮ ਦੀ ਥਾਂ ਚੌਥੀ ਹੈ। ਹਰ ਰੋਜ਼ ਲਗਭਗ 132 ਬੱਚਿਆਂ ਦੀ ਮੌਤ ਹੁੰਦੀ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਕਾਫੀ ਚਿੰਤਾਜਨਕ ਹੈ। ਅਜਿਹੇ 169 ਬੱਚਿਆਂ ਦੀ ਮੌਤ ਰੋਜ਼ਾਨਾ ਹੁੰਦੀ ਹੈ। ਰਿਚਰਡ ਬ੍ਰੈਂਸਨ ਨਾਮਕ ਇਕ ਅਮਰੀਕੀ ਸਰਮਾਏਦਾਰ ਨੇ ਭਾਰਤ ਦੇ ਦੌਰੇ ਸਮੇਂ ਕਿਹਾ ਸੀ ਕਿ ਭਾਰਤ ਵਰਗੀ ਗਰੀਬੀ ਵੀ ਅਮਰੀਕਾ ਕੋਲ ਨਹੀਂ ਹੈ ਅਤੇ ਭਾਰਤ ਵਰਗੀ ਅਮੀਰੀ ਵੀ ਅਮਰੀਕਾ ਕੋਲ ਨਹੀਂ ਹੈ। ਇਹ ਕਥਨ ਹੀ ਦੱਸ ਦਿੰਦਾ ਹੈ ਕਿ 'ਇੰਡੀਆ ਇੰਕ' ਦੀ ਸ਼ਾਨੋ-ਸ਼ੌਕਤ ਅਤੇ ਸ਼ੋਹਰਤ ਪਿੱਛੇ ਕਰੋੜਾਂ ਦਮ ਤੋੜਦੇ ਬੱਚੇ ਹਨ ਜਿਨ੍ਹਾਂ 'ਤੇ ਸਾਮਰਾਜੀ ਪ੍ਰਬੰਧ ਅਤੇ ਮੀਡੀਆ ਲਗਾਤਾਰ ਪਰਦੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਮਰਾਜੀ ਪ੍ਰਬੰਧ ਦੇ ਅੰਤਰ-ਵਿਰੋਧਾਂ ਕਾਰਨ ਜੋ ਅਧੂਰੀ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ, ਉਹ ਵੀ ਦਿਲ ਕੰਬਾਊ ਹੈ। ਇਹ ਸੋਚਣ ਦੀ ਗੱਲ ਹੈ ਕਿ ਜੇ 63 ਸਾਲ ਦੀ ਸੱਤਾ ਬਦਲੀ ਪਿੱਛੋਂ ਸਮੁੱਚੇ ਕੁਦਰਤੀ ਸੋਮਿਆਂ ਨਾਲ ਲੈਸ ਇਕ ਦੇਸ਼ ਆਪਣੇ ਬੱਚਿਆਂ ਨੂੰ ਸਿਹਤ ਤੇ ਸੁੰਦਰ ਬਚਪਨ ਤੱਕ ਨਹੀਂ ਦੇ ਸਕਦਾ ਤਾਂ ਕਸੂਰ ਲਾਜ਼ਮੀ ਹੀ ਉਸ ਪ੍ਰਬੰਧ ਵਿਚ ਹੈ ਜਿਸ ਦੇ ਤਹਿਤ ਅਸੀਂ ਜਿਊਂ ਰਹੇ ਹਾਂ। ਇਹ ਚਾਹੇ ਕਿੰਨੀ ਵੀ ਘਸੀ ਪਿਟੀ ਗੱਲ ਲੱਗੇ ਪਰ ਸੱਚ ਹੈ। ਇਕ ਮੁਨਾਫਾ ਕੇਂਦ੍ਰਿਤ ਪ੍ਰਬੰਧ ਆਪਣੇ ਦੇਸ਼ ਦੇ ਲੋਕਾਂ ਨੂੰ ਇਹੀ ਤੋਹਫੇ ਦੇ ਸਕਦਾ ਹੈ।

---

# ਭਾਰਤੀਆਂ ਦੇ ਦੁੱਖਾਂ ਦਾ ਦਾਰੂ ਬਣ ਸਕਦਾ ਹੈ ਕਾਲਾ ਧਨ

**ਜਸਪਾਲ ਸਿੰਘ ਸਿੱਧੂ**

ਭਾਵੇਂ ਸਰਕਾਰੀ ਅੰਕੜੇ ਪ੍ਰਾਪਤ ਨਹੀਂ ਹਨ ਅਤੇ ਨਾ ਹੀ ਸਹੀ ਖੋਜ-ਪੜਤਾਲ ਨੇੜੇ ਦੇ ਭਵਿੱਖ 'ਚ ਹੋਣ ਦੀ ਉਮੀਦ ਹੈ, ਫਿਰ ਵੀ ਇਸ ਖੇਤਰ ਦੀਆਂ ਜਾਣਕਾਰ ਹਸਤੀਆਂ ਮੁਤਾਬਿਕ ਭਾਰਤ ਦਾ 'ਕਾਲਾ ਧਨ' ਜਿਹੜਾ ਸਵਿਟਜ਼ਰਲੈਂਡ ਦੀਆਂ ਬੈਂਕਾਂ ਦੇ ਗੁਪਤ ਖਾਤਿਆਂ ਵਿਚ ਪਿਆ ਹੈ, ਸਾਰੀ ਦੁਨੀਆਂ ਦੇ ਕਾਲਾ ਧਨ ਦੇ ਜੋੜ ਤੋਂ ਵੀ ਕਿਤੇ ਵੱਧ ਹੈ। ਇਸ ਗੱਲ ਦੀ ਪ੍ਰੋੜਤਾ ਭਾਵੇਂ ਸਵਿਸ ਅਧਿਕਾਰੀਆਂ ਨੇ ਨਹੀਂ ਕੀਤੀ ਪਰ ਇਨ੍ਹਾਂ ਬੈਂਕਾਂ ਦੇ ਮੁਲਾਜ਼ਮਾਂ ਦੀ ਵੱਡੀ ਜਥੇਬੰਦੀ, ਸਵਿਸ ਬੈਂਕਰਜ਼ ਐਸੋਸੀਏਸ਼ਨ ਇਸ ਤੱਥ ਦੀ ਪੁਸ਼ਟੀ ਕਰਦੀ ਹੈ ਕਿ ਭਾਰਤ ਦਾ ਕਾਲਾ ਧਨ 1.456 ਟ੍ਰਿਲੀਅਨ ਅਮਰੀਕੀ ਡਾਲਰ ਜਾਂ 70 ਲੱਖ ਕਰੋੜ ਰੁਪਏ ਤੋਂ ਉਪਰ ਹੈ। ਅਜਕੱਲ੍ਹ ਭਾਰਤ ਦਾ ਕੁੱਲ ਸਾਲਾਨਾ ਉਤਪਾਦਨ (ਜੀ.ਡੀ.ਪੀ.) ਇਸ ਰਕਮ ਤੋਂ ਕੁਝ ਘੱਟ ਹੀ ਹੈ। ਇਸ ਐਸੋਸੀਏਸ਼ਨ ਅਨੁਸਾਰ ਭਾਰਤ ਤੋਂ ਬਾਅਦ ਦੂਜੇ ਨੰਬਰ 'ਤੇ ਰੂਸ ਆਉਂਦਾ ਹੈ ਪਰ ਉਸ ਦਾ ਕਾਲਾ ਸਰਮਾਇਆ ਭਾਰਤ ਦੇ ਕਾਲੇ ਧਨ ਦਾ ਤੀਜਾ ਹਿੱਸਾ ਭਾਵ 470 ਬਿਲੀਅਨ ਡਾਲਰ ਹੀ ਹੈ। ਉਸ ਤੋਂ ਬਾਅਦ ਆਉਂਦਾ ਹੈ ਬ੍ਰਿਟੇਨ (390 ਬਿਲੀਅਨ ਡਾਲਰ), ਯੂਕਰੇਨ (100 ਬਿਲੀਅਨ ਡਾਲਰ) ਅਤੇ ਫਿਰ ਚੀਨ (96 ਬਿਲੀਅਨ ਡਾਲਰ)।

ਇਹ ਬਾਹਰਲੇ ਦੇਸ਼ਾਂ ਦੀਆਂ ਬੈਂਕਾਂ ਵਿਚ ਜੋ ਟੈਕਸ ਤੋਂ ਬਚਣ ਵਾਲੇ ਸਵਰਗ ਹਨ, ਵਿਚ ਪਿਆ ਢੇਰਾਂ ਰੁਪਈਆ ਕਿਹੜੇ ਭਾਰਤੀਆਂ ਦਾ ਹੈ? ਇਹ ਕਰੋੜਾਂ ਹੱਥਾਂ ਨਾਲ ਪੈਦਾ ਹੋਈ 'ਭਾਰਤੀ ਪੂੰਜੀ' ਪਿਛਲੇ ਸੱਠਾਂ ਸਾਲਾ ਵਿਚ, ਆਜ਼ਾਦੀ ਤੋਂ ਬਾਅਦ ਸਾਡੇ ਉਨ੍ਹਾਂ ਸਿਆਸਤਦਾਨਾਂ ਨੇ ਬਾਹਰ ਭੇਜੀ ਹੈ, ਜਿਨ੍ਹਾਂ ਦੀ 'ਦੇਸ਼ ਭਗਤੀ' ਉਤੇ ਰੱਤੀ ਭਰ ਵੀ ਸ਼ੱਕ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਤੋਂ ਇਲਾਵਾ ਭਾਰਤੀ ਪੂੰਜੀ ਨੂੰ ਗੁਪਤ ਤਰੀਕੇ ਨਾਲ ਬਾਹਰ ਕੱਢਣ ਵਾਲੇ ਹਨ ਵੱਡੇ ਕਾਰਖਾਨੇਦਾਰ, ਵਪਾਰੀ, ਉਚ-ਅਫਸਰਸ਼ਾਹੀ ਅਤੇ ਰਾਜਸੱਤਾ ਦੇ ਵੱਡੇ ਦਲਾਲ। ਪਰ ਇਹ ਸਾਰੇ ਮੌਕੇ ਦੀ ਸਿਆਸਤ ਵਲੋਂ ਜਾਣਬੁੱਝ ਕੇ ਦਿੱਤੀ ਢਿੱਲ ਤੇ ਸਾਂਭਿਆਲੀ ਨਾਲ ਹੀ ਇਹ ਅਨੈਤਿਕ ਖੇਡਾਂ ਖੇਡ ਸਕੇ ਹਨ। ਕਿਉਂਕਿ ਸਰਕਾਰਾਂ ਤੋਂ ਇਹ ਕਿਵੇਂ ਛੁਪਿਆ ਰਹਿ ਸਕਦਾ ਹੈ ਕਿ 80 ਹਜ਼ਾਰ ਤੋਂ ਲੈ ਕੇ ਇਕ ਲੱਖ ਭਾਰਤੀ ਹਰ ਸਾਲ ਸਵਿਟਜ਼ਰਲੈਂਡ ਜਾਂਦੇ ਹਨ? ਉਨ੍ਹਾਂ ਵਿਚੋਂ 25-30 ਹਜ਼ਾਰ ਤਾਂ ਅਜਿਹੇ ਵੀ ਹਨ ਕਈ-ਕਈ ਚੱਕਰ ਇਸ ਮੁਲਕ ਦੇ ਲਾਉਂਦੇ ਹਨ? ਕੀ ਉਨ੍ਹਾਂ ਦਾ ਇਸ ਦੇਸ਼ ਵਿਚ ਕੋਈ ਖਾਸ ਮੰਤਵ ਨਹੀਂ ਹੈ? ਸਰਕਾਰ ਨੇ 'ਕਾਲੇ ਧਨ' ਨੂੰ 'ਚਿੱਟਾ' (ਜਾਇਜ਼) ਬਣਾਉਣ ਦੀ ਪ੍ਰਕਿਰਿਆ ਨੂੰ ਰੋਕਣ ਲਈ 2002 ਵਿਚ 'ਪ੍ਰੀਵੈਨਸ਼ਨ ਆਫ ਮਨੀ ਲੋਡਰਿੰਗ ਐਕਟ' ਬਣਾਇਆ ਤੇ 2005 ਵਿਚ ਲਾਗੂ ਕੀਤਾ ਸੀ ਪਰ ਉਸ ਦਾ ਕੋਈ ਜ਼ਾਹਰ ਅਸਰ ਅਜੇ ਤੱਕ ਦਿਖਾਈ ਨਹੀਂ ਦਿੱਤਾ।

ਅੰਤਰਰਾਸ਼ਟਰੀ ਪਾਰਦਰਸ਼ਤਾ ਸੰਸਥਾ ਦੀ ਪਿਛਲੇ ਸਾਲ ਆਈ ਰਿਪੋਰਟ ਮੁਤਾਬਕ ਭ੍ਰਿਸ਼ਟਾਚਾਰ ਦੇ ਖੇਤਰ ਵਿਚ ਭਾਰਤ ਦੁਨੀਆਂ ਦੇ 180 ਮੁਲਕਾਂ ਵਿਚੋਂ 85ਵੇਂ ਨੰਬਰ 'ਤੇ ਭਾਵ ਬਹੁਤ ਭ੍ਰਿਸ਼ਟ ਦੇਸ਼ਾਂ ਵਿਚ ਸ਼ੁਮਾਰ ਹੈ। ਹੈਰਾਨੀ ਵਾਲੀ ਗੱਲ ਹੈ, ਭਾਰਤ ਵਲੋਂ 'ਖੁੱਲ੍ਹੀ ਆਰਥਿਕਤਾ' ਦੀ ਨੀਤੀ ਅਪਨਾਉਣ ਤੋਂ ਬਾਅਦ ਇਹੋ 'ਕਾਲਾ ਧਨ' ਦੁਨੀਆਂ ਦੀਆਂ ਵੱਡੀਆਂ ਕੰਪਨੀਆਂ, ਸ਼ੇਅਰ ਬਾਜ਼ਾਰ ਤੇ 'ਨਿਰੀਖਣ ਮੁਕਤ ਪਾਰਟੀਸੀਪੇਟਰੀ ਨੋਟਿਸ' (ਪੀ ਐਨਜ਼) ਰਾਹੀਂ ਮੁੜ ਭਾਰਤ 'ਚ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਤੌਰ 'ਤੇ ਆ ਰਿਹਾ ਹੈ। ਇਸੇ ਕਰਕੇ ਸ਼ੇਅਰ ਬਾਜ਼ਾਰ ਛਾਲਾਂ ਮਾਰਦਾ ਰਹਿੰਦਾ ਹੈ ਅਤੇ ਮੱਧਵਰਗੀ-ਸ਼ਹਿਰੀ ਭਾਰਤੀ, ਦੇਸ਼ ਵਲੋਂ ਕੀਤੀ ਜਾ ਰਹੀ ਅਥਾਹ ਤਰੱਕੀ ਦੇ ਸੋਹਲੇ ਗਾਉਂਦੇ ਰਹਿੰਦੇ ਹਨ।

ਅਰਥ-ਸ਼ਾਸਤਰੀਆਂ ਅਨੁਸਾਰ ਜੇ ਇਹ 'ਕਾਲਾ ਧਨ' ਦੇਸ਼ ਵਿਚ ਵਾਪਸ ਆ ਜਾਵੇ, ਗਰੀਬੀ ਰੇਖਾ ਤੋਂ ਥੱਲੇ ਰਹਿੰਦੇ 40 ਕਰੋੜ ਗਰੀਬਾਂ ਦੀ ਗਰੀਬੀ ਦੂਰ ਹੋ ਜਾਵੇਗੀ, ਲੋੜੀਂਦੀਆਂ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਹੋ ਜਾਣਗੀਆਂ ਅਤੇ ਆਉਂਦੇ 50 ਸਾਲਾਂ ਤੱਕ ਬੱਚਿਆਂ ਦੀ ਪੜ੍ਹਾਈ ਦਾ ਕੋਈ ਫਿਕਰ ਨਹੀਂ ਰਹੇਗਾ। ਪਰ ਬਿੱਲੀ ਦੇ ਗਲ ਵਿਚ ਟੱਲੀ ਕੌਣ ਬੰਨ੍ਹੇ?

# ਕਿੱਕਰਾਂ ਦੇ ਬੀ ਬੀਜ ਕੇ, ਭਾਲ ਨਾ ਬਜੌਰ ਦੀਆਂ ਦਾਖਾਂ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਜਨਮ ਸਾਖੀ ਭਾਈ ਬਾਲਾ ਵਿਚ ਬੜੀ ਰੋਚਕ ਸਾਖੀ ਆਉਂਦੀ ਹੈ। ਕਹਿੰਦੇ ਹਨ, ਕੋਈ ਸਾਰੀ ਉਮਰ ਚੋਰੀਆਂ-ਡਾਕੇ ਮਾਰਨ ਵਾਲਾ ਬਦਮਾਸ਼ ਚੜ੍ਹਾਈ ਕਰ ਗਿਆ। ਉਸ ਦੀ ਮੌਤ ਤੋਂ ਬਾਅਦ ਉਸਦਾ ਇਕਲੌਤਾ ਪੁੱਤਰ ਆਪਣੀ ਮਾਂ ਨੂੰ ਪੁੱਛਣ ਲੱਗਾ ਕਿ ਪਿਤਾ ਜੀ ਕਿਹੜਾ ਕਿੱਤਾ ਕਰਿਆ ਕਰਦੇ ਸਨ ਤਾਂ ਜੋ ਮੈਂ ਵੀ ਉਹੋ ਕਿੱਤਾ ਅਪਨਾ ਲਵਾਂ? ਇਹ ਵਾਰਤਾ ਉਨ੍ਹਾਂ ਸਮਿਆਂ ਦੀ ਹੋਵੇਗੀ ਜਦੋਂ ਇਹ ਰਵਾਇਤ ਹੁੰਦੀ ਸੀ ਕਿ ਪੀੜ੍ਹੀ-ਦਰ-ਪੀੜ੍ਹੀ ਪਿਤਾ-ਪੁਰਖੀ ਧੰਦਾ ਹੀ ਚਲਦਾ ਰਹਿੰਦਾ ਹੁੰਦਾ ਸੀ।

ਸ਼ਾਇਦ ਇਹ ਅਖਾਣ ਵੀ ਉਨ੍ਹਾਂ ਸਮਿਆਂ ਵਿਚ ਬਣਿਆ ਹੋਵੇਗਾ ਕਿ 'ਜਿਸ ਕਾ ਕਾਮ, ਉਸੀ ਕੋ ਸਾਜੇ, ਔਰ ਕਰੇ ਤੋ ਠੇਂਗਾ ਬਾਜੇ।' ਉਨ੍ਹਾਂ ਭਲੇ ਸਮਿਆਂ ਵਿਚ ਠੱਗਾਂ-ਚੋਰਾਂ ਦੀਆਂ ਪਤਨੀਆਂ ਵੀ ਸੱਚ ਦਾ ਪੱਲਾ ਨਹੀਂ ਛੱਡਦੀਆਂ ਹੋਣੀਆਂ। ਇਸ ਕਰਕੇ ਚੋਰ ਦੀ ਘਰ ਵਾਲੀ ਨੇ ਨਿਰਸੰਕੋਚ ਆਪਣੇ ਬੇਟੇ ਨੂੰ ਉਸਦੇ ਪਿਉ ਦੇ ਕਿੱਤੇ ਬਾਰੇ ਦੱਸ ਦਿੱਤਾ।


ਆਗਿਆਕਾਰੀ ਬੱਚਿਆਂ ਵਾਂਗ ਮੁੰਡੇ ਨੇ ਇਹ 'ਕਾਰੋਬਾਰ' ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਮਾਂ ਨੂੰ ਹੋਰ ਪੁੱਛਿਆ ਕਿ ਇਸ ਕਿੱਤੇ ਸੰਬੰਧੀ ਕੋਈ ਹੋਰ ਖਾਸ ਹਦਾਇਤ ਜਾਂ ਕੋਈ ਅਸੂਲ ਹੋਵੇ, ਜਿਸਦੀ ਪਾਲਣਾ ਨਿਹਾਇਤ ਜ਼ਰੂਰੀ ਹੋਵੇ? ਕੁਝ ਪਲ ਸੋਚ ਕੇ ਮਾਂ ਨੇ ਪੁੱਤ ਨੂੰ ਅਤਿ-ਲੋੜੀਂਦਾ 'ਗੁਰ' ਸਮਝਾਇਆ, "ਤੇਰੇ ਪਿਤਾ ਜੀ ਕਿਹਾ ਕਰਦੇ ਸਨ ਕਿ ਇਹ ਧੰਦਾ ਕਰਨ ਵਾਲਾ, ਕਦੇ ਭੁੱਲ ਕੇ ਵੀ ਕਿਸੇ ਧਰਮ ਅਸਥਾਨ 'ਤੇ ਨਾ ਜਾਵੇ। ਸਗੋਂ ਜਿਥੇ ਸਤਿਸੰਗ ਚਲ ਰਿਹਾ ਹੋਵੇ ਜਾਂ ਕਥਾ ਵਾਰਤਾ ਹੋ ਰਹੀ ਹੋਵੇ, ਉਹਦੇ ਲਾਗਿਓਂ ਵੀ ਨਾ ਲੰਘੇ। ਜੇ ਉਥੇ ਹੋ ਰਹੀ ਕਿਸੇ ਵਿਚਾਰ-ਚਰਚਾ ਦੀ ਕੋਈ ਗੱਲ ਕੰਨੀਂ ਪੈ ਗਈ ਤਾਂ ਸਮਝੋ ਕੰਮ-ਧੰਦਿਓਂ ਗਏ।... ਸੋ ਵਲ ਫੇਰ ਪਾ ਕੇ ਵੀ ਉਥੋਂ ਕਿਨਾਰਾ ਕਰਨਾ ਚਾਹੀਏ।"

ਮਾਂ ਵਲੋਂ ਦੱਸਿਆ ਅਸੂਲ ਪੱਲੇ ਬੰਨ੍ਹ ਕੇ ਮੁੰਡਾ ਲੱਗ ਪਿਆ ਚੋਰੀਆਂ, ਡਾਕੇ ਮਾਰਨ। ਇਸ ਕੰਮ ਵਿਚ ਉਸ ਨੂੰ ਚੰਗੀ 'ਮੁਹਾਰਤ' ਹਾਸਲ ਹੋ ਗਈ। ਇਕ ਵਾਰੀ ਵੱਡਾ ਖਜ਼ਾਨਾ ਲੁੱਟਣ ਦੀ ਮਨਸ਼ਾ ਧਾਰ ਕੇ ਉਹ ਅੱਧੀ ਰਾਤ ਨੂੰ ਕਿਸੇ ਰਾਜੇ ਦੇ ਮਹਿਲੀਂ ਜਾ ਵੜਿਆ। ਹਨ੍ਹੇਰੇ 'ਚ ਉਹਦਾ ਪੈਰ ਕਿਸੇ ਭਾਂਡੇ ਆਦਿ 'ਚ ਵੱਜਣ ਨਾਲ ਖੜਾਕ ਹੋ ਗਿਆ। ਪਹਿਰੇਦਾਰ ਖ਼ਬਰਦਾਰ ਹੋ ਗਏ। ਇਸ ਤੋਂ ਪਹਿਲਾਂ ਕਿ ਮਸ਼ਾਲਚੀ ਇਧਰ ਆਉਂਦੇ, ਉਹ ਫੁਰਤੀ ਨਾਲ ਕੰਧ ਟੱਪ ਗਿਆ। ਸਿਪਾਹੀ ਵਗੈਰਾ ਇਕੱਠੇ ਹੋ ਗਏ। ਬਾਹਰ ਕੁੱਤੇ ਭੌਂਕੇ ਤਾਂ ਮਸ਼ਾਲਾਂ ਬਾਲ ਕੇ ਸਾਰੀ ਗਾਰਦ ਉਧਰ ਨੂੰ ਦੌੜੀ।

ਉਧਰ ਭੀੜੀਆਂ ਗਲੀਆਂ ਵਿਚ ਜਾਨ ਲੁਕਾਉਂਦੇ ਫਿਰਦੇ ਚੋਰ ਨੇ, ਜਦੋਂ ਦੇਖਿਆ ਕਿ ਸਿਪਾਹੀ ਉਸ ਦੇ ਨੇੜੇ ਹੀ ਪਹੁੰਚਣ ਵਾਲੇ ਹਨ, ਉਸਨੇ ਢੱਠੇ ਪਏ ਖੋਲੇ ਵਿਚ ਸ਼ਰਨ ਲੈ ਲਈ। ਉਹ ਦੜ ਵੱਟ ਕੇ ਬਹਿ ਗਿਆ ਕਿ ਜੋ ਹੋਏਗਾ, ਦੇਖਿਆ ਜਾਏਗਾ। ਜਿਥੇ ਉਹ ਲੁਕਿਆ ਬੈਠਾ ਸੀ, ਉਥੇ ਲਾਗੇ ਹੀ ਧਰਮ-ਅਸਥਾਨ ਸੀ, ਜਿਥੇ ਤਾਨਪੁਰਾ ਤੇ ਖੜਤਾਲਾਂ ਵੱਜ ਰਹੀਆਂ ਸਨ। ਕੋਈ ਸਾਧੂ ਪ੍ਰਵਚਨ ਕਰ ਰਿਹਾ ਸੀ। ਇਸਦੀ ਭਿਣਕ ਪੈਂਦਿਆਂ ਸਾਰ ਚੋਰ ਮੁੰਡੇ ਨੂੰ ਮਾਂ ਦੀ ਨਸੀਹਤ ਯਾਦ ਆ ਗਈ। ਹੁਣ ਜੇ ਉਹ ਉਥੋਂ ਉਠ ਕੇ ਦੌੜੇ ਤਾਂ ਗ੍ਰਿਫ਼ਤਾਰ ਹੋਣ ਦਾ ਖਤਰਾ। ਜੇ ਬੈਠਾ ਰਹੇ ਤਾਂ ਅਸੂਲ ਭੰਗ। ਉਸਨੂੰ ਹੋਰ ਕੁਝ ਨਾ ਸੁੱਝਾ, ਫੌਰਨ ਕੰਨਾਂ ਵਿਚ ਉਂਗਲੀਆਂ ਤੁੰਨ ਲਈਆਂ। ਮਤਾਂ ਕੋਈ ਕਥਾ-ਵਿਚਾਰ ਕੰਨੀਂ ਨਾ ਪੈ ਜਾਏ।

ਜਿਵੇਂ ਕਿਤੇ ਇਹ ਬਿਧ ਬਣਨੀ ਹੀ ਸੀ, ਕੰਨਾਂ ਵਿਚ ਮੁਸਤੈਦੀ ਨਾਲ ਉਂਗਲੀਆਂ ਦੇਈ ਬੈਠੇ ਦੇ ਪੈਰ, ਉਪਰ ਕੋਈ ਕੀੜਾ ਮਕੌੜਾ ਲੜ ਗਿਆ। ਦਰਦ ਨਾਲ ਕਰਾਹੁੰਦੇ ਨੂੰ ਮਜਬੂਰੀ ਵੱਸ ਆਪਣਾ ਪੈਰ ਮਲਣਾ ਪਿਆ। ਜਿਉਂ ਹੀ ਉਸ ਨੇ ਖੁਰਕਣ ਲਈ ਕੰਨ ਤੋਂ ਹੱਥ ਹਟਾਇਆ, ਕਥਾ ਕਰ ਰਹੇ ਸਾਧੂ ਦੇ ਇੰਨੇ ਕੁ ਬੋਲ ਉਸ ਨੂੰ ਸੁਣ ਗਏ:

"... ਤੋ ਭਗਤ ਜਨੋਂ, ਦੇਵੀ ਦੇਵਤਿਆਂ ਦਾ ਸਰੂਪ ਐਸਾ ਰੂਹਾਨੀ ਰੌਸ਼ਨੀ ਵਾਲਾ ਹੁੰਦਾ ਹੈ ਕਿ ਉਨ੍ਹਾਂ ਦਾ ਪ੍ਰਛਾਵਾਂ ਨਹੀਂ ਬਣਦਾ ਹੁੰਦਾ...।"



ਚੋਰ ਨੇ ਫਟਾਫਟ ਫੇਰ ਕੰਨ ਬੰਦ ਕਰ ਲਿਆ। ਉਤਲੇ ਵਾਕ ਬਦੋਬਦੀ ਉਸਦੇ ਕੰਨੀਂ ਪੈ ਹੀ ਗਏ। ਉਸ ਦੀ ਮਾੜੀ ਕਿਸਮਤ ਨੂੰ ਖੱਲਾਂ-ਖੂੰਜੇ ਢੂੰਡਦੇ ਆ ਰਹੇ ਸਿਪਾਹੀਆਂ ਦੇ ਉਹ ਨਜ਼ਰੀਂ ਪੈ ਗਿਆ। ਮੁਸ਼ਕਾਂ ਬੰਨ੍ਹ ਕੇ ਸਿਪਾਹੀ ਉਸ ਚੋਰ ਮੁੰਡੇ ਨੂੰ ਕੈਦ ਖਾਨੇ ਲੈ ਗਏ। ਉਸ ਦੀ ਪੁੱਛ ਪੜਤਾਲ ਸ਼ੁਰੂ ਹੋ ਗਈ। ਉਸ ਨੇ ਆਪਣੇ ਆਪ ਨੂੰ ਬੇਕਸੂਰ ਦੱਸਦਿਆਂ ਚੋਰ ਹੋਣ ਤੋਂ ਹੀ ਇਨਕਾਰ ਕਰ ਦਿੱਤਾ। ਬੜੀ ਕੁੱਟ-ਫਾਟ ਹੋਈ ਪਰ ਉਸ ਨੇ ਇੱਕੋ 'ਨੰਨਾ' ਫੜੀ ਰੱਖਿਆ।

ਸਾਰੇ ਹੀਲੇ ਵਰਤਣ ਤੋਂ ਬਾਅਦ ਸਮੇਂ ਦੀ ਰਵਾਇਤ ਅਨੁਸਾਰ ਉਸ ਦਾ ਸੱਚ-ਝੂਠ ਪਰਖਣ ਵਾਸਤੇ ਇਕ ਹੋਰ ਤਰੀਕਾ ਵਰਤਿਆ ਗਿਆ। ਉਹ ਇਹ ਕਿ ਅੱਧੀ ਰਾਤ ਵੇਲੇ ਜਿਸ ਕੈਦਖਾਨੇ ਵਿਚ ਉਸ ਨੂੰ ਸੁੱਟਿਆ ਹੋਇਆ ਸੀ, ਉਥੇ ਅਸ਼ਟਭੁਜੀ ਦੇਵੀ ਪ੍ਰਗਟ ਹੋ ਗਈ। ਹੱਥ ਵਿਚ ਮਸ਼ਾਲਾਂ, ਚਾਰੇ ਪਾਸੇ ਰੌਸ਼ਨੀ ਹੀ ਰੌਸ਼ਨੀ। ਧੀਰੇ-ਧੀਰੇ ਕਦਮ ਧਰਦੀ ਹੋਈ ਦੇਵੀ ਮਾਂ ਚੋਰ ਮੁੰਡੇ ਵਲ ਵਧਦੀ ਆ ਰਹੀ ਸੀ। ਮੁੰਡਾ ਇਕਦਮ ਡਰ ਗਿਆ। ਦੇਵੀ ਉਹਦੇ ਕੋਲ ਆ ਕੇ ਧੀਰਜ ਨਾਲ ਬੋਲੀ, "ਬੱਚਾ, ਤੈਨੂੰ ਕਸ਼ਟ ਵਿਚ ਦੇਖ ਕੇ ਮੈਨੂੰ ਤਰਸ ਆ ਗਿਆ.. ਤੇਰੀ ਮਦਦ ਲਈ ਦੇਵ-ਲੋਕ ਤੋਂ ਧਰਤੀ 'ਤੇ ਆਈ ਹਾਂ, ਬੱਸ ਮੈਨੂੰ ਇਕ ਵਾਰ ਦੱਸ ਦੇ ਕਿ ਤੂੰ ਚੋਰ ਹੈਂ ਜਾਂ ਨਹੀਂ?...ਸੱਚੋ-ਸੱਚ ਦੱਸ ਦੇ, ਤੇਰਾ ਵਾਲ ਵੀ ਵਿੰਗਾ ਨਹੀਂ ਹੋਣ ਦਿਆਂਗੀ।"

ਦੇਵੀ ਮਾਂ ਦੇ ਆਕਾਰ ਵਲ ਅੱਖਾਂ ਅੱਡ ਕੇ ਝਾਕ ਰਹੇ ਚੋਰ ਨੇ ਦੇਖਿਆ ਕਿ ਬਲਦੀਆਂ ਮਸ਼ਾਲਾਂ ਕਾਰਨ ਦੇਵੀ ਮਾਂ ਦਾ ਪ੍ਰਛਾਵਾਂ ਪਿਛਲੀ ਕੰਧ ਉਪਰ ਪੈ ਰਿਹਾ ਸੀ। ਉਸੇ ਵਕਤ ਉਸਨੂੰ ਖੋਲੇ ਵਿਚ ਲੁਕ ਕੇ ਬੈਠਣ ਵੇਲੇ ਸੁਣਿਆ ਪ੍ਰਵਚਨ ਚੇਤੇ ਆ ਗਿਆ ਕਿ ਦੇਵੀ-ਦੇਵਤਿਆਂ ਦੇ ਪ੍ਰਛਾਵੇਂ ਨਹੀਂ ਬਣਦੇ। ਉਹ ਤਾੜ ਗਿਆ ਕਿ ਇਹ ਤਾਂ ਕੋਈ ਨਾਟਕ ਰਚ ਕੇ ਉਸਦਾ ਇਮਤਿਹਾਨ ਲਿਆ ਜਾ ਰਿਹਾ ਹੈ। ਇਹ ਅਸਲ ਵਿਚ ਅਸ਼ਟਭੁਜੀ ਨਹੀਂ। ਚੋਰ ਨੇ ਵੀ 'ਨਾਟਕ ਖੇਡਣਾ' ਸ਼ੁਰੂ ਕਰ ਦਿੱਤਾ, "ਹੇ ਦੇਵੀ ਮਾਂ, ਮੇਰੇ ਅਹੋ ਭਾਗ ਕਿ ਆਪ ਦੇ ਦਰਸ਼ਨ ਹੋਏ। ਆਪ ਤਾਂ ਸਰਬ ਕਲਾ ਸਮਰੱਥ ਹੋ, ਤੁਹਾਤੋਂ ਕਾਹਦਾ ਲੁਕਾਅ? ਮੈਂ ਤਾਂ ਸਤਿਸੰਗ ਵਿਚ ਸ਼ਾਮਿਲ ਹੋਣ ਲਈ ਜਾ ਰਿਹਾ ਸਾਂ। ਰਾਜੇ ਦੇ ਸਿਪਾਹੀਆਂ ਕੋਲੋਂ ਡਰ ਕੇ ਮੈਂ ਖੋਲੇ ਵਿਚ ਛੁਪ ਗਿਆ ਪਰ ਜਿਸ ਗੱਲ ਤੋਂ ਡਰਦਾ ਸਾਂ, ਉਹੀ ਹੋਈ। ਮੈਨੂੰ ਇਨ੍ਹਾਂ ਨੇ ਚੋਰ ਸਮਝ ਕੇ ਬੰਦੀਖਾਨੇ ਲਿਆ ਸੁੱਟਿਆ।...ਹੁਣ ਮੇਰੇ ਪ੍ਰਾਣਾਂ ਦੀ ਡੋਰ ਆਪ ਦੇ ਹੱਥਾਂ ਵਿਚ ਹੀ ਹੈ।" ਇੰਨਾ ਕਹਿ ਕੇ ਉਹ ਝੂਠੀ-ਮੂਠੀ ਡੁਸਕਣ ਲੱਗ ਪਿਆ।

ਅਸ਼ਟਭੁਜੀ ਦੇ ਸਵਾਂਗ ਦੀ ਖੁਫੀਆ ਰਿਪੋਰਟ ਰਾਜੇ ਕੋਲ ਪਹੁੰਚ ਗਈ ਅਤੇ ਚੋਰ ਸ੍ਰੀਮਾਨ ਬਾਇੱਜ਼ਤ ਬਰੀ ਹੋ ਗਏ।

'ਕਬੀਰ ਏਕ ਘੜੀ ਆਧੀ ਘੜੀ,
ਆਧੀ ਹੂੰ ਸੇ ਆਧ॥
ਭਗਤਨ ਸੇਤੀ ਗੋਸ਼ਟੇ, ਜੋ ਕੀਨੇ ਸੋ ਲਾਭ॥'

ਇਹ ਸਾਖੀ ਤਾਂ ਅੱਗੇ ਹੋਰ ਕਾਫੀ ਲੰਬੀ ਅਤੇ ਦਿਲਚਸਪ ਹੈ ਪਰ ਗੱਲ ਇਥੇ ਹੀ ਮੁੱਕਦੀ ਹੈ ਕਿ ਸਤਿ ਸੰਗਤ ਵਿਚ ਸੁਣੇ ਗਏ ਉਪਦੇਸ਼ ਨੂੰ ਅਮਲ ਵਿਚ ਲਿਆਉਣ ਨਾਲ ਲਾਭ ਹੀ ਲਾਭ ਮਿਲਦਾ ਹੈ। ਇਸ ਪੁਰਾਤਨ ਸਾਖੀ ਨੂੰ ਸੱਚੀ ਜਾਂ ਝੂਠੀ ਸਿੱਧ ਕਰਨ ਲਈ ਇਹਦੀਆਂ 'ਤਕਨੀਕੀ ਖਾਮੀਆਂ' ਗਿਣਨ ਦੀ ਬਜਾਏ, ਸੋਚਣਯੋਗ ਨੁਕਤਾ ਇਹ ਹੈ ਕਿ ਪ੍ਰਮਾਰਥ ਦੀ ਇਕ ਨਿੱਕੀ ਜਿਹੀ ਜਾਣਕਾਰੀ ਨੇ ਕੀ ਦਾ ਕੀ ਬਣਾ ਦਿੱਤਾ। ਇਕ ਝੂਠਾ ਚੋਰ ਵੀ ਸੱਚਾ ਬਣ ਕੇ ਬੰਦੀਖਾਨੇ ਤੋਂ ਛੁਟਕਾਰਾ ਪਾ ਗਿਆ।

ਦੇਖਿਆ ਜਾਏ ਤਾਂ ਇਹ ਸਾਖੀ ਇਸ ਸਵਾਲ ਨੂੰ ਵੀ ਹੱਲ ਕਰ ਦਿੰਦੀ ਹੈ ਕਿ ਇਨਸਾਨ ਲਈ ਸੁਣਨਯੋਗ ਕਿਹੜੀ ਸਮੱਗਰੀ ਹੈ। ਜੇ ਭਲਾ ਖੋਲੇ ਵਿਚ ਲੁਕੇ ਬੈਠੇ ਚੋਰ ਮੁੰਡੇ ਦੇ ਲਾਗੇ ਕਿਤੇ ਅੱਜ ਵਰਗੇ ਕਲਾਕਾਰਾਂ ਦਾ ਅਖਾੜਾ ਲੱਗਾ ਹੁੰਦਾ, ਫੇਰ ਉਹਦੀਆਂ ਜੰਜ਼ੀਰਾਂ ਕੱਟ ਹੋ ਜਾਂਦੀਆਂ? ਇਕ ਪੱਖ ਹੋਰ, ਜੇ ਕਿਤੇ ਉਹ ਪ੍ਰਵਚਨ ਕਰ ਰਹੇ ਮਹਾਤਮਾ ਮੂੰਹੋਂ ਸੁਣੀ ਗਈ ਵਿਚਾਰ ਨੂੰ ਅਣ-ਸੁਣਿਆਂ ਕਰ ਦਿੰਦਾ ਅਤੇ ਅੱਜ ਦੇ ਘੁਣਤਰੀ ਮਨੁੱਖ ਵਾਂਗ ਉਸ ਦਾ ਮਖੌਲ ਉਡਾਉਂਦਾ ਤਾਂ ਫਿਰ ਬੈਠਾ ਰਹਿੰਦਾ ਕੈਦ ਵਿਚ।

ਸਾਡੇ ਸਮਿਆਂ ਦੀ ਇਹ ਵੀ ਇਕ ਵੱਡੀ ਤ੍ਰਾਸਦੀ ਹੈ ਕਿ ਸੁਣਿਆ ਉਹ ਕੁਝ ਜਾ ਰਿਹਾ ਹੈ, ਜਿਸ ਨਾਲ ਅੱਠੇ ਪਹਿਰ ਮਨੋ-ਬਿਰਤੀਆਂ 'ਚ ਤਰਥੱਲੀ ਮੱਚੀ ਰਹਿੰਦੀ ਹੈ ਪਰ ਚਾਹੁੰਦੇ ਹਾਂ ਅਸੀਂ ਸ਼ਾਂਤ ਹੋਣਾ। ਇਹ ਕਿਵੇਂ ਹੋ ਸਕਦਾ ਹੈ ਕਿ ਸੁਣੀਏ ਅਸੀਂ ਝੂਠ-ਤੂਫਾਨ ਅਤੇ ਬਣਨਾ ਚਾਹੀਏ ਸਚਿਆਰ। ਇਹ ਤਾ ਬਾਬੇ ਫਰੀਦ ਵਾਲੀ ਗੱਲ ਹੋਈ:

'ਫਰੀਦਾ ਲੋੜੇ ਦਾਖ ਬਿਜੌਰੀਆ
ਕਿੱਕਰ ਬੀਜੇ ਜੱਟ,
ਹੰਢੇ ਉਨ ਕਤਾਇੰਦਾ, ਪੈਧਾ ਲੋੜੇ ਪੱਟ॥'

# ਜੇ ਹਾਲਾਤ ਬਦਲਣੇ ਨੇ ਤਾਂ ਆਪਣੇ ਵਿਚਾਰ ਬਦਲੋ



ਡੇਵਿਡ ਐਲਿਨ ਲੌਂਗਫੈਲੋ

ਯੁੱਗ ਪਲਟਣ ਦੇ ਪ੍ਰਤੀਕ ਕੁਕਨੂਸ ਪੰਛੀ ਨੇ ਆਪਣੀ ਹੀ ਚਿਤਾ ਬਣਾ ਕੇ ਅੱਗ ਲਾ ਲਈ। ਹਰ ਬਲਦੀ ਹੋਈ ਚਿਤਾ ਵਿਚੋਂ ਕੁਕਨੂਸ ਜਨਮ ਲੈ ਕੇ ਉਡਾਰੀ ਭਰਦਾ ਹੈ। ਨਵੇਂ ਅਹਿਸਾਸਾਂ, ਨਵੇਂ ਯੁੱਗ ਦੀ ਪ੍ਰੇਰਣਾ ਦਾ ਪ੍ਰਤੀਕ ਹੁੰਦਾ ਹੈ ਇਹ। ਦੁਨੀਆ ਲਈ ਸ਼ਾਂਤੀ ਅਤੇ ਪਿਆਰ ਦਾ ਸੁਨੇਹਾ ਹੈ ਤੇ ਜਰਵਾਣਿਆਂ ਲਈ ਭਿਆਨਕ ਇਨਕਲਾਬ ਦਾ ਸੂਚਕ। ਸਦੀਆਂ ਤੋਂ ਟੁਕੜਿਆਂ ਵਿਚ ਵੰਡੀ ਨਿਰਪੇਖਤਾ ਇਕਮੁੱਠ ਹੋਣ ਲਈ ਫਿਰ ਵੈਣ ਪਾ ਰਹੀ ਹੈ, ਜਿਵੇਂ ਜ਼ਖ਼ਮੀ ਹਿਰਨੀ ਦੇ ਵੈਣ 'ਗ਼ਜ਼ਲ' ਬਣ ਕੇ ਸਮੇਂ ਨੂੰ ਹਲੂਣਾ ਦੇ ਰਹੇ ਹੋਣ ਅਤੇ ਗੀਤ ਲਈ ਕੰਬਦੇ ਬੁੱਲ੍ਹ ਲਫ਼ਜ਼ਾਂ ਨੂੰ ਤਰਾਸ਼ ਕੇ ਦੁਖਾਂਤ ਦੇ ਪਲਾਂ ਦਾ ਵਰਨਣ ਸਮੇਂ ਦੇ ਚਿਤਰ-ਪਟ ਉਤੇ ਉਲੀਕ ਰਹੇ ਹੋਣ। ਕਿੰਨੀ ਸੋਹਣੀ ਹੈ ਇਨਕਲਾਬ ਦੀ ਸੁਗੰਧੀ ਅਤੇ ਦਰਿੰਦਿਆਂ ਲਈ ਚੁਣੌਤੀ। ਬ੍ਰਹਮ-ਲੋਕ ਦੀ ਆਤਮਾ ਕਬਰਾਂ ਦੇ ਪੱਥਰ ਚੱਟ ਕੇ ਬੇਦੋਸ਼ਿਆਂ ਦਾ ਹਾਲ ਪੁੱਛਣ ਲਈ ਬੇਕਰਾਰ ਹੈ। ਇਹ ਲੋਕ ਰੱਬ ਨੂੰ ਪੁਕਾਰਦੇ ਰਹੇ ਅਤੇ ਸਹਿਣਸ਼ੀਲਤਾ ਦੇ ਪੁੰਜ ਬਣ ਕੇ ਉਸ ਦੀ ਰਜ਼ਾ ਵਿਚ ਰਹੇ। ਇਨ੍ਹਾਂ ਨੂੰ ਵਿਰਸੇ 'ਚ ਸਿਰਫ ਭੁੱਖ, ਗਰੀਬੀ ਅਤੇ ਦਲਿੱਦਰ ਮਿਲਿਆ ਅਤੇ ਅੰਤ ਵਿਚ ਨਰ-ਕੰਕਾਲ ਬਣ ਕੇ ਮੌਤ ਦੇ ਮੂੰਹ ਵਿਚ ਸਮਾ ਗਏ। ਨਾ ਕਿਸੇ ਨੇ ਉਨ੍ਹਾਂ ਦੀ ਸਾਰ ਲਈ, ਨਾ ਹੀ ਹਾਲ ਪੁੱਛਿਆ, ਸਿਰਫ ਅਜਨਬੀਆਂ ਦੀ ਤਰ੍ਹਾਂ ਰਹੇ ਅਤੇ ਬੇਨਾਮ ਹੀ ਕੂਚ ਕਰ ਗਏ। ਉਨ੍ਹਾਂ ਮਾਸੂਮ ਅਤੇ ਬੇਦੋਸ਼ੇ ਲੋਕਾਂ ਦੀ ਖ਼ੂਨੀ ਦਰਿੰਦਿਆਂ ਨੇ ਆਵਾਜ਼ ਤੱਕ ਨਾ ਨਿਕਲਣ ਦਿੱਤੀ, ਜਦੋਂ ਕਿ ਉਹ ਪਥਰਾਈਆਂ ਅੱਖਾਂ ਨਾਲ ਦਇਆ ਦੀ ਭੀਖ ਮੰਗਦੇ ਰਹੇ। ਸਮੇਂ ਦੇ ਸਿਆਸੀ ਬਗਲੇ ਖੁਦ ਮੰਗਤੇ ਸਨ ਤੇ ਦਇਆ ਭਾਵਨਾ ਤੋਂ ਸੱਖਣੇ।

ਤੁਸੀਂ ਆਪਣੇ ਵਿਚਾਰ ਖੁਦ ਵਿਕਸਤ ਕਰਦੇ ਹੋ। ਇਸ ਲਈ ਜੇਕਰ ਆਪਣੇ ਹਾਲਾਤ ਬਦਲਣਾ ਚਾਹੁੰਦੇ ਹੋ ਤਾਂ ਆਪਣੇ ਵਿਚਾਰ ਬਦਲੋ ਅਤੇ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹੋ। ਇਹੋ ਨਵਾਂਪਣ ਹੈ। ਹਰ ਵਿਚਾਰ ਆਪਣੀ ਫਿਤਰਤ ਰੱਖਦਾ ਹੈ। ਚੀਜ਼ ਬਦਲਦੀ ਹੈ ਤੇ ਬਦਲਣਾ ਕੁਦਰਤ ਦਾ ਨਿਯਮ ਹੈ। ਤੁਸੀਂ ਦੁਨੀਆਂ ਬਦਲਣ ਦੇ ਚਾਹਵਾਨ ਹੋ ਅਤੇ ਦੁਨੀਆਂ ਤੁਹਾਨੂੰ ਬਦਲ ਕੇ ਰਾਹਤ ਮਹਿਸੂਸ ਕਰਦੀ ਹੈ। ਇਸ ਝਮੇਲੇ ਵਿਚ ਨਾ ਪਵੋ। ਕਿਸੇ ਤੀਸਰੀ ਸ਼ਕਤੀ ਨੂੰ ਇਹ ਕੰਮ ਕਰਨ ਦੇਵੋ। ਉਹ ਰੱਬ ਵੀ ਹੋ ਸਕਦੀ ਹੈ, ਕਾਰਨ ਵੀ ਜਾਂ ਸਾਇੰਸ ਦੀ ਜਗਿਆਸਾ ਵੀ।

ਰੌਸ਼ਨੀ ਦੇ ਮੁਤਾਬਕ ਬਿਜਲੀ ਦੇ ਬਲਬ ਦੀ ਪਰਖ ਹੁੰਦੀ ਹੈ। ਤੁਸੀਂ ਖੁਦ ਜਾਣੋ ਕਿ ਤੁਸੀਂ ਕਿਸ ਵਾਟ ਦੇ ਬਲਬ ਹੋ। ਇਕ ਬਦਲਾਉ ਹੀ ਸੀ, ਜਿਸ ਨੇ ਮਹਾਤਮਾ ਬੁੱਧ ਨੂੰ ਨਿਰਵਾਣ ਦਿੱਤਾ। ਬਦਲਣ ਕਾਰਨ ਹੀ ਨੈਪੋਲੀਅਨ ਹਾਰ ਨੂੰ ਜਿੱਤ ਵਿਚ ਬਦਲਣ ਲਈ ਉਤਸ਼ਾਹਿਤ ਹੋਇਆ। ਉਨ੍ਹਾਂ ਲੋਕਾਂ ਦਾ ਦਿਲ ਖੂਨ ਦੇ ਅੱਥਰੂ ਰੋਂਦਾ ਰਿਹਾ, ਪਰ ਖਲਾਅ ਦੇ ਖਾਲੀਪਣ ਦੇ ਮੂੰਹ ਚੁੰਮਣ ਲਈ ਸਬਰ ਦਾ ਘੁੱਟ ਭਰਦੇ ਰਹੇ। ਤਿੜਕੇ ਹੋਏ ਪੱਥਰਾਂ ਦੇ ਸੀਨੇ ਵਿਚੋਂ ਪਿਆਰ ਸਿੰਮ ਕੇ ਗੁਲਾਬ ਦੀਆਂ ਪੰਖੜੀਆਂ ਵਿਚ ਛਿਪੇ ਮੋਤੀਆਂ ਦੀ ਮਾਲਾ ਪੁਨਰ-ਜਾਗਰਣ ਦੇ ਸਵਾਗਤ ਲਈ ਪਰੋਂਦਾ ਹੈ। ਲੁੱਟੇ ਹੋਏ ਕਾਫਲਿਆਂ ਦੀਆਂ ਪੈੜਾਂ ਮੂੰਹੋਂ ਬੋਲਦੀਆਂ ਹਨ ਕਿ ਜਰਵਾਣੇ ਕਿੰਨੇ ਕੁ ਚੰਡਾਲ ਬਿਰਤੀ ਦੇ ਲੋਕ ਸਨ। ਪਿਆਰ ਦੀਆਂ ਮੰਜ਼ਿਲਾਂ ਤਾਂ ਬਹੁਤ ਆਈਆਂ, ਪਰ ਫਾਸਲੇ ਵਧਦੇ ਹੀ ਗਏ, ਆਲ੍ਹਣੇ ਦੇ ਬਿਖਰੇ ਤਿਨਕੇ ਗਵਾਹੀ ਭਰਦੇ ਰਹੇ।

ਗੁਆਚੀਆਂ ਸੁਰਾਂ ਦੇ ਨਗਮੇ ਫਿਰ ਪਿਆਰ ਦਾ ਅਰਘ ਦੇਣਗੇ। ਇਨਸਾਨ ਜਾਗੇਗਾ, ਕਿਉਂਕਿ ਕਿਰਤੀ ਅਤੇ ਕਾਮੇ ਸੰਘਰਸ਼ ਦੀ ਹਵਨਸ਼ਾਲਾ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦਿੰਦੇ ਆ ਰਹੇ ਹਨ। ਮਿਹਨਤ ਦਾ ਗੀਤ ਮਸਤੀ ਦੇ ਗੀਤ ਨਾਲੋਂ ਕਿਤੇ ਸੁਰੀਲਾ ਹੈ। ਕਰਨ-ਕਰਾਉਣ ਵਾਲਾ ਖੁਦ ਰੱਬ ਹੈ। ਕਰਤਾ ਕੋਈ ਮਦਾਰੀ ਨਹੀਂ, ਬਲਕਿ ਰਹੱਸਮਈ ਸ਼ਕਤੀ ਹੈ, ਜੋ ਵਿਅਕਤੀਗਤ ਸੋਚ ਨੂੰ ਬਦਲਣ ਲਈ ਦ੍ਰਿਸ਼ਟਾਂਤਵਾਦੀ ਵਿਵੇਕਸ਼ੀਲਤਾ ਪ੍ਰਦਾਨ ਕਰਦੀ ਹੈ। ਉਹ ਕੀੜੀ ਬਣ ਕੇ ਤਪਦੇ ਥੰਮ੍ਹਾਂ ਵਿਚ ਚਲਦਾ ਹੈ, ਸਿਰਫ ਮਾਸੂਮਾਂ ਦਾ ਸੁੱਤਾ ਹੋਇਆ ਵਿਵੇਕ ਜਗਾਉਣ ਲਈ, ਹਰਨਾਖਸ਼ ਦਾ ਹੰਕਾਰ ਤੋੜਨ ਲਈ, ਤੇ ਪ੍ਰਮਾਣ ਦੀ ਜ਼ਰੂਰਤ ਤਾਂ ਪੈਂਦੀ ਹੀ ਹੈ। ਕੌਣ ਹੈ, ਜੋ ਸਮੇਂ ਨੂੰ ਉਬਾਲਾ ਦੇ ਰਿਹਾ ਹੈ, ਮਜ਼ਹਬੀ ਜਨੂੰਨੀ ਰੰਗ ਵਿਚ ਫਿਰਕਾਪ੍ਰਸਤੀ ਦੀ ਅੱਗ ਬਾਲ ਕੇ ਜਾਂ ਬੇਦੋਸ਼ਿਆਂ ਦੀਆਂ ਲਾਸ਼ਾਂ ਦੇ ਢੇਰ ਤੋਂ ਉਚਾ ਉਠ ਕੇ? ਕੱਲ੍ਹ ਦੇ ਚੋਰ-ਉਚੱਕੇ ਅੱਜ ਵਰਤਮਾਨ ਦੇ ਵਾਰਿਸ ਬਣ ਬੈਠੇ ਹਨ, ਪਰ ਅਤੀਤ ਦੇ ਡਰਾਉਣੇ ਪਰਛਾਵੇਂ ਉਨ੍ਹਾਂ ਦੀ ਨੀਂਦ ਹਰਾਮ ਕਰ ਰਹੇ ਹਨ। ਸੋਚ ਬਦਲੋ ਅਤੇ ਪਛਾਣੋ ਇਨ੍ਹਾਂ ਜੱਲਾਦਾਂ ਨੂੰ, ਕਿਉਂਕਿ ਪੁਨਰ ਜਾਗਰਣ ਦੀ ਮੰਗ ਹੈ। ਕਹੋ ਇਨ੍ਹਾਂ ਨੂੰ, "ਸੌ ਦਿਨ ਚੋਰ ਦਾ, ਇਕ ਦਿਨ ਸਾਧ ਦਾ"। ਇਤਿਹਾਸ ਦੀ ਨਵੀਂ ਸਿਰਜਣਾ ਲਈ ਕਿਰਤੀਆਂ ਨੂੰ ਸਾਹਸ ਮਿਲ ਗਿਆ ਹੈ, ਕਾਮਿਆਂ ਦੇ ਬਲੀਦਾਨ ਦਾ ਇਤਿਹਾਸ, ਕਿਰਤੀਆਂ ਦੇ ਸੰਘਰਸ਼ ਦਾ ਇਤਿਹਾਸ। ਵਿਵੇਕ ਜਾਗੇਗਾ, ਸਾਹਸ ਜੀਵਨ ਜਾਚ ਬਣ ਕੇ ਸਾਹਾਂ ਵਿਚ ਨਿਡਰਤਾ ਫੂਕੇਗਾ, ਗੁਲਾਮਾਂ ਵਾਲੀ ਫਿਤਰਤ ਤਾਨਾਸ਼ਾਹਾਂ ਲਈ ਕਫਨ ਸਾਬਤ ਹੋਵੇਗੀ, ਭਟਕੇ ਹੋਏ ਕਾਫਲੇ ਰਾਹਾਂ 'ਤੇ ਚੱਲਣਗੇ। ਹੁਣ ਪੁਨਰ-ਜਾਗਰਣ ਦਾ ਵੇਲਾ ਹੈ। ਤੂਫਾਨਾਂ ਦੇ ਰਾਹ ਵਿਚ ਚਿਰਾਗ ਰੌਸ਼ਨ ਕੀਤੇ ਜਾਣਗੇ। ਸ਼ਹਿਰ ਵਿਚ ਰੌਸ਼ਨੀਆਂ ਦਾ ਪੁਰਬ ਮਨਾਇਆ ਜਾਵੇਗਾ। ਜਾਗਣ ਵਾਲੇ ਸੁਨਹਿਰੀ ਸਵੇਰ ਦੇ ਵਾਰਿਸ ਹੋਣਗੇ। ਕੋਈ ਵੀ ਪੁਰਬ ਦੀ ਪਾਗਲ ਹਵਾ ਚਿਰਾਗ ਬੁਝਾ ਨਾ ਸਕੇਗੀ ਤੇ ਕਾਤਲ ਖੁਦ ਕਬਰ ਵਿਚ ਉਤਾਰਿਆ ਜਾਵੇਗਾ।

ਇਨਸਾਨੀ ਹੋਂਦ ਨੂੰ ਸੁਖਾਵਾਂ ਬਣਾਉਣ ਲਈ ਰੱਬ ਦੀ ਖੁਦ ਮੁਨਾਦੀ ਹੈ, "ਐ ਬੋਝ ਨਾਲ ਦੱਬੇ ਲੋਕੋ, ਮੇਰੇ ਪਾਸ ਆਓ, ਮੈਂ ਆਰਾਮ ਦੇਵਾਂਗਾ।" ਸਾਕਾਰ ਸੁਫਨਿਆਂ ਦੇ ਦੀਪ ਬਲ ਚੁੱਕੇ ਹਨ ਅਤੇ ਕਬਰਸਤਾਨ ਦੇ ਉਲੂਆਂ ਨੇ ਹੂਟਿੰਗ ਬੰਦ ਕਰ ਦਿਤੀ ਹੈ। ਸ਼ਗਨਾਂ ਭਰੀ ਸਵੇਰ ਵਿਚ ਕੋਈ ਨਹਿਸ਼ ਚੀਜ਼ ਦਿਖਾਈ ਨਹੀਂ ਦਿੰਦੀ, ਬਹਾਰ ਦੇ ਫੁੱਲ ਹੱਸਣ ਲਈ ਕਹਿੰਦੇ ਹਨ ਅਤੇ ਭੌਰੇ ਇਕ ਸੁਰਤਾਲ ਨਾਲ ਆਰਾਧਨਾ ਦਾ ਗੀਤ ਅਲਾਪਦੇ ਹਨ। ਪ੍ਰਕਿਰਤੀ ਦਾ ਪ੍ਰਤੱਖਵਾਦ ਦਾ ਸਿਧਾਂਤ ਵਕਤ ਦੇ ਕਹਿਰ ਨੂੰ ਝੰਜੋੜ ਕੇ ਹਿਸਾਬ ਮੰਗ ਰਿਹਾ ਹੈ। ਯਾਦਾਂ ਦੇ ਕਿੰਗਰਿਆਂ 'ਤੇ ਚੌਕੜੀਆਂ ਭਰਦਾ ਵਕਤ ਦਾ ਘੋੜਾ ਪੌੜਾਂ ਦੀ ਥਾਪ ਮਾਰ ਕੇ ਜਰਵਾਣਿਆਂ ਦੀ ਛਾਤੀ ਲਿਤਾੜਦਾ ਹੈ। ਮਾਸੂਮ ਚਿੜੀਆਂ ਖੂੰਖਾਰ ਬਾਜ਼ਾਂ ਉਤੇ ਝਪਟਣ ਲਈ ਤਿਆਰ ਹਨ, ਕਿਉਂਕਿ ਪੁਨਰ-ਜਾਗਰਣ ਅਮੀਰਾਂ ਲਈ ਪਰਲੋ ਬਣ ਕੇ ਆ ਰਿਹਾ ਹੈ। ਚਿਰਾਗਾਂ ਦੇ ਗੀਤ ਫਿਰ ਗੂੰਜਣਗੇ ਅਤੇ ਆਜੜੀ ਆਪਣੀਆਂ ਭੇਡਾਂ ਨੂੰ ਬਗੈਰ ਕਿਸੇ ਡਰ ਤੋਂ ਫਿਰ ਪਹਾੜਾਂ ਦੀ ਸਿਖਰ 'ਤੇ ਲੈ ਜਾਣਗੇ ਅਤੇ ਖੁਸ਼ਹਾਲੀ ਦੇਖਣ ਲਈ ਘੁੱਟ-ਘੁੱਟ ਕੇ ਜੀਊਣਾ ਨਹੀਂ ਪਵੇਗਾ।

ਸਵੇਰ ਦੇ ਤ੍ਰੇਲ-ਭਿੱਜੇ ਖਾਮੋਸ਼ ਪਲ ਨੀਝ ਲਾ ਕੇ ਮੌਤ ਨੂੰ ਪੁੱਛਦੇ ਹਨ, "ਤੂੰ ਤਾਂ ਲੋਕਾਂ ਨੂੰ ਦਿਨ ਗਿਣਨਾ ਸਿਖਾਉਂਦੀ ਸੀ, ਹੁਣ ਕਿੱਧਰ ਗਿਆ ਤੇਰਾ ਡੰਗ?" ਹਾਰੀ ਅਤੇ ਨਿੰਮੋਝੂਣੀ ਹੋਈ ਮੌਤ ਜਵਾਬ ਦੇਣ ਤੋਂ ਵੀ ਅਸਮਰੱਥ ਹੈ, ਸਿਰਫ ਮੂੰਹ ਲਟਕਾ ਕੇ ਕਹਿ ਰਹੀ ਹੈ, "ਲੋਕ ਕੁਰਬਾਨ ਹੋਣ ਲਈ ਮਰਨ ਦੀ ਜਾਚ ਸਿੱਖ ਗਏ ਹਨ, ਫਿਰ ਮੇਰੇ ਡੰਗ ਦੀ ਕੀ ਲੋੜ?"

ਪਿਆਰ ਦੇ ਸਿਰਨਾਵੇਂ ਦੇ ਵਾਰਸ ਆ ਗਏ ਹਨ। ਕੁਝ ਲੋਕ ਜ਼ਮੀਰ ਦੀ ਆਵਾਜ਼ ਪਛਾਣਦੇ ਹਨ, ਪਰ ਦੂਸਰੇ ਢੀਠ ਅਤੇ ਨਿਰਲੱਜ ਹਨ। ਜਦੋਂ ਉਨ੍ਹਾਂ ਦੀ ਹੈਂਕੜ 'ਤੇ ਉਂਗਲੀ ਰੱਖ ਦਿਤੀ ਜਾਂਦੀ ਹੈ, ਉਹ ਅੱਗ-ਬਬੂਲਾ ਹੋ ਉਠਦੇ ਹਨ। ਸ਼ਖ਼ਸੀਅਤ ਦੇ ਵਿਕਾਸ ਲਈ ਹੰਕਾਰ ਦੀ ਕੁਝ ਮਾਤਰਾ ਜ਼ਰੂਰੀ ਹੈ।

## ਗ਼ਦਰੀ ਬਾਬਿਆਂ ਦੇ ਇਤਿਹਾਸਿਕ ਅਸਥਾਨ

# ਗੁਰਦਵਾਰਾ ਸਾਹਿਬ ਸਟਾਕਟਨ, ਕੈਲੀਫੋਰਨੀਆ

1930 South Grant Street, Stockton CA 95206 (A Historical Land Mark of CA.)

## ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ

# ਵਿਸ਼ੇਸ਼ ਕੀਰਤਨ ਦਰਬਾਰ

## 18, 19 ਅਤੇ 20 ਸਤੰਬਰ, 2010







ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਇਕ ਮਹਾਨ ਕੀਰਤਨ ਦਰਬਾਰ ਗਦਰੀ ਬਾਬਿਆਂ ਦੇ ਪਵਿਤਰ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 18, 19 ਅਤੇ 20 ਸਤੰਬਰ ਤਿੰਨ ਦਿਨ ਸ਼ਾਮੀ 6:30 ਤੋਂ 8:30 ਵਜੇ ਤੱਕ ਹੋਵੇਗਾ। ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੀਰਤਨ ਦਰਬਾਰ ਵਿਚ ਹੁਮ ਹੁਮਾ ਕੇ ਪਹੁੰਚੋ ਅਤੇ ਗੁਰੂ ਜਸ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ।

**ਬੇਨਤੀਕਰਤਾ**
**ਪੰਥ ਦੇ ਦਾਸ**

ਭਾਈ ਮਨਜੀਤ ਸਿੰਘ ਉਪਲ (ਪ੍ਰਧਾਨ) 209-649-2767
ਭਾਈ ਮੱਖਣ ਸਿੰਘ ਧਾਲੀਵਾਲ (ਮੀਤ ਪ੍ਰਧਾਨ) 209-642-5757
ਭਾਈ ਗੁਰਬਖ਼ਸ਼ ਸਿੰਘ (ਖਜ਼ਾਨਚੀ) 209-470-7006
ਭਾਈ ਅਮਰਜੀਤ ਸਿੰਘ ਤੁੰਗ 209-954-2881
ਭਾਈ ਰਣਜੀਤ ਸਿੰਘ ਚੰਦੋਵਾਲੀਆ 209-649-3993

# ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਦੇ ਗਦਰੀ ਬਾਬਿਆਂ ਦੇ ਮੇਲੇ ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ:** ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵਲੋਂ ਹਰ ਸਾਲ ਮਨਾਏ ਜਾਂਦੇ ਗਦਰੀ ਬਾਬਿਆਂ ਦੇ ਮੇਲੇ ਨੂੰ ਇਸ ਵਾਰ ਹਜ਼ਾਰਾਂ ਦੇਸ ਪ੍ਰੇਮੀਆਂ ਵਲੋਂ ਹਾਜ਼ਰੀ ਭਰਕੇ ਆਪਣੇ ਮਹਾਨ ਸੂਰਬੀਰ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਫਰਿਜ਼ਨੋ ਫੇਅਰ ਗਰਾਉਂਡ ਦੇ ਹਾਲ ਵਿਚ ਪਿਛਲੇ ਐਤਵਾਰ ਮਨਾਏ ਮੇਲੇ ਦੇ ਮੁੱਖ ਮਹਿਮਾਨ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਐਡੀਟਰ ਅਤੇ ਜੀ ਪੰਜਾਬ ਸਾਡਾ ਚੈਨਲ ਦੇ ਸੀ.ਈ.ਓ. ਸਿੱਧੂ ਦਮਦਮੀ ਸਨ। ਉਨ੍ਹਾਂ ਗਦਰੀ ਬਾਬਿਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਦਾ ਆਉਣ ਵਾਲੀ ਪੀੜ੍ਹੀ ਤੱਕ ਸੁਨੇਹਾ ਪਹੁੰਚਾਉਣ ਲਈ ਜਿੱਥੇ ਸੰਸਥਾ ਦੀ ਪ੍ਰਸੰਸਾ ਕੀਤੀ ਉਥੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਰਹਿਣ ਦੀ ਵੀ ਗੱਲ ਕੀਤੀ। ਸੰਸਥਾ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਸਭ ਆਏ ਸਰੋਤਿਆਂ ਨੂੰ ਜੀ ਆਇਆਂ ਆਖਿਆ ਅਤੇ ਪੰਜਾਬੀ ਭਾਈਚਾਰੇ ਵਲੋਂ ਦਿੱਤੇ ਭਰਵੇਂ ਹੁੰਗਾਰੇ ਲਈ ਧੰਨਵਾਦ ਕੀਤਾ। ਉਪ ਪ੍ਰਧਾਨ ਸਾਧੂ ਸਿੰਘ ਸੰਘਾ ਨੇ ਸੰਸਥਾ ਦੇ ਕੰਮਾਂ ਅਤੇ ਨਿਸ਼ਾਨੇ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ।










ਜਿਥੇ ਮੇਲਾ ਦੇਖਣ ਆਏ ਲੋਕਾਂ ਨੇ ਗਦਰੀ ਬਾਬਿਆਂ ਬਾਰੇ ਲਾਈ ਗਈ ਫੋਟੋ ਪ੍ਰਦਰਸ਼ਨੀ ਵਿਚ ਭਰਪੂਰ ਦਿਲਚਸਪੀ ਲਈ ਉਥੇ ਇਸ ਮੌਕੇ ਪੇਸ਼ ਕੀਤੇ ਗਏ ਨਿਵੇਕਲੇ ਤੇ ਉਸਾਰੂ ਸੋਚ ਨਾਲ ਲਬਰੇਜ਼ ਕੋਈ ਪੰਜ ਘੰਟੇ ਚੱਲੇ ਸਭਿਆਚਾਰਕ ਪ੍ਰੋਗਰਾਮ ਨਾਲ ਲੋਕ ਅਖੀਰ ਤੱਕ ਉਤਸੁਕਤਾ ਨਾਲ ਜੁੜੇ ਰਹੇ। ਪੰਜਾਬੀ ਵਿਰਸਾ ਪੀ.ਸੀ.ਏ. ਦੀ ਭੰਗੜਾ ਟੀਮ ਅਤੇ ਜੀ.ਐਚ.ਜੀ. ਸੰਗੀਤ ਅਕਾਡਮੀ ਦੇ ਬੱਚਿਆਂ ਨੇ ਅਗਾਂਹਵਧੂ ਗੀਤਾਂ 'ਤੇ ਲੋਕ ਨਾਚ ਪੇਸ਼ ਕੀਤੇ। ਦਵਿੰਦਰ ਸੰਘਾ, ਪਾਲ ਧਾਲੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਪੇਸ਼ ਕੀਤੀ ਗਈ ਕੋਰਿਉਗ੍ਰਾਫੀ ਲੋਕਾਂ ਨੇ ਬਹੁਤ ਪਸੰਦ ਕੀਤੀ।

ਰਾਜ ਬਰਾੜ, ਧਰਮਵੀਰ ਥਾਂਦੀ, ਪ੍ਰੀਤਮ ਸੋਹੀ ਅਤੇ ਮੁਹੰਮਦ ਸਦੀਕ ਤੇ ਸੁਖਜੀਤ ਕੌਰ ਦੀ ਜੋੜੀ ਨੇ ਗਦਰੀ ਬਾਬਿਆਂ ਨੂੰ ਆਪਣੇ ਨਵੇਂ ਗੀਤਾਂ ਰਾਹੀਂ ਯਾਦ ਕੀਤਾ। ਸਰੋਤਿਆਂ ਦੀ ਪਸੰਦ ਤੇ ਸਮਾਜਕ ਗੀਤ ਵੀ ਪੇਸ਼ ਕੀਤੇ। ਤਰਕਸ਼ੀਲ ਸੁਸਾਇਟੀ ਦੇ ਸਰਗਰਮ ਮੈਂਬਰ ਮਿਸਿਜ਼ ਸੁਰਿੰਦਰ ਗੋਂਦਾਰਾ ਨੇ ਵਹਿਮ ਭਰਮ ਤੇ ਅੰਧ ਵਿਸ਼ਵਾਸ ਬਾਰੇ ਖਾਸ ਕਰਕੇ ਇਸਤਰੀਆਂ ਨੂੰ ਇਸ ਪੱਖੋਂ ਸੁਚੇਤ ਕੀਤਾ। ਰਣਜੀਤ ਗਿੱਲ ਤੇ ਅਮਰਜੀਤ ਘੋਲੀਆ ਦੀ ਕਵੀਸ਼ਰੀ ਅਤੇ ਭਗਤ ਸਿੰਘ ਦੀ ਘੋੜੀ ਗਾ ਕੇ ਸਰੋਤਿਆਂ ਨੂੰ ਕੀਲੀ ਰੱਖਿਆ।

ਸੰਸਥਾ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੈਂਟਰਲ ਵੈਲੀ ਦੀਆਂ ਦੋ ਅਹਿਮ ਸ਼ਖਸੀਅਤਾਂ ਉਘੇ ਲੇਖਕ ਚਿੰਤਕ ਤੇ ਵਿਗਿਆਨੀ ਡਾ. ਗੁਰੂਮੇਲ ਸਿੱਧੂ ਅਤੇ ਡਾ. ਸੁਦਰਸ਼ਨ ਕਪੂਰ (ਸਾਬਕਾ ਪ੍ਰੋਫੈਸਰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ) ਦਾ ਆਪਣੇ ਆਪਣੇ ਖੇਤਰਾਂ ਵਿਚ ਪਾਏ ਯੋਗਦਾਨ ਲਈ ਸਨਮਾਨ ਕੀਤਾ। ਵੱਡ-ਅਕਾਰੀ ਰੰਗਦਾਰ ਸੋਵੀਨਾਰ ਜੋ ਸੰਸਥਾ ਵਲੋਂ ਹਰ ਸਾਲ ਛਾਪਿਆ ਜਾਂਦਾ ਹੈ, ਸਿੱਧੂ ਦਮਦਮੀ ਨੇ ਰੀਲੀਜ਼ ਕੀਤਾ ਜੋ ਸਭ ਨੂੰ ਮੁਫਤ ਵੰਡਿਆ ਗਿਆ। ਸੰਸਥਾ ਵਲੋਂ ਸਿੱਧੂ ਦਮਦਮੀ ਦਾ ਯਾਦਗਾਰੀ ਚਿੰਨ੍ਹ ਦੇ ਕੇ ਉਚੇਚਾ ਸਨਮਾਨ ਕੀਤਾ ਗਿਆ।

ਡਾ. ਦਿਲਾਵਰ ਸਿੰਘ ਧਾਲੀਵਾਲ ਦੀ ਟੀਮ ਦੇ ਮੈਡੀਕਲ ਕੈਂਪ ਵਿਚ ਸੈਂਕੜੇ ਲੋਕਾਂ ਨੇ ਮੁਫਤ ਮੈਡੀਕਲ ਚੈਕ-ਅੱਪ ਕਰਵਾਇਆ।

ਇਸ ਮੇਲੇ ਨੂੰ ਸਫਲ ਬਣਾਉਣ ਲਈ ਜਿੱਥੇ ਸੰਸਥਾ ਦੇ ਮੈਂਬਰ ਗੁਰਦੀਪ ਸਿੰਘ ਨਿੱਝਰ, ਗੁਰਨੇਕ ਸਿੰਘ ਰਾਏ, ਹਾਕਮ ਢਿੱਲੋਂ, ਨਿਰਮਲ ਸਿੰਘ ਗਿੱਲ, ਰਜਿੰਦਰ ਬਰਾੜ, ਆਤਮਾ ਸਿੰਘ ਚਾਹਲ, ਸੁਲੱਖਣ ਗਿੱਲ, ਸਤਵੰਤ ਵਿਰਕ, ਅਜੀਤਪਾਲ ਢਿੱਲੋਂ, ਪੁਸ਼ਪਿੰਦਰ ਕੁਮਾਰ, ਰਣਜੀਤ ਗਿੱਲ, ਪਾਲ ਧਾਲੀਵਾਲ, ਬਿਕਰਮਜੀਤ ਕਾਹਲੋਂ ਨੇ ਯੋਗਦਾਨ ਪਾਇਆ ਉਥੇ ਅਜ਼ਾਦ ਕਲੱਬ ਦੇ ਮੈਂਬਰਾਂ ਨੇ ਵੀ ਲਗਨ ਤੇ ਸੁਚੱਜੀ ਮਿਹਨਤ ਨਾਲ ਕੰਮ ਕੀਤਾ। ਸ. ਚਰਨਜੀਤ ਸਿੰਘ ਬਾਠ, ਹੈਰੀ ਗਿੱਲ, ਅਵਤਾਰ ਗਿੱਲ, ਕਰਨਲ ਹਰਦੇਵ ਸਿੰਘ, ਹਰਜਿੰਦਰ ਕੰਗ, ਮਨਮੋਹਨ ਸਿੰਘ ਸਠਿਆਲਾ (ਸਾਬਕਾ ਐਮ.ਐਲ.ਏ), ਬਲਦੇਵ ਸਿੰਘ ਸੰਘਾ, ਅਮਰੀਕ ਸੰਧੂ, ਹਰਬੀ ਨਿੱਝਰ, ਸੁਦਰਸ਼ਨ ਸ਼ਰਮਾ, ਕੇਵਲ ਗਿੱਲ, ਬਲਵਿੰਦਰ ਬਰਾੜ, ਲਾਲੀ ਸੰਧੂ, ਕੁਲਪਿੰਦਰ ਬਰਾੜ, ਕਰਮ ਸਿੰਘ ਸੰਘਾ, ਕੁਲਦੀਪ ਚੱਠਾ, ਗਦਰ ਫਾਊਂਡੇਸ਼ਨ ਸੈਕਰਾਮੈਂਟੋ ਦੇ ਗੁਲਿੰਦਰ ਗਿੱਲ ਤੇ ਕੁਲਦੀਪ ਧਾਲੀਵਾਲ ਅਤੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਐਸ ਅਸ਼ੋਕ ਭੌਰਾ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਮੰਚ ਸੰਚਾਲਨ ਸੰਸਥਾ ਦੇ ਜਨਰਲ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਕੀਤਾ।

















ਤਸਵੀਰਾਂ: ਸ਼ਿਆਰਾ ਢੀਂਡਸਾ

**LONGMAN Photo Studio**
HD Videography & Digital Photography
We use "FULL HD 1080" to deliver Blu-Ray or Standard DVD
Magazine style Album & CD of Pictures
All Occasions
Call
916-712-8485
916-256-8888
510-200-3976
Email: info@longmanstudios.com

# ਗੈਰੀ ਸਿੱਧੂ ਦੀ ਚੋਣ ਮੁਹਿੰਮ ਲਈ ਉਦਘਾਟਨੀ ਰਸਮ 12 ਨੂੰ


ਗੈਰੀ (ਗੁਰਨਾਮ) ਸਿੰਘ ਸਿੱਧੂ

**ਯੂਨੀਅਨ ਸਿਟੀ, ਕੈਲੀਫੋਰਨੀਆ:** ਯੂਨੀਅਨ ਸਿਟੀ ਦੀ ਸਿਟੀ ਕੌਂਸਲ ਦੀਆਂ ਤਿੰਨ ਖੁੱਲ੍ਹੀਆਂ ਸੀਟਾਂ ਵਿਚੋਂ ਇਕ 'ਤੇ ਚੋਣ ਲੜ ਰਹੇ ਗੈਰੀ (ਗੁਰਨਾਮ) ਸਿੰਘ ਸਿੱਧੂ ਦੀ ਚੋਣ ਮੁਹਿੰਮ ਅਰੰਭ ਕਰਨ ਲਈ ਇਕ ਸਮਾਗਮ ਆਉਂਦੀ 12 ਸਤੰਬਰ ਨੂੰ ਇਥੇ ਰਾਜਾ ਸਵੀਟਸ ਵਿਚ ਸ਼ਾਮ 4 ਤੋਂ 6 ਵਜੇ ਤੱਕ ਕੀਤਾ ਜਾ ਰਿਹਾ ਹੈ। ਸਿਟੀ ਕੌਂਸਲ ਲਈ ਚੋਣਾਂ ਨਵੰਬਰ ਮਹੀਨੇ ਹੋ ਰਹੀਆਂ ਹਨ।

ਸ੍ਰੀ ਗੈਰੀ ਸਿੱਧੂ ਇਸ ਸਮੇਂ ਯੂਨੀਅਨ ਸਿਟੀ ਦੇ ਪਲਾਨਿੰਗ ਕਮਿਸ਼ਨ ਦੇ ਚੇਅਰਮੈਨ ਅਤੇ ਯੂਨੀਅਨ ਸਿਟੀ ਚੈਂਬਰ ਆਫ ਕਾਮਰਸ ਦੇ ਡਾਇਰੈਕਟਰ ਹਨ। ਉਹ ਪੰਜਾਬੀ ਭਾਈਚਾਰੇ ਤੋਂ ਇਲਾਵਾ ਹੋਰ ਭਾਈਚਾਰਿਆਂ ਵਿਚ ਵੀ ਕਾਫੀ ਲੋਕਪ੍ਰਿਅ ਹਨ ਅਤੇ ਉਨ੍ਹਾਂ ਨੂੰ ਇਸ ਚੋਣ ਲਈ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸਮਾਗਮ ਸਬੰਧੀ ਹੋਰ ਜਾਣਕਾਰੀ ਲਈ ਸ੍ਰੀ ਗੈਰੀ ਸਿੱਧੂ ਨਾਲ ਫੋਨ 510-489-3331 ਜਾਂ ਮੱਖਣ ਬੈਂਸ ਨਾਲ ਫੋਨ 510-715-1619 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**M.K. Nijjar DDS**
**Ruchi Nijjar DDS**
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖੁਸ਼ੀ ਦੇ ਹੋਰ ਮੌਕੇ
* ਢੋਲੀ
* ਡਾਂਸਰ
* ਲਾਈਟਾਂ
» Explicit Dholis
» Dancers
» Intelligent Lighting
PUNJABI | HINDI | HIP HOP | RAP
desi soundz
HOTTEST DJ IN BAY AREA
DJ Kamal 408.413.8350
DJ Kirna 510.648.4354
desi_soundz408@yahoo.com

**Dhillon Truck Stop**
**Dhillon Road Service**
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

**G.M. Lawrence Insurance Brokerage ਅਤੇ Valley Truck Services**
ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing

ਸਾਨੂੰ ਅੱਜ ਹੀ ਕਾਲ ਕਰੋ
ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com
ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com
ਟਰੱਕ ਇੰਸ਼ੋਰੈਂਸ ਵਿਚ ਸਾਡਾ 28 ਸਾਲ ਦਾ ਤਜਰਬਾ
ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210
ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

# ਆਂਦਰੇ ਗੋਂਜਾਲੇਸ ਵਲੋਂ ਸਿੱਖ ਭਾਈਚਾਰੇ ਨੂੰ ਹਮਾਇਤ ਲਈ ਅਪੀਲ

**ਬੇਕਰਜ਼ਫੀਲਡ (ਮਨਦੀਪ ਮਾਨ):** ਬੇਕਰਜ਼ਫੀਲਡ ਸਕੂਲ ਡਿਸਟ੍ਰਿਕਟ ਬੋਰਡ ਦੀ 2 ਨਵੰਬਰ ਨੂੰ ਹੋਣ ਵਾਲੀ ਚੋਣ ਲਈ ਨੌਜਵਾਨ ਉਮੀਦਵਾਰ ਆਂਦਰੇ ਗੋਂਜਾਲੇਸ ਵਲੋਂ ਆਪਣੀਆਂ ਚੋਣ ਸਰਗਰਮੀਆਂ ਤੇਜ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਵਲੋਂ ਵੱਖੋ ਵੱਖ ਭਾਈਚਾਰਿਆਂ ਦੇ ਲੋਕਾਂ ਨਾਲ ਨਿਜੀ ਸੰਪਰਕ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਸਬੰਧ 'ਚ ਲੰਘੇ ਐਤਵਾਰ ਸ੍ਰੀ ਗੋਂਜਾਲੇਸ ਗੁਰਦੁਆਰਾ ਅੰਗਦ ਦਰਬਾਰ ਪਹੁੰਚੇ ਅਤੇ ਉਨ੍ਹਾਂ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਸ੍ਰੀ ਗੋਂਜਾਲੇਸ ਨੇ ਆਖਿਆ ਕਿ ਉਨ੍ਹਾਂ ਦਾ ਇਹ ਚੋਣ ਲੜਨ ਦਾ ਮੁੱਖ ਮਕਸਦ ਸਿਖਿਆ ਪ੍ਰਣਾਲੀ ਵਿਚ ਹੋਰ ਸੁਧਾਰ ਲਿਆਉਣਾ ਹੈ ਜਿਸ ਵਾਸਤੇ ਉਹ ਯੋਗ ਅਧਿਆਪਕਾਂ ਦੀ ਭਰਤੀ ਉਪਰ ਜ਼ੋਰ ਦੇਣਗੇ। ਉਹ ਸਕੂਲ ਦੇ ਆਵਾਜਾਈ ਦੇ ਸਾਧਨਾਂ ਨੂੰ ਵੀ ਹੋਰ ਪੁਖਤਾ ਬਣਾਉਣਗੇ। ਉਨ੍ਹਾਂ ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਉਹ 2 ਨਵੰਬਰ ਵਾਲੇ ਦਿਨ ਆਪਣੀ ਵੋਟ ਉਨ੍ਹਾਂ ਨੂੰ ਜ਼ਰੂਰ ਦੇਣ ਤਾਂ ਜੋ ਸਕੂਲ ਪ੍ਰਬੰਧ ਵਿਚਲੀਆਂ ਕਮੀਆਂ ਨੂੰ ਦੂਰ ਕੀਤਾ ਜਾ ਸਕੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਵੀਰ ਸਿੰਘ ਸੰਧੂ, ਚੇਅਰਮੈਨ ਛਿੰਦਾ ਉਪਲ, ਖਜ਼ਾਨਚੀ ਕੁਲਵਿੰਦਰ ਸਿੰਘ, ਸੈਕਟਰੀ ਮਨਜੀਤ ਸਿੰਘ ਜੌਹਲ, ਹੈਡ ਗ੍ਰੰਥੀ ਗਿਆਨੀ ਬਲਰਾਜ ਸਿੰਘ, ਤਲਵਿੰਦਰ ਸਿੰਘ ਢੁੱਡੀਕੇ, ਰਣਜੀਤ ਸਿੰਘ ਰਾਣਾ, ਪਾਲੀ ਸੇਵਾਦਾਰ, ਜੀਤਾ ਢਿੱਲੋਂ ਅਤੇ ਹੋਰ ਪਤਵੰਤੇ ਸੱਜਣਾਂ ਨੇ ਸ੍ਰੀ ਗੋਂਜਾਲੇਸ ਨੂੰ ਜੀ ਆਇਆਂ ਆਖਿਆ ਅਤੇ ਸਹਿਯੋਗ ਦਾ ਭਰੋਸਾ ਦਿੱਤਾ।



ਗੁਰਦੁਆਰਾ ਅੰਗਦ ਦਰਬਾਰ ਵਿਖੇ ਸੰਗਤ ਵਿਚ ਬੈਠੇ ਨੌਜਵਾਨ ਉਮੀਦਵਾਰ ਆਂਦਰੇ ਗੋਂਜਾਲੇਸ (ਮੂਹਰਲੀ ਕਤਾਰ ਵਿਚ ਖੱਬੇ)









# ਬੇਕਰਜ਼ਫੀਲਡ ਵਿਚ ਸਿੱਧੂ ਦਮਦਮੀ ਦਾ ਸਨਮਾਨ

**ਬੇਕਰਜ਼ਫੀਲਡ (ਮਨਦੀਪ ਮਾਨ):** ਟੀ ਵੀ ਚੈਨਲ ਸਾਡਾ ਚੈਨਲ ਦੇ ਸੀ ਈ ਓ ਅਤੇ ਅਖਬਾਰ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਸ੍ਰੀ ਸਿੱਧੂ ਦਮਦਮੀ ਦਾ ਆਪਣੇ ਅਮਰੀਕਾ ਦੌਰੇ ਦੌਰਾਨ ਇਥੇ ਪੁੱਜਣ ਉਤੇ ਬੇਕਰਜ਼ਫੀਲਡ-ਅੰਮ੍ਰਿਤਸਰ ਸਿਸਟਰ ਸਿਟੀ ਪ੍ਰਾਜੈਕਟ ਦੇ ਸਰਪ੍ਰਸਤ ਅਤੇ ਮੇਅਰ ਸ੍ਰੀ ਹਾਰਵੀ ਹਾਲ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ੍ਰੀ ਹਾਰਵੀ ਹਾਲ ਨੇ ਸ੍ਰੀ ਸਿੱਧੂ ਨਾਲ ਸਿਸਟਰ ਸਿਟੀ ਪ੍ਰਾਜੈਕਟ ਬਾਰੇ ਆਪਣੇ ਵਿਚਾਰ ਵੀ ਸਾਂਝੇ ਕੀਤੇ। ਇਸ ਸਮੇਂ ਅਮਰੀਕਾ ਦੇ ਨਿਜੀ ਦੌਰੇ 'ਤੇ ਆਏ ਪੰਜਾਬ ਵਿਧਾਨ ਸਭਾ ਵਿਚ ਮੋਗਾ ਹਲਕੇ ਤੋਂ ਵਿਧਾਇਕ ਸ੍ਰੀ ਜੋਗਿੰਦਰਪਾਲ ਜੈਨ ਦਾ ਵੀ ਮੇਅਰ ਹਾਰਵੀ ਹਾਲ ਵਲੋਂ ਉਚੇਚਾ ਸਨਮਾਨ ਕੀਤਾ ਗਿਆ। ਇਹ ਮਿਲਣੀ ਇਸ ਕਰਕੇ ਵੀ ਕਾਮਯਾਬ ਰਹੀ ਕਿ ਸ੍ਰੀ ਜੈਨ ਨੇ ਸਿਸਟਰ ਸਿਟੀ ਪ੍ਰਾਜੈਕਟ ਲਈ ਆਪਣੀ ਤਰਫੋਂ ਭਰਵਾਂ ਸਹਿਯੋਗ ਦੇਣ ਦਾ ਮੇਅਰ ਨੂੰ ਭਰੋਸਾ ਦਿੱਤਾ।


ਸ੍ਰੀ ਸਿੱਧੂ ਦਮਦਮੀ ਅਤੇ ਸ੍ਰੀ ਜੋਗਿੰਦਰਪਾਲ ਜੈਨ ਦਾ ਸ੍ਰੀ ਗੁਰਮੀਤ ਸਿੰਘ ਦੇ ਘਰ ਹੋਏ ਇਕ ਵੱਖਰੇ ਸਮਾਗਮ ਵਿਚ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਾਜ਼ਰ ਪਤਵੰਤੇ ਸੱਜਣਾਂ ਨੇ ਜੀ ਪੰਜਾਬ (ਡਿਸ਼ਨੈਟਵਰਕ ਚੈਨਲ 621) ਸਾਡਾ ਚੈਨਲ 'ਤੇ ਚੱਲਦੇ 'ਸਿੱਧੂ ਸ਼ੋਅ' ਦੀ ਵੀ ਭਰਵੀਂ ਸ਼ਲਾਘਾ ਕੀਤੀ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਗੁਰਮੀਤ ਸਿੰਘ ਪ੍ਰਧਾਨ, ਨਾਜਰ ਸਿੰਘ ਕੂਨਰ, ਸੁਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸੈਕਟਰੀ, ਰੁਪਿੰਦਰ ਸਿੰਘ ਝੱਜ, ਸੁਖਵੀਰ ਸਿੰਘ ਸੰਧੂ ਪ੍ਰਧਾਨ, ਮਹਿੰਦਰ ਸਿੰਘ ਢੁੱਡੀਕੇ, ਜੋਬਨਜੀਤ ਸਿੰਘ, ਧਰਮਾ, ਛਿੰਦਾ ਉਪਲ, ਪਰਮਪ੍ਰੀਤ ਸਿੰਘ ਡੱਡੀ ਅਤੇ ਚੇਅਰਮੈਨ ਜਗਦੀਸ਼ ਸਿੰਘ ਢਿੱਲੋਂ ਹਾਜ਼ਰ ਸਨ।

## ਮੁਨੀਮ ਤੋਂ ਪੌਣੇ 2 ਲੱਖ ਲੁੱਟੇ

**ਮੋਗਾ:** ਇਥੋਂ ਥੋੜ੍ਹੀ ਦੂਰ ਪਿੰਡ ਜਨੇਰ ਕੋਲੋਂ 4 ਹਥਿਆਰਬੰਦ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਗੋਲੀ ਮਾਰਨ ਦੀ ਧਮਕੀ ਦੇ ਕੇ ਦਾਲਾਂ ਦਾ ਕਾਰੋਬਾਰ ਕਰਦੇ ਲਕਸ਼ਮੀ ਟ੍ਰੇਡਿੰਗ ਕੰਪਨੀ ਜਗਰਾਉਂ ਦੇ ਮੁਨੀਮ ਸੁਰੇਸ਼ ਕੁਮਾਰ ਤੋਂ ਪੌਣੇ 2 ਲੱਖ ਰੁਪਏ ਖੋਹ ਲਏ।

ਪੁਲਿਸ ਨੇ ਮੁਨੀਮ ਸੁਰੇਸ਼ ਕੁਮਾਰ ਦੇ ਬਿਆਨਾਂ 'ਤੇ 4 ਅਣਪਛਾਤੇ ਲੁਟੇਰਿਆਂ ਵਿਰੁਧ ਮਾਮਲਾ ਦਰਜ ਕਰ ਲਿਆ ਹੈ।



# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

## ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦਾ

# ਵਿਸ਼ਾਲ ਕੀਰਤਨ ਦਰਬਾਰ

ਗੁਰੂ ਪਿਆਰੀ ਸਾਧ ਸੰਗਤ ਜੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥

ਆਪ ਨੂੰ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਗੁਰਦੁਆਰਾ ਸੈਨ ਹੋਜ਼ੇ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ 3 ਦਿਨ ਕੀਰਤਨ ਦਰਬਾਰ 'ਚ ਹਾਜ਼ਰੀ ਭਰ ਰਹੇ ਹਨ।

| ਸਤੰਬਰ 19 (ਐਤਵਾਰ) | ਸਤੰਬਰ 21 (ਮੰਗਲਵਾਰ) | ਸਤੰਬਰ 22 (ਬੁੱਧਵਾਰ) |
|---|---|---|
| ਸਵੇਰੇ 11 ਵਜੇ ਤੋਂ 2 ਵਜੇ ਤੱਕ | ਸ਼ਾਮ 7 ਵਜੇ ਤੋਂ 9 ਵਜੇ ਤੱਕ | ਸ਼ਾਮ 7 ਵਜੇ ਤੋਂ 9 ਵਜੇ ਤੱਕ |



*ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਸ਼ਾਨਦਾਰ ਇਮਾਰਤ*



*ਸੰਤ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ*

ਇਹ ਕੀਰਤਨ ਦਰਬਾਰ ਗੁਰੂ ਘਰ ਕਮੇਟੀ ਸੇਵਾਦਾਰਾਂ ਵਲੋਂ ਬਾਹਰ ਖੁੱਲੇ ਮੈਦਾਨ ਵਿਚ ਲਾਉਣ ਦਾ ਇੰਤਜ਼ਾਮ ਕੀਤਾ ਗਿਆ ਹੈ। ਤਕਰੀਬਨ ਦਸ ਹਜ਼ਾਰ (10,000) ਤੋਂ ਵੱਧ ਸੰਗਤ ਆਉਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਪਾਰਕਿੰਗ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਦੂਰ ਦੁਰਾਡਿਓਂ ਆਈਆਂ ਸੰਗਤਾਂ ਲਈ ਰਿਹਾਇਸ਼ ਦਾ ਬੰਦੋਬਸਤ ਵੀ ਹੋਵੇਗਾ। ਸਾਰੀ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਨ੍ਹਾਂ ਖਾਸ ਕੀਰਤਨ ਦਰਬਾਰਾਂ ਵਿਚ ਹਾਜ਼ਰੀ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਮੰਗਲਵਾਰ 21 ਸਤੰਬਰ ਵਾਲੇ ਦਿਨ ਲੰਗਰ ਦੀ ਸੇਵਾ ਰਘਵੀਰ ਸਿੰਘ ਗਾਖਲ (ਕਾਲੇ ਦੇ ਸਟੋਰ, India Palace) ਵਲੋਂ ਹੋਵੇਗੀ। ਹੋਰ ਕਿਸੇ ਪਰਿਵਾਰ ਨੇ ਲੰਗਰ ਦੀ ਸੇਵਾ ਲੈਣੀ ਹੋਵੇ ਤਾਂ ਛੇਤੀ ਤੋਂ ਛੇਤੀ ਗੁਰੂ ਘਰ ਦੇ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ ਨਾਲ ਸੰਪਰਕ ਕਰੋ ਜੀ।

## ਗੁਰਦੁਆਰਾ ਸੈਨ ਹੋਜ਼ੇ 'ਚ ਇੱਕ ਬਹੁਤ ਵੱਡਾ ਸੋਲਰ ਸਿਸਟਮ ਲਾਉਣ ਦੀਆਂ ਤਿਆਰੀਆਂ ਸ਼ੁਰੂ

ਸਤੰਬਰ 11, ਦਿਨ ਸਨਿਚਰਵਾਰ ਵਾਲੇ ਦਿਨ ਦੁਪਿਹਰ 12 ਵਜੇ ਗੁਰੂ ਘਰ ਵਿਖੇ ਇੱਕ ਬਹੁਤ ਵੱਡੇ ਸੋਲਰ ਸਿਸਟਮ ਲਗਵਾਉਣ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਸੈਨ ਹੋਜ਼ੇ ਸ਼ਹਿਰ ਦੇ ਮੇਅਰ ਚੱਕ ਰੀਡ ਅਤੇ ਹੋਰ ਬਹੁਤ ਸਾਰੇ ਸਿਟੀ ਅਫਸਰ ਵੀ ਇਸ ਮਹਾਨ ਕਾਰਜ਼ 'ਚ ਸ਼ਿਰਕਤ ਕਰਨਗੇ। ਸਭ ਸੰਗਤ ਨੂੰ ਬੇਨਤੀ ਹੈ ਕਿ ਇਸ ਸੁਭ ਕਾਰਜ ਮੌਕੇ ਹੁੰਮ ਹੁੰਮਾ ਕੇ ਪਹੁੰਚੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸੰਗਤ ਨੂੰ ਬੇਨਤੀ

ਸੈਨ ਹੋਜ਼ੇ ਗੁਰੂ ਘਰ ਦੀ ਸੰਗਤ ਵਧਾਈ ਦੀ ਪਾਤਰ ਹੈ ਕਿ ਉਨ੍ਹਾਂ ਦੀ ਦਸਾਂ ਨੌਹਾਂ ਦੀ ਕਮਾਈ 'ਚੋਂ ਭੇਟਾ ਕੀਤੀ ਮਾਇਆ ਨਾਲ ਪੰਜਾਬ ਤੋਂ ਬਾਹਰ ਦੁਨੀਆਂ ਭਰ 'ਚ ਸੱਭ ਤੋਂ ਵੱਡੇ ਆਕਾਰ ਵਾਲੀ ਗੁਰੂ ਘਰ ਦੀ ਨਵੀਂ ਖੂਬਸੂਰਤ ਬਿਲਡਿੰਗ ਜਲਦ ਹੀ ਮਿੱਥੇ ਬਜਟ ਅਨੁਸਾਰ ਮੁਕੰਮਲ ਹੋਣ ਜਾ ਰਹੀ ਹੈ। ਇਸ ਬਿਲਡਿੰਗ ਵਿਚ 150 X 140 ਫੁੱਟ ਕੀਰਤਨ ਹਾਲ, 150 X 110 ਫੁੱਟ ਲੰਗਰ ਹਾਲ, 2 ਬਹੁਤ ਵੱਡੀਆਂ ਰਸੋਈਆਂ, ਗ੍ਰੰਥੀ ਸਿੰਘਾਂ ਲਈ ਤਿੰਨ ਤਿੰਨ ਕਮਰਿਆਂ ਦੇ 2 ਰਿਹਾਇਸ਼ੀ ਘਰ, ਕਥਾ ਤੇ ਕੀਰਤਨੀ ਜਥਿਆਂ ਲਈ 12 ਰਿਹਾਇਸ਼ੀ ਕਮਰੇ, ਖਾਲਸਾ ਸਕੂਲ ਲਈ 11 ਕਮਰੇ, ਬਹੁਤ ਵੱਡੀ ਲਾਇਬਰੇਰੀ, ਮੀਟਿੰਗ ਰੂਮ ਵਗੈਰਾ ਸ਼ਾਮਲ ਹਨ।

ਆਓ ਸਾਰੇ ਰਲ ਮਿਲ ਕੇ ਇੱਕ ਹੋਰ ਵੱਡਾ ਸਾਰਾ ਹੰਭਲਾ ਮਾਰੀਏ ਤਾਂ ਕਿ ਲੋਨ ਲੈਣ ਲਈ ਘਟਦੀ ਮਾਇਆ ਜਲਦੀ ਤੋਂ ਜਲਦੀ ਇਕੱਠੀ ਹੋ ਸਕੇ। ਗੁਰੂ ਘਰ ਦੇ ਪ੍ਰਬੰਧਕ ਸੇਵਾਦਾਰ ਹਰ ਰੋਜ਼ ਢਾਲ ਇਕੱਠੀ ਕਰਨ ਜਾਂਦੇ ਹਨ, ਉਨ੍ਹਾਂ ਦਾ ਵੱਧ ਤੋਂ ਵੱਧ ਸਾਥ ਦਿਉ ਜੀ।

# Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com



ਗੁਰੂ ਮਾਨਿਓ ਗ੍ਰੰਥ ਵਿਸ਼ਾਲ ਚੇਤਨਾ ਸਮਾਗਮ
Sant Baba Ranjit Singh Ji
DHADRIAN WALE
2010
30 ਸਤੰਬਰ ਅਤੇ 1 ਅਕਤੂਬਰ 2010
ਰਾਜ ਕਰੇਗਾ ਖਾਲਸਾ
ਦੇਗ ਤੇਗ ਫਤਹਿ
ਬੇਕਰਸਫੀਲਡ (ਕੈਲੇਫੋਰਨੀਆ)
ਸੰਤ ਬਾਬਾ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ
ਗੁਰਮਤਿ ਦੇ ਪ੍ਰਚਾਰ ਵਾਸਤੇ
30 ਸਤੰਬਰ ਅਤੇ 1 ਅਕਤੂਬਰ 2010 ਨੂੰ
ਗੁਰਦੁਆਰਾ ਗੁਰੂ ਦਸਮੇਸ਼ ਦਰਬਾਰ ਸਾਹਿਬ
(7000 ਵਾਈਬਲ ਰੋਡ, ਬੇਕਰਸਫੀਲਡ ਕੈਲੇਫੋਰਨੀਆ 93313)
ਵਿਖੇ ਪਹੁੰਚ ਰਹੇ ਹਨ
ਧਾਰਮਿਕ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ :
ਰਹਿਰਾਸ ਸਾਹਿਬ ........................................ ਸ਼ਾਮ 5:00 ਤੋਂ 5:30 ਵਜੇ ਤੱਕ
ਕੀਰਤਨ ਭਾਈ ਅਨੂਪ ਸਿੰਘ ਜੀ ........................ ਸ਼ਾਮ 5:30 ਤੋਂ 6:00 ਵਜੇ ਤੱਕ
ਕੀਰਤਨ ਭਾਈ ਸਰਬਜੀਤ ਸਿੰਘ ਜੀ ਦਾ ਰਾਗੀ ਜੱਥਾ ... ਸ਼ਾਮ 6:00 ਤੋਂ 6:30 ਵਜੇ ਤੱਕ
ਸੰਤ ਬਾਬਾ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ ......... ਸ਼ਾਮ 6:30 ਤੋਂ 8:30 ਵਜੇ ਤੱਕ
ਹੋਰ ਜਾਣਕਾਰੀ ਲਈ ਫੋਨ ਕਰੋ ਜੀ
ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਜੀ - (661) 444-6876
ਭਾਈ ਇਰਵਿਨਜੀਤ ਸਿੰਘ - (661) 301-1147
ਗੁਰੂ ਕੇ ਲੰਗਰ ਅਤੁੱਟ ਵਰਤਣਗੇ, ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

# ਪੀ ਸੀ ਐਸ ਸੈਕਰਾਮੈਂਟੋ ਵਲੋਂ ਸਿੱਧੂ ਦਮਦਮੀ ਦਾ ਸਨਮਾਨ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸੈਕਰਾਮੈਂਟੋ ਵਲੋਂ ਉਘੇ ਕਹਾਣੀਕਾਰ, ਪੱਤਰਕਾਰ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਅਤੇ ਹੁਣ ਸਾਡਾ ਚੈਨਲ ਦੇ ਸੀ ਈ ਓ ਸ੍ਰੀ ਸਿੱਧੂ ਦਮਦਮੀ ਦਾ ਉਨ੍ਹਾਂ ਵਲੋਂ ਪੱਤਰਕਾਰੀ ਅਤੇ ਸਾਹਿਤ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਲਈ ਸਨਮਾਨ ਕੀਤਾ ਗਿਆ। ਸ੍ਰੀ ਰਛਪਾਲ ਸਿੰਘ ਫਰਵਾਲਾ ਦੇ ਉਦਮ ਨਾਲ ਹੋਏ ਇਸ ਸਨਮਾਨ ਸਮਾਗਮ ਵਿਚ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਸੈਕਰਾਮੈਂਟੋ ਇਲਾਕੇ ਦੀਆਂ ਸਰਗਰਮ ਜਥੇਬੰਦੀਆਂ ਦੇ ਨੁਮਾਇੰਦੇ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਪ੍ਰੋਗਰਾਮ ਦੇ ਸ਼ੁਰੂ ਵਿਚ ਸੁਸਾਇਟੀ ਦੀ ਤਰਫੋਂ ਸ੍ਰੀ ਜਸਵੰਤ ਸਿੰਘ ਸ਼ਾਦ ਨੇ ਆਏ ਮਹਿਮਾਨਾਂ ਅਤੇ ਮੁੱਖ ਮਹਿਮਾਨ ਸਿੱਧੂ ਦਮਦਮੀ ਦਾ ਸਵਾਗਤ ਕਰਦਿਆਂ ਸੁਸਾਇਟੀ ਦੇ 21 ਸਾਲ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸਿੱਧੂ ਦਮਦਮੀ ਨੂੰ ਜੀ ਆਇਆਂ ਆਖ ਕੇ ਉਨ੍ਹਾਂ ਦੀਆਂ ਸਾਹਿਤ ਅਤੇ ਪੱਤਰਕਾਰੀ ਖੇਤਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਨ੍ਹਾਂ ਬੁਲਾਰਿਆਂ ਵਿਚ ਪੰਜਾਬੀ ਸਾਹਿਤ ਸਭਾ, ਸਟਾਕਟਨ ਦੇ ਪ੍ਰਧਾਨ ਸ੍ਰੀ ਹਰਜਿੰਦਰ ਸਿੰਘ ਪੰਧੇਰ, ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਦੇ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਬਿੰਦਰਾ ਅਤੇ ਇੰਡਸ ਵੈਲੀ ਚੈਂਬਰ ਆਫ ਕਾਮਰਸ ਦੇ ਸੈਕਟਰੀ ਸੁਖਚੈਨ ਸੁੱਖ ਮੁੱਖ ਸਨ। ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ ਰੂਹੇ ਰਵਾਂ ਸ. ਰਛਪਾਲ ਸਿੰਘ ਫਰਵਾਲਾ ਨੇ ਸਿੱਧੂ ਦਮਦਮੀ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਜਦੋਂ ਕੋਈ ਵਿਅਕਤੀ ਕਿਸੇ ਖੇਤਰ ਵਿਚ ਅਹਿਮ ਰੋਲ ਅਦਾ ਕਰਦਿਆਂ ਸਮਾਜ ਨੂੰ ਨਵੀਆਂ ਸੇਧਾਂ ਦਿੰਦਾ ਹੈ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਵਿਅਕਤੀ ਦੀ ਹੌਸਲਾ ਹਫਜ਼ਾਈ ਅਤੇ ਮਾਣ ਸਨਮਾਨ ਕੀਤਾ ਜਾਵੇ। ਅਸੀਂ ਆਪਣੀ ਸੁਸਾਇਟੀ ਦੀ ਰਵਾਇਤ ਅਨੁਸਾਰ ਹੀ ਸ੍ਰੀ ਦਮਦਮੀ ਦਾ ਮਾਣ ਸਨਮਾਨ ਕਰ ਰਹੇ ਹਾਂ ਅਤੇ ਇਹ ਸਾਡੇ ਲਈ ਵੀ ਮਾਣ ਵਾਲੀ ਗੱਲ ਹੈ।

ਇਸ ਮੌਕੇ ਬੋਲਦਿਆਂ ਸ੍ਰੀ ਸਿੱਧੂ ਦਮਦਮੀ ਨੇ ਪੰਜਾਬੀ ਪੱਤਰਕਾਰੀ ਦੀ ਜ਼ਿੰਮੇਵਾਰੀ ਅਤੇ ਇਲੈਕਟ੍ਰਾਨਿਕ ਮੀਡੀਏ ਦੀ ਮੌਜੂਦਾ ਹਾਲਤ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਲੈਕਟ੍ਰਾਨਿਕ ਮੀਡੀਆ ਦੇ ਚੈਨਲ ਸਿਰਫ ਇਹੋ ਹੀ ਦਿਖਾ ਰਹੇ ਹਨ ਕਿ ਪੰਜਾਬ ਨੱਚ ਰਿਹੈ, ਗਾ ਰਿਹੈ ਅਤੇ ਭੰਗੜੇ ਪਾ ਰਿਹਾ ਹੈ। ਧੱਕੇ ਨਾਲ ਭੰਗੜੇ-ਗਿੱਧੇ, ਮੱਕੀ ਦੀ ਰੋਟੀ ਅਤੇ ਸਰੋਂ ਦੇ ਸਾਗ ਨੂੰ ਹੀ ਪੰਜਾਬੀਆਂ ਦੀ ਪਹਿਚਾਣ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਦੂਜੇ ਪਾਸੇ ਇਕ ਅਜਿਹਾ ਵੀ ਪੰਜਾਬ ਹੈ ਜਿਹੜਾ ਥੁੜ੍ਹਾਂ ਦਾ ਮਾਰਿਆ ਪਿਆ ਹੈ, ਜਿਥੇ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ, ਜਵਾਨੀ ਨਸ਼ਿਆਂ 'ਚ ਡੁੱਬੀ ਪਈ ਹੈ, ਪਾਣੀ ਗੰਧਲਾ ਹੋਣ ਕਰਕੇ ਬਿਮਾਰੀਆਂ ਨੇ ਸਭਨਾਂ ਨੂੰ ਘੇਰਿਆ ਹੋਇਆ ਹੈ। ਇਸ ਸਭ ਕੁਝ ਦੇ ਨਾਲ ਕੁਝ ਉਹ ਲੋਕ ਵੀ ਮੌਜੂਦ ਹਨ ਜਿਹੜੇ ਸਮਾਜ ਲਈ ਕੁਝ ਕਰ ਰਹੇ ਹਨ। ਨਵੀਆਂ ਕਾਢਾਂ ਅਤੇ ਤਕਨੀਕਾਂ ਨਾਲ ਜਾਣ-ਪਹਿਚਾਣ ਕਰਵਾ ਰਹੇ ਹਨ। ਪੰਜਾਬ ਦਾ ਸਿਰਫ ਇਕੋ ਪੱਖ ਵਿਖਾਉਣ ਦਾ ਮਤਲਬ ਲੋਕਾਂ ਨੂੰ ਗੁੰਮਰਾਹ ਕਰਨਾ ਹੈ। ਇਸੇ ਲਈ ਅਸੀਂ ਇਕ ਅਜਿਹੀ ਸੰਤੁਲਤ ਪਹੁੰਚ ਅਪਨਾ ਰਹੇ ਹਾਂ ਜਿਸ ਦੇ ਨਾਲ ਪੰਜਾਬ ਦੀ ਅਸਲ ਤਸਵੀਰ ਸਾਹਮਣੇ ਆਵੇ ਅਤੇ ਉਭਰ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਕੁਝ ਉਪਰਾਲੇ ਵੀ ਕੀਤੇ ਜਾ ਸਕਣ। ਸ੍ਰੀ ਸਿੱਧੂ ਦਮਦਮੀ ਨੇ ਸੁਸਾਇਟੀ ਨੂੰ 21 ਵਰ੍ਹੇ ਦਾ ਲੰਮਾ ਸਮਾਂ ਤੈਅ ਕਰਨ ਲਈ ਵਧਾਈ ਦਿੱਤੀ। ਸੁਸਾਇਟੀ ਵਲੋਂ ਸ੍ਰੀ ਰਛਪਾਲ ਸਿੰਘ ਫਰਵਾਲਾ ਅਤੇ ਅਮਰੀਕ ਸਿੰਘ ਨੇ ਇਕ ਯਾਦਗਾਰੀ ਪਲੇਕ ਦੇ ਕੇ ਸ੍ਰੀ ਸਿੱਧੂ ਦਮਦਮੀ ਦਾ ਸਨਮਾਨ ਕੀਤਾ।



ਸ੍ਰੀ ਸਿੱਧੂ ਦਮਦਮੀ (ਖੱਬਿਓਂ ਤੀਜੇ) ਦਾ ਸਨਮਾਨ ਕਰਦੇ ਹੋਏ ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ ਅਹੁਦੇਦਾਰ

ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਸ੍ਰੀ ਦਮਦਮੀ ਦੇ ਨਾਲ ਹਰਜਿੰਦਰ ਸਿੰਘ ਪੰਧੇਰ, ਅਮਰੀਕ ਸਿੰਘ ਪਰਹਾਰ ਅਤੇ ਜਰਨੈਲ ਸਿੰਘ ਸਰਪੰਚ ਸੁਸ਼ੋਭਿਤ ਸਨ। ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਕੀਤਾ। ਫੋਟੋਗ੍ਰਾਫੀ ਲਈ ਚਾਹਲ ਵੀਡੀਓ ਵਾਲੇ ਹਾਜ਼ਰ ਸਨ। ਮਨਦੀਪ ਕੌਰ ਫਰਵਾਲਾ ਦੇ ਸੱਦੇ 'ਤੇ ਤੀਆਂ ਦੇ ਮੇਲੇ ਦੀ ਕਰੀਬ ਸਾਰੀ ਪ੍ਰਬੰਧਕ ਕਮੇਟੀ ਸ਼ਾਮਲ ਸੀ ਜਿਨ੍ਹਾਂ ਨੂੰ ਤੀਆਂ ਦੇ 10ਵੇਂ ਸਫਲ ਮੇਲੇ ਲਈ ਸਭਨਾਂ ਨੇ ਵਧਾਈ ਦਿੱਤੀ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਚਰਨ ਬਡਵਾਲ, ਤਾਰਾ ਸਿੰਘ ਅਟਵਾਲ, ਪਰਗਣ ਸਿੰਘ ਬੈਂਸ, ਅਜੈਬ ਸਿੰਘ ਕਾਹਲੋਂ, ਜੱਸੀ ਪਾਵਰਮਾਰਟ, ਪਰਮਿੰਦਰ ਸਿੰਘ ਵਿਰਕ, ਕਮਲ ਬੰਗਾ, ਪੰਮੀ ਮਾਨ, ਤੀਰਥ ਸਹੋਤਾ, ਪਰਮਜੀਤ ਸਿੰਘ ਢਿੱਲੋਂ, ਪਵਿੱਤਰ ਨਾਹਲ, ਪਰਦੀਪ ਕੌਰ ਪੂਨੀ, ਇੰਦਰਪਾਲ ਕੌਰ ਕਾਹਲੋਂ, ਪੂਨਮ ਮਲਹੋਤਰਾ, ਰਾਣੀ ਸਰਹੱਦੀ, ਪਰਮਿੰਦਰ ਕੌਰ, ਮਨਜੀਤ ਕੌਰ ਸੇਖੋਂ, ਬਲਬੀਰ ਕੌਰ ਪੂਨੀ, ਮਨਜੀਤ ਕੌਰ ਸਿਵੀਆ ਅਤੇ ਬਲਵਿੰਦਰ ਕੌਰ ਢਿੱਲੋਂ ਸ਼ਾਮਲ ਸਨ।









# ਸਿੱਖ ਸਪੋਰਟਸ ਐਸੋਸੀਏਸ਼ਨ ਦੀਆਂ ਖੇਡਾਂ ਨੂੰ ਭਰਵਾਂ ਹੁੰਗਾਰਾ

**ਫਰੀਮਾਂਟ:** ਸਿੱਖ ਸਪੋਰਟਸ ਐਸੋਸੀਏਸ਼ਨ, ਯੂ. ਐਸ. ਏ. ਵਲੋਂ ਲੰਘੀ 4 ਅਤੇ 5 ਸਤੰਬਰ ਨੂੰ ਯੂਨੀਅਨ ਸਿਟੀ ਦੇ ਜੇਮਜ਼ ਲੋਗਨ ਹਾਈ ਸਕੂਲ ਦੀਆਂ ਕੌਮਾਂਤਰੀ ਪੱਧਰ ਦੇ ਖੇਡ ਮੈਦਾਨ ਵਿਚ ਕਰਵਾਈਆਂ ਗਈਆਂ ਚੌਥੀਆਂ ਸਾਲਾਨਾ ਖੇਡਾਂ ਵਿਚ ਕੋਈ ਹਜਾਰ ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਕਈ ਸਟੇਟ ਅਤੇ ਕੌਮੀ ਪੱਧਰ ਦੇ ਖਿਡਾਰੀ ਵੀ ਸ਼ਾਮਲ ਸਨ। ਕੁਸ਼ਤੀਆਂ ਵਿਚ ਕੈਲੀਫੋਰਨੀਆ ਜੂਨੀਅਰ ਸਟੇਟ ਚੈਂਪੀਅਨ ਬਸਰਾ ਭਰਾ ਕਰਮਵੀਰ ਸਿੰਘ ਅਤੇ ਜਸਜੀਤ ਸਿੰਘ ਨੇ ਜੌਹਰ ਦਿਖਾਏ।

ਖੇਡਾਂ ਦਾ ਆਰੰਭ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ ਨਾਲ ਹੋਇਆ। ਆਰੰਭਕ ਸਮਾਰੋਹ ਸਮੇਂ ਕੈਲੇਫੋਰਨੀਆਂ ਦੀ ਸਟੇਟ ਸੈਨੇਟਰ ਐਲਨ ਕੌਰਬਿਟ ਅਤੇ ਸਿੱਖ ਭਾਈਚਾਰੇ ਦੇ ਬਹੁਤ ਸਾਰੇ ਪਤਵੰਤੇ ਦਰਸ਼ਕਾਂ ਨੇ ਹਾਜ਼ਰੀ ਭਰੀ। ਯੂਨੀਅਨ ਸਿਟੀ ਦੇ ਮੇਅਰ ਮਾਰਕ ਗਰੀਨ ਨੇ ਵੀ ਖੇਡ ਮੈਦਾਨ ਵਿਚ ਪਹੁੰਚ ਕੇ ਕਾਫੀ ਸਮਾਂ ਖੇਡਾਂ ਦਾ ਆਨੰਦ ਮਾਣਿਆ ਅਤੇ ਜੇਤੂਆਂ ਨੂੰ ਇਨਾਮ ਵੰਡੇ। ਉਨ੍ਹਾਂ ਦੀ ਖਿਡਾਰੀਆਂ ਨਾਲ ਜਾਣ ਪਛਾਣ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਡਾਇਰੈਕਟਰਾਂ ਨੇ ਕਰਵਾਈ।

ਇਸ ਟੂਰਨਾਮੈਂਟ ਵਿਚ ਸਾਰੀਆਂ ਮੁੱਖ ਖੇਡਾਂ-ਬਾਸਕਿਟਬਾਲ, ਵਾਲੀਬਾਲ, ਫੁੱਟਬਾਲ (ਸਾਕਰ), ਹਾਕੀ, ਐਥਲੈਟਿਕਸ, ਕੁਸ਼ਤੀਆਂ ਅਤੇ ਕਬੱਡੀ ਦੇ ਮੁਕਾਬਲੇ ਨਾਲੋ ਨਾਲ ਹੀ ਕਰਵਾਏ ਗਏ। ਪਹਿਲੇ ਦਿਨ ਸਭ ਤੋ ਵੱਧ ਮੁਕਾਬਲੇ ਬਾਸਕਿਟਬਾਲ (40), ਫੁੱਟਬਾਲ (12), ਹਾਕੀ (8) ਅਤੇ ਐਥਲੈਟਿਕਸ ਦੇ ਹੋਏ। ਸਭ ਤੋਂ ਵਧ ਰੌਚਿਕ ਮੁਕਾਬਲੇ ਇਸ ਵਾਰ ਫਿਰ ਬਾਸਕਿਟਬਾਲ ਅਤੇ ਕਬਡੀ ਦੇ ਹੀ ਸਨ। ਬਾਸਕਿਟਬਾਲ ਵਿਚ ਪੰਜਾਬੀ ਮੂਲ ਦੇ ਸਰੂਆਂ ਵਰਗੇ ਜੁਆਨਾਂ ਦੀਆਂ 32 ਟੀਮਾਂ ਨੇ ਭਾਗ ਲਿਆ। ਬਹੁਤ ਸਾਰੇ ਮੁਕਾਬਲਿਆਂ ਦਾ ਫੈਸਲਾ ਓਵਰ ਟਾਈਮ ਵਿਚ ਹੋਇਆ।

ਸੈਮੀਫਾਈਨਲ ਅਤੇ ਫਾਈਨਲ ਮੁਕਾਬਲੇ ਦੂਸਰੇ ਦਿਨ ਕਰਵਾਏ ਗਏ। ਇਸ ਤੋਂ ਇਲਾਵਾ ਦੂਸਰੇ ਦਿਨ ਦੇ ਮੁਖ ਮੁਕਾਬਲੇ ਕੁਸ਼ਤੀਆਂ (7), ਵਾਲੀਬਾਲ, ਦੌੜਾਂ ਅਤੇ ਕਬੱਡੀ ਦੇ ਸਨ। ਫੁੱਟਬਾਲ (ਸਾਕਰ) ਦਾ ਫਾਈਨਲ ਮੁਕਾਬਲਾ ਗੁਰੂ ਨਾਨਕ ਕਲੱਬ, ਯੂਬਾ ਸਿਟੀ ਅਤੇ ਮਾਹਲਪੁਰ ਸਪੋਰਟਸ ਕਲੱਬ ਦੀਆਂ ਟੀਮਾਂ ਵਿਚਾਲੇ ਹੋਇਆ ਜਿਸ ਵਿਚ ਗੁਰੂ ਨਾਨਕ ਕਲੱਬ, ਯੂਬਾ ਸਿਟੀ ਦੀ ਟੀਮ ਜੇਤੂ ਰਹੀ। ਵਾਲੀਬਾਲ ਦਾ ਖਿਤਾਬ ਇਸ ਵਾਰ ਫਿਰ ਯੂਨੀਅਨ ਸਿਟੀ ਦੀ ਟੀਮ ਨੇ ਲਿਵਿੰਗਸਟਨ ਦੀ ਟੀਮ ਨੂੰ ਹਰਾ ਕੇ ਲਗਾਤਾਰ ਚੌਥੀ ਵਾਰ ਜਿੱਤਿਆ।

ਕਬੱਡੀ ਦੇ ਮੈਚ ਖੇਡ ਮੇਲੇ ਦੇ ਦੂਸਰੇ ਦਿਨ ਕਰਵਾਏ ਗਏ। ਆਮ ਪੰਜਾਬ ਖੇਡ ਮੇਲਿਆਂ ਵਾਂਗ ਇਸ ਮੇਲੇ ਵਿਚ ਵੀ ਦਰਸ਼ਕਾਂ ਵਿਚ ਸਭ ਤੋਂ ਵੱਧ ਉਤਸ਼ਾਹ ਕਬੱਡੀ ਲਈ ਹੀ ਸੀ। ਇਹ ਮੁਕਾਬਲੇ ਸ਼ੁਰੂ ਹੁੰਦਿਆਂ ਸਾਰ ਹੀ ਕਬੱਡੀ ਪ੍ਰੇਮੀਆਂ ਦੀ ਭੀੜ ਵਧਣੀ ਸ਼ੁਰੂ ਹੋ ਗਈ। ਕਬੱਡੀ ਦੇ ਮੁਕਾਬਲੇ ਇਸ ਵਾਰ 21 ਸਾਲ ਤੋਂ ਘੱਟ ਉਮਰ ਦੇ ਵਰਗ ਵਿਚ ਕਰਵਾਏ ਗਏ।












ਕਬੱਡੀ, ਕੁਸ਼ਤੀਆਂ, ਬਾਸਕਿਟਬਾਲ ਆਦਿ ਵਿਚ ਪੰਜਾਬੀ ਮੂਲ ਦੇ ਖਿਡਾਰੀਆਂ ਤੋਂ ਇਲਾਵਾ ਅਮਰੀਕਨ ਗੋਰਿਆਂ, ਅਫਰੀਕਨ ਅਮੈਰਿਕਨ, ਮੈਕਸੀਕਨਾਂ ਅਤੇ ਦੱਖਣ ਪੂਰਬੀ ਏਸ਼ੀਆ ਦੇ ਨੌਜੁਆਨਾਂ ਨੇ ਵੀ ਭਾਗ ਲਿਆ ਅਤੇ ਦਰਸ਼ਕਾਂ ਨੇ ਕਬੱਡੀ, ਕੁਸ਼ਤੀ, ਹਾਕੀ ਅਤੇ ਦੌੜਾਂ ਦਾ ਅਨੰਦ ਮਾਣਿਆ।

ਟੂਰਨਾਮੈਂਟ ਦੇ ਅੰਤ ਵਿਚ ਸਿੱਖ ਸਪੋਰਟਸ ਐਸੋਸੀਏਸ਼ਨ ਆਫ ਯੂ. ਐਸ. ਏ. ਦੀ ਪ੍ਰਬੰਧਕੀ ਕਮੇਟੀ ਵਲੋਂ ਸਾਰੇ ਖਿਡਾਰੀਆਂ, ਵਲੰਟੀਅਰਾਂ, ਦਰਸ਼ਕਾਂ ਅਤੇ ਵਿਤੀ ਮਦਦ ਕਰਨ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਜੇਤੂਆਂ ਨੂੰ ਇਨਾਮ ਵੰਡੇ ਗਏ। ਸਾਰੀਆਂ ਖੇਡਾਂ ਦੇ ਫਾਈਨਲ ਨਤੀਜੇ ਅਤੇ ਤਸਵੀਰਾਂ ਸਿੱਖ ਸਪੋਰਟਸ ਐਸੋਸੀਏਸ਼ਨ ਆਫ ਯੂ. ਐਸ. ਏ. ਦੇ ਵੈਬ ਸਾਈਟ (www.sikhsports.com) 'ਤੇ ਦੇਖੇ ਜਾ ਸਕਦੇ ਹਨ

ਇਨ੍ਹਾਂ ਖੇਡਾਂ ਦੀ ਮੁਖ ਸਪਾਂਸਰ ਸਬਵੇ ਡੀਵੈਲਪਮੈਂਟ ਕਾਰਪੋਰੇਸ਼ਨ ਸੀ ਜਿਸ ਦੇ ਪ੍ਰਧਾਨ ਦੀਪ ਢੀਂਡਸਾ ਅਤੇ ਸਰਦੂਲ ਸਿੰਘ ਸਮਰਾ ਨੇ ਉਚੇਚੇ ਤੌਰ ਤੇ ਸਿੱਖ ਸਪੋਰਟਸ ਐਸੋਸੀਏਸ਼ਨ ਨੂੰ ਵਧੀਆ ਖੇਡਾਂ ਦਾ ਪ੍ਰਬੰਧ ਕਰਨ ਲਈ ਵਧਾਈ ਦਿੱਤੀ। ਸਿੱਖ ਸਪੋਰਟਸ ਐਸੋਸੀਏਸ਼ਨ ਦੇ ਪ੍ਰਬੰਧਕਾਂ ਨੇ ਇਲਾਕੇ ਦੇ ਸਮੂਹ ਨਿਵਾਸੀਆਂ, ਸੇਵਾਦਾਰਾਂ, ਖਿਡਾਰੀਆਂ ਅਤੇ ਸਮਰਥਕਾਂ ਦਾ ਧੰਨਵਾਦ ਕੀਤਾ। ਇਨ੍ਹਾਂ ਖੇਡਾਂ ਦੇ ਸੰਬੰਧ ਵਿਚ ਪਿਛਲੇ ਸਾਲਾਂ ਵਾਂਗ ਇਕ ਬਹੁਤ ਹੀ ਖੂਬਸੂਰਤ ਸੋਵੀਨਾਰ ਵੀ ਕੱਢਿਆ ਜੋ ਓਲੰਪੀਅਨ ਮਹਿੰਦਰ ਸਿੰਘ ਗਿੱਲ ਨੇ ਜਾਰੀ ਕੀਤਾ। ਇਹ ਸੋਵੀਨਾਰ ਵੱਡੀ ਗਿਣਤੀ ਵਿਚ ਮੁਫਤ ਵੰਡਿਆ ਗਿਆ।

ਸਿੱਖ ਸਪੋਰਟਸ ਐਸੋਸੀਏਸ਼ਨ 2006 ਵਿਚ ਹੋਂਦ ਵਿਚ ਆਈ ਸੀ ਅਤੇ ਇਹ ਸਾਲ ਵਿਚ ਤਿੰਨ ਟੂਰਨਾਮੈਂਟ ਕਰਵਾਉਂਦੀ ਹੈ ਜਿਸ ਵਿਚ ਗਰਮੀਆਂ ਵਿਚ ਗੌਲਫ ਤੇ ਸਲਾਨਾ ਖੇਡ ਟੂਰਨਾਮੈਂਟ ਅਤੇ ਸਰਦੀਆਂ ਵਿਚ ਗੁਰੂ ਨਾਨਕ ਮੈਰਾਥਾਨ ਸ਼ਾਮਲ ਹਨ। ਇਸ ਸੰਸਥਾ ਦਾ ਮੁੱਖ ਉਦੇਸ਼ ਨੌਜਵਾਨਾਂ ਵਿਚ ਖੇਡਾਂ ਦੀ ਰੁਚੀ ਨੂੰ ਉਤਸ਼ਾਹਿਤ ਕਰਨਾ ਅਤੇ ਚੰਗੀ ਸਿਹਤ ਵਿਚ ਚੰਗਾ ਮਨ ਦੀ ਧਾਰਨਾ ਨੂੰ ਅਮਲੀ ਰੂਪ ਦੇਣਾ ਹੈ।







# ਇਕ ਮੁਲਾਕਾਤ ਕਾਊਂਟੀ ਸ਼ੈਰਿਫ ਡਾਨੀ ਯੰਗਬਲੱਡ ਨਾਲ

**ਮਨਦੀਪ ਮਾਨ**
**ਫੋਨ:661-889-1927**

**ਬੇਕਰਜ਼ਫੀਲਡ:** ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਹਰ ਕਾਊਂਟੀ ਵਿਚ ਕਈ ਵਿਭਾਗ ਹੁੰਦੇ ਹਨ ਪਰ ਉਨ੍ਹਾਂ ਵਿਚੋਂ ਦੋ ਪ੍ਰਮੁਖ ਹਨ-ਇਕ ਲੋਕਲ ਪੁਲਿਸ ਅਤੇ ਦੂਜਾ ਸ਼ੈਰਿਫ ਪੁਲਿਸ। ਲੋਕਲ ਪੁਲਿਸ ਸਿਟੀ ਦੀਆਂ ਹੱਦਾਂ ਦੇ ਅੰਦਰ ਕੰਮ ਕਰਦੀ ਹੈ ਜਦੋਂਕਿ ਸ਼ੈਰਿਫ ਪੁਲਿਸ ਸ਼ਹਿਰ ਤੋਂ ਬਾਅਦ ਅਨਇਨਕਾਰਪੋਰੇਟਿਡ ਇਲਾਕੇ ਦੀ ਦੇਖ ਰੇਖ ਕਰਦੀ ਹੈ।

ਕਰਨ ਕਾਊਂਟੀ ਦੇ ਸ਼ੈਰਿਫ ਸ੍ਰੀ ਡਾਨੀ ਯੰਗਬਲੱਡ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਨ੍ਹਾਂ ਦਾ ਮਹਿਕਮਾ ਲੋਕਾਂ ਦੇ ਸਿਵਲ ਅਧਿਕਾਰਾਂ, ਜਾਇਦਾਦ ਦੀ ਜ਼ਿੰਮੇਵਾਰੀ, ਸਥਾਨਕ ਦੋ ਜੇਲ੍ਹਾਂ, ਗੰਨ ਆਪਣੇ ਨਾਲ ਰੱਖਣ ਲਈ ਕਨਸੀਲਡ ਗੰਨ ਪਰਮਿਟ ਦੇਣ ਅਤੇ ਲਾਪਤਾ ਲਾਸ਼ਾਂ ਦੀ ਸ਼ਨਾਖਤ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਇਹ ਮਹਿਕਮਾ ਆਪਣੇ ਇਲਾਕੇ ਵਿਚ ਹੋਣ ਵਾਲੀ ਕਿਸੇ ਵੀ ਵਾਰਦਾਤ ਦੀ ਛਾਣਬੀਣ ਦਾ ਕੰਮ ਵੀ ਕਰਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਸਾਡੇ ਮਹਿਕਮੇ ਦਾ ਕੰਮ ਟਰੈਫਿਕ ਦੇ ਚਲਾਨ ਕਰਨ ਦਾ ਨਹੀਂ ਹੁੰਦਾ ਜਦੋਂਕਿ ਆਮ ਲੋਕ ਇਹੋ ਸਮਝਦੇ ਹਨ।

ਸ਼ੈਰਿਫ ਯੰਗਬਲੱਡ ਨੇ ਦੱਸਿਆ ਕਿ ਕਰਨ ਕਾਊਂਟੀ ਸ਼ੈਰਿਫ ਦਾ ਮਹਿਕਮਾ ਸਭ ਤੋਂ ਪਹਿਲਾਂ 1866 ਵਿਚ ਖੋਲ੍ਹਿਆ ਅਤੇ ਅੱਜ ਇਸ ਮਹਿਕਮੇ ਵਿਚ 1240 ਮੁਲਾਜ਼ਮ ਕੰਮ ਕਰਦੇ ਹਨ ਜਿਨ੍ਹਾਂ ਵਿਚ 572 ਡਿਪਟੀ ਸ਼ੈਰਿਫ ਦੇ ਅਹੁਦਿਆਂ 'ਤੇ ਕਰਨ ਕਾਊਂਟੀ ਦੇ ਅਧੀਨ 2 ਜੇਲ੍ਹਾਂ ਲਾਰਡੋ ਅਤੇ ਡਾਊਨ ਟਾਊਨ ਜੇਲ੍ਹ ਵੀ ਆਉਂਦੀਆਂ ਹਨ ਜਿਥੇ ਕਿ 336 ਡਿਟੈਨਸ਼ਨ ਅਫਸਰ ਕੰਮ ਕਰਦੇ ਹਨ। ਇਸ ਤੋਂ ਇਲਾਵਾ 331 ਮੁਲਾਜ਼ਮ ਸ਼ੈਰਿਫ ਮਹਿਕਮੇ ਦੇ ਵੱਖ ਵੱਖ ਦਫਤਰਾਂ ਵਿਚ ਵੀ ਵੱਖੋ ਵੱਖ ਅਹੁਦਿਆਂ ਉਤੇ ਕੰਮ ਕਰਦੇ ਹਨ। ਕਰਨ ਕਾਊਂਟੀ ਸ਼ੈਰਿਫ ਮਹਿਕਮੇ ਵਿਚ 13 ਸਬ ਸਟੇਸ਼ਨ ਹਨ।

ਇਸ ਸਵਾਲ ਦੇ ਜਵਾਬ ਵਿਚ ਕਿ ਸ਼ੈਰਿਫ (ਮੁਖੀ) ਕਿਵੇਂ ਚੁਣਿਆ ਜਾਂਦਾ ਹੈ? ਤਾਂ ਉਨ੍ਹਾਂ ਦੱਸਿਆ ਕਿ ਇਸ ਵਾਸਤੇ 10 ਵੱਖੋ ਵੱਖਰੇ ਤਰੀਕੇ ਹਨ ਪਰ ਮੁਢਲੇ ਤੌਰ 'ਤੇ ਸ਼ੈਰਿਫ ਦੀ ਚੋਣ ਲੜਨ ਵਾਲਾ ਉਮੀਦਵਾਰ ਕੈਲੀਫੋਰਨੀਆ ਪੁਲਿਸ ਅਕੈਡਮੀ ਦਾ ਗਰੈਜੂਏਟ ਹੋਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਉਸ ਨੇ ਘੱਟ ਤੋਂ ਘੱਟ ਇਕ ਸਾਲ ਪੁਲਿਸ ਅਫਸਰ ਦੇ ਤੌਰ 'ਤੇ ਕੰਮ ਕੀਤਾ ਹੋਣਾ ਚਾਹੀਦਾ ਹੈ। ਇਸ ਅਹੁਦੇ ਲਈ ਪਹਿਲਾਂ ਪ੍ਰਾਇਮਰੀ ਚੋਣਾਂ ਹੁੰਦੀਆਂ ਹਨ ਅਤੇ ਫਿਰ ਫਾਈਨਲ ਚੋਣ ਵਿਚ ਲੋਕ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰਕੇ ਸ਼ੈਰਿਫ ਦੀ ਚੋਣ ਕਰਦੇ ਹਨ।

ਪੰਜਾਬੀ ਭਾਈਚਾਰੇ ਦੀ ਗੱਲ ਕਰਦਿਆਂ ਸ਼ੈਰਿਫ ਯੰਗਬਲੱਡ ਨੇ ਪੰਜਾਬੀਆਂ ਦੀ ਭਰਵੀਂ ਤਰੀਫ ਕਰਦਿਆਂ ਆਖਿਆ ਕਿ ਉਹ ਬੜੇ ਮਿਲਣਸਾਰ, ਮਿਹਨਤੀ ਅਤੇ ਸਹਿਯੋਗੀ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਰਹਿੰਦੇ ਕਿਸੇ ਵੀ ਵਿਅਕਤੀ ਵਿਚ ਜੇ ਉਨ੍ਹਾਂ ਨਾਲ ਕੋਈ ਕੰਮ ਹੈ ਤਾਂ ਉਹ ਉਨ੍ਹਾਂ ਦੇ ਫੋਨ 661-391-7771 'ਤੇ ਸਿਧਿਆਂ ਸੰਪਰਕ ਕਰ ਸਕਦਾ ਹੈ।

## Quick Stop 40, Oklahoma

# Help Wanted

ਓਕਲਹੋਮਾ ਵਿਚ ਫਰੀਵੇ ਉਤੇ
ਸਥਿਤ ਟਰੱਕ ਸਟਾਪ ਲਈ ਹੇਠ
ਲਿਖੇ ਸਟਾਫ ਦੀ ਲੋੜ ਹੈ:

ਗੈਸ ਸਟੇਸ਼ਨ ਮੈਨੇਜਰ ਅਤੇ ਕੈਸ਼ੀਅਰ
ਰੈਸਟੋਰੈਂਟ ਵਿਚ ਕੰਮ ਕਰਨ ਲਈ
ਕੈਸ਼ੀਅਰ, ਕੁੱਕ ਅਤੇ ਵੇਟਰ ਸਟਾਫ
ਟਰੱਕ ਰਿਪੇਅਰ ਸ਼ਾਪ ਲਈ
ਮਕੈਨਿਕ ਅਤੇ ਮੈਨੇਜਰ

**ਕਾਲ ਕਰੋ:832-512-7172**

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

ਕੀਮਤ
**$20**
ਸਿਰਫ ਸਤੰਬਰ 15 ਤੱਕ
ਉਸ ਤੋਂ ਬਾਅਦ $25

## ਪੰਜਾਬੀ ਰੇਡੀਓ
## Punjabi RADIO

ON THE AIR

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

San Jose ਤੋਂ Sacramento ਅਤੇ Yuba City ਵਿੱਚ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ

Bay Area ਵਿਚ ਜਿਨ੍ਹਾਂ ਕੋਲ ਚਿਪ ਵਾਲਾ Voice of Punjab ਜਾਂ Punjab Radio ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।

ਜਿਨ੍ਹਾਂ ਕੋਲ ਚਿਪ ਵਾਲਾ "ਰੇਡੀਓ ਹਮਸਫਰ" (94.1FM Berkeley) ਹੈ
ਪੰਜਾਬੀ ਰੇਡੀਓ ਉਸ ਉਪਰ ਬਹੁਤ ਜਲਦ ਸੁਣਿਆ ਜਾ ਸਕੇਗਾ

ਅਗਰ ਤੁਹਾਡੇ ਕੋਲ ਕਿਸੇ ਤਰਾਂ ਦਾ ਵੀ ਪੰਜਾਬੀ ਰੇਡੀਓ ਹੈ ਉਸ ਨੂੰ ਤੁਸੀਂ Fix ਕਰਵਾ ਸਕਦੇ ਹੋ ਬਹੁਤ ਹੀ ਵਾਜਬ ਰੇਟ ਤੇ ਕਾਲ ਕਰੋ
408.449.8737

ਪੰਜਾਬੀ ਰੇਡੀਓ Sacramento Area ਵਿਚ Oct 1st, 2010 ਨੂੰ ਸ਼ੁਰੂ ਹੋ ਰਿਹਾ ਹੈ।
ਰੇਡੀਓ ਪ੍ਰਾਪਤ ਕਰਨ ਲਈ ਸਟੋਰਾਂ ਦੇ ਨਾਮ ਬਹੁਤ ਜਲਦੀ ਦਿੱਤੇ ਜਾਣਗੇ

**ਗੁਰਬਾਣੀ ਪ੍ਰੋਗਰਾਮ**
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

**ਸਪੈਸਲ ਟਾਕ ਸ਼ੋਅ ਹਰ ਰੋਜ**
ਸ਼ਾਮ 8.00 ਤੋਂ 9.00 ਵਜੇ ਤੱਕ

**ਖ਼ਬਰਾਂ**
ਹਰ ਘੰਟੇ ਬਾਅਦ ਸਟੂਡੀਓ ਤੋਂ
ਹਰ ਰੋਜ ਸਵੇਰ 9.00 ਵਜੇ ਅਤੇ ਸ਼ਾਮ 9.00 ਵਜੇ ਪੰਜਾਬ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

Bay Area ਵਿਚ
ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ
**Royal Fabrics** - Union City
**Singh Video** - Santa Clara
**Mckee Liquors** - San Jose
**Bhai Khushminder Singh**

ਹੋਰ ਜਾਣਕਾਰੀ ਲਈ
Email: punjabiradiousa@yahoo.com
**Phone : 408.600.7891**
3750 McKee Road, # B, San Jose CA 95127

## ਫ਼ਿਲਮਾਂ ਦੀ ਸ਼ੂਟਿੰਗ ਲਈ ਮਸ਼ਹੂਰ ਪਿੰਡ ਆਰੂ ਦੇ ਲੋਕ ਭੁੱਖਮਰੀ ਦੇ ਸ਼ਿਕਾਰ

**ਪਹਿਲਗਾਮ (ਕਸ਼ਮੀਰ):** ਬੇਤਾਬ ਤੇ ਕਰਮਾ ਜੇਹੀਆਂ ਫ਼ਿਲਮਾਂ ਦੀ ਸ਼ੂਟਿੰਗ ਰਾਹੀਂ ਪ੍ਰਸਿੱਧ ਹੋਏ ਪਿੰਡ ਆਰੂ ਦੇ 150 ਦੇ ਕਰੀਬ ਪਰਿਵਾਰ ਹਾਲ ਹੀ 'ਚ ਹੋਈ ਹਿੰਸਾ ਕਾਰਨ ਅਸਲੋਂ ਹੀ ਭੁੱਖਮਰੀ ਦੇ ਕੰਢੇ ਆ ਗਏ ਹਨ ਕਿਉਂਕਿ ਸੈਲਾਨੀ ਇਸ ਪਾਸੇ ਹੁਣ ਮੂੰਹ ਨਹੀਂ ਕਰ ਰਹੇ।

ਬਹੁਤ ਸਾਰੀਆਂ ਹਿੱਟ ਫ਼ਿਲਮਾਂ 'ਚ ਇਸ ਖੇਤਰ ਦੀ ਮੋਹ ਲੈਣ ਵਾਲੀ ਸੁੰਦਰਤਾ ਦੇ ਦਰਸ਼ਨ ਹੁੰਦੇ ਸਨ। ਬਰਫਾਂ ਲੱਦੀਆਂ ਹਿਮਾਲਿਆ ਦੀਆਂ ਚੋਟੀਆਂ, ਹਰੀਆਂ ਕਚੂਰ ਵਾਦੀਆਂ ਤੇ ਚੁਫੇਰੇ ਦੁਰਲੱਭ ਰੁੱਖਾਂ ਵਾਲੇ ਜੰਗਲ ਫ਼ਿਲਮਾਂ ਦਾ ਸ਼ਿੰਗਾਰ ਬਣਦੇ ਸਨ।

ਪਹਿਲਗਾਮ ਤੋਂ 15 ਕੁ ਕਿਲੋਮੀਟਰ ਦੂਰ ਪੈਂਦੇ ਆਰੂ ਵਲ ਸੈਲਾਨੀ ਖਿੱਚੇ ਚਲੇ ਆਉਂਦੇ ਸਨ। ਇੱਥੇ ਲੋਕਾਂ 'ਚ ਆਪਣੀ ਆਮਦਨ ਸਾਂਝੀ ਕਰਨ ਦੀ ਰਵਾਇਤ ਹੈ, ਜੋ 150 ਕੁ ਪਰਿਵਾਰਾਂ ਦੇ ਇਸ ਪਿੰਡ ਦੀ ਸ਼ਕਤੀ ਸੀ। ਵਾਦੀ ਵਿਚਲੀ ਹਿੰਸਾ ਦੇ ਬਦਸ਼ਗਨੇ ਪ੍ਰਛਾਵੇਂ ਹੇਠ ਇਹ ਪਿੰਡ ਜਿਵੇਂ ਸਰਾਪਿਆ ਹੀ ਗਿਆ ਹੈ। ਇੱਥੋਂ ਦੇ ਘੋੜਿਆਂ ਵਾਲੇ ਦਿਨਭਰ ਦੀ ਖੱਟੀ ਆਪਸ 'ਚ ਬਰਾਬਰ ਵੰਡਦੇ ਸਨ, ਭਾਵੇਂ ਕਿਸੇ ਨੂੰ ਗਾਹਕ ਮਿਲਿਆ ਹੋਵੇ ਜਾਂ ਨਾ। 60 ਤੋਂ ਵੱਧ ਜਾਨਾਂ ਲੈ ਚੁੱਕੀ ਵਾਦੀ ਵਿਚਲੀ ਹਿੰਸਾ ਨੇ ਇਸ ਖ਼ੂਬਸੂਰਤ ਪਿੰਡ ਦੀ 2000 ਦੇ ਕਰੀਬ ਆਬਾਦੀ ਨੂੰ ਰਮਜ਼ਾਨ ਦੇ ਪਵਿੱਤਰ ਮਹੀਨੇ ਵੀ ਭੁੱਖੇ ਮਰਨ ਲਈ ਮਜਬੂਰ ਕਰ ਦਿੱਤਾ ਹੈ, ਕਿਉਂਕਿ ਸੈਲਾਨੀ ਇੱਥੇ ਆਉਣ ਦੀ ਹਿੰਮਤ ਨਹੀਂ ਕਰ ਰਹੇ। ਪਿੰਡ ਦੇ ਮੁਖੀ ਗੁਲਾਮ ਮੁਹੰਮਦ ਨੇ ਦੱਸਿਆ ਕਿ ਪਿੰਡ ਭੁੱਖਾ ਮਰ ਰਿਹਾ ਹੈ। ਪਿੰਡ 'ਚ 150 ਘੋੜੇ ਹਨ, ਜੋ ਸਭ ਦਾ ਢਿੱਡ ਭਰਦੇ ਹਨ। ਇਨ੍ਹਾਂ ਘੋੜਿਆਂ ਨਾਲ ਪਿੰਡ ਨੂੰ ਹਰ ਰੋਜ਼ 3000 ਰੁਪਏ ਆਮਦਨ ਹੋ ਜਾਂਦੀ ਸੀ ਜੋ ਮਈ ਤੋਂ ਨਵੰਬਰ ਤਕ 6.5 ਲੱਖ ਰੁਪਏ ਹੋ ਜਾਂਦੀ ਸੀ। ਐਤਕੀਂ ਦੇ ਸੀਜ਼ਨ 'ਚ ਕੋਈ ਆਮਦਨ ਨਹੀਂ ਹੋ ਸਕੀ।ਰਮਜ਼ਾਨ ਦੇ ਮਹੀਨੇ ਜਦੋਂ ਪਹਿਲਾਂ ਹੀ ਲੋਕ ਘੱਟ ਖਾਂਦੇ ਹਨ, ਪਰ ਇਸ ਮੌਕੇ ਵੀ ਲੋਕਾਂ ਕੋਲ ਖਾਣ ਲਈ ਕੁਝ ਨਹੀਂ ਹੈ।

60 ਸਾਲ ਦਾ ਅਲੀ ਪਿੰਡ ਦੇ ਸ਼ੁਰੂ 'ਚ ਚਾਹ ਪਕੌੜਿਆਂ ਦੀ ਦੁਕਾਨ ਕਰਦਾ ਹੈ, ਪਰ ਉਹਦਾ ਕਹਿਣਾ ਹੈ ਕਿ ਕਸ਼ਮੀਰ 'ਚ ਹਿੰਸਾ ਨੇ ਉਨ੍ਹਾਂ ਦੀ ਰੋਟੀ ਵੀ ਖੋਹ ਲਈ ਹੈ। ਉਹ ਦੱਸਦਾ ਹੈ ਕਿ ਉਹਦੀਆਂ ਚਾਰ ਧੀਆਂ ਹਨ, ਪਰ ਉਹ ਪਿਤਾ ਦੇ ਫਰਜ਼ ਨਿਭਾਉਣ 'ਚ ਅਸਮਰਥ ਹੈ। ਹੁਣ ਉਹਨੇ ਸਭ ਕੁਝ ਅੱਲ੍ਹਾ 'ਤੇ ਛੱਡ ਦਿੱਤਾ ਹੈ। ਖੇਡ ਪ੍ਰੇਮੀਆਂ ਲਈ ਵੀ ਇੱਥੇ ਬੜਾ ਕੁਝ ਹੈ। ਇਸ ਥਾਂ ਕਸਤੂਰੀ ਹਿਰਨ ਤੇ ਬਾਘ ਜੇਹੇ ਜੀਵ ਹਨ। ਬੇਤਾਬ ਫ਼ਿਲਮ ਨਾਲ ਮਸ਼ਹੂਰ ਹੋਈ 'ਬੇਤਾਬ ਵੈਲੀ' ਵਲ ਕੋਈ ਮੂੰਹ ਨਹੀਂ ਕਰਦਾ। ਕੁਦਰਤ ਦੀ ਵਰੋਸਾਈ ਇਸ ਧਰਤੀ ਨੂੰ ਮਨੁੱਖ ਦੀ ਦਹਿਸ਼ਤ ਨੇ ਕੱਖੋਂ ਹੌਲੀ ਕਰ ਦਿੱਤਾ ਹੈ।

### ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵਲੋਂ ਲੇਹ ਦਾ ਦੌਰਾ

**ਲੇਹ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਨੌਜਵਾਨ ਕਾਂਗਰਸੀ ਆਗੂ ਰਾਹੁਲ ਗਾਂਧੀ ਵਲੋਂ ਬੀਤੀ 1 ਸਤੰਬਰ ਨੂੰ ਲੇਹ ਦਾ ਦੌਰਾ ਕਰਨ ਮਗਰੋਂ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਵੀ ਇੱਥੋਂ ਦੇ ਲੋਕਾਂ ਦਾ ਹਾਲ-ਚਾਲ ਪੁੱਛਿਆ। ਆਪਣੇ ਦੌਰੇ ਦੌਰਾਨ ਪ੍ਰਤਿਭਾ ਨੇ ਬਦਲ ਫੱਟਣ ਦੀ ਘਟਨਾ ਕਾਰਨ ਬੇਘਰ ਹੋਏ ਲੋਕਾਂ ਦੇ ਤੁਰੰਤ ਮੁੜ ਵਸੇਬੇ ਦੀ ਗੱਲ ਕਹੀ।

ਇਸ ਮੌਕੇ ਰਾਹਤ ਕੈਂਪ 'ਚ ਰਹਿ ਰਹੇ ਲੋਕਾਂ ਨਾਲ ਗੱਲ ਕਰਦਿਆਂ ਪ੍ਰਤਿਭਾ ਨੇ ਕਿਹਾ ਕਿ ਇਸ ਸੰਕਟ ਦੀ ਘੜੀ 'ਚ ਸਮੁੱਚਾ ਦੇਸ਼ ਤੁਹਾਡੇ ਨਾਲ ਹੈ ਤੇ ਤੁਹਾਡੇ ਮੁੜ ਵਸੇਬੇ ਲਈ ਕੇਂਦਰ ਤੇ ਸੂਬਾ ਸਰਕਾਰ ਵਲੋਂ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਇਸ ਮੌਕੇ ਲੇਹ ਪੀੜਤਾਂ ਨੇ ਠੰਡ ਦੀ ਸ਼ੁਰੂਆਤ ਤੋਂ ਪਹਿਲਾਂ ਜਨਜੀਵਨ ਆਮ ਵਾਂਗ ਹੋਣ ਦੀ ਉਮੀਦ ਪ੍ਰਗਟਾਈ, ਜਿਸ ਮਗਰੋਂ ਰਾਸ਼ਟਰਪਤੀ ਨੇ ਅਧਿਕਾਰੀਆਂ ਨੂੰ ਰਾਹਤ ਕਾਰਜਾਂ 'ਚ ਤੇਜ਼ੀ ਲਿਆਉਣ ਦਾ ਨਿਰਦੇਸ਼ ਦਿੱਤਾ।

## ਬੰਗਾਲ ਦੇ ਅਕਾਲ ਲਈ ਚਰਚਿਲ ਜ਼ਿੰਮੇਵਾਰ?

ਭੌਤਿਕ ਵਿਗਿਆਨੀ ਅਤੇ ਸਾਇੰਟਿਫਿਕ ਅਮੈਰੀਕਨ ਦੀ ਸਾਬਕਾ ਸੰਪਾਦਕ ਮਧੂਸ਼੍ਰੀ ਮੁਖਰਜੀ ਨੇ ਆਪਣੀ ਪਹਿਲੀ ਕਿਤਾਬ 'ਦ ਲੈਂਡ ਆਫ਼ ਨੇਕਡ ਪੀਪਲ: ਐਨਕਾਊਂਟਰਜ਼ ਵਿਦ ਸਟੋਨ ਏਜ ਆਈਲੈਂਡਰਜ਼' ਵਿਚ ਆਦਿਵਾਸੀਆਂ ਦੇ ਤਜਰਬਿਆਂ ਸਬੰਧੀ ਕਿਤਾਬ ਲਿਖੀ। ਅੰਗਰੇਜ਼ੀ ਪੱਤਰਿਕਾ 'ਆਊਟਲੁਕ' 'ਚ ਛਪੀ ਰਿਪੋਰਟ ਮੁਤਾਬਕ ਇਹ ਕਿਤਾਬ ਲਿਖਣ ਮਗਰੋਂ ਉਸ ਨੂੰ ਜਾਪਿਆ ਕਿ ਉਹ ਆਦਿਵਾਸੀਆਂ ਬਾਰੇ ਤਾਂ ਜਾਣ ਗਈ ਹੈ ਪਰ ਗਰੀਬੀ ਦੇ ਕਾਰਨਾਂ ਬਾਰੇ ਨਹੀਂ ਜਾਣਦੀ। ਉਸ ਨੇ ਸੋਚਿਆ ਕਿ ਹਰੇਕ ਲਈ ਰੋਟੀ ਬੁਨਿਆਦੀ ਮਸਲਾ ਹੈ। ਇਸ ਲਈ ਜੇ ਉਹ ਕਾਲ ਬਾਰੇ ਸਮਝ ਸਕੀ ਤਾਂ ਗਰੀਬੀ ਬਾਰੇ ਉਸ ਨੂੰ ਖ਼ੁਦ-ਬ-ਖ਼ੁਦ ਸਮਝ ਆ ਜਾਵੇਗੀ। ਇਸ ਮੰਤਵ ਲਈ ਮਧੂਸ਼੍ਰੀ ਨੇ ਸੰਨ 1943 ਦੇ ਬੰਗਾਲ ਦੇ ਕਾਲ ਦਾ ਅਧਿਐਨ ਕਰਨ ਦਾ ਫੈਸਲਾ ਕੀਤਾ। ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਮਗਰੋਂ ਵੀ ਉਸ ਨੂੰ ਕੁਝ ਸਵਾਲਾਂ ਦੇ ਜੁਆਬ ਨਹੀਂ ਮਿਲੇ। ਮਿਸਾਲ ਵਜੋਂ ਕੀ ਲੰਡਨ ਦੀ ਚਰਚਿਲ ਸਰਕਾਰ 30 ਲੱਖ ਜਾਨਾਂ ਲੈਣ ਵਾਲੇ ਕਾਲ ਨੂੰ ਰੋਕਣ ਦੇ ਸਮਰੱਥ ਸੀ? ਕੀ ਚਰਚਿਲ ਨੇ ਭੁੱਖਮਰੀ ਦਾ ਸ਼ਿਕਾਰ ਬਣੇ ਭਾਰਤੀਆਂ ਲਈ ਅਨਾਜ ਦੇਣ ਤੋਂ ਜਾਣਬੁੱਝ ਕੇ ਇਨਕਾਰ ਕੀਤਾ ਸੀ? ਇਨ੍ਹਾਂ ਸੁਆਲਾਂ ਨੂੰ ਮਨ ਵਿਚ ਲੈ ਕੇ ਉਸ ਨੇ ਹਥਲੀ ਕਿਤਾਬ 'ਚਰਚਿਲ' ਦ ਸੀਕਰੇਟ ਵਾਰ: ਦ ਬ੍ਰਿਟਿਸ਼ ਐਂਪਾਇਰ ਐਂਡ ਦ ਰੈਵੇਜਿੰਗ ਆਫ਼ ਇੰਡੀਆ ਡਿਉਰਿੰਗ ਵਰਲਡ ਵਾਰ ਟੂ' ਲਿਖਣ ਲਈ ਖੋਜ ਸ਼ੁਰੂ ਕੀਤੀ।

ਉਸ ਨੇ ਸਾਲਾਂ ਬੱਧੀ ਉਸ ਸਮੇਂ ਦੀਆਂ ਬਰਤਾਨਵੀ ਅਖ਼ਬਾਰਾਂ ਦਾ ਅਧਿਐਨ ਕੀਤਾ। ਅਖ਼ਬਾਰਾਂ ਵਿਚੋਂ ਇਹ ਤੱਥ ਸਾਹਮਣੇ ਆਇਆ ਕਿ ਵਾਇਸਰਾਏ ਲਿਨਲਿਥਗੋ ਨੇ ਜੁਲਾਈ 1943 ਵਿਚ ਆਉਣ ਵਾਲੀ ਮੁਸੀਬਤ ਟਾਲਣ ਲਈ ਅਨਾਜ ਭਾਰਤ ਭੇਜਣ ਦੀ ਬੇਨਤੀ ਕੀਤੀ ਸੀ ਪਰ ਚਰਚਿਲ ਦੀ ਜੰਗੀ ਕੈਬਨਿਟ ਨੇ ਇਹ ਨਾਮਨਜ਼ੂਰ ਕਰ ਦਿੱਤੀ। ਭਾਰਤ ਲਈ ਖੜ੍ਹਾ ਹੋਇਆ ਸੰਕਟ ਦੂਰ ਕਰਨ ਲਈ ਆਸਟਰੇਲੀਆ ਕੋਲ ਅਨਾਜ ਦੇ ਵੱਡੇ ਭੰਡਾਰ ਸਨ ਪਰ ਚਰਚਿਲ ਨੇ ਅਨਾਜ ਭਾਰਤ ਪਹੁੰਚਾਉਣ ਲਈ ਸਮੁੰਦਰੀ ਜਹਾਜ਼ ਨਾਕਾਫ਼ੀ ਹੋਣ ਦਾ ਦਾਅਵਾ ਕੀਤਾ। ਉਸ ਸਮੇਂ ਦੇ ਬਰਤਾਨਵੀ ਜੰਗੀ ਟਰਾਂਸਪੋਰਟ ਮੰਤਰਾਲੇ ਦੇ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਸਮੁੰਦਰੀ ਜਹਾਜ਼ਾਂ ਦੀ ਕਮੀ ਨਹੀਂ ਸਗੋਂ ਬਹੁਤਾਤ ਸੀ। ਜਹਾਜ਼ਾਂ ਦੀ ਗਿਣਤੀ ਇੰਨੀ ਸੀ ਕਿ ਉਨ੍ਹਾਂ ਨੂੰ ਭਰਨ ਲਈ ਮਾਲ ਥੋੜ੍ਹਾ ਰਹਿ ਜਾਂਦਾ ਸੀ। ਜੰਗੀ ਕੈਬਨਿਟ ਦਾ ਭਾਰਤ ਅਨਾਜ ਨਾ ਭੇਜਣ ਲਈ ਦੂਜਾ ਬਹਾਨਾ ਉਨ੍ਹਾਂ ਦਾ ਇਹ ਮੰਨਣਾ ਸੀ ਕਿ ਬੰਗਾਲੀ ਲੋਕ ਬਰਤਾਨੀਆ ਵਲੋਂ ਭੇਜੀ ਕਣਕ ਖਾਣ ਦੀ ਬਜਾਏ ਮਰਨਾ ਬਿਹਤਰ ਸਮਝਣਗੇ।



ਵਾਇਸਰਾਏ ਨੇ ਛੇ ਲੱਖ ਟਨ ਅਨਾਜ ਭਾਰਤ ਭੇਜਣ ਦੀ ਮੰਗ ਕੀਤੀ ਸੀ ਪਰ ਭਾਰਤ ਵਿਚ ਇਸ ਦਾ ਪੰਜ ਫੀਸਦੀ ਹਿੱਸਾ ਵੀ ਨਹੀਂ ਭੇਜਿਆ ਗਿਆ। ਉਹ ਵੀ ਕਲਕੱਤਾ ਦੇ ਵੱਡੇ ਲੋਕਾਂ ਕੋਲ ਹੀ ਪੁੱਜਦਾ ਕੀਤਾ ਗਿਆ। ਉਸ ਵਿਚੋਂ ਥੋੜ੍ਹਾ ਜਿਹਾ ਹਿੱਸਾ ਸਰਕਾਰੀ ਵਰਤੋਂ ਲਈ ਹੋਰ ਜ਼ਿਲ੍ਹਿਆਂ ਵਿਚ ਭੇਜਿਆ ਗਿਆ। ਭੁੱਖਮਰੀ ਇੰਨੇ ਵੱਡੇ ਪੱਧਰ ਉਤੇ ਫੈਲੀ ਸੀ ਕਿ ਕਲਕੱਤਾ ਅਤੇ ਹੋਰ ਕਸਬਿਆਂ ਵਲ ਜਾ ਰਹੇ ਹਜ਼ਾਰਾਂ ਪੇਂਡੂ ਲੋਕ ਰਾਹ ਵਿਚ ਹੀ ਦਮ ਤੋੜ ਗਏ। ਦੂਜੇ ਪਾਸੇ ਚਰਚਿਲ ਸਰਕਾਰ ਦੀਆਂ ਹਦਾਇਤਾਂ ਉਤੇ ਸਿਲੋਨ 71,000 ਟਨ ਚੌਲ ਬਰਾਮਦ ਕੀਤੇ ਗਏ।

ਮੁਖਰਜੀ ਨੇ ਚਰਚਿਲ ਨੂੰ ਸਿਰਫ ਕਾਲ ਲਈ ਹੀ ਨਹੀਂ ਸਗੋਂ ਭਾਰਤੀਆਂ ਅਤੇ ਆਜ਼ਾਦੀ ਸੰਗਰਾਮ ਨੂੰ ਪਾਗਲਪਣ ਦੀ ਹੱਦ ਤਕ ਨਫ਼ਰਤ ਕਰਨ ਅਤੇ ਦੇਸ਼ ਦੀ ਵੰਡ ਲਈ ਵੀ ਜ਼ਿੰਮੇਵਾਰ ਠਹਿਰਾਇਆ ਹੈ।

ਜੇਕਰ ਚਰਚਿਲ ਦੀ ਥਾਂ ਕੋਈ ਹੋਰ ਹੁੰਦਾ ਤਾਂ ਗੱਲ ਕੁਝ ਹੋਰ ਹੋਣੀ ਸੀ। ਉਸ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਲੀਓਪੋਲਡ ਐਸ.ਐਮਰੀ ਨੂੰ ਭਾਰਤ ਲਈ ਵਿਦੇਸ਼ ਮੰਤਰੀ ਨਿਯੁਕਤ ਕੀਤਾ। ਐਮਰੀ ਨੇ ਭਾਰਤ ਦੀ ਕਾਂਗਰਸ ਨੂੰ ਨਾਲ ਲੈ ਕੇ ਚੱਲਣ ਦਾ ਸੁਝਾਅ ਦਿੱਤਾ ਪਰ ਇਸ ਦੀ ਕੀਮਤ ਚੁਕਾਉਣੀ ਪੈਣੀ ਸੀ। ਇਹ ਕੀਮਤ ਭਾਰਤ ਦੀ ਆਜ਼ਾਦੀ ਸੀ। ਚਰਚਿਲ ਨੇ ਤਜਵੀਜ਼ ਠੁਕਰਾ ਦਿੱਤੀ। ਚਰਚਿਲ ਦੀ ਥਾਂ ਲਾਰਡ ਇਰਵਿਨ ਪ੍ਰਧਾਨ ਮੰਤਰੀ ਹੁੰਦਾ ਤਾਂ ਸਮਝੌਤਾ ਹੋਣ ਦੇ ਆਸਾਰ ਵਧ ਸਨ। ਇਸ ਹਾਲਤ ਵਿਚ ਨਾ ਤਾਂ ਭਾਰਤ ਛੱਡੋ ਅੰਦੋਲਨ ਕਰਨ ਦੀ ਲੋੜ ਪੈਂਦੀ ਅਤੇ ਨਾ ਹੀ ਜਿਨਾਹ ਨੂੰ ਛੱਡ ਕੇ ਗਾਂਧੀ, ਨਹਿਰੂ, ਪਟੇਲ ਅਤੇ ਸਾਰੇ ਕਾਂਗਰਸੀ ਆਗੂਆਂ ਨੂੰ ਕੈਦ ਰਹਿਣਾ ਪੈਂਦਾ। ਚਰਚਿਲ ਸਰਕਾਰ ਜਿਨਾਹ ਦੀ ਪਿੱਠ ਥਾਪੜ ਰਹੀ ਸੀ। ਮੁਖਰਜੀ ਮੁਤਾਬਕ ਸੰਨ 1945 ਦੀ ਸ਼ਿਮਲਾ ਗੱਲਬਾਤ ਦੀ ਨਾਕਾਮੀ ਪਿੱਛੇ ਵੀ ਚਰਚਿਲ ਦਾ ਹੱਥ ਸੀ। ਉਸ ਨੇ ਜਿਨਾਹ ਨੂੰ ਆਪਣੀਆਂ ਮੰਗਾਂ ਉਤੇ ਕਾਇਮ ਰਹਿਣ ਲਈ ਕਿਹਾ ਸੀ। ਜਿਨਾਹ ਨੇ ਇਸ ਦਾ ਜ਼ਿਕਰ ਆਪਣੇ ਦੋ ਨੇੜਲੇ ਮਿੱਤਰਾਂ ਕੋਲ ਕੀਤਾ ਸੀ।

### ਭੀਖ ਮੰਗ ਕੇ ਸਾਲ 'ਚ 16 ਲੱਖ ਕਮਾਉਂਦਾ ਸੀ

**ਲਿੰਕਨ:** ਬਰਤਾਨੀਆ ਵਿਚ ਇਕ ਵਿਅਕਤੀ ਜੋ ਬੇਘਰ ਹੋਣ ਦਾ ਦਾਅਵਾ ਕਰਕੇ ਸਾਲ ਭਰ ਵਿਚ 16 ਲੱਖ 84 ਹਜ਼ਾਰ ਰੁਪਏ ਭੀਖ ਮੰਗ ਕੇ ਕਮਾ ਲੈਂਦਾ ਸੀ। ਮਾਮਲਾ ਸਾਹਮਣੇ ਆਉਣ ਤੇ ਅਦਾਲਤ ਨੇ ਉਸ ਨੂੰ ਸਿਰਫ 154 ਡਾਲਰ ਦਾ ਜੁਰਮਾਨਾ ਕੀਤਾ ਹੈ। ਡੇਲੀ ਮੇਲ ਦੀ ਰਿਪੋਰਟ ਅਨੁਸਾਰ 31 ਸਾਲਾ ਡੇਨੀਅਰ ਟੈਰੀ ਹਰ ਹਫਤੇ 123 ਡਾਲਰ ਸਰਕਾਰੀ ਸਹਾਇਤਾ ਵੀ ਪ੍ਰਾਪਤ ਕਰਦਾ ਸੀ। ਉਸ ਨੇ ਅਦਾਲਤ ਵਿਚ ਸਵਿਕਾਰਿਆ ਕਿ ਇਹ ਉਹ ਇਹ ਦਿਖਾਉਣ ਦੇ ਲਈ ਕਿ ਉਸ ਦੇ ਕੋਲ ਘਰ ਨਹੀਂ ਹੈ ਸੜਕ 'ਤੇ ਕੰਬਲ ਵਿਛਾ ਕੇ 'ਸਲੀਪਿੰਗ ਬੈਗ' ਵਿਚ ਸੌਂਦਾ ਅਤੇ ਆਉਣ ਜਾਣ ਵਾਲਿਆਂ ਤੋਂ ਭੀਖ ਮੰਗਦਾ ਸੀ।

### ਨਿਊਜ਼ੀਲੈਂਡ 'ਚ ਆਇਆ ਜ਼ਬਰਦਸਤ ਭੂਚਾਲ

**ਕਰਾਈਟਚਰਚ:** ਨਿਊਜ਼ੀਲੈਂਡ ਦੇ ਦੂਸਰੇ ਸਭ ਤੋਂ ਵੱਡੇ ਸ਼ਹਿਰ ਕਰਾਈਟਚਰਚ 'ਚ 4 ਸਤੰਬਰ ਨੂੰ 7.0 ਦੀ ਤੀਬਰਤਾ ਵਾਲੇ ਸ਼ਕਤੀਸ਼ਾਲੀ ਭੂਚਾਲ ਕਾਰਨ ਸਮੁੱਚਾ ਖੇਤਰ ਕੰਬ ਕੇ ਰਹਿ ਗਿਆ ਤੇ ਇਸ ਭਿਆਨਕ ਭੂਚਾਲ ਤੋਂ ਬਾਅਦ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ। ਲੱਗਭੱਗ 80 ਸਾਲਾਂ 'ਚ ਆਏ ਸਭ ਤੋਂ ਭਿਆਨਕ ਭੂਚਾਲ 'ਚ ਇਮਾਰਤਾਂ ਢਹਿ-ਢੇਰੀ ਹੋ ਗਈਆਂ, ਸੜਕਾਂ 'ਚ ਪਾੜ ਪੈ ਗਏ ਅਤੇ ਦਹਿਸ਼ਤਜ਼ਦਾ ਲੋਕ ਡਰਦੇ ਮਾਰੇ ਸੜਕਾਂ 'ਤੇ ਆ ਨਿਕਲੇ। ਇਸ ਭੂਚਾਲ ਤੋਂ ਡਰੇ ਹੋਏ ਲੋਕ ਜਦ ਆਪਣੇ ਘਰਾਂ ਤੋਂ ਭੱਜ ਕੇ ਬਾਹਰ ਨਿਕਲੇ, ਤਾਂ ਉਨ੍ਹਾਂ ਸੜਕਾਂ ਮਲਬੇ ਅਤੇ ਕੱਚ ਨਾਲ ਭਰੀਆਂ ਹੋਈਆਂ ਦੇਖੀਆਂ।

### ਅਕਸ਼ਰਧਾਮ ਦੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ 'ਤੇ ਰੋਕ

**ਨਵੀਂ ਦਿੱਲੀ:** ਅਕਸ਼ਰਧਾਮ ਮੰਦਰ 'ਤੇ ਅਤਿਵਾਦੀ ਹਮਲਾ ਕੇਸ ਦੇ ਦੋ ਦੋਸ਼ੀਆਂ ਦੀ ਮੌਤ ਦੀ ਸਜ਼ਾ 'ਤੇ 6 ਸਤੰਬਰ ਨੂੰ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਹੈ। ਗੁਜਰਾਤ ਹਾਈ ਕੋਰਟ ਨੇ ਅਤਿਵਾਦੀ ਆਦਮ ਭਾਈ ਸੁਲੇਮਾਨ ਅਤੇ ਅਬਦੁਲ ਮੁਫਤੀ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਸਾਲ 2002 ਵਿਚ ਹੋਏ ਇਸ ਹਮਲੇ 'ਚ 37 ਜਾਨਾਂ ਗਈਆਂ ਸਨ। ਜਸਟਿਸ ਬੀ. ਸੁਦਰਸ਼ਨ ਰੈਡੀ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਬੈਂਚ ਨੇ ਫਾਂਸੀ ਦੀ ਸਜ਼ਾ ਦੇਣ 'ਤੇ ਰੋਕ ਲਗਾਉਂਦਿਆਂ ਦੋਹਾਂ ਦੋਸ਼ੀਆਂ ਦੀ ਅਪੀਲ 'ਤੇ ਸੀ.ਬੀ.ਆਈ. ਅਤੇ ਗੁਜਰਾਤ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਹਮਲੇ 'ਚ ਸ਼ਾਮਲ ਦੋਹਾਂ ਅਤਿਵਾਦੀਆਂ ਦੇ ਲਸ਼ਕਰੇ ਤੋਇਬਾ ਨਾਲ ਸਬੰਧ ਹਨ।

### ਐਨ ਸੇਠਨਾ ਦਾ ਦੇਹਾਂਤ

**ਮੁੰਬਈ:** ਪਰਮਾਣੂ ਊਰਜਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਹੋਮੀ.ਐਨ. ਸੇਠਨਾ ਦਾ 6 ਸਤੰਬਰ ਨੂੰ ਲੰਮੀ ਬਿਮਾਰੀ ਪਿੱਛੋਂ ਮਾਲਾਬਾਰ ਹਿਲਜ਼ ਨਿਵਾਸ ਸਥਾਨ 'ਤੇ ਦੇਹਾਂਤ ਹੋ ਗਿਆ। ਪਹਿਲੇ ਪਰਮਾਣੂ ਟੈਸਟ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਸੀ। ਉਹ 86 ਸਾਲਾਂ ਦੇ ਸਨ।

## ਸਿੱਖਿਆ ਬਿੱਲ ਦੇ ਹਸ਼ਰ ਤੋਂ ਕਪਿਲ ਸਿੱਬਲ ਹੋਏ ਨਾਰਾਜ਼

**ਨਵੀਂ ਦਿੱਲੀ:** ਵਿਦਿਅਕ ਟ੍ਰਿਬਿਊਨਲ ਬਿੱਲ ਦੇ ਮੁੱਦੇ 'ਤੇ ਮਨੁੱਖੀ ਸਰੋਤ ਵਿਕਾਸ ਮੰਤਰੀ ਕਪਿਲ ਸਿੱਬਲ ਅਲੱਗ-ਥਲੱਗ ਪੈ ਗਏ ਹਨ, ਪਰ ਸਰਕਾਰ ਤੇ ਕਾਂਗਰਸ ਨੇ ਇਸ ਬਿੱਲ ਦੇ ਮੁਲਤਵੀ ਹੋਣ ਵਿਚ ਸੀਨੀਅਰ ਆਗੂ ਕੇ. ਕੇਸ਼ਵ ਰਾਓ ਜਾਂ ਸੰਸਦ ਵਿਚਲੇ ਪ੍ਰਬੰਧ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਇਨਕਾਰ ਕੀਤਾ ਹੈ। ਇਹ ਵੱਖਰੀ ਗੱਲ ਹੈ ਕਿ ਸ੍ਰੀ ਸਿੱਬਲ ਸਮੁੱਚੇ ਘਟਨਾਕ੍ਰਮ ਤੋਂ ਨਾਖੁਸ਼ ਹਨ ਅਤੇ ਉਨ੍ਹਾਂ ਨੇ ਆਪਣੀ ਨਾਖੁਸ਼ੀ ਦਾ ਪ੍ਰਗਟਾਵਾ ਕੁੱਲ ਹਿੰਦ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਕੋਲ ਵੀ ਕੀਤਾ ਹੈ। ਨਾਲ ਹੀ ਸਰਕਾਰ ਨੇ ਕਿਹਾ ਹੈ ਕਿ ਸਦਨ ਵਿਚ ਕੋਈ ਵੰਡ ਨਹੀਂ ਹੋਈ ਬਲਕਿ ਉਸ ਨੇ ਆਪਣੇ ਮੈਂਬਰਾਂ ਨੂੰ ਇਹ ਮੌਕਾ ਦਿੱਤਾ ਹੈ ਕਿ ਉਹ ਜੋ ਸੰਵਿਧਾਨ ਬਾਰੇ ਚਾਹੁੰਦੇ ਹਨ, ਉਸ ਦਾ ਖੁੱਲ੍ਹ ਕੇ ਖੁਲਾਸਾ ਕਰਨ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੂੰ ਬਿੱਲ ਖਿਲਾਫ ਸ੍ਰੀ ਰਾਓ ਦੇ ਭਾਸ਼ਣ ਜਾਂ ਉਪਰਲੇ ਸਦਨ ਵਿਚ ਐਨ ਆਖਰੀ ਮੌਕੇ 'ਤੇ ਬਿੱਲ ਮੁਲਤਵੀ ਕਰਨ ਦੀ ਰਣਨੀਤੀ ਵਿਚ ਕੁਝ ਗਲਤ ਨਜ਼ਰ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਸੰਸਦ ਮੈਂਬਰਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਅਧਿਕਾਰ ਹੈ। ਲੋਕ ਸਭਾ ਵਲੋਂ ਪਾਸ ਬਿੱਲ ਕਾਂਗਰਸ ਮੈਂਬਰਾਂ ਵਲੋਂ ਰਾਜ ਸਭਾ ਵਿਚ ਰੋਕਣ ਸਬੰਧੀ ਸ੍ਰੀ ਬਾਂਸਲ ਨੇ ਕਿਹਾ ਕਿ ਸਾਡੇ ਕੋਲ ਦੋ ਸਦਨੀ ਸੰਸਦ ਹੈ ਤੇ ਦੋਵੇਂ ਸਦਨ ਕਿਸੇ ਮੁੱਦੇ 'ਤੇ ਵੱਖ-ਵੱਖ ਵਿਚਾਰ ਰੱਖ ਸਕਦੇ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਉਹ ਬਿੱਲ ਦਾ ਵਿਰੋਧ ਨਹੀਂ ਕਰ ਰਹੇ। ਰਾਓ ਦੇ ਭਾਸ਼ਣ ਮਗਰੋਂ ਬਿੱਲ ਮੁਲਤਵੀ ਕਰਨ ਨਾਲ ਸਰਕਾਰ ਦੀ ਹੋਈ ਕਿਰਕਿਰੀ ਦੇ ਸਵਾਲ ਨੂੰ ਰਾਓ ਪੂਰੀ ਤਰ੍ਹਾਂ ਟਾਲ ਗਏ।

ਇਸੇ ਤਰ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੁੰਦਿਆਂ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਜਨਾਰਧਨ ਦਿਵੇਦੀ ਨੇ ਰਾਓ ਦਾ ਪੱਖ ਪੂਰਦਿਆਂ ਕਿਹਾ ਕਿ ਕਾਂਗਰਸ ਜਮਹੂਰੀ ਪਾਰਟੀ ਹੈ ਅਤੇ ਹਰ ਇਕ ਦੇ ਸੁਝਾਅ ਨੂੰ ਵਿਚਾਰਿਆ ਜਾਂਦਾ ਹੈ। ਉਧਰ ਪਾਰਟੀ ਦੇ ਦੂਜੇ ਧੜੇ ਨੇ ਦਾਅਵਾ ਕੀਤਾ ਹੈ ਕਿ ਸਿੱਖਿਆ ਬਿੱਲ ਨੂੰ ਔਕੜਾਂ ਝੱਲਣੀਆਂ ਪੈ ਰਹੀਆਂ ਹਨ ਕਿਉਂਕਿ ਇਸ ਨਾਲ ਸਿੱਖਿਆ ਮਾਫ਼ੀਏ ਅਤੇ ਹੋਰਨਾਂ ਨਿੱਜੀ ਹਿੱਤਾਂ ਨੂੰ ਢਾਹ ਲੱਗੇਗੀ। ਇਸੇ ਦੌਰਾਨ ਸੰਸਦ ਵਿਚਲੇ ਪ੍ਰਬੰਧਾਂ ਦੀ ਘਾਟ ਦੇ ਸਬੰਧ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲ ਕੇ ਸ੍ਰੀ ਸਿੱਬਲ ਨੇ ਕਿਹਾ ਕਿ ਉਨ੍ਹਾਂ ਦੇ ਕਿਸੇ ਨਾਲ ਮਤਭੇਦ ਨਹੀਂ ਹਨ। ਉਨ੍ਹਾਂ ਨਾਲ ਹੀ ਆਸ ਪ੍ਰਗਟਾਈ ਕਿ ਅਗਲੇ ਸੈਸ਼ਨ ਦੌਰਾਨ ਬਿੱਲ ਪਾਸ ਹੋ ਜਾਣਗੇ। ਉਨ੍ਹਾਂ ਨੂੰ ਬਿੱਲ ਪਾਸ ਨਾ ਹੋਣ ਦਾ ਮਲਾਲ ਜ਼ਰੂਰ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਪਹਿਲਾਂ ਇਸ ਬਿੱਲ ਦੀ ਹਮਾਇਤ ਕਰਨ ਦਾ ਭਰੋਸਾ ਦਿੱਤਾ ਸੀ ਪਰ ਬਾਅਦ ਵਿਚ ਆਪਣੇ ਕਹੇ ਤੋਂ ਮੁਕਰ ਗਈ।

ਜ਼ਿਕਰਯੋਗ ਹੈ ਕਿ ਸ੍ਰੀ ਰਾਓ ਨੇ ਵਿਰੋਧੀ ਧਿਰ ਭਾਜਪਾ ਦੇ ਸਟੈਂਡ ਨਾਲ ਸਹਿਮਤ ਹੁੰਦਿਆਂ ਸਿੱਬਲ 'ਤੇ ਕਾਹਲੀ ਕਰਨ ਦਾ ਕਥਿਤ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੇ ਕੰਮ ਨਾਲੋਂ ਵੀ ਤੇਜ਼ ਦੌੜ ਰਹੇ ਹਨ। ਯੂ.ਪੀ.ਏ. ਦੇ ਚੋਟੀ ਦੇ ਸੂਤਰਾਂ ਨੇ ਮੰਨਿਆ ਕਿ ਉਨ੍ਹਾਂ ਨੇ ਸ੍ਰੀ ਰਾਓ ਤੋਂ ਅਜਿਹੀਆਂ ਸਖ਼ਤ ਟਿੱਪਣੀਆਂ ਦੀ ਆਸ ਨਹੀਂ ਕੀਤੀ ਸੀ। ਉਹ ਬੋਲਣਾ ਚਾਹੁੰਦੇ ਸਨ, ਇਸ ਲਈ ਸੀਨੀਅਰ ਆਗੂ ਹੋਣ ਦੇ ਨਾਤੇ ਉਨ੍ਹਾਂ ਨੂੰ ਬੋਲਣ ਦੀ ਆਗਿਆ ਦਿੱਤੀ ਗਈ।

## ਕਸ਼ਮੀਰ ਗੱਲਬਾਤ ਲਈ ਸਰਕਾਰ ਅੱਗੇ ਆਵੇ

**ਨਵੀਂ ਦਿੱਲੀ:** ਸੀ ਪੀ ਆਈ (ਐਮ) ਦੇ ਕੁਲ ਹਿੰਦ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਬੀਤੀ 4 ਸਤੰਬਰ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਜੰਮੂ-ਕਸ਼ਮੀਰ 'ਚ ਬਿਨਾਂ ਕਿਸੇ ਸ਼ਰਤ ਦੇ ਸਮੂਹ ਵਰਗਾਂ ਨਾਲ ਸਿਆਸੀ ਗੱਲਬਾਤ ਤੋਰਨ ਦੀ ਮੰਗ ਕੀਤੀ। ਕਾਮਰੇਡ ਕਰਤ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਗਏ ਅਤੇ ਉਨ੍ਹਾਂ ਨੂੰ ਆਪਣੀ ਸ੍ਰੀਨਗਰ ਯਾਤਰਾ ਬਾਰੇ ਜਾਣਕਾਰੀ ਦਿੱਤੀ।



ਕਾਮਰੇਡ ਕਰਤ ਨੇ ਸ੍ਰੀਨਗਰ ਦੇ ਦੌਰੇ ਦੌਰਾਨ ਸੂਬੇ ਦੀ ਸੁਰੱਖਿਆ ਦੀ ਗੰਭੀਰ ਸਥਿਤੀ ਦਾ ਜਾਇਜ਼ਾ ਲਿਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਇਹ ਸਮਾਂ ਸੂਬੇ ਦੀਆਂ ਸਮੂਹ ਧਿਰਾਂ ਨਾਲ ਸਿਆਸੀ ਗੱਲਬਾਤ ਤੋਰਨ ਲਈ ਬਿਲਕੁਲ ਜਾਇਜ਼ ਹੈ। ਕਾਮਰੇਡ ਕਰਤ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦਾ ਐਲਾਨ ਤੁਹਾਡੇ ਵਲੋਂ ਹੀ ਕੀਤਾ ਜਾ ਸਕਦਾ ਹੈ। ਡਾ. ਸਿੰਘ ਨੂੰ ਸੌਂਪੇ ਇਕ ਪੱਤਰ 'ਚ ਉਨ੍ਹਾਂ ਕਸ਼ਮੀਰ 'ਚ ਸੁਰੱਖਿਆ ਦਸਤਿਆਂ 'ਚ ਕਟੌਤੀ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀਨਗਰ ਦੇ ਵੱਖ-ਵੱਖ ਇਲਾਕਿਆਂ 'ਚ ਅਰਧ ਸੈਨਿਕ ਦਸਤਿਆਂ ਵਲੋਂ ਲਗਾਏ ਗਏ ਬੰਕਰ ਵੀ ਹਟਾਏ ਜਾਣੇ ਚਾਹੀਦੇ ਹਨ।

11 ਜੂਨ ਤੇ ਉਸ ਤੋਂ ਬਾਅਦ ਸੂਬੇ 'ਚ ਪੁਲਸੀਆ ਗੋਲੀਬਾਰੀ ਦੌਰਾਨ ਮਾਰੇ ਗਏ 66 ਲੋਕਾਂ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਭੀੜ ਨੂੰ ਕੰਟਰੋਲ ਕਰਨ ਲਈ ਪੁਲਸੀਆ ਗੋਲੀਬਾਰੀ ਨਾ ਕੀਤੀ ਜਾਵੇ। ਕਾਮਰੇਡ ਕਰਤ ਨੇ ਕਿਹਾ ਕਿ ਕੁਲ ਮਿਲਾ ਕੇ ਕਸ਼ਮੀਰ ਮੁੱਦੇ ਨੂੰ ਸਿਆਸੀ ਗੱਲਬਾਤ ਤੋਂ ਬਿਨਾਂ ਨਹੀਂ ਸੁਲਝਾਇਆ ਜਾ ਸਕਦਾ। ਇਸ ਗੱਲਬਾਤ 'ਚ ਸਮੂਹ ਧਿਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਕਾਮਰੇਡ ਕਰਤ ਨੇ ਪੁਲਸੀਆ ਗੋਲੀਬਾਰੀ 'ਚ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਉਚਿਤ ਮੁਆਵਜ਼ਾ ਦੇਣ ਤੋਂ ਇਲਾਵਾ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਗੰਭੀਰ ਦੋਸ਼ ਤੋਂ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਸੂਬੇ 'ਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ।

### ਗਰਭਵਤੀ ਪਤਨੀ ਨੂੰ ਕੀਤਾ ਅੱਗ ਦੇ ਹਵਾਲੇ

**ਨਵੀਂ ਦਿੱਲੀ:** ਲੰਘੀ 3 ਸਤੰਬਰ ਨੂੰ ਇਥੇ ਇਕ ਵਿਅਕਤੀ ਨੇ ਆਪਣੀ ਗਰਭਵਤੀ ਪਤਨੀ ਨੂੰ ਅੱਗ ਦੇ ਹਵਾਲੇ ਕਰ ਦਿੱਤਾ। 24 ਸਾਲਾ ਅਨੀਤਾ ਦੀ ਡੇਢ ਸਾਲ ਪਹਿਲਾਂ ਰੋਹਿਤ ਚੋਪੜਾ ਨਾਲ ਸ਼ਾਦੀ ਹੋਈ ਸੀ। ਅਨੀਤਾ ਦੇ ਸੱਸ-ਸਹੁਰਾ ਅਤੇ ਪਤੀ ਉਸ ਨੂੰ ਦਾਜ ਲਈ ਤੰਗ-ਪ੍ਰੇਸ਼ਾਨ ਕਰ ਰਹੇ ਸਨ, ਜਿਸ ਕਾਰਨ ਉਨ੍ਹਾਂ ਨੇ ਅਨੀਤਾ ਨੂੰ ਸਾੜਨ ਦਾ ਯਤਨ ਕੀਤਾ। ਫਿਲਹਾਲ ਅਨੀਤਾ ਹਸਪਤਾਲ ਵਿਚ ਦਾਖਲ ਹੈ।

### ਬ੍ਰਹਮੋਸ ਮਿਜ਼ਾਈਲ ਦਾ ਸਫ਼ਲ ਪ੍ਰੀਖਣ

**ਬਾਲਾਸੌਰ (ਉੜੀਸਾ):** ਭਾਰਤ ਵਲੋਂ ਆਪਣੀ ਮਿਜ਼ਾਈਲ ਸਮਰੱਥਾ ਵਿਚ ਵਾਧਾ ਕਰਦਿਆਂ ਫ਼ੌਜ ਨੇ ਉੜੀਸਾ ਤੱਟ ਨੇੜੇ ਚਾਂਦੀਪੁਰ ਤੋਂ 290 ਕਿਲੋਮੀਟਰ ਦੂਰ ਤਕ ਮਾਰ ਕਰਨ ਵਾਲੀ ਬ੍ਰਹਮੋਜ਼ ਮਿਜ਼ਾਈਲ ਦਾ ਸਫਲ ਪਰੀਖਣ ਕੀਤਾ ਹੈ।

ਆਈ.ਟੀ.ਆਰ. ਦੇ ਨਿਰਦੇਸ਼ਕ ਐਸ.ਪੀ. ਦਾਸ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਤਜਰਬਾ ਬੀਤੀ 5 ਸਤੰਬਰ ਨੂੰ 11.35 ਵਜੇ ਕੀਤਾ ਗਿਆ। ਉਨ੍ਹਾਂ ਦੱਸਿਆ ਕਿ 290 ਕਿਲੋਮੀਟਰ ਦੂਰੀ ਤਕ ਮਾਰ ਕਰਨ ਦੇ ਸਮਰੱਥ ਮਿਜ਼ਾਈਲ 300 ਕਿਲੋਗ੍ਰਾਮ ਵਿਸਫੋਟਕ ਪਦਾਰਥ ਲਿਜਾ ਸਕਦੀ ਹੈ। ਇਹ ਆਵਾਜ਼ ਦੀ ਗਤੀ ਨਾਲੋਂ 2.8 ਗੁਣਾਂ ਤੇਜ਼ ਚਲਦੀ ਹੈ। ਰੂਸ ਨਾਲ ਮਿਲ ਕੇ ਬਣਾਈ ਬ੍ਰਹਮੋਜ਼ ਪਣਡੁੱਬੀਆਂ, ਸਮੁੰਦਰੀ ਅਤੇ ਹਵਾਈ ਜਹਾਜ਼ਾਂ ਅਤੇ ਜ਼ਮੀਨ ਤੋਂ ਦਾਗੀ ਜਾ ਸਕੇਗੀ। ਭਾਰਤੀ ਜ਼ਮੀਨੀ ਫ਼ੌਜ ਕੋਲ ਇਸ ਸਮੇਂ 67 ਬ੍ਰਹਮੋਜ਼ ਮਿਜ਼ਾਈਲਾਂ, ਪੰਜ ਮੋਬਾਈਲ ਮਿਜ਼ਾਈਲ ਲਾਂਚਰ ਅਤੇ ਹੋਰ ਸਾਜ਼ੋ-ਸਾਮਾਨ ਹੈ। ਇਸੇ ਤਰ੍ਹਾਂ ਜਲ ਸੈਨਾ ਨੇ ਵੀ ਸਾਲ 2005 ਵਿਚ ਬ੍ਰਹਮੋਜ਼ ਮਿਜ਼ਾਈਲ ਪ੍ਰਣਾਲੀ ਦਾ ਪਹਿਲਾ ਵਰਜ਼ਨ ਮੂਹਰਲੀ ਕਤਾਰ ਦੇ ਜੰਗੀ ਬੇੜਿਆਂ ਵਿਚ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਸੀ।

### ਡੋਡਾ 'ਚ ਇਕ ਜੋੜੇ ਨੇ ਕੀਤੀ ਖ਼ੁਦਕੁਸ਼ੀ

**ਜੰਮੂ:** ਜੰਮੂ-ਕਸ਼ਮੀਰ ਦੇ ਡੋਡਾ ਜ਼ਿਲ੍ਹੇ 'ਚ ਇਕ ਜੋੜੇ ਨੇ ਚਿਨਾਬ ਦਰਿਆ 'ਚ ਛਾਲ ਮਾਰਕੇ ਖ਼ੁਦਕੁਸ਼ੀ ਕਰ ਲਈ। ਬੀਤੀ 3 ਸਤੰਬਰ ਨੂੰ ਇਥੋਂ ਤਕਰੀਬਨ 130 ਕਿਲੋਮੀਟਰ ਦੂਰ ਡੋਡਾ ਜ਼ਿਲ੍ਹੇ ਦੇ ਕਸਤੀਗੜ੍ਹ ਪਿੰਡ ਦੇ ਨਰਿੰਦਰ (22) ਅਤੇ ਇਕ 23 ਸਾਲਾ ਅਣਪਛਾਤੀ ਕੁੜੀ ਨੇ ਅਸਾਰ ਬੈਲਟ ਦੇ ਮਾਰਸੂ ਇਲਾਕੇ 'ਚ ਵਹਿੰਦੀ ਚਿਨਾਬ 'ਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਸ ਘਟਨਾ ਬਾਰੇ ਪੁਲਿਸ ਨੂੰ ਸਥਾਨਕ ਲੋਕਾਂ ਵਲੋਂ ਸੂਚਿਤ ਕੀਤਾ ਗਿਆ। ਮਰਨ ਵਾਲਿਆਂ ਦਾ ਕੁਝ ਸਾਮਾਨ ਘਟਨਾ ਸਥਾਨ ਤੋਂ ਬਰਾਮਦ ਕੀਤਾ ਗਿਆ। ਪੁਲਿਸ ਵਲੋਂ ਅਣਪਛਾਤੀ ਕੁੜੀ ਦੀ ਪਛਾਣ ਬਾਰੇ ਖੋਜ ਕੀਤੀ ਜਾ ਰਹੀ ਹੈ।

# ਪਾਕਿਸਤਾਨ ਵਿਚ ਉਤੋ-ੜਿਤੀ ਬੰਬ ਧਮਾਕੇ, ਸੌ ਤੋਂ ਉਪਰ ਮੌਤਾਂ

**ਲਾਹੌਰ:** ਬੀਤੇ ਸਿਰਫ ਇਕ ਹਫਤੇ ਵਿਚ ਹੀ ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ ਵਿਚ ਬੰਬ ਧਮਾਕਿਆਂ ਤੇ ਹੋਰ ਦਹਿਸ਼ਤੀ ਹਮਲਿਆਂ ਕਾਰਨ ਕਰੀਬ 130 ਜਾਨਾਂ ਜਾ ਚੁੱਕੀਆਂ ਹਨ, ਜਦਕਿ ਮੁਲਕ ਪਹਿਲਾਂ ਹੀ ਹੜ੍ਹਾਂ ਦੀ ਤਬਾਹੀ ਦੀ ਮਾਰ ਝੱਲ ਰਿਹਾ ਹੈ। ਹੜ੍ਹਾਂ ਕਾਰਨ ਦੇਸ਼ ਦਾ ਪੰਜਵਾਂ ਹਿੱਸਾ ਬਰਬਾਦੀ ਦਾ ਮੰਜ਼ਰ ਬਣਿਆ ਹੈ ਅਤੇ 1600 ਜਾਨਾਂ ਚਲੀਆਂ ਗਈਆਂ ਹਨ।



*ਲੱਕੀ ਮਾਰਵਤ ਵਿਚ ਬੰਬ ਧਮਾਕੇ ਤੋਂ ਬਾਅਦ ਬਚਾਓ ਕਾਰਜ*

ਬੀਤੀ 6 ਸਤੰਬਰ ਨੂੰ ਪਾਕਿਸਤਾਨ ਵਿਚ ਹੋਏ ਇਕ ਆਤਮਘਾਤੀ ਹਮਲੇ ਵਿਚ ਸਕੂਲ ਦੇ 9 ਵਿਦਿਆਰਥੀਆਂ ਸਣੇ ਕਰੀਬ 20 ਵਿਅਕਤੀ ਹਲਾਕ ਹੋ ਗਏ, ਜਦਕਿ 40 ਦੇ ਕਰੀਬ ਜ਼ਖ਼ਮੀ ਹੋਏ। ਇਸ ਵਾਰ ਖੈਬਰ ਪਖ਼ਤੂਨਖਵਾ ਸੂਬੇ ਦੇ ਲੱਕੀ ਮਾਰਵਤ ਕਸਬੇ ਵਿਚ ਪੁਲੀਸ ਸਟੇਸ਼ਨ ਨੂੰ ਨਿਸ਼ਾਨਾ ਬਣਾਇਆ ਗਿਆ। ਬੀਤੀ 6 ਸਤੰਬਰ ਨੂੰ ਸਵੇਰੇ ਆਤਮਘਾਤੀ ਬੰਬ ਨੇ ਪੁਲੀਸ ਸਟੇਸ਼ਨ ਦੀ ਕੰਧ ਨਾਲ ਟੱਕਰ ਮਾਰੀ, ਜਿਸ ਵਿਚ 9 ਪੁਲੀਸ ਮੁਲਾਜ਼ਮਾਂ ਦੀ ਮੌਤ ਹੋ ਗਈ। ਹਮਲੇ ਸਮੇਂ ਥਾਣੇ ਵਿਚ 45 ਦੇ ਕਰੀਬ ਮੁਲਾਜ਼ਮ ਸਨ।ਭੀੜ-ਭੜੱਕੇ ਵਾਲੇ ਬਾਜ਼ਾਰ ਵਿਚ ਸਥਿਤ ਪੁਲੀਸ ਸਟੇਸ਼ਨ ਬੁਰੀ ਤਰ੍ਹਾਂ ਤਬਾਹ ਹੋ ਗਿਆ। ਧਮਾਕੇ ਵਿਚ ਸਕੂਲ ਜਾ ਰਹੇ ਪੰਜ ਲੜਕੇ ਤੇ ਚਾਰ ਕੁੜੀਆਂ ਦੀ ਵੀ ਮੌਤ ਹੋ ਗਈ। ਸਕੂਲ ਅਤੇ ਹੋਰ ਸਰਕਾਰੀ ਇਮਾਰਤਾਂ ਵੀ ਨੁਕਸਾਨੀਆਂ ਗਈਆਂ।

ਯਾਦ ਰਹੇ ਲਾਹੌਰ ਵਿਚ ਅਤਿਵਾਦੀਆਂ ਨੇ ਬੀਤੀ 1 ਸਤੰਬਰ ਨੂੰ ਸ਼ੀਆ ਭਾਈਚਾਰੇ ਦੇ ਧਾਰਮਿਕ ਜਲਸਿਆਂ ਨੂੰ ਨਿਸ਼ਾਨਾ ਬਣਾਇਆ ਸੀ। ਮਨੁੱਖੀ ਬੰਬਾਂ ਵਲੋਂ ਕੀਤੇ ਤਿੰਨ ਬੰਬ ਧਮਾਕਿਆਂ ਵਿਚ 37 ਵਿਅਕਤੀਆਂ ਦੀ ਮੌਤ ਹੋ ਗਈ ਸੀ ਜਦੋਂ ਕਿ ਲਗਪਗ 213 ਹੋਰ ਜ਼ਖ਼ਮੀ ਹੋ ਗਏ ਸਨ। ਉਧਰ, ਕਰਾਚੀ ਵਿਚ ਸ਼ੀਆ ਭਾਈਚਾਰੇ ਦੇ ਹੀ ਇਕ ਇਕੱਠ ਉਤੇ ਬੰਦੂਕਧਾਰੀਆਂ ਵਲੋਂ ਕੀਤੀ ਗੋਲੀਬਾਰੀ ਵਿਚ 17 ਬੰਦੇ ਜ਼ਖ਼ਮੀ ਹੋ ਗਏ ਸਨ। ਲਾਹੌਰ ਵਿਚ ਪਹਿਲੇ ਦੋ ਧਮਾਕੇ 1 ਸਤੰਬਰ ਵਾਲੇ ਦਿਨ ਸ਼ਾਮ 6.35 ਵਜੇ ਕਰਬਲਾ ਗਮੇ ਸ਼ਾਹ ਇਮਾਮਬਾੜਾ ਨੇੜੇ ਕੀਤੇ ਗਏ ਸਨ। ਤੀਜਾ ਅਤੇ ਸਭ ਤੋਂ ਸ਼ਕਤੀਸ਼ਾਲੀ ਬੰਬ ਧਮਾਕਾ ਇਸੇ ਦਿਨ ਸ਼ਾਮ 7.15 ਵਜੇ ਭੱਟੀ ਚੌਕ ਉਤੇ ਹੋਇਆ। ਸੂਬਾਈ ਕਾਨੂੰਨ ਮੰਤਰੀ ਰਾਣਾ ਸਨਾਉਲ੍ਹਾ ਨੇ ਕਿਹਾ ਹੈ ਕਿ ਦੋ ਹੀ ਧਮਾਕੇ ਹੋਏ ਹਨ। ਉਨ੍ਹਾਂ ਕਿਹਾ ਕਿ ਚਸ਼ਮਦੀਦ ਗਵਾਹਾਂ ਨੇ ਦੋ ਮਾਨਵੀ ਬੰਬਾਂ ਦੀਆਂ ਲਾਸ਼ਾਂ ਵੇਖੀਆਂ ਹਨ। ਉਧਰ ਕਰਾਚੀ ਵਿਚ ਵੀ ਬੀਤੇ ਦਿਨੀਂ ਹਥਿਆਰਬੰਦ ਵਿਅਕਤੀਆਂ ਵਲੋਂ ਸ਼ੀਆ ਭਾਈਚਾਰੇ ਦੇ ਧਾਰਮਿਕ ਜਲਸੇ 'ਤੇ ਕੀਤੀ ਗਈ ਗੋਲੀਬਾਰੀ ਦੌਰਾਨ ਘੱਟੋ-ਘੱਟ 17 ਵਿਅਕਤੀ ਜ਼ਖ਼ਮੀ ਹੋ ਗਏ। ਇਕ ਪੁਲੀਸ ਅਧਿਕਾਰੀ ਨੇ ਇਸ ਸਬੰਧੀ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਗੱਲ ਆਖੀ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਹਮਲਿਆਂ ਦੀ ਨਿਖੇਧੀ ਕੀਤੀ ਹੈ। ਇਨ੍ਹਾਂ ਧਮਾਕਿਆਂ ਦੀ ਜ਼ਿੰਮੇਵਾਰੀ ਦਹਿਸ਼ਤਗਰਦ ਜਥੇਬੰਦੀ ਲਸ਼ਕਰ-ਏ-ਇਸਲਾਮੀ ਨੇ ਲਈ ਸੀ। ਧਮਾਕਿਆਂ ਮਗਰੋਂ ਸ਼ਹਿਰ 'ਚ ਪੂਰੀ ਤਰ੍ਹਾਂ ਸੰਨਾਟਾ ਛਾਇਆ ਹੋਇਆ ਸੀ। ਐਨੇ ਵੱਡੇ ਪੱਧਰ 'ਤੇ ਹੋਈਆਂ ਮੌਤਾਂ ਮਗਰੋਂ ਵਪਾਰਕ ਸੰਸਥਾਵਾਂ ਤੇ ਸ਼ੀਆ ਕਾਰਜ ਕਮੇਟੀ ਨੇ ਸ਼ਹਿਰ 'ਚ ਤਿੰਨ ਦਿਨਾਂ ਦੇ ਸੋਗ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਪ੍ਰਸ਼ਾਸਨ ਵਲੋਂ ਸਮੂਹਕ ਅੰਤਿਮ ਸਸਕਾਰ ਦੌਰਾਨ ਹਿੰਸਾ ਫੈਲਣ ਦੇ ਖਦਸ਼ੇ ਦੇ ਮੱਦੇਨਜ਼ਰ ਸ਼ਹਿਰ 'ਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਧਮਾਕਿਆਂ ਦੌਰਾਨ ਮਰਨ ਵਾਲਿਆਂ ਦੇ ਪਰਿਵਾਰ ਵਾਲਿਆਂ ਨੂੰ 5-5 ਲੱਖ ਰੁਪਏ ਅਤੇ ਹਰੇਕ ਜ਼ਖ਼ਮੀ ਨੂੰ 75 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਸ਼ੀਆ ਭਾਈਚਾਰੇ ਦੀ ਮੰਗ 'ਤੇ ਇਸ ਹਮਲੇ ਨੂੰ ਅੰਜਾਮ ਦੇਣ ਵਾਲਿਆਂ ਦਾ ਜਲਦ ਪਤਾ ਲਗਾਉਣ ਲਈ ਸਥਾਨਕ ਪ੍ਰਸ਼ਾਸਨ ਨੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਸ਼ੀਆ ਭਾਈਚਾਰੇ ਦੇ ਲੋਕਾਂ ਨੇ ਧਮਕੀ ਦਿੱਤੀ ਹੈ ਕਿ ਜੇਕਰ ਜਲਦ ਹੀ ਅਸਲ ਦੋਸ਼ੀਆਂ ਦਾ ਪਤਾ ਨਾ ਲਗਾਇਆ ਗਿਆ ਤਾਂ ਉਹ ਸਰਕਾਰ ਵਿਰੁਧ ਸੰਘਰਸ਼ ਛੇੜ ਦੇਣਗੇ। ਇਸੇ ਦੌਰਾਨ ਦੱਖਣ ਪੱਛਮੀ ਪਾਕਿਸਤਾਨ ਦੇ ਸ਼ਹਿਰ ਕੋਇਟਾ ਵਿਚ ਬੀਤੀ 3 ਸਤੰਬਰ ਨੂੰ ਇਕ ਸ਼ੀਆ ਜਲੂਸ ਵਿਚ ਆਤਮਘਾਤੀ ਹਮਲਾਵਰ ਵਲੋਂ ਕੀਤੇ ਗਏ ਬੰਬ ਧਮਾਕੇ ਵਿਚ ਘੱਟੋ-ਘੱਟ 50 ਲੋਕ ਮਾਰੇ ਗਏ ਤੇ 100 ਦੇ ਕਰੀਬ ਜ਼ਖ਼ਮੀ ਹੋ ਗਏ। ਘੱਟ ਗਿਣਤੀ 'ਤੇ ਹਮਲਿਆਂ ਦੀ ਲੜੀ 'ਚ ਇਹ ਵੱਡਾ ਹਮਲਾ ਹੈ। ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਸ਼ਹਿਰ ਦੇ ਭੀੜ ਭੜੱਕੇ ਵਾਲੇ ਮੀਜ਼ਾਨ ਚੌਕ 'ਚ ਸਥਾਨਕ ਸਮੇਂ ਮੁਤਾਬਕ ਤਿੰਨ ਵਜੇ ਇਹ ਧਮਾਕਾ, ਪਾਕਿਸਤਾਨ ਦੇ ਉੱਤਰ ਪੱਛਮ ਵਾਲੇ ਗੜਬੜਗ੍ਰਸਤ ਖੇਤਰਾਂ 'ਚ ਹੋਏ ਦੋ ਦਹਿਸ਼ਤੀ ਹਮਲਿਆਂ ਤੋਂ ਕੁਝ ਘੰਟਿਆਂ ਮਗਰੋਂ ਹੋਇਆ। ਸ਼ੀਆ ਵਿਦਿਆਰਥੀਆਂ ਵਲੋਂ ਕੀਤੀ ਰੈਲੀ ਜਦੋਂ ਮੀਜ਼ਾਨ ਚੌਕ ਪੁੱਜੀ ਤਾਂ ਆਤਮਘਾਤੀ ਹਮਲਾਵਰ ਨੇ ਧਮਾਕਾ ਕਰ ਦਿੱਤਾ।

ਇਸ ਧਮਾਕੇ ਦੀ ਫੁਟੇਜ ਜਿਓ ਨਿਊਜ਼ ਵਲੋਂ ਪ੍ਰਸਾਰਤ ਕੀਤੀ ਗਈ, ਜਿਸ 'ਚ ਮਾਰਚਕਾਰੀ ਨਾਅਰੇ ਲਾਉਂਦੇ ਅੱਗੇ ਵਧਦੇ ਦਿਖਾਏ ਗਏ ਹਨ। ਸੂਤਰਾਂ ਮੁਤਾਬਕ 37 ਲੋਕ ਮਾਰੇ ਗਏ ਤੇ 250 ਦੇ ਕਰੀਬ ਜ਼ਖ਼ਮੀ ਹੋ ਗਏ। ਇਕ ਟੀ.ਵੀ. ਚੈਨਲ ਦਾ ਡਰਾਈਵਰ ਵੀ ਮਾਰਿਆ ਗਿਆ ਤੇ ਜਿਓ ਨਿਊਜ਼, ਏ.ਆਰ.ਵਾਈ. ਨਿਊਜ਼ ਤੇ ਡਾਨ ਨਿਊਜ਼ ਚੈਨਲਾਂ ਦੇ ਕਈ ਰਿਪੋਰਟਰ ਤੇ ਕੈਮਰਾਮੈਨ ਜ਼ਖ਼ਮੀ ਹੋ ਗਏ। ਜਲੂਸ 'ਚ ਹੀ ਜਾ ਰਹੇ ਕੁਝ ਹਥਿਆਰਬੰਦ ਨੌਜਵਾਨਾਂ ਨੇ ਧਮਾਕੇ ਮਗਰੋਂ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਤੇ ਕਈਆਂ ਦੇ ਗੋਲੀਆਂ ਲੱਗੀਆਂ। ਇਮਾਮੀਆ ਸਟੂਡੈਂਟਸ ਆਰਗੇਨਾਈਜ਼ੇਸ਼ਨ ਵਲੋਂ ਅਲ-ਕੁੱਡਜ਼ ਦਿਵਸ ਨੂੰ ਸਮਰਪਿਤ ਇਹ ਰੈਲੀ ਫਲਸਤੀਨ ਦੇ ਲੋਕਾਂ ਨਾਲ ਇਕਜੁੱਟਤਾ ਜ਼ਾਹਰ ਕਰਨ ਲਈ ਕੀਤੀ ਗਈ ਸੀ। ਬਲੋਚਿਸਤਾਨ ਦੇ ਪੁਲੀਸ ਮੁਖੀ ਮਲਿਕ ਇਕਬਾਲ ਨੇ ਇਹ ਹਮਲਾ ਆਤਮਘਾਤੀ ਵਲੋਂ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਤਹਿਰੀਕ-ਇ-ਤਾਲਿਬਾਨ ਪਾਕਿਸਤਾਨ (ਪੀ.ਟੀ.ਪੀ.) ਦੇ ਬੁਲਾਰੇ ਕਰੀ ਹੁਸੈਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਹੈ ਕਿ ਜਿਹੜੇ ਤਾਲਿਬਾਨ ਦੇ ਕਾਰਕੁਨ ਮਾਰੇ ਜਾ ਰਹੇ ਹਨ, ਇਸ ਹਮਲੇ ਰਾਹੀਂ ਉਨ੍ਹਾਂ ਦਾ ਬਦਲਾ ਲਿਆ ਗਿਆ ਹੈ।

ਸ੍ਰੀ ਮਲਿਕ ਨੇ ਦੱਸਿਆ ਕਿ ਰੈਲੀ ਕਰਨ ਵਾਲਿਆਂ ਨੂੰ ਦਹਿਸ਼ਤੀ ਹਮਲੇ ਦੇ ਡਰੋਂ ਰੂਟ ਬਦਲਣ ਲਈ ਕਿਹਾ ਗਿਆ ਸੀ। ਇਹ ਧਮਾਕਾ ਏਨਾ ਜ਼ੋਰਦਾਰ ਸੀ ਕਿ ਕਈ ਕਿਲੋਮੀਟਰ ਦੂਰ ਤਕ ਵੀ ਸੁਣਾਈ ਦਿੱਤਾ। ਧਮਾਕੇ ਵਾਲੀ ਥਾਂ ਚੁਫੇਰੇ ਖੂਨ ਤੇ ਮਾਸ ਦੇ ਲੋਥੜੇ ਖਿੱਲਰੇ ਪਏ ਸਨ।

# ਪ੍ਰਮਾਣੂ ਹਥਿਆਰਾਂ ਨੇ ਹੀ ਪਾਕਿਸਤਾਨ ਨੂੰ ਬਚਾਇਆ

**ਵਾਸ਼ਿੰਗਟਨ:** ਪਾਕਿਸਤਾਨ ਦੇ ਬਦਨਾਮ ਵਿਗਿਆਨੀ ਏ. ਕਿਊ ਖਾਨ ਜਿਸ ਨੂੰ ਦੇਸ਼ ਦੇ ਲੁਕਵੇਂ ਪ੍ਰਮਾਣੂ ਪ੍ਰੋਗਰਾਮ ਦਾ ਪਿਤਾਮਾ ਮੰਨਿਆ ਜਾਂਦਾ ਹੈ, ਦਾ ਕਹਿਣਾ ਹੈ ਕਿ ਇਸਲਾਮਾਬਾਦ ਦੇ ਇਸ ਹਾਸਲ ਮਗਰੋਂ ਹੀ ਭਾਰਤ ਨਾਲ ਰਵਾਇਤੀ ਜੰਗ ਰੁਕ ਗਈ ਸੀ।

ਪ੍ਰਮਾਣੂ ਸਮੱਗਰੀ ਦੀ ਬਲੈਕ ਮਾਰਕੀਟ ਚਲਾਉਣ ਦੇ ਦੋਸ਼ਾਂ ਵਾਲੇ ਇਸ ਵਿਗਿਆਨੀ ਦਾ ਕਹਿਣਾ ਹੈ ਕਿ ਦੇਸ਼ ਦੇ ਪ੍ਰਮਾਣੂ ਪ੍ਰੋਗਰਾਮ ਨੇ ਹੀ ਇਹਦਾ ਟਿਕਾਣਾ, ਇਹਦੀ ਸੁਰੱਖਿਆ ਤੇ ਪ੍ਰਭੂਸੱਤਾ ਸੰਭਵ ਬਣਾਈ। ਉਹਨੇ ਅੱਗੇ ਕਿਹਾ ਕਿ ਉਹਨੂੰ ਮਾਣ ਹੈ ਕਿ ਉਹਨੇ ਆਪਣੇ ਦੇਸ਼ ਭਗਤ ਸਾਥੀਆਂ

**ਏ. ਕਿਊ ਖਾਨ ਦਾ ਦਾਅਵਾ**

ਨਾਲ ਰਲਕੇ ਇਸ ਜੰਗ 'ਚ ਯੋਗਦਾਨ ਪਾਇਆ। 'ਨਿਊਜ਼ ਵੀਕ ਪਾਕਿਸਤਾਨ' ਦੇ ਪਹਿਲੇ ਅੰਕ 'ਚ ਛਪੀ ਇੰਟਰਵਿਊ 'ਚ ਉਹਨੇ ਕਿਹਾ ਹੈ ਕਿ ਉਹ ਪੂਰੀ ਤਰ੍ਹਾਂ ਇਸ ਨਾਲ ਸਹਿਮਤ ਹੈ ਕਿ ਪਾਕਿਸਤਾਨ ਦੇ ਪ੍ਰਮਾਣੂ ਦੇਸ਼ ਬਣਨ ਨਾਲ ਹੀ ਉਹਦੀ ਭਾਰਤ ਨਾਲ ਜੰਗ ਰੁਕ ਸਕੀ ਹੈ। "ਪਾਕਿਸਤਾਨ ਦੇ ਨਿਰੰਤਰਤਾ ਵਾਲੀ ਹਸਤੀ ਨਾਲ ਹੋਣ ਦੀ ਚਰਚਿਤ ਥਿਊਰੀ ਸਬੰਧੀ ਪੁੱਛੇ ਜਾਣ 'ਤੇ ਖਾਨ ਨੇ ਕਿਹਾ ਕਿ ਇਹ ਦੇਸ਼ ਨਕਲੀ ਤੌਰ 'ਤੇ ਤਾਂ ਕਾਇਮ ਨਹੀਂ ਕੀਤਾ ਗਿਆ।" ਅਸੀਂ ਮੁਸਲਮਾਨ, ਭਾਰਤ ਵਿਚ ਵੱਖਰੇ ਸਭਿਆਚਾਰ, ਇਤਿਹਾਸ, ਸਮਾਜਿਕ ਵਰਤਾਰੇ ਤੇ ਵਿਰਾਸਤ ਪੱਖੋਂ ਬਿਲਕੁਲ ਵੱਖਰੀ ਕੌਮ ਸਾਂ। ਕਿਸੇ ਵੀ ਪ੍ਰਿਭਾਸ਼ਾ ਪੱਖੋਂ ਅਸੀਂ ਵੱਖਰੀ ਕੌਮ ਤੇ ਵੱਖਰਾ ਦੇਸ਼ ਸੀ। ਉਹਨੇ ਕਿਹਾ ਕਿ ਬਦਕਿਸਮਤੀ ਨਾਲ ਤੰਗ ਦਿਲ ਆਗੂਆਂ ਨੇ ਇਸ ਨੂੰ ਨਸਲੀ ਗੁੱਟਾਂ 'ਚ ਤੋੜ ਦਿੱਤਾ ਜਿਸ ਨਾਲ ਸੋਸ਼ਣ ਸ਼ੁਰੂ ਹੋ ਗਿਆ। ਪ੍ਰਮਾਣੂ ਹਥਿਆਰਾਂ ਨੇ ਮੁਲਕ ਨੂੰ ਸਿਰ ਉਚਾ ਚੁੱਕ ਕੇ ਅੱਗੇ ਵਧਣ ਦੀ ਤਾਕਤ ਬਖ਼ਸ਼ੀ ਹੈ।

ਪ੍ਰਮਾਣੂ ਹਥਿਆਰਾਂ ਦੇ ਗਲਤ ਹੱਥਾਂ 'ਚ ਪੈਣ ਦੇ ਖ਼ਤਰੇ ਨੂੰ ਮੂਲੋਂ ਹੀ ਖਾਰਜ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪੱਛਮੀ ਮਿੱਥ ਤੇ ਉਨ੍ਹਾਂ ਦਾ ਹੀ ਡਰ ਹੈ। ਖਾਨ ਨੇ ਕਿਹਾ ਕਿ ਪ੍ਰਮਾਣੂ ਹਥਿਆਰ ਚੰਗਾ ਜਾਂ ਮਾੜਾ ਪਰ ਇਹ ਅਤਿ ਗੁੰਝਲਦਾਰ ਤੇ ਸੂਖਮ ਯੰਤਰ ਹੈ। ਇਹਦੇ ਬਹੁਤ ਸਾਰੇ ਹਿੱਸੇ ਹੁੰਦੇ ਹਨ ਤੇ ਇਹਨੂੰ ਜੋੜਨ ਲਈ ਮਾਹਿਰਾਂ ਦੀ ਲੋੜ ਪੈਂਦੀ ਹੈ।

ਖਾਨ ਨੇ ਦੱਸਿਆ ਕਿ ਵਿਗਿਆਨੀ ਜਾਂ ਇੰਜੀਨੀਅਰ ਵੀ ਇਸ ਖੇਤਰ ਦੇ ਤਜਰਬੇ ਬਿਨਾਂ ਇਹ ਕਾਰਜ ਨਹੀਂ ਕਰ ਸਕਦੇ। ਅਨਪੜ੍ਹ ਤੇ ਅਣ-ਸਿੱਖਿਅਤ ਅਤਿਵਾਦੀਆਂ ਵਲੋਂ ਇਹ ਹਥਿਆਰ ਵਰਤ ਲੈਣਾ ਤਾਂ ਦੂਰ ਦੀ ਗੱਲ ਹੈ। ਉਹਨੇ ਅਫਗਾਨ ਜੰਗ ਨੂੰ ਪਾਕਿਸਤਾਨ ਦੇ ਪ੍ਰਮਾਣੂ ਪ੍ਰੋਗਰਾਮ ਲਈ ਵਰ ਦੱਸਿਆ।ਉਹਨੇ ਦਾਅਵਾ ਕੀਤਾ ਕਿ ਨਾ ਅਮਰੀਕਾ ਤੇ ਨਾ ਬਰਤਾਨੀਆ ਨੂੰ 1990 ਤਕ ਦੇਸ਼ ਦੇ ਪ੍ਰਮਾਣੂ ਪ੍ਰੋਗਰਾਮ ਬਾਰੇ ਕੋਈ ਸੂਹ ਸੀ। ਉਹਨੇ ਕਿਹਾ ਕਿ ਅਫਗਾਨ ਜੰਗ ਮਗਰੋਂ ਇਨ੍ਹਾਂ ਦੇਸ਼ਾਂ ਨੇ ਬੇਨਜ਼ੀਰ ਭੁੱਟੋ ਦੀ ਸਰਕਾਰ ਤੋਂ ਰਿਆਇਤਾਂ ਲੈਣ ਲਈ ਦੇਸ਼ 'ਤੇ ਪਾਬੰਦੀਆਂ ਠੋਕ ਦਿੱਤੀਆਂ ਪਰ ਉਦੋਂ ਰਾਸ਼ਟਰਪਤੀ ਗੁਲਾਮ ਇਸ਼ਾਕ ਖਾਨ ਤੇ ਫੌਜ ਦੇ ਮੁਖੀ ਜਨਰਲ ਅਸਲਮ ਬੇਗ ਨੇ ਉਨ੍ਹਾਂ ਦੇ ਮੰਦੇ ਇਰਾਦੇ ਪੂਰੇ ਨਾ ਹੋਣ ਦਿੱਤੇ।

ਖਾਨ ਨੇ ਦੋਸ਼ ਲਾਇਆ, "ਇਸਲਾਮਿਕ ਬੰਬ" ਸ਼ਬਦ ਵੀ ਪੱਛਮੀ ਜਗਤ ਨੇ ਬਾਕੀ ਦੇ ਸੰਸਾਰ ਨੂੰ ਖ਼ੌਫਜ਼ਦਾ ਕਰਨ ਤੇ ਮੁਸਲਮਾਨਾਂ ਅਤੇ ਪਾਕਿਸਤਾਨ ਨੂੰ ਅਤਿਵਾਦੀ ਸਿੱਧ ਕਰਨ ਦੇ ਮਨਸ਼ੇ ਨਾਲ ਸ਼ਰਾਰਤ ਨਾਲ ਘੜਿਆ ਤਾਂ ਕਿ ਇਹ ਧਾਰਨਾ ਬਣ ਸਕੇ ਕਿ ਇਸ ਦੇਸ਼ ਨੂੰ ਪ੍ਰਮਾਣੂ ਬੰਬ ਨਹੀਂ ਬਣਾਉਣਾ ਚਾਹੀਦਾ। ਖਾਨ ਦਾ ਕਹਿਣਾ ਹੈ ਕਿ ਮੁਸਲਮਾਨਾਂ ਨੂੰ ਕੁੱਟਣ ਲਈ ਤੇ ਇਸਲਾਮ ਅਤੇ ਇਹਦੇ ਸੁਨਹਿਰੀ ਅਸੂਲਾਂ ਦਾ ਮਾਖੌਲ ਉਡਾਉਣ ਲਈ ਪੱਛਮੀ ਜਗਤ ਇਕ ਹੋ ਜਾਂਦਾ ਹੈ। ਖਾਨ ਨੇ ਇਹ ਦੋਸ਼ ਵੀ ਲਾਏ ਕਿ ਅਮਰੀਕੀ ਤੇ ਬਰਤਾਨਵੀ ਖੁਫੀਆ ਏਜੰਸੀਆਂ ਨੇ ਉਨ੍ਹਾਂ ਦੇ ਦੋ ਵਿਗਿਆਨੀਆਂ ਨੂੰ 'ਖਰੀਦਣ' ਦਾ ਯਤਨ ਕੀਤਾ ਸੀ। ਪਰ ਉਨ੍ਹਾਂ ਨੇ ਸਭ ਕੁਝ ਠੁਕਰਾ ਕੇ ਸਾਰਾ ਕੁਝ ਉਹਨੂੰ ਦੱਸ ਦਿੱਤਾ ਸੀ। ਉਹਨੇ ਕਿਹਾ ਕਿ ਕੋਈ ਵੀ ਕਹੂਟਾ (ਪਾਕਿਸਤਾਨ ਦੇ ਮੁੱਖ ਪ੍ਰਮਾਣੂ ਟਿਕਾਣੇ) ਤੱਕ ਨਹੀਂ ਪੁੱਜਿਆ। ਉਹਨੇ ਕਿਹਾ ਕਿ ਅਮਰੀਕੀ ਦਾਅਵੇ ਤਾਂ ਵੱਡੇ-ਵੱਡੇ ਕਰਦੇ ਹਨ ਪਰ ਉਨ੍ਹਾਂ ਦੇ ਪ੍ਰਮਾਣੂ ਪ੍ਰੋਗਰਾਮ ਦੀ ਪਹੁੰਚ ਸਬੰਧੀ ਉਹ ਹਨੇਰੇ 'ਚ ਹੀ ਹਨ। ਖਾਨ ਨੇ ਕਿਹਾ ਕਿ ਮੇਜਰ ਜਾਂ ਜਨਰਲ ਕੋਈ ਵੀ ਹੋਣ, ਕਿਸੇ ਦੀ ਵੀ ਨਾਜ਼ੁਕ ਤੇ ਗੁਪਤ ਜਾਣਕਾਰੀ ਤੱਕ ਪਹੁੰਚ ਨਹੀਂ ਹੈ।

ਕਹੂਟਾ ਜਾਂ ਪੀ.ਏ.ਈ.ਸੀ. (ਪਾਕਿਸਤਾਨ ਐਟੋਮਿਕ ਐਨਰਜੀ ਕਮਿਸ਼ਨ) ਕੋਈ ਡਿਪਾਰਟਮੈਂਟਲ ਸਟੋਰ ਨਹੀਂ ਹਨ, ਜਿਥੋਂ ਕੋਈ ਵੀ ਜਾ ਕੇ ਬੰਬ ਲੈ ਸਕਦਾ ਹੋਵੇ।

# ਭਾਰਤ ਵਲੋਂ ਦੱਖਣੀ ਕੋਰੀਆ ਨਾਲ ਰੱਖਿਆ ਸਮਝੌਤਾ

**ਨਵੀਂ ਦਿੱਲੀ :** ਭਾਰਤ ਅਤੇ ਦੱਖਣੀ ਕੋਰੀਆ ਨੇ ਬੀਤੀ 3 ਸਤੰਬਰ ਨੂੰ ਪੰਜ ਸਾਲਾਂ ਲਈ ਰੱਖਿਆ ਸਹਿਯੋਗ ਦੇ ਸਬੰਧ 'ਚ ਦੋ ਸਮਝੌਤਿਆਂ 'ਤੇ ਦਸਤਖ਼ਤ ਕੀਤੇ, ਜਿਨ੍ਹਾਂ ਤਹਿਤ ਤਕਨੀਕੀ ਅਤੇ ਫੌਜੀ ਮੁਹਾਰਤ ਦਾ ਅਦਾਨ-ਪ੍ਰਦਾਨ ਕੀਤਾ ਜਾਵੇਗਾ। ਭਾਰਤ ਦੇ ਰੱਖਿਆ ਮੰਤਰੀ ਏ ਕੇ ਐਂਟਨੀ ਨੇ ਦੱਖਣੀ ਕੋਰੀਆ ਦੇ ਦੋ ਦਿਨਾਂ ਸਰਕਾਰੀ ਦੌਰੇ ਦੌਰਾਨ ਆਪਣੇ ਕੋਰੀਅਨ ਹਮਰੁਤਬਾ ਕਿਮ ਤੇਈ ਯੰਗ ਨਾਲ ਇਨ੍ਹਾਂ ਸਮਝੌਤਿਆਂ 'ਤੇ ਦਸਤਖ਼ਤ ਕੀਤੇ।

ਰੱਖਿਆ ਮੰਤਰਾਲੇ ਦੇ ਬੁਲਾਰੇ ਸਿਤਾਂਸ਼ੂ ਕਰ ਨੇ ਸਿਓਲ ਤੋਂ ਜਾਰੀ ਪ੍ਰੈਸ ਬਿਆਨ 'ਚ ਕਿਹਾ "ਰੱਖਿਆ ਸਹਿਯੋਗ ਦੇ ਇਤਿਹਾਸ 'ਚ ਨਵੇਂ ਅਧਿਆਏ ਦੀ ਸ਼ੁਰੂਆਤ ਕਰਦਿਆਂ ਭਾਰਤ ਅਤੇ ਦੱਖਣੀ ਕੋਰੀਆ ਨੇ ਲੰਘੀ 3 ਸਤੰਬਰ ਨੂੰ ਦੋ ਇਤਿਹਾਸਕ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਇਸ ਨਾਲ ਦੋਵੇਂ ਦੇਸ਼ਾਂ ਦਰਮਿਆਨ ਭਾਈਚਾਰਕ ਸਾਂਝ ਨੂੰ ਬੜਾਵਾ ਮਿਲੇਗਾ।" ਉਨ੍ਹਾਂ ਦੱਸਿਆ ਕਿ ਦੋਵੇਂ ਦੇਸ਼ਾਂ ਦੇ ਵਫ਼ਦ ਨੇ ਕਰੀਬ 90 ਮਿੰਟ ਡੂੰਘੀ ਵਿਚਾਰ-ਚਰਚਾ ਤੋਂ ਬਾਅਦ ਇਨ੍ਹਾਂ ਸਮਝੌਤਿਆਂ 'ਤੇ ਹਸਤਾਖ਼ਰ ਕੀਤੇ। ਸਮਝੌਤਿਆਂ ਉਪਰ ਹਸਤਾਖਰ ਕਰਨ ਤੋਂ ਬਾਅਦ ਭਾਰਤੀ ਰੱਖਿਆ ਮੰਤਰੀ ਏ ਕੇ ਐਂਟਨੀ ਨੇ ਕਿਹਾ ਕਿ ਨਵੀਂ ਦਿੱਲੀ ਇਹ ਵੇਖ ਕੇ ਖੁਸ਼ ਹੋਵੇਗੀ ਕਿ ਰੱਖਿਆ ਉਦਯੋਗ ਦੇ ਸਿਲਸਿਲੇ 'ਚ ਸਾਡੇ ਵਿਚਾਲੇ ਰਿਸ਼ਤੇ ਖ਼ਰੀਦਦਾਰ ਤੇ ਵਿਕਰੇਤਾ ਦੇ ਸਬੰਧਾਂ ਤੋਂ ਕਿਤੇ ਵਧ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਝੌਤਿਆਂ ਤਹਿਤ ਤਕਨੀਕੀ ਬਦਲਾਅ, ਸਾਂਝੇ ਉਤਪਾਦਨ, ਸਾਂਝੀ ਖੋਜ ਅਤੇ ਵਿਕਾਸ ਨੂੰ ਬੜਾਵਾ ਮਿਲੇਗਾ। ਉਨ੍ਹਾਂ ਉਮੀਦ ਜਤਾਈ ਕਿ ਉਨ੍ਹਾਂ ਵਲੋਂ ਕੀਤੇ ਇਸ ਦੌਰੇ ਨਾਲ ਦੋਵੇਂ ਦੇਸ਼ਾਂ ਦੇ ਸਬੰਧਾਂ ਵਿਚ ਇਕ ਨਵੇਂ ਅਧਿਆਏ ਦੀ ਸ਼ੁਰੂਆਤ ਹੋਵੇਗੀ। ਦੂਜੇ ਪਾਸੇ ਕੋਰੀਆ ਦੇ ਰੱਖਿਆ ਮੰਤਰੀ ਕਿਮ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਦੋਵੇਂ ਸਮਝੌਤੇ ਕਈ ਖੇਤਰਾਂ ਵਿਚ ਦੋਵੇਂ ਦੇਸ਼ਾਂ ਨੂੰ ਬਰਾਬਰ ਮੌਕੇ ਮੁਹੱਈਆ ਕਰਵਾਉਣਗੇ।

ਜ਼ਿਕਰਯੋਗ ਹੈ ਕਿ ਕਿਸੇ ਭਾਰਤੀ ਰੱਖਿਆ ਮੰਤਰੀ ਦੀ ਇਹ ਦੱਖਣੀ ਕੋਰੀਆ ਦੀ ਪਹਿਲੀ ਯਾਤਰਾ ਹੈ। ਐਂਟਨੀ ਨਾਲ ਉਚ ਪੱਧਰੀ ਵਫ਼ਦ ਗਿਆ ਸੀ, ਜਿਸ ਵਿਚ ਰੱਖਿਆ ਸਕੱਤਰ ਪ੍ਰਦੀਪ ਕੁਮਾਰ, ਜਲ ਸੈਨਾ ਦੇ ਵਾਈਸ ਐਡਮਿਰਲ ਆਰ ਕੇ ਧਵਨ, ਫੌਜ ਦੇ ਲੈਫਟੀਨੈਂਟ ਜਨਰਲ ਕੇਟੀ ਪਟਨਾਇਕ, ਡੀਆਰਡੀਓ ਦੇ ਡਾ. ਪ੍ਰਲਾਦ ਅਤੇ ਰੱਖਿਆ ਮੰਤਰੀ ਦੇ ਸਲਾਹਕਾਰ ਸੁੰਦਰਮ ਕ੍ਰਿਸ਼ਨਾ ਆਦਿ ਸ਼ਾਮਲ ਸਨ।ਰੱਖਿਆ ਮੰਤਰਾਲੇ ਦੇ ਬੁਲਾਰੇ ਸਿਤਾਂਸ਼ੂ ਕਰ ਨੇ ਦੱਸਿਆ ਕਿ ਪਹਿਲਾ ਸਮਝੌਤਾ ਰੱਖਿਆ ਸਬੰਧੀ ਤਜਰਬਿਆਂ, ਸੂਚਨਾਵਾਂ ਦੇ ਅਦਾਨ-ਪ੍ਰਦਾਨ ਅਤੇ ਫੌਜੀ ਕਰਮੀਆਂ ਤੇ ਮਾਹਰਾਂ ਦੇ ਦੌਰੇ, ਫੌਜੀ ਸਿੱਖਿਆ, ਸਿਖਲਾਈ ਤੇ ਫੌਜੀ ਅਭਿਆਸਾਂ ਦਾ ਆਯੋਜਨ, ਬੇੜਿਆਂ ਅਤੇ ਜਹਾਜ਼ਾਂ ਦੀਆਂ ਯਾਤਰਾਵਾਂ ਨਾਲ ਸਬੰਧਤ ਸੀ, ਜਿਸ ਬਾਰੇ ਦੋਵੇਂ ਦੇਸ਼ਾਂ ਦਰਮਿਆਨ ਸਾਂਝਾ ਫੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਮਝੌਤਾ ਪੰਜ ਸਾਲ ਲਈ ਹੋਵੇਗਾ ਤੇ ਇਸ ਵਿਚ ਪੰਜ ਸਾਲ ਦਾ ਵਿਸਤਾਰ ਕੀਤੇ ਜਾਣ ਦੀ ਤਜਵੀਜ਼ ਹੈ। ਦੂਜੇ ਪਾਸੇ ਸਮਝੌਤੇ 'ਤੇ ਡੀ ਆਰ ਡੀ ਓ ਦੇ ਮੁੱਖ ਖੋਜ ਤੇ ਵਿਕਾਸ ਕੰਟਰੋਲਰ ਪ੍ਰਲਾਦ ਅਤੇ ਦੱਖਣੀ ਕੋਰੀਆ ਦੀ 6 ਡਿਫੈਂਸ ਐਕਵੀਜ਼ੀਸ਼ਨ ਅਤੇ ਪ੍ਰਕਿਓਰਮੈਂਟ ਏਜੰਸੀ (ਡੀ ਏ ਪੀ ਏ) ਦੇ ਕਮਿਸ਼ਨਰ ਕਵੋਨ ਬੋਂਗ ਨੇ ਦਸਤਖ਼ਤ ਕੀਤੇ। ਦੂਸਰੇ ਪਾਸੇ ਚੀਨ ਦੇ ਜੰਮੂ-ਕਸ਼ਮੀਰ ਦੇ ਮਾਮਲੇ 'ਚ ਧੱਕੜ ਵਤੀਰੇ ਅਤੇ ਹਿੰਦ ਮਹਾਂਸਾਗਰ 'ਚ ਬੇਲੋੜੀ ਦਿਲਚਸਪੀ ਨਾਲ ਨਵੀਂ ਦਿੱਲੀ ਖਫ਼ਾ ਹੋ ਗਈ ਹੈ ਤੇ ਇਸ ਨੇ ਪੇਇਚਿੰਗ ਦੀਆਂ ਸਰਗਰਮੀਆਂ ਦੇ ਟਾਕਰੇ ਲਈ ਗੰਭੀਰਤਾ ਨਾਲ ਢੰਗ-ਤਰੀਕੇ ਵਿਚਾਰਨੇ ਸ਼ੁਰੂ ਕਰ ਦਿੱਤੇ ਹਨ।ਭਾਰਤ ਹੁਣ ਤਿੱਬਤ ਦੇ ਮਾਮਲੇ 'ਤੇ ਆਪਣੀ ਸਰਗਰਮ ਪਹੁੰਚ ਤੇ ਪਾਕਿਸਤਾਨ ਨਾਲ ਚੀਨ ਦੇ ਲੁਕਵੇਂ ਪ੍ਰਮਾਣੂ ਪ੍ਰੋਗਰਾਮ ਨੂੰ ਜ਼ਾਹਰ ਕਰਨ 'ਤੇ ਵਿਚਾਰ ਕਰ ਰਿਹਾ ਹੈ। ਬੀਤੇ ਦਿਨੀਂ ਸੁਰੱਖਿਆ ਸਬੰਧੀ ਕੈਬਨਿਟ ਕਮੇਟੀ ਦੀ ਮੀਟਿੰਗ ਬਾਰੇ ਜਾਣੂ ਸੂਤਰਾਂ ਅਨੁਸਾਰ ਭਾਰਤ ਦੀ ਪ੍ਰਭੂਸੱਤਾ ਲਈ ਅਹਿਮ ਮਾਮਲਿਆਂ 'ਚ ਚੀਨ ਦੇ ਧੱਕੜ ਵਤੀਰੇ ਨਾਲ ਨਜਿੱਠਣ ਸਬੰਧੀ ਭਾਰਤ ਸਰਕਾਰ ਬਹੁਦਿਸ਼ਾਵੀ ਰਣਨੀਤੀ 'ਤੇ ਵਿਚਾਰ ਕਰ ਰਹੀ ਹੈ। ਖ਼ਾਸ ਕਰ ਜੰਮੂ-ਕਸ਼ਮੀਰ ਤੇ ਅਰੁਣਾਚਲ ਪ੍ਰਦੇਸ਼ ਦੇ ਮਾਮਲੇ 'ਚ ਸਰਕਾਰ ਕਾਫ਼ੀ ਸੰਵੇਦਨਸ਼ੀਲ ਹੈ। ਭਾਰਤ ਵਲੋਂ ਇਹ ਸਪਸ਼ਟ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਚੀਨ ਦੀ ਹਾਲ ਹੀ 'ਚ ਜੰਮੂ-ਕਸ਼ਮੀਰ ਸਬੰਧੀ ਸਰਗਰਮੀ, ਨਵੀਂ ਦਿੱਲੀ ਵਲੋਂ ਇਸ ਨਾਲ ਜਟਿਲ ਸਰਹੱਦੀ ਵਿਵਾਦ ਦੇ ਬਾਵਜੂਦ ਆਮ ਵਾਂਗ ਸਬੰਧ ਬਣਾਉਣ ਦੇ ਇਮਾਨਦਾਰ ਯਤਨਾਂ ਦੇ ਅਨੁਰੂਪ ਨਹੀਂ ਸੀ। ਸੂਤਰਾਂ ਦਾ ਕਹਿਣਾ ਹੈ ਕਿ ਲੈਫਟੀਨੈਂਟ ਜਨਰਲ ਬੀ.ਐਸ. ਜਸਵਾਲ ਨੂੰ ਚੀਨ ਵਲੋਂ ਇਸ ਆਧਾਰ 'ਤੇ ਵੀਜ਼ਾ ਦੇਣੋਂ ਨਾਂਹ ਕਰਨ ਨਾਲ ਕਿ ਉਹ ਜੰਮੂ-ਕਸ਼ਮੀਰ 'ਚ ਭਾਰਤੀ ਫੌਜ ਦਾ ਕਮਾਂਡਰ ਹੈ, ਹੁਣ ਭਾਰਤ ਉਸ ਨਾਲ ਫੌਜੀ ਸਬੰਧ ਨਾ ਰੱਖਣ ਦੇ ਫੈਸਲੇ 'ਤੇ ਪਹਿਰਾ ਦੇਵੇਗਾ।

ਜੁਆਬੀ ਕਾਰਵਾਈ 'ਚ ਭਾਰਤ ਨੇ ਵੀ ਚੀਨ ਦੇ ਤਿੰਨ ਫੌਜੀ ਅਧਿਕਾਰੀਆਂ ਨੂੰ ਵੀਜ਼ਾ ਨਹੀਂ ਦਿੱਤਾ। ਭਾਰਤ ਨੇ ਚੀਨ ਨਾਲੋਂ ਫੌਜੀ ਸਬੰਧ ਵੀ ਤੋੜ ਲਏ ਹਨ।ਇਸੇ ਦੌਰਾਨ ਫੌਜ ਦਾ ਇਕ ਉਚ ਪੱਧਰੀ ਵਫ਼ਦ ਕੋਰੀਆ ਦਾ ਦੌਰਾ ਵੀ ਕਰ ਕੇ ਆਇਆ ਹੈ, ਜਿਸ ਨਾਲ ਕਿ ਚੀਨ ਦੇ ਨਿੱਘੇ ਸਬੰਧ ਨਹੀਂ ਹਨ। ਦੋਵੇਂ ਮੁਲਕ ਫੌਜੀ ਸਾਜ਼ੋ-ਸਾਮਾਨ ਲਈ ਰਣਨੀਤਕ ਸਬੰਧ ਕਾਇਮ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣਗੇ। ਰੱਖਿਆ ਮੰਤਰੀ ਏ.ਕੇ. ਐਂਟੋਨੀ ਇਸ ਵਫ਼ਦ ਦੀ ਅਗਵਾਈ ਕਰ ਰਹੇ ਹਨ।ਇਸੇ ਦੌਰਾਨ ਦੱਖਣੀ ਬਲਾਕ ਦੇ ਕੁਝ ਅਧਿਕਾਰੀਆਂ ਦਾ ਮੰਨਣਾ ਹੈ ਕਿ ਭਾਰਤ ਨੂੰ ਤਿੱਬਤ ਦੇ ਮਾਮਲੇ 'ਚ ਸਰਗਰਮ ਹੋ ਜਾਣਾ ਚਾਹੀਦਾ ਹੈ।

ਚੀਨ ਵਲੋਂ ਐਨ.ਐਸ.ਜੀ. ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਕੇ ਪਾਕਿ 'ਚ ਬਣਾਏ ਜਾ ਰਹੇ ਦੋ ਪ੍ਰਮਾਣੂ ਪਲਾਂਟਾਂ ਦਾ ਵੀ ਭਾਰਤ ਨੇ ਹੁਣ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। ਚੀਨ ਵਲੋਂ ਹਿੰਦ ਮਹਾਂਸਾਗਰ ਵਿਚ ਅਤੇ ਬਰਮਾ ਸ੍ਰੀਲੰਕਾ 'ਚ ਦਿਖਾਈ ਜਾ ਰਹੀ ਰੁਚੀ ਤੋਂ ਭਾਰਤ ਔਖਾ ਹੈ।

# ਵਿਸਫੋਟਕ ਮਾਮਲੇ 'ਚ ਹੇਡਾ ਜੋੜਾ ਗ੍ਰਿਫਤਾਰ

**ਭੀਲਵਾੜਾ:** ਰਾਜਸਥਾਨ ਐਕਸਪਲੋਸਿਵ ਐਂਡ ਕੈਮੀਕਲ ਲਿਮਟਿਡ ਵਲੋਂ ਮੱਧ ਪ੍ਰਦੇਸ਼ ਤੇ ਸਾਗਰ ਸ਼ਹਿਰ ਵਿਚ ਭੇਜੇ ਗਏ 872 ਟਨ ਵਿਸਫੋਟਕ ਦੇ ਗਾਇਬ ਹੋਣ ਦੇ ਮਾਮਲੇ 'ਚ ਦੋਸ਼ੀ ਹੇਡਾ ਜੋੜੀ ਨੂੰ ਵੀਰਵਾਰ ਗੁਜਰਾਤ ਦੇ ਅਹਿਮਦਾਬਾਦ ਤੋਂ ਗ੍ਰਿਫਤਾਰ ਕਰ ਲਿਆ। ਪੁਲਸ ਮੁਖੀ ਉਮੇਸ਼ ਦੱਤ ਨੇ ਦੱਸਿਆ ਕਿ ਬਾਰੂਦ ਦਾ ਕਾਰੋਬਾਰ ਕਰਨ ਵਾਲੇ ਸ਼ਿਵ ਚਰਨ ਹੇਡਾ ਅਤੇ ਉਸਦੀ ਪਤਨੀ ਦੀਪਾ ਹੇਡਾ ਵਿਰੁਧ 14 ਅਗਸਤ ਨੂੰ ਇਥੇ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦੋਵੇਂ ਫਰਾਰ ਸਨ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਪੁਲਿਸ ਦੀਆਂ ਦੋ ਟੀਮਾਂ ਅਹਿਮਦਾਬਾਦ ਭੇਜੀਆਂ ਗਈਆਂ ਸਨ।

ਹੇਡਾ ਜੋੜੇ ਨੂੰ ਬੀਤੇ ਵੀਰਵਾਰ ਅਹਿਮਦਾਬਾਦ ਦੇ ਇਕ ਹੋਟਲ ਤੋਂ ਗ੍ਰਿਫਤਾਰ ਕੀਤਾ ਗਿਆ। ਉਮੇਸ਼ ਦੱਤਾ ਨੇ ਦੱਸਿਆ ਕਿ ਹੇਡਾ ਜੋੜੇ ਦੀ ਗ੍ਰਿਫਤਾਰੀ ਲਈ ਰਾਜਸਥਾਨ ਦੀ ਪੁਲਸ ਨੇ 25 ਅਤੇ ਮੱਧ ਪ੍ਰਦੇਸ਼ ਦੀ ਪੁਲਸ ਨੇ 10 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਦੋਵੇਂ ਗ੍ਰਿਫਤਾਰੀ ਤੋਂ ਬਚਣ ਲਈ ਥਾਂ ਬਦਲਣ ਦੇ ਨਾਲ-ਨਾਲ ਮੋਬਾਈਲ ਫੋਨ ਦਾ ਸਿਮ ਵੀ ਬਦਲ ਲੈਂਦੇ ਸਨ। ਅਹਿਮਦਾਬਾਦ ਤੋਂ ਗ੍ਰਿਫਤਾਰ ਕਰਕੇ ਪੁਲਸ ਉਨ੍ਹਾਂ ਨੂੰ ਭੀਲਵਾੜਾ ਲੈ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਰਾਜਸਥਾਨ ਦੀ ਉਕਤ ਕੰਪਨੀ ਨੇ 164 ਟਰੱਕਾਂ ਵਿਚ ਵਿਸਫੋਟਕ ਭੇਜੇ ਸਨ। 872 ਟਨ ਵਿਸਫੋਟਕ ਹੇਡਾ ਜੋੜੀ ਦੇ ਭੀਲਵਾੜਾ ਸਥਿਤ ਮੈਗਜੀਨ 'ਚੋਂ ਆਇਆ ਸੀ।

# ਸੋਨੀਆ ਗਾਂਧੀ ਨੇ ਪ੍ਰਧਾਨਗੀ ਦਾ ਰਿਕਾਰਡ ਬਣਾਇਆ



**ਨਵੀਂ ਦਿੱਲੀ :** ਯੂਪੀਏ ਚੇਅਰਪਰਸਨ ਤੇ ਸੀਨੀਅਰ ਕਾਂਗਰਸੀ ਆਗੂ ਸੋਨੀਆ ਗਾਂਧੀ ਨੇ ਦੇਸ਼ ਦੀ ਸਭ ਤੋਂ ਵੱਡੀ ਤੇ ਪੁਰਾਣੀ ਪਾਰਟੀ ਕਾਂਗਰਸ ਦਾ ਚੌਥੀ ਵਾਰ ਕੌਮੀ ਪ੍ਰਧਾਨ ਬਣਕੇ ਇਤਿਹਾਸ ਸਿਰਜ ਦਿੱਤਾ ਹੈ। ਇਸ ਜਿੱਤ ਦੇ ਨਾਲ ਹੀ ਸੋਨੀਆ ਨੇ ਮਰਹੂਮ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਸਮੇਤ ਨਹਿਰੂ ਗਾਂਧੀ ਪਰਿਵਾਰ ਦੇ ਇਸ ਮਾਮਲੇ 'ਚ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸੋਨੀਆ ਗਾਂਧੀ ਦੀ ਪ੍ਰਧਾਨਗੀ ਦਾ ਐਲਾਨ ਬੀਤੀ 3 ਸਤੰਬਰ ਨੂੰ ਇਥੇ ਪਾਰਟੀ ਦੇ ਚੋਣ ਅਧਿਕਾਰੀ ਆਸਕਰ ਫਰਨਾਂਡੇਜ਼ ਨੇ ਕੀਤਾ। ਉਨ੍ਹਾਂ ਚੋਣ 'ਚ ਜਿੱਤ ਸਬੰਧੀ ਸਰਟੀਫਿਕੇਟ ਸੋਨੀਆ ਗਾਂਧੀ ਨੂੰ ਦਿੱਤਾ।

ਇਸੇ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਨ੍ਹਾਂ ਨੂੰ ਗੁਲਦਸਤਾ ਭੇਟ ਕਰਕੇ ਵਧਾਈ ਦਿੱਤੀ। ਭਾਰੀ ਮੀਂਹ ਹੋਣ ਦੇ ਬਾਵਜੂਦ ਇਸ ਮੌਕੇ ਵੱਡੀ ਗਿਣਤੀ 'ਚ ਪਾਰਟੀ ਵਰਕਰ ਇੱਥੇ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਇਸ ਪਾਰਟੀ ਦੇ 125 ਸਾਲਾਂ ਦੇ ਇਤਿਹਾਸ ਵਿਚ ਕਰੀਬ 32 ਸਾਲ ਨਹਿਰੂ-ਗਾਂਧੀ ਪਰਿਵਾਰ ਦੇ ਲੋਕ ਹੀ ਪ੍ਰਧਾਨ ਰਹੇ ਹਨ। ਸੋਨੀਆ ਗਾਂਧੀ ਪਿਛਲੇ 12 ਸਾਲਾਂ ਤੋਂ ਇਸ ਅਹੁਦੇ 'ਤੇ ਕਾਬਜ਼ ਹੈ। ਦੱਸਣਾ ਬਣਦਾ ਹੈ ਕਿ ਰਾਜੀਵ ਗਾਂਧੀ ਦੇ ਕਤਲ ਮਗਰੋਂ ਇਸ ਪਰਿਵਾਰ ਨੇ ਕੁਝ ਸਮੇਂ ਲਈ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਲਿਆ ਸੀ, ਪਰ ਕੁਝ ਸੀਨੀਅਰ ਆਗੂਆਂ ਵਲੋਂ ਉਨ੍ਹਾਂ ਨੂੰ ਕੀਤੀਆਂ ਗਈਆਂ ਅਪੀਲਾਂ 'ਤੇ ਸੋਨੀਆ ਗਾਂਧੀ ਮੁੜ ਸਰਗਰਮ ਸਿਆਸਤ 'ਚ ਦਾਖ਼ਲ ਹੋਈ। ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਕਾਂਗਰਸ ਹੈਡਕੁਆਟਰ 'ਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੋਨੀਆ ਗਾਂਧੀ ਨੇ ਕਿਹਾ ਕਿ ਕਾਂਗਰਸ ਪਾਰਟੀ ਸਮਾਜ ਦੇ ਹਰ ਵਰਗ ਤੇ ਹਰ ਪੀੜ੍ਹੀ ਦੀਆਂ ਇੱਛਾਵਾਂ ਦੀ ਤਰਜਮਾਨੀ ਕਰਦੀ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਭਾਵੇਂ ਸੱਤਾ 'ਚ ਰਹੀਏ ਜਾਂ ਸੱਤਾ ਤੋਂ ਬਾਹਰ, ਸਾਨੂੰ ਆਪਣੀ ਭੂਮਿਕਾ ਦਾ ਅਹਿਸਾਸ ਰਹਿਣਾ ਚਾਹੀਦਾ ਹੈ। ਉਨ੍ਹਾਂ ਕਾਂਗਰਸ ਨੂੰ ਮਹਾਨ ਤੇ ਇਤਿਹਾਸਕ ਜਥੇਬੰਦੀ ਦੱਸਦਿਆਂ ਕਿਹਾ ਕਿ ਹੁਣ ਤੱਕ ਮੈਂ ਜੋ ਵੀ ਕੀਤਾ ਹੈ, ਉਹ ਇਸ ਅਹਿਸਾਸ ਦੀ ਵਜ਼ਾ ਕਾਰਨ ਹੀ ਸੰਭਵ ਹੋਇਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਰਹਿੰਦਿਆਂ ਮੈਂ ਮਹਿਸੂਸ ਕੀਤਾ ਸੀ ਕਿ ਇਸ ਦੇਸ਼ ਪ੍ਰਤੀ ਮੇਰੀ ਵੱਡੀ ਜ਼ਿੰਮੇਵਾਰੀ ਹੈ ਅਤੇ ਮੈਂ ਇਸ ਨੂੰ ਨਿਭਾਉਣ ਲਈ ਹਮੇਸ਼ਾਂ ਤਿਆਰ ਰਹੀ ਹਾਂ।

ਸੋਨੀਆ ਗਾਂਧੀ ਨੂੰ ਕਾਂਗਰਸ ਦੀ ਮੁੜ ਪ੍ਰਧਾਨ ਚੁਣੇ ਜਾਣ ਦਾ ਅਮਲ ਲਗਪਗ ਦਿਸ਼ਾਗਤ ਹੋ ਗਿਆ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਰਾਹੁਲ ਗਾਂਧੀ ਤੋਂ ਇਲਾਵਾ ਪਾਰਟੀ ਦੇ ਕਈ ਅਹਿਮ ਆਗੂਆਂ ਨੇ ਉਨ੍ਹਾਂ ਦਾ ਨਾਮ ਇਸ ਸਿਖਰਲੇ ਅਹੁਦੇ ਲਈ ਪੇਸ਼ ਕੀਤਾ। ਪਾਰਟੀ ਦੀ ਕੇਂਦਰੀ ਚੋਣ ਅਥਾਰਟੀ ਦੇ ਚੇਅਰਮੈਨ ਆਸਕਰ ਫਰਨਾਂਡੇਜ਼ ਕੋਲ ਇਹ ਨਾਮਜ਼ਦਗੀਆਂ ਜਮ੍ਹਾਂ ਕਰਾਈਆਂ ਗਈਆਂ ਸਨ।

## ਇਕ ਵੀ ਮਰਦ ਨਹੀਂ ਕਾਂਗਰਸ ਪਾਰਟੀ ਵਿਚ



**ਮੁੰਬਈ :** ਲੰਘੀ 3 ਸਤੰਬਰ ਨੂੰ ਸੋਨੀਆ ਗਾਂਧੀ ਦੇ ਚੌਥੀ ਵਾਰ ਕਾਂਗਰਸ ਪ੍ਰਧਾਨ ਬਣਨ 'ਤੇ ਸ਼ਿਵ ਸੈਨਾ ਨੇ ਆਪਣੇ ਅਖ਼ਬਾਰ 'ਸਾਮਨਾ' ਵਿਚ ਤਿੱਖਾ ਪ੍ਰਤੀਕਰਮ ਪ੍ਰਗਟਾਉਂਦੇ ਹੋਏ ਲਿਖਿਆ ਹੈ ਕਿ ਲੱਗਦਾ ਹੈ ਕਿ ਕਾਂਗਰਸ ਵਿਚ ਕੋਈ ਮਰਦ ਨਹੀਂ ਹੈ। ਸ਼ਿਵ ਸੈਨਾ ਨੇ ਸੋਨੀਆ ਦੇ ਵਿਦੇਸ਼ੀ ਹੋਣ ਦੇ ਮੁੱਦੇ ਨੂੰ ਫਿਰ ਤੋਂ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਅਖ਼ਬਾਰ ਵਿਚ ਲਿਖਿਆ ਗਿਆ ਹੈ ਕਿ ਇਕ ਸਮਾਂ ਸੀ ਜਦੋਂ ਕਿਹਾ ਜਾਂਦਾ ਸੀ ਕਿ ਇੰਦਰਾ ਗਾਂਧੀ ਦੀ ਆਪਣੀ ਵਜ਼ਾਰਤ ਵਿਚ ਇਕੋ-ਇਕ ਮਰਦ ਹੈ। ਹੁਣ ਸੋਨੀਆ ਗਾਂਧੀ ਸਮੇਂ ਇਹ ਕਹਿਣਾ ਪਵੇਗਾ ਕਿ ਕਾਂਗਰਸ ਵਿਚ ਇਕ ਵੀ ਆਦਮੀ ਨਹੀਂ ਬਚਿਆ। ਜੇ ਹੁੰਦਾ ਤਾਂ ਉਹ ਇਕ ਵਿਦੇਸ਼ੀ ਔਰਤ ਨੂੰ ਆਪਣਾ ਪ੍ਰਧਾਨ ਚੁਣ ਕੇ ਆਪਣੇ ਸਨਮਾਨ ਦਾ ਇਸ ਤਰ੍ਹਾਂ ਆਤਮਸਮਰਪਣ ਨਾ ਕਰਦਾ। 'ਸਾਮਨਾ' ਨੇ ਗਾਂਧੀ ਪਰਿਵਾਰ 'ਤੇ ਨਿਸ਼ਾਨਾ ਲਗਾਉਂਦੇ ਹੋਏ ਲਿਖਿਆ ਹੈ ਕਿ ਸੋਨੀਆ ਗਾਂਧੀ ਦਾ ਇੱਕੋ-ਇਕ ਉਦੇਸ਼ ਹੁਣ ਆਪਣੇ ਪੁੱਤਰ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਹੈ। ਸੋਨੀਆ ਦਾ ਇਸ ਉਦੇਸ਼ ਨੂੰ ਸਮਝਦੇ ਹੋਏ ਵੀ ਸਾਰੇ ਕਾਂਗਰਸੀ ਚੁੱਪ ਹਨ ਅਤੇ ਕਿਸੇ ਦੀ ਹਿੰਮਤ ਨਹੀਂ ਕਿ ਉਹ ਕੁਝ ਬੋਲ ਸਕੇ। ਲੱਗਦਾ ਹੈ ਕਿ ਪੂਰੀ ਕਾਂਗਰਸ ਪਾਰਟੀ ਨੇ ਸੋਨੀਆ ਸਾਹਮਣੇ ਗੋਡੇ ਟੇਕ ਦਿੱਤੇ ਹਨ ਅਤੇ ਕਿਸੇ ਵਿਚ ਵੀ ਉਨ੍ਹਾਂ ਸਾਹਮਣੇ ਬੋਲਣ ਦੀ ਹਿੰਮਤ ਨਹੀਂ ਹੈ।

# ਮੋਦੀ ਦੀਆਂ ਮੁਸ਼ਕਲਾਂ ਵਧਣ ਦੇ ਆਸਾਰ ਬਣੇ



**ਅਹਿਮਦਾਬਾਦ :** 2002 ਦੇ ਗੁਜਰਾਤ ਦੰਗਿਆਂ ਦੇ ਮਾਮਲੇ ਵਿਚ ਐਸ.ਆਈ.ਟੀ. ਦਾ ਸ਼ਿਕੰਜ਼ਾ ਕੱਸ ਹੁੰਦਾ ਦੇਖ ਕੇ ਸਾਬਕਾ ਸੂਬਾਈ ਗ੍ਰਹਿ ਮੰਤਰੀ ਵਰਧਨ ਜ਼ੈਡਫੀਆ ਨੇ ਸਾਰੇ ਰਾਜ਼ ਖੋਲ੍ਹ ਦੇਣ ਦੀ ਇੱਛਾ ਜ਼ਾਹਰ ਕੀਤੀ ਹੈ। ਜੇ ਅਜਿਹਾ ਹੋ ਜਾਂਦਾ ਹੈ ਤਾਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ। ਕਾਬਿਲੇਗੌਰ ਹੈ ਕਿ ਸੁਪਰੀਮ ਕੋਰਟ ਵਲੋਂ ਐਸ.ਆਈ.ਟੀ. ਨੂੰ ਸਾਬਕਾ ਮੰਤਰੀ ਜ਼ੈਡਫੀਆ ਅਤੇ ਸੀਨੀਅਰ ਪੁਲਸ ਅਧਿਕਾਰੀ ਐਮ. ਕੇ.ਟੰਡਨ ਤੇ ਪੀ.ਬੀ. ਗੋਵਿੰਦਚਾਰੀਆ ਦੇ ਕਿਰਦਾਰ ਦੀ ਜਾਂਚ ਲਈ ਹੋਰ ਸਮਾਂ ਦਿੱਤੇ ਜਾਣ ਤੋਂ ਬਾਅਦ ਜ਼ੈਡਫੀਆ ਨੇ 10 ਸਫਿਆਂ ਦੀ ਇਕ ਚਿੱਠੀ ਭੇਜਕੇ ਜਾਂਚ ਏਜੰਸੀ ਨੂੰ ਕਿਹਾ ਹੈ ਕਿ ਉਹ ਗਵਾਹ ਬਣਨਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਇਕ ਵਾਰ ਫਿਰ ਪੁੱਛਗਿੱਛ ਲਈ ਬੁਲਾਇਆ ਜਾਵੇ। ਹੁਣ ਤੱਕ ਦੰਗਿਆਂ ਦੇ ਸਿਲਸਿਲੇ ਵਿਚ ਐਸ.ਆਈ.ਟੀ. ਇਨ੍ਹਾਂ ਤੋਂ ਤਿੰਨ ਵਾਰ ਪੁੱਛਗਿੱਛ ਕਰ ਚੁੱਕੀ ਹੈ।

ਐਸ.ਆਈ.ਟੀ. ਦੇ ਸੂਤਰਾਂ ਮੁਤਾਬਕ ਜ਼ੈਡਫੀਆ ਦੀ ਚਿੱਠੀ ਤੋਂ ਸਾਫ ਪਤਾ ਲੱਗਦਾ ਹੈ ਕਿ ਮੁੱਖ ਮੰਤਰੀ 'ਤੇ ਜੁਰਮ ਦੀ ਜ਼ਿੰਮੇਵਾਰੀ ਪਾਉਣਾ ਚਾਹੁੰਦੇ ਹਨ। ਸਮਝਿਆ ਜਾਂਦਾ ਹੈ ਕਿ ਜੇ ਉਨ੍ਹਾਂ ਨੂੰ ਪੁੱਛਗਿੱਛ ਲਈ ਬੁਲਾਇਆ ਜਾਂਦਾ ਹੈ ਤਾਂ ਉਹ ਇਸ ਕੇਸ ਤੇ ਰੋਸ਼ਨੀ ਪਾ ਸਕਦੇ ਹਨ।

# ਭਗਵੇਂ 'ਤੇ ਮੇਰਾ ਪੇਟੈਂਟ ਨਹੀਂ- ਪੀ. ਚਿਦੰਬਰਮ



**ਨਵੀਂ ਦਿੱਲੀ :** ਭਗਵੇਂ ਦਹਿਸ਼ਤਵਾਦ ਸ਼ਬਦ ਦੀ ਵਰਤੋਂ ਕਰਨ ਕਰਕੇ ਭਾਜਪਾ ਦੀ ਆਲੋਚਨਾ ਦਾ ਸਾਹਮਣਾ ਕਰਨ ਵਾਲੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਲੰਘੀ। ਸਤੰਬਰ ਨੂੰ ਕਿਹਾ ਕਿ ਉਹ ਇਸ ਸ਼ਬਦ ਦੇ ਪੇਟੈਂਟ ਦਾ ਦਾਅਵਾ ਨਹੀਂ ਕਰ ਸਕਦੇ, ਕਿਉਂਕਿ ਯੂਪੀਏ 'ਚ ਉਨ੍ਹਾਂ ਦੇ ਕਈ ਹਮਾਇਤੀਆਂ ਨੇ ਪਹਿਲਾਂ ਵੀ ਇਸ ਸ਼ਬਦ ਦਾ ਇਸਤੇਮਾਲ ਕੀਤਾ ਹੈ। ਆਪਣੇ ਮੰਤਰਾਲੇ ਦੀ ਅਗਸਤ ਮਹੀਨੇ ਦੀ ਪ੍ਰਗਤੀ ਰਿਪੋਰਟ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਵਲੋਂ ਉਨ੍ਹਾਂ ਦੇ ਬਿਆਨ ਤੋਂ ਕਿਨਾਰਾ ਕਰਨ ਨੂੰ ਉਹ ਗਲਤ ਨਹੀਂ ਮੰਨਦੇ ਤੇ ਪਾਰਟੀ ਦੀ ਇਹ ਗੱਲ ਸਹੀ ਸੀ। ਉਨ੍ਹਾਂ ਕਿਹਾ ਕਿ ਪਾਰਟੀ ਸਰਵਉਚ ਹੁੰਦੀ ਹੈ। ਪਰ ਉਨ੍ਹਾਂ ਨਾਲ ਹੀ ਕਿਹਾ ਕਿ ਮੇਰਾ ਜੋ ਉਦੇਸ਼ ਸੀ, ਉਹ ਬਿਲਕੁੱਲ ਸਪੱਸ਼ਟ ਸੀ, ਕਿਉਂਕਿ ਇਸ ਸਮੇਂ ਦੇਸ਼ 'ਚ ਸੱਜੇ ਪੱਖੀ ਦਹਿਸ਼ਤਵਾਦ ਵਧਦਾ ਜਾ ਰਿਹਾ ਹੈ। ਸੱਜੇਪੱਖੀ ਦਹਿਸ਼ਤਵਾਦ ਬਾਰੇ ਉਨ੍ਹਾਂ ਦਾ ਮਤਲਬ ਧਾਰਮਿਕ ਕੱਟੜਪੰਥੀਆਂ ਦੇ ਸਮੂਹ ਤੋਂ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਕੋਈ ਵੀ ਸੰਦੇਸ਼ ਮੁਹਾਵਰਿਆਂ 'ਚ ਖੋਹਣਾ ਨਹੀਂ ਚਾਹੀਦਾ।

# ਦੱਖਣ ਏਸ਼ੀਆਈ ਯੂਨੀਵਰਸਿਟੀ ਵਲੋਂ ਕੰਮ ਸ਼ੁਰੂ

**ਨਵੀਂ ਦਿੱਲੀ :** ਪਾਕਿਸਤਾਨੀ ਵਿਦਿਆਰਥੀਆਂ ਦੇ ਵੀਜ਼ੇ ਦਾ ਮਸਲਾ ਹੱਲ ਹੋਣ ਨਾਲ ਦੱਖਣ ਏਸ਼ਿਆਈ ਯੂਨੀਵਰਸਿਟੀ (ਐਸ.ਏ.ਯੂ.) ਨੇ ਰਸਮੀ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦਾ ਪਹਿਲਾ ਅਕਾਦਮਿਕ ਸ਼ੈਸ਼ਨ 26 ਅਗਸਤ ਤੋਂ ਸ਼ੁਰੂ ਹੋਇਆ ਮੰਨਿਆ ਜਾਵੇਗਾ। ਮੁੱਢ ਵਿਚ ਦੋ ਕੋਰਸ- ਐਮ.ਏ. (ਡਿਵੈਲਪਮੈਂਟ ਇਕਨੋਮਿਕਸ) ਤੇ ਐਮ.ਸੀ.ਏ. ਸ਼ੁਰੂ ਕੀਤੇ ਗਏ ਹਨ।

# ਹੁਣ ਵਿਆਹੀਆਂ ਔਰਤਾਂ ਵੀ ਬੱਚਾ ਗੋਦ ਲੈ ਸਕਣਗੀਆਂ

**120 ਸਾਲ ਪੁਰਾਣੇ ਕਾਨੂੰਨ ਨੂੰ ਸੋਧ ਕੇ ਰਾਸ਼ਟਰਪਤੀ ਦੀ ਮੋਹਰ**

**ਨਵੀਂ ਦਿੱਲੀ :** ਔਰਤ ਕਾਨੂੰਨੀ ਰੂਪ ਵਿਚ ਬੱਚੇ ਦੀ ਪਾਲਣਹਾਰ ਬਣਨ ਦੀ ਅਧਿਕਾਰੀ ਹੋ ਗਈ ਹੈ। ਔਰਤਾਂ ਹੁਣ ਬੱਚੇ ਨੂੰ ਗੋਦ ਵੀ ਲੈ ਸਕਦੀਆਂ ਹਨ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਇਸ ਆਸ਼ੇ ਨਾਲ ਸੋਧੇ ਹੋਏ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅੱਜ ਤੱਕ ਸਿਰਫ ਪੁਰਸ਼ਾਂ ਨੂੰ ਹੀ ਬੱਚਾ ਗੋਦ ਲੈਣ ਦਾ ਹੱਕ ਸੀ।

ਸੰਸਦ ਨੇ ਹਾਲ ਹੀ ਵਿਚ ਨਿੱਜੀ ਕਾਨੂੰਨ ਸੋਧ ਬਿੱਲ 2010 ਪਾਸ ਕੀਤਾ ਸੀ। ਇਸ ਦੇ ਤਹਿਤ ਗਾਰਡੀਅਨਜ਼ ਐਂਡ ਵਾਰਡਜ਼ ਐਕਟ 1890 ਅਤੇ ਹਿੰਦੂ ਗੋਦ ਪ੍ਰਥਾ ਅਤੇ ਮੇਨਟੀਨੈਂਸ ਕਾਨੂੰਨ 1956 ਵਿਚ ਸੋਧ ਕੀਤੀ ਗਈ ਹੈ। ਵੀਰਵਾਰ ਨੂੰ ਜਾਰੀ ਅਧਿਕਾਰਿਤ ਬਿਆਨ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਨੇ 31 ਅਗਸਤ ਨੂੰ ਨਿੱਜੀ ਸੋਧ ਕਾਨੂੰਨ ਸੋਧ ਬਿੱਲ 2010 ਨੂੰ ਮਨਜ਼ੂਰੀ ਦਿੱਤੀ ਹੈ। ਇਹ ਗੱਜ਼ਟ ਵਿਚ 1 ਸਤੰਬਰ ਨੂੰ ਪ੍ਰਕਾਸ਼ਿਤ ਹੋ ਚੁੱਕਾ ਹੈ।

ਗਾਰਡੀਅਨਜ਼ ਐਂਡ ਵਾਰਡਜ਼ ਐਕਟ ਈਸਾਈਆਂ, ਮੁਸਲਮਾਨਾਂ, ਪਾਰਸੀਆਂ ਅਤੇ ਹਿੰਦੂਆਂ 'ਤੇ ਲਾਗੂ ਹੁੰਦਾ ਹੈ। ਇਹ ਕਾਨੂੰਨ 120 ਵਰ੍ਹੇ ਪੁਰਾਣਾ ਹੈ। ਇਸ ਕਾਨੂੰਨ ਵਿਚ ਕੀਤੀ ਗਈ ਸੋਧ ਅਨੁਸਾਰ ਪਿਤਾ ਦੇ ਨਾਲ ਨਾਲ ਮਾਂ ਵੀ ਪਾਲਣਹਾਰ ਨਿਯੁਕਤ ਕੀਤੀ ਜਾ ਸਕਦੀ ਹੈ। ਪਿਤਾ ਦੀ ਮੌਤ ਤੋਂ ਬਾਅਦ ਅਦਾਲਤਾਂ ਨੂੰ ਕਿਸੇ ਹੋਰ ਵਿਅਕਤੀ ਨੂੰ ਪਾਲਣਹਾਰ ਨਿਯੁਕਤ ਕਰਨ ਦੀ ਲੋੜ ਨਹੀਂ ਪਵੇਗੀ। ਇਸ ਤਰ੍ਹਾਂ ਇਸ ਮਾਮਲੇ ਵਿਚ ਲਿੰਗ ਭੇਦ ਖਤਮ ਹੋ ਜਾਵੇਗਾ। ਦੂਜੀ ਸੋਧ ਹਿੰਦੂ ਗੋਤ ਪ੍ਰਥਾ ਅਤੇ ਮੇਨਟੀਨੈਂਸ ਕਾਨੂੰਨ 1956 ਵਿਚ ਕੀਤੀ ਗਈ ਹੈ। ਇਹ ਕਾਨੂੰਨ ਹਿੰਦੂ, ਜੈਨ, ਬੁੱਧ ਅਤੇ ਸਿੱਖਾਂ ਉਪਰ ਲਾਗੂ ਹੁੰਦਾ ਹੈ। ਇਸ ਦਾ ਮਕਸਦ ਵਿਆਹੀਆਂ ਔਰਤਾਂ ਦੇ ਲਈ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਵਿਚ ਰੁਕਾਵਟਾਂ ਨੂੰ ਪਾਸੇ ਕਰਦਾ ਹੈ। ਹੁਣ ਤੱਕ ਅਣਵਿਆਹੀਆਂ, ਤਲਾਕਸ਼ੁਦਾ ਅਤੇ ਵਿਧਵਾ ਔਰਤਾਂ ਹੀ ਬੱਚੇ ਨੂੰ ਗੋਦ ਲੈ ਸਕਦੀਆਂ ਸਨ। ਪਰ ਜੋ ਔਰਤਾਂ ਆਪਣੇ ਪਤੀ ਤੋਂ ਅਲੱਗ ਰਹਿੰਦੇ ਹੋਏ ਤਲਾਕ ਲਈ ਕਾਨੂੰਨੀ ਲੜਾਈ ਵਿਚ ਉਲਝਦੀਆਂ ਸਨ ਉਹ ਬੱਚੇ ਨੂੰ ਗੋਦ ਨਹੀਂ ਲੈ ਸਕਦੀਆਂ।

ਨਵੀਂ ਸੋਧ ਦੇ ਬਾਅਦ ਪਤੀ ਤੋਂ ਅਲੱਗ ਰਹਿ ਰਹੀ ਵਿਆਹੀ ਔਰਤ ਨੂੰ ਵੀ ਆਪਣੇ ਪਤੀ ਦੀ ਰਜ਼ਾਮੰਦੀ ਨਾਲ ਬੱਚੇ ਨੂੰ ਗੋਦ ਲੈਣ ਦਾ ਹੱਕ ਹੈ। ਇਹ ਇਜਾਜ਼ਤ ਤਲਾਕ ਦੀ ਪ੍ਰਕਿਰਿਆ ਵਿਚ ਵੀ ਮੰਗੀ ਜਾ ਸਕਦੀ ਹੈ। ਜੇ ਪਤੀ ਆਪਣਾ ਧਰਮ ਬਦਲ ਲੈਂਦਾ ਹੈ ਤਾਂ ਉਸ ਦੀ ਇਜਾਜ਼ਤ ਜ਼ਰੂਰੀ ਨਹੀਂ।

## ਭਾਜਪਾ ਤੇ ਮੋਦੀ ਸਬੰਧੀ ਨਿਤੀਸ਼ ਦੋਗਲੇ-ਰਾਹੁਲ



**ਸਰਸਾ :** ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਪਾਰਟੀ ਵਿਚ ਨਵੀਂ ਰੂਹ ਫੂਕਣ ਦੇ ਮਕਸਦ ਨਾਲ ਬਿਹਾਰ ਦੌਰੇ 'ਤੇ ਪੁੱਜੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਬੀਤੀ 4 ਸਤੰਬਰ ਨੂੰ ਦੋਸ਼ ਲਾਇਆ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਲੋਂ ਭਾਜਪਾ ਅਤੇ ਨਰੇਂਦਰ ਮੋਦੀ ਨਾਲ ਆਪਣੇ ਸਬੰਧਾਂ ਬਾਰੇ ਦੋਗਲੀ ਨੀਤੀ ਅਪਨਾਈ ਜਾ ਰਹੀ ਹੈ।

ਇਥੇ ਇਕ ਰੈਲੀ ਦੌਰਾਨ ਕਾਂਗਰਸ ਦੀ ਚੋਣ ਮੁਹਿੰਮ ਦਾ ਆਗਾਜ਼ ਕਰਦਿਆਂ ਸ੍ਰੀ ਗਾਂਧੀ ਨੇ ਬਿਹਾਰ ਦਾ ਵਿਕਾਸ ਕਰਨ ਦੇ ਸ੍ਰੀ ਨਿਤੀਸ਼ ਕੁਮਾਰ ਦੇ ਦਾਅਵੇ ਨੂੰ ਵੀ ਖੋਖਲਾ ਦੱਸਿਆ। ਬਾਅਦ ਵਿਚ ਉਨ੍ਹਾਂ ਸਮਸਤੀਪੁਰ ਵਿਖੇ ਵੀ ਇਕ ਰੈਲੀ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ, "ਮੋਦੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਿਹਾਰ ਵਿਚ ਪ੍ਰਚਾਰ ਨਹੀਂ ਕੀਤਾ, ਪਰ ਜਿਉਂ ਹੀ ਇਥੇ ਚੋਣਾਂ ਮੁੱਕੀਆਂ ਤਾਂ ਉਹ (ਸ੍ਰੀ ਨਿਤੀਸ਼ ਕੁਮਾਰ) ਪੰਜਾਬ ਵਿਚ ਐਨ.ਡੀ.ਏ. ਦੀ ਇਕ ਰੈਲੀ ਦੌਰਾਨ ਮੋਦੀ ਦੇ ਹੱਥਾਂ ਵਿਚ ਹੱਥ ਪਾਈ ਖੜ੍ਹੇ ਸਨ।"

## ਮਾਇਆਵਤੀ ਸੁਪਰੀਮ ਕੋਰਟ ਵਿਚ ਜਿੱਤੀ



**ਨਵੀਂ ਦਿੱਲੀ :** ਯੂਪੀ ਦੀ ਮੁੱਖ ਮੰਤਰੀ ਤੇ ਬਸਪਾ ਸੁਪਰੀਮੋ ਮਾਇਆਵਤੀ ਨੂੰ ਬੀਤੀ 1 ਸਤੰਬਰ ਨੂੰ ਉਸ ਸਮੇਂ ਵੱਡੀ ਜਿੱਤ ਹਾਸਲ ਹੋਈ, ਜਦੋਂ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਸਰਕਾਰ ਵਲੋਂ ਅਮੇਠੀ ਵਿਚੋਂ ਕੁਝ ਖੇਤਰ ਕੱਢ ਕੇ ਇਕ ਨਵਾਂ ਜ਼ਿਲ੍ਹਾ ਛਤਰਪਤੀ ਸ਼ਾਹੂਜੀ ਨਗਰ ਬਣਾਉਣ ਦੇ ਫੈਸਲੇ ਨੂੰ ਸਹੀ ਠਹਿਰਾਇਆ। ਸੁਪਰੀਮ ਕੋਰਟ ਨੇ ਇਸ ਸਬੰਧ 'ਚ ਇਲਾਹਾਬਾਦ ਹਾਈ ਕੋਰਟ ਦੇ ਪਹਿਲੇ ਫੈਸਲੇ ਨੂੰ ਵੀ ਰੱਦ ਕਰ ਦਿੱਤਾ।

ਦੱਸਣਾ ਬਣਦਾ ਹੈ ਕਿ ਬਸਪਾ ਸੁਪਰੀਮੋ ਨੇ ਕੈਬਨਿਟ ਦੀ ਮੀਟਿੰਗ 'ਚ ਅਮੇਠੀ ਵਿਚੋਂ ਕੁਝ ਖੇਤਰ ਕੱਢ ਕੇ ਇਕ ਨਵਾਂ ਜ਼ਿਲ੍ਹਾ ਬਣਾਉਣ ਦਾ ਫੈਸਲਾ ਲਿਆ ਸੀ। ਮਾਇਆਵਤੀ ਸਰਕਾਰ ਦੀ ਕੈਬਨਿਟ ਦੇ ਇਸ ਫੈਸਲੇ ਨੂੰ ਇਲਾਹਾਬਾਦ ਹਾਈ ਕੋਰਟ ਨੇ ਰੱਦ ਕਰ ਦਿੱਤਾ ਸੀ, ਜਿਸ ਮਗਰੋਂ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਵਲ ਰੁਖ ਕੀਤਾ ਸੀ। ਸੂਬਾ ਸਰਕਾਰ ਦੀ ਅਪੀਲ 'ਤੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਨਾ ਸਿਰਫ਼ ਇਲਾਹਾਬਾਦ ਹਾਈ ਕੋਰਟ ਦਾ ਫੈਸਲਾ ਰੱਦ ਕੀਤਾ, ਸਗੋਂ ਨਾਲ ਹੀ ਕਿਹਾ ਕਿ ਅਦਾਲਤ ਆਪਾ-ਵਿਰੋਧੀ ਫੈਸਲੇ ਨਾ ਦੇਵੇ।

ਸੁਪਰੀਮ ਕੋਰਟ ਨੇ ਤਰਕ ਦਿੱਤਾ ਕਿ ਲੰਘੀ 11 ਅਗਸਤ ਨੂੰ ਇਸੇ ਅਦਾਲਤ ਨੇ ਜ਼ਿਲ੍ਹਾ ਬਣਾਉਣ ਦੇ ਹੱਕ 'ਚ ਫੈਸਲਾ ਦਿੱਤਾ ਸੀ, ਪਰ ਦੂਜੇ ਮਾਮਲੇ 'ਚ ਅਦਾਲਤ ਨੇ ਇਸ ਤੋਂ ਉਲਟ ਫੈਸਲਾ ਲੈ ਲਿਆ। ਸੁਪਰੀਮ ਕੋਰਟ ਨੇ ਕਿਹਾ ਕਿ ਇਲਾਹਾਬਾਦ ਹਾਈ ਕੋਰਟ ਦੇ ਇਹ ਆਪਾ ਵਿਰੋਧੀ ਫੈਸਲੇ ਅਦਾਲਤੀ ਫੈਸਲਿਆਂ ਨੂੰ ਸ਼ੱਕ ਦੇ ਘੇਰੇ 'ਚ ਲਿਆਉਂਦੇ ਹਨ, ਇਸ ਲਈ ਉਨ੍ਹਾਂ ਨੂੰ ਅਜਿਹੇ ਫੈਸਲੇ ਨਹੀਂ ਦੇਣੇ ਚਾਹੀਦੇ।

# ਸਤਿਗੁਰ ਆਇਓ ਸਰਣਿ ਤੁਹਾਰੀ

ੴ ਸਤਿਗੁਰ ਪ੍ਰਸਾਦਿ॥
ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੂਖ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥
ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥
ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥
ਸਦ ਬਖਸਿੰਦ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਦਰਸਾ ਰਹੇ ਹਨ ਕਿ ਅਕਾਲ ਪੁਰਖ ਦੀ ਪ੍ਰਾਪਤੀ ਦਾ ਮਾਰਗ ਕਿਵੇਂ ਲੱਭਦਾ ਹੈ। ਆਪ ਜੀ ਫਰਮਾਉਂਦੇ ਹਨ, ਹੇ ਭਾਈ! ਪੂਰੇ ਸਤਿਗੁਰ ਦੀ ਸ਼ਰਣ ਪਿਆਂ ਹੀ ਪ੍ਰਭੂ ਦੇ ਘਰ ਦਾ ਰਸਤਾ ਦਿਸ ਆਉਂਦਾ ਹੈ, ਤਾਂ ਤੇ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲੱਗੀਏ ਅਤੇ ਅਰਦਾਸ ਕਰੀਏ,

**ਗੁਰਬਾਣੀ ਗਿਆਨ**

ਸਤਿਗੁਰ ਆਇਓ ਸਰਣਿ ਤੁਹਾਰੀ॥
ਮਿਲੈ ਸੂਖ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥

ਹੇ ਜਗਤ ਨੂੰ ਤਾਰਨ ਵਾਲੇ ਮੇਰੇ ਸਤਿਗੁਰ ਮੈਂ ਆਪ ਦੀ ਸ਼ਰਣ ਆਇਆ ਹਾਂ, ਮੇਰੇ 'ਤੇ ਕਿਰਪਾ ਕਰੋ ਅਤੇ ਮੇਰੀ ਚਿੰਤਾ ਦੂਰ ਕਰੋ। ਆਪ ਜੀ ਮਿਹਰਾਂ ਦੇ ਦਾਤੇ ਹੋ, ਮੈਨੂੰ ਵੀ ਨਾਮ ਦੀ ਦਾਤ ਬਖ਼ਸ਼ਿਸ਼ ਕਰੋ। ਨਾਮ ਦੀ ਦਾਤ ਮੇਰੇ ਲਈ ਸੁੱਖਦਾਤੀ ਵੀ ਹੈ ਅਤੇ ਮੇਰੇ ਲਈ ਸ਼ੋਭਾ ਦੇਣ ਵਾਲੀ ਵੀ। ਇਸੇ ਤਰ੍ਹਾਂ ਮੇਰੀ ਚਿੰਤਾ ਦੂਰ ਹੋ ਸਕਦੀ ਹੈ।

ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥
ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥

ਹੇ ਮੇਰੇ ਪ੍ਰਭੂ ਜੀਓ! ਮੈਂ ਸਾਰੇ ਦੁਨਿਆਵੀ ਆਸਰੇ ਛੱਡ ਕੇ ਆਪ ਜੀ ਦੇ ਦਰ 'ਤੇ ਆ ਡਿੱਗਾ ਹਾਂ ਅਤੇ ਹੁਣ ਮੈਨੂੰ ਹੋਰ ਕੋਈ ਵੀ ਆਸਰਾ ਸੁਝਦਾ ਨਹੀਂ ਹੈ। ਸੋ, ਪ੍ਰਭੂ ਜੀਓ, ਹੁਣ ਮੇਰੇ ਚੰਗੇ-ਮਾੜੇ ਕਰਮਾਂ ਦੇ ਲੇਖੇ ਵੀ ਨਾ ਕਰਨਾ। ਹੇ ਮੇਰੇ ਮਾਲਕ, ਬਿਨਾਂ ਲੇਖੇ ਤੋਂ ਹੀ ਆਪਣੀ ਬਖਸ਼ਿਸ਼ ਰਾਹੀਂ ਮੈਨੂੰ ਉਧਾਰ ਲਓ ਜੀ।

ਸਦ ਬਖਸਿੰਦ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥

ਹੇ ਪ੍ਰਭੂ ਤੂੰ ਤਾਂ ਸਦਾ ਹੀ ਬਖਸ਼ਿਸ਼ਾਂ ਦਾ ਮਾਲਕ ਹੈ, ਮਿਹਰਾਂ ਦਾ ਦਾਤਾ ਹੈ। ਸਾਰਾ ਸੰਸਾਰ ਤੇਰੀਆਂ ਹੀ ਨਿਆਮਤਾਂ ਦੇ ਆਸਰੇ ਚੱਲ ਰਿਹਾ ਹੈ। ਗੁਰੂ ਜੀ ਕਹਿੰਦੇ ਹਨ, ਪ੍ਰਭੂ ਸਭ ਜੀਵਾਂ ਨੂੰ ਆਪਣਾ ਸਹਾਰਾ ਦਿੰਦਾ ਹੈ। ਪ੍ਰਭੂ ਸਭ ਦੇ ਗੁਨਾਹ ਬਖਸ਼ਸ਼ਦਾ ਹੈ, ਸਭ 'ਤੇ ਮਿਹਰਬਾਨ ਹੁੰਦਾ ਹੈ। ਇਹ ਦਾਸ ਨਾਨਕ ਵੀ ਅਰਦਾਸ ਕਰਦਾ ਹੈ ਕਿ ਮੈਂ ਪੂਰੇ ਗੁਰੂ ਦੀ ਸ਼ਰਣ ਆ ਡਿੱਗਾ ਹਾਂ ਮੇਰੀ ਲਾਜ ਰੱਖ ਲਓ ਅਤੇ ਇਸ ਜੀਵਨ ਵਿਚ ਮੈਨੂੰ ਵਿਕਾਰਾਂ ਤੋਂ ਬਚਾਓ। ਆਪਣੇ ਗਲ ਲਾ ਕੇ ਭਵ ਸਾਗਰ ਤੋਂ ਪਾਰ ਕਰੋ।

ਗੁਰੂ ਜੀ ਦੇ ਇਸ ਸ਼ਬਦ ਤੋਂ ਸਿੱਖਿਆ ਲੈ ਕੇ ਆਓ ਗੁਰ ਸਿੱਖੋ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗੋ ਅਤੇ ਦੇਹਧਾਰੀ ਪਖੰਡੀਆਂ ਤੋਂ ਬਚੋ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*

## ਪਾਕਿ ਫੌਜੀ ਵਫਦ ਨੂੰ ਅਮਰੀਕੀ ਹਵਾਈ ਅੱਡੇ 'ਤੇ ਜਹਾਜ਼ ਤੋਂ ਉਤਾਰ ਕੇ ਹਿਰਾਸਤ 'ਚ ਲਿਆ

**ਵਾਸ਼ਿੰਗਟਨ :** ਅਮਰੀਕਾ ਦੇ ਦੌਰੇ 'ਤੇ ਆਏ ਪਾਕਿਸਤਾਨ ਦੇ ਸੀਨੀਅਰ ਫੌਜੀ ਅਧਿਕਾਰੀਆਂ ਦੇ ਇਕ ਦਲ ਨੂੰ ਹਵਾਈ ਜਹਾਜ਼ ਤੋਂ ਉਤਾਰ ਦਿੱਤਾ ਗਿਆ ਅਤੇ ਸੁਰੱਖਿਆ ਬਲਾਂ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਅਤੇ ਮਾੜਾ ਸਲੂਕ ਕੀਤਾ। ਇਨ੍ਹਾਂ ਅਧਿਕਾਰੀਆਂ ਵਿਚੋਂ ਇਕ ਨੇ ਫਲਾਈਟ ਅਟੈਂਡੈਂਟ 'ਤੇ ਟਿੱਪਣੀ ਕੀਤੀ ਸੀ। ਯੂਨਾਈਟਿਡ ਏਅਰਲਾਈਨਜ਼ ਦੇ ਬੁਲਾਰੇ ਨੇ ਦੱਸਿਆ ਕਿ 9 ਮੈਂਬਰੀ ਪਾਕਿਸਤਾਨੀ ਟੋਲੀ ਤਾਂਪਾ ਜਾਣ ਲਈ ਬੀਤੇ ਦਿਨੀਂ ਵਾਸ਼ਿੰਗਟਨ ਦੇ ਡਲੇਸ ਇੰਟਰਨੈਸ਼ਨਲ ਹਵਾਈ ਅੱਡੇ ਤੋਂ ਯੂਨਾਈਟਿਡ ਏਅਰਲਾਈਨ ਦੀ ਉਡਾਨ ਨੰਬਰ 727 'ਤੇ ਸਵਾਰ ਹੋਈ ਪਰ ਉਨ੍ਹਾਂ ਨੂੰ ਜਹਾਜ਼ ਤੋਂ ਉਤਾਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਫਲਾਈਟ ਅਟੈਂਡੈਂਟ ਬਾਰੇ ਕੋਈ ਟਿੱਪਣੀ ਕਰਨ 'ਤੇ ਉਨ੍ਹਾਂ ਨੂੰ ਜਹਾਜ਼ ਤੋਂ ਉਤਾਰਆ ਗਿਆ। ਇਹ ਵਫਦ ਤਾਂਪਾ ਵਿਚ ਪਾਕਿ-ਅਮਰੀਕਾ ਫੌਜੀ ਸਲਾਹਕਾਰ ਕਮੇਟੀ ਦੀ ਸਾਲਾਨਾ ਮੀਟਿੰਗ ਵਿਚ ਹਿੱਸਾ ਲੈਣ ਜਾ ਰਿਹਾ ਸੀ। ਬੁਲਾਰੇ ਨੇ ਘਟਨਾ ਦਾ ਵੇਰਵਾ ਨਹੀਂ ਦਿੱਤਾ ਪਰ ਪਾਕਿਸਤਾਨੀ ਅਧਿਕਾਰੀਆਂ ਅਨੁਸਾਰ ਵਫਦ ਦੇ ਇਕ ਜਨਰਲ ਨੇ ਇਹ ਟਿੱਪਣੀ ਕੀਤੀ ਸੀ। ਇਸ ਜਨਰਲ ਨੇ ਪੂਰੇ ਦਿਨ ਦੀ ਯਾਤਰਾ ਦੀ ਥਕਾਵਟ ਤੋਂ ਬਾਅਦ ਇਕ ਸਰਸਰੀ ਟਿੱਪਣੀ ਕੀਤੀ, ''ਮੈਂ ਉਮੀਦ ਕਰਦਾ ਹਾਂ ਕਿ ਇਹ ਮੇਰੀ ਆਖਰੀ ਉਡਾਨ ਹੋਵੇਗੀ।'' 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਅਨੁਸਾਰ ਜਨਰਲ ਦੇ ਇਸ ਬਿਆਨ ਨੇ ਡਲੇਸ ਦੇ ਸੁਰੱਖਿਆ ਅਧਿਕਾਰੀਆਂ ਨੂੰ ਚੌਕੰਨਾ ਕਰ ਦਿੱਤਾ ਅਤੇ ਉਨ੍ਹਾਂ ਤਕਰੀਬਨ ਢਾਈ ਘੰਟੇ ਤਕ ਵਫਦ ਨੂੰ ਹਿਰਾਸਤ ਵਿਚ ਰੱਖਿਆ।

ਇਨ੍ਹਾਂ ਪਾਕਿਸਤਾਨੀ ਅਧਿਕਾਰੀਆਂ ਨੂੰ ਨਾ ਹੀ ਦੂਤਘਰ ਅਤੇ ਨਾ ਹੀ ਅਮਰੀਕੀ ਫੌਜੀ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਇਜਾਜ਼ਤ ਦਿੱਤੀ ਗਈ। ਪੁੱਛਗਿੱਛ ਤੋਂ ਬਾਅਦ ਹੀ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ। ਅਮਰੀਕੀ ਅਧਿਕਾਰੀਆਂ ਦੇ ਇਸ ਮਾੜੇ ਵਤੀਰੇ ਤੋਂ ਨਾਰਾਜ਼ ਇਸਲਾਮਾਬਾਦ ਸਥਿਤ ਪਾਕਿਸਤਾਨੀ ਫੌਜ ਦੇ ਚੋਟੀ ਦੇ ਅਧਿਕਾਰੀਆਂ ਨੇ ਵਫਦ ਨੂੰ ਵਤਨ ਪਰਤਣ ਦਾ ਹੁਕਮ ਦਿੱਤਾ। ਪਾਕਿਸਤਾਨੀ ਅਧਿਕਾਰੀਆਂ ਨੇ ਕਿਹਾ ਕਿ ਵਫਦ ਦੇ ਮੈਂਬਰਾਂ ਨੂੰ ਗਾਲ੍ਹਾਂ ਵੀ ਕੱਢੀਆਂ ਗਈਆਂ। ਅਖਬਾਰਾਂ ਅਨੁਸਾਰ ਪੈਂਟਾਗਨ ਅਤੇ ਸੈਂਟਕੋਮ ਦੇ ਅਧਿਕਾਰੀਆਂ ਨੇ ਪਾਕਿਸਤਾਨੀ ਵਫਦ ਤੋਂ ਮੁਆਫੀ ਮੰਗ ਲਈ ਹੈ। ਪਾਕਿਸਤਾਨ ਦਾ ਦੋਸ਼ ਹੈ ਕਿ ਵਫਦ ਵਿਚ ਸ਼ਾਮਲ ਫੌਜ ਦੇ ਸੀਨੀਅਰ ਅਫਸਰਾਂ ਨਾਲ ਅਮਰੀਕੀ ਅਫਸਰਾਂ ਨੇ ਉਸ ਤਰ੍ਹਾਂ ਦਾ ਸਲੂਕ ਕੀਤਾ, ਜਿਸ ਤਰ੍ਹਾਂ ਦਾ ਅੱਤਵਾਦੀਆਂ ਨਾਲ ਕੀਤਾ ਜਾਂਦਾ ਹੈ। ਇਸ ਘਟਨਾ ਤੋਂ ਪਾਕਿਸਤਾਨ ਤੇ ਅਮਰੀਕਾ ਦਰਮਿਆਨ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਬੇਇਜ਼ਤੀ ਤੋਂ ਨਾਰਾਜ਼ ਪਾਕਿਸਤਾਨੀ ਵਫਦ ਨੇ ਅਮਰੀਕੀ ਸੈਂਟਰਲ ਕਮਾਂਡ ਨਾਲ ਹੋਣ ਵਾਲੀ ਅਹਿਮ ਮੀਟਿੰਗ ਰੱਦ ਕਰ ਦਿੱਤੀ ਅਤੇ ਸਾਰੇ ਮੈਂਬਰ ਪਾਕਿਸਤਾਨ ਪਰਤ ਆਏ।

ਇਸ ਘਟਨਾ 'ਤੇ ਅਮਰੀਕਾ ਨੇ ਅਫਸੋਸ ਪ੍ਰਗਟ ਕਰਦਿਆਂ ਇਸ ਨੂੰ ਮੰਦਭਾਗਾ ਕਰਾਰ ਦਿੱਤਾ ਹੈ, ਪਰ ਇਸ 'ਤੇ ਇਸਲਾਮਾਬਾਦ ਕੋਲੋਂ ਸਰਕਾਰੀ ਤੌਰ 'ਤੇ ਮਾਫੀ ਨਹੀਂ ਮੰਗੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਪੀ ਜੇ ਕਰਾਉਲੇ ਨੇ ਕਿਹਾ ਕਿ ਹਵਾਈ ਜਹਾਜ਼ ਵਿਚ ਕੀ ਹੋਇਆ ਇਹ ਸਹੀ ਤੌਰ 'ਤੇ ਦੱਸਣਾ ਮੁਸ਼ਕਲ ਹੈ। ਇਹ ਅਫਸੋਸਜਨਕ ਘਟਨਾ ਹੈ। ਸਾਡਾ ਮੰਨਣਾ ਹੈ ਕਿ ਪਾਕਿਸਤਾਨੀ ਫੌਜੀ ਟੀਮ ਤੇ ਹਵਾਈ ਅਮਲਾ ਮੈਂਬਰਾਂ ਵਿਚਾਲੇ ਕੋਈ ਗ਼ਲਤ ਫਹਿਮੀ ਹੋਈ ਅਤੇ ਆਪਸੀ ਤਾਲਮੇਲ ਵਿਚ ਕਮੀ ਰਹੇ।

ਇਸ ਦੌਰਾਨ ਅਮਰੀਕਾ ਨੇ ਪਾਕਿਸਤਾਨ ਸਥਿਤ ਅੱਤਵਾਦੀ ਜਥੇਬੰਦੀ ਤਹਿਰੀਕੇ ਤਾਲਿਬਾਨ ਨੂੰ ਵਿਦੇਸ਼ੀ ਅੱਤਵਾਦੀ ਜਥੇਬੰਦੀਆਂ ਦੀ ਖਾਲੀ ਸੂਚੀ 'ਚ ਪਾਉਣ ਤੋਂ ਬਾਅਦ ਇਸਦੇ ਦੋ ਚੋਟੀ ਦੇ ਅੱਤਵਾਦੀ ਨੇਤਾਵਾਂ ਹਕੀਮ ਉੱਲਾ-ਮਹਿਸੂਦ ਅਤੇ ਵਲੀ-ਉਰ-ਰਹਿਮਾਨ ਦੇ ਟਿਕਾਣੇ ਤਕ ਪਹੁੰਚਣ ਨਾਲ ਸੰਬੰਧਿਤ ਸੂਚਨਾ ਦੇਣ ਵਾਲੇ ਨੂੰ 50-50 ਲੱਖ ਡਾਲਰ ਦਾ ਇਨਾਮ ਦੇਣ ਐਲਾਨ ਕੀਤਾ ਹੈ। ਨਿਆਂ ਵਿਭਾਗ ਵਲੋਂ ਇਨ੍ਹਾਂ ਦੋਹਾਂ ਆਗੂਆਂ ਵਿਰੁਧ ਇਨਾਮ ਦਾ ਐਲਾਨ ਕੀਤਾ ਗਿਆ।

## ਡਿਸਕਵਰੀ ਦਫਤਰ 'ਚ ਦਾਖਲ ਬੰਦੂਕਧਾਰੀ ਮਾਰਿਆ

**ਸਿਲਵਰ ਸਪਿੰਗ:** ਅਮਰੀਕੀ ਪੁਲਸ ਨੇ ਡਿਸਕਵਰੀ ਚੈਨਲ ਦੇ ਹੈਡਕੁਆਰਟਰ ਦੀ ਇਮਾਰਤ 'ਚ ਦਾਖਲ ਹੋ ਕੇ ਤਿੰਨ ਲੋਕਾਂ ਨੂੰ ਬੰਧਕ ਬਣਾਉਣ ਵਾਲੇ ਬੰਦੂਕਧਾਰੀ ਨੂੰ ਮਾਰਨ 'ਚ ਕਾਮਯਾਬੀ ਹਾਸਲ ਕੀਤੀ ਹੈ। ਇਸ ਦੇ ਨਾਲ ਹੀ 4 ਘੰਟੇ ਤਕ ਚੱਲੇ ਇਸ ਡਰਾਮੇ ਦਾ ਅੰਤ ਹੋ ਗਿਆ। ਸਾਰੇ ਬੰਧਕ ਸੁਰੱਖਿਅਤ ਹਨ।

ਪੁਲਸ ਸੂਤਰਾਂ ਦੇ ਹਵਾਲੇ ਨਾਲ ਐਨ.ਬੀ.ਸੀ.ਟੀ.ਵੀ. ਨੇ ਦੱਸਿਆ ਕਿ ਬੀਤੀ 2 ਸਤੰਬਰ ਨੂੰ ਵਾਪਰੀ ਘਟਨਾ ਵਿਚ ਮਾਰਿਆ ਜਾਣ ਵਾਲਾ ਬੰਦੂਕਧਾਰੀ ਚੌਗਿਰਦੇ ਬਾਰੇ ਡਿਸਕਵਰੀ ਚੈਨਲ ਦੀ ਕਵਰੇਜ ਤੋਂ ਨਾਰਾਜ਼ ਸੀ। ਮੋਂਟਗੋਮਰੀ ਕਾਊਂਟੀ ਦੇ ਪੁਲਸ ਮੁਖੀ ਟਾਮਨਿੰਗਰ ਨੇ ਦੱਸਿਆ ਕਿ ਪੁਲਸ ਅਧਿਕਾਰੀਆਂ ਨੇ ਬੰਦੂਕਧਾਰੀ ਨੂੰ ਮਾਰ ਦਿੱਤਾ ਹੈ। ਅਜਿਹਾ ਲੱਗਦਾ ਹੈ ਕਿ ਉਸ ਦੇ ਸਰੀਰ ਨਾਲ ਬੱਝੀ ਜੈਕੇਟ ਵੀ ਫਟ ਗਈ। ਪੁਲਸ ਨੇ ਇਮਾਰਤ 'ਚ ਲੱਗੇ ਖੁਫੀਆ ਕੈਮਰੇ ਨਾਲ ਬੰਦੂਕਧਾਰੀ ਦੀਆਂ ਹਰਕਤਾਂ 'ਤੇ ਨਜ਼ਰ ਰੱਖੀ ਅਤੇ ਟੈਲੀਫੋਨ ਰਾਹੀਂ ਉਸ ਨੂੰ ਮਨਾਉਣ ਦੀ ਕੋਸ਼ਿਸ਼ ਵੀ ਕੀਤੀ। ਉਸਦੀ ਪਛਾਣ ਸੇਨਡਿਆਗੋ ਦੇ ਜੇਮਜ਼ ਲੀ ਵਜੋਂ ਹੋਈ ਹੈ।

## ਭਾਰਤ ਨੇ ਤੀਰਅੰਦਾਜ਼ੀ ਵਿਸ਼ਵ ਕੱਪ ਜਿੱਤਿਆ

**ਨਵੀਂ ਦਿੱਲੀ :** ਜੈਅੰਤ ਤਾਲੁਕਦਾਰ, ਤਰੁਣਦੀਪ ਰਾਏ ਅਤੇ ਰਾਹੁਲ ਬੈਨਰਜੀ ਦੀ ਭਾਰਤੀ ਟੀਮ ਨੇ ਬੀਤੀ 4 ਸਤੰਬਰ ਨੂੰ ਸ਼ੰਘਾਈ ਵਿਚ ਤੀਰਅੰਦਾਜ਼ੀ ਵਿਸ਼ਵ ਕੱਪ ਦੇ ਚੌਥੇ ਗੇੜ ਦੇ ਖਿਤਾਬੀ ਮੁਕਾਬਲੇ 'ਚ ਜਾਪਾਨ ਨੂੰ ਹਰਾ ਕੇ ਸੋਨ ਤਮਗਾ ਜਿੱਤਿਆ। ਭਾਰਤੀ ਤਿੱਕੜੀ ਨੇ ਜਾਪਾਨ ਦੇ ਰਓਟਾ ਅਮਾਨੋ, ਤਾਕਾਹਾਰੂ ਫੁਰੂਕੋਵਾ, ਹਿਡੇਕਲਾ ਕਿਕੁਚੀ ਨੂੰ 224-220 ਨਾਲ ਹਰਾ ਕੇ ਖ਼ਿਤਾਬ ਭਾਰਤ ਦੀ ਝੋਲੀ ਪਾਇਆ। ਭਾਰਤ ਨੇ ਪਹਿਲੇ ਗੇੜ 'ਚ ਬਰਤਾਨੀਆ ਨੂੰ 218-215 ਅੰਕਾਂ ਨਾਲ ਹਰਾਇਆ।

## ਅਮਰੀਕੀ ਕੰਪਨੀਆਂ 'ਚ ਨੌਕਰੀਆਂ ਦੀ ਕਟੌਤੀ

**ਨਿਊਯਾਰਕ :** ਅਮਰੀਕੀ ਅਰਥ ਵਿਵਸਥਾ ਅਜੇ ਵੀ ਮੰਦੀ ਤੋਂ ਪੂਰੀ ਤਰ੍ਹਾਂ ਉਭਰ ਨਹੀਂ ਸਕੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਨਿੱਜੀ ਕੰਪਨੀਆਂ ਨੇ ਸਿਰਫ ਅਗਸਤ ਮਹੀਨੇ 'ਚ 10,000 ਨੌਕਰੀਆਂ ਦੀ ਕਟੌਤੀ ਕੀਤੀ। ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਆਰਥਿਕ ਸੁਧਾਰ ਅਜੇ ਵੀ ਨਾਜ਼ੁਕ ਦੌਰ 'ਚ ਹੈ। ਇਥੇ ਜਾਰੀ ਏ.ਡੀ.ਪੀ. ਨੈਸ਼ਨਲ ਇੰਪਲਾਇਮੈਂਟ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਨਿੱਜੀ ਕੰਪਨੀਆਂ ਨੇ ਪਿਛਲੇ ਮਹੀਨੇ 10,000 ਨੌਕਰੀਆਂ ਦੀ ਕਟੌਤੀ ਕੀਤੀ। ਜ਼ਿਆਦਾਤਰ ਉਦਯੋਗਾਂ ਨੇ ਆਪਣੇ ਕਰਮਚਾਰੀਆਂ ਦੀ ਗਿਣਤੀ ਵਿਚ ਕਟੌਤੀ ਕੀਤੀ। ਰਿਪੋਰਟ ਵਿਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ, ਜਿਨ੍ਹਾਂ ਨੂੰ ਜਨਗਣਨਾ ਕਾਰਵਾਈਆਂ ਲਈ ਸਰਕਾਰ ਨੇ ਅਸਥਾਈ ਤੌਰ 'ਤੇ ਨਿਯੁਕਤ ਕੀਤਾ ਹੈ। ਮੈਕਰੋਇਕੋਨਾਮਿਕ ਐਡਵਾਈਜਰਜ਼, ਐਲ.ਆਈ.ਸੀ. ਨੇ ਰਿਪੋਰਟ ਤਿਆਰ ਕੀਤੀ ਹੈ। ਮੈਕਰੋਇਕੋਨਾਮਿਕ ਐਡਵਾਈਜਰਜ਼ ਦੇ ਚੇਅਰਮੈਨ ਜੋਇਲ ਪ੍ਰਾਕੇਨ ਨੇ ਕਿਹਾ ਕਿ ਅਗਸਤ ਮਹੀਨੇ ਵਿਚ ਨਿੱਜੀ ਖੇਤਰ ਵਿਚ ਰੋਜ਼ਗਾਰ ਵਿਚ ਕਟੌਤੀ ਆਰਥਿਕ ਸੁਧਾਰ ਦੀ ਨਾਜ਼ੁਕ ਸਥਿਤੀ ਨੂੰ ਦੱਸਦੀ ਹੈ ਜੋ ਹੋਰਨਾਂ ਆਰਥਿਕ ਅੰਕੜਿਆਂ ਤੋਂ ਵੀ ਸਾਬਤ ਹੁੰਦੀ ਹੈ। ਪਿਛਲੇ ਮਹੀਨੇ ਵਸਤੂ ਵਿਨਿਰਮਾਣ ਖੇਤਰ ਵਿਚ ਰੋਜ਼ਗਾਰ ਵਿਚ 40000 ਦੀ ਕਟੌਤੀ ਕੀਤੀ ਗਈ ਸੀ। ਨਿਰਮਾਣ ਅਤੇ ਕਾਰਖਾਨਾ ਖੇਤਰ ਵਿਚ ਵੀ ਕ੍ਰਮਵਾਰ 33000 ਅਤੇ 6000 ਨੌਕਰੀਆਂ ਦੀ ਕਟੌਤੀ ਕੀਤੀ ਹੈ।

## ਸਿੰਗਾਪੁਰ 'ਚ ਦੋ ਭਾਰਤੀਆਂ ਨੂੰ ਉਮਰ ਕੈਦ

**ਸਿੰਗਾਪੁਰ :** ਇਥੋਂ ਦੀ ਇਕ ਅਪੀਲੀ ਅਦਾਲਤ ਨੇ ਇਕ ਲਾਰੀ ਡਰਾਈਵਰ ਨੂੰ ਕਤਲ ਕਰਨ ਦੇ ਦੋਸ਼ ਹੇਠ ਭਾਰਤੀ ਮੂਲ ਦੇ 3 ਸਿੰਗਾਪੁਰੀ ਨਾਗਰਿਕਾਂ ਵਿਚੋਂ 2 ਦੀ ਮੌਤ ਦੀ ਸਜ਼ਾ ਉਮਰਕੈਦ 'ਚ ਬਦਲ ਦਿੱਤੀ ਹੈ। ਦੋਹਾਂ ਨੂੰ 12-12 ਬੈਂਤਾਂ ਮਾਰੇ ਜਾਣ ਦਾ ਹੁਕਮ ਦਿੱਤਾ। ਇਥੋਂ ਦੀਆਂ ਅਖਬਾਰਾਂ ਵਿਚ ਛਪੀਆਂ ਖਬਰਾਂ ਮੁਤਾਬਕ ਅਪੀਲੀ ਅਦਾਲਤ ਨੇ ਜਿਵੇ ਅਤੇ ਕ੍ਰਿਸਟੋਫਰ ਨੂੰ ਇਹ ਸਜ਼ਾ ਸੁਣਾਈ। ਇਸ ਮਾਮਲੇ 'ਚ ਹੁਣ ਇਕ ਦੋਸ਼ੀ ਬਾਲਕ੍ਰਿਸ਼ਨਨ ਨੂੰ ਫਾਂਸੀ ਹੋਵੇਗੀ। ਖਬਰਾਂ ਮੁਤਾਬਕ ਤਿੰਨਾਂ ਨੇ 7 ਹੋਰ ਵਿਅਕਤੀਆਂ ਨਾਲ ਮਿਲਕੇ 4 ਸਾਲ ਪਹਿਲਾਂ ਇਕ ਲਾਰੀ ਨੂੰ ਲੁੱਟਿਆ ਸੀ ਅਤੇ ਉਸ ਦੇ ਡਰਾਈਵਰ ਨੂੰ ਕਤਲ ਕਰ ਦਿੱਤਾ ਸੀ। ਇਨ੍ਹਾਂ ਨੇ ਲਾਰੀ ਵਿਚੋਂ 13 ਲੱਖ ਡਾਲਰ ਦੇ 2700 ਮੋਬਾਈਲ ਫੋਨ ਲੁੱਟੇ ਸਨ। ਹੁਣ ਤੱਕ 125 ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਹੈ।

## ਇੰਦਰਜੀਤ ਸਿੰਘ ਰਿਆਤ ਦਾ ਕੇਸ ਫਿਰ ਖੁੱਲ੍ਹਿਆ

**ਟੋਰਾਂਟੋ:** ਏਅਰ ਇੰਡੀਆ (ਕਨਿਸ਼ਕ) ਬੰਬ ਕਾਂਡ ਦੇ ਗਵਾਹ ਇੰਦਰਜੀਤ ਦਾ ਪਰਜੂਰੀ ਕੇਸ ਹੁਣ ਦੂਜੀ ਵਾਰ ਫਿਰ ਖੁੱਲ੍ਹਿਆ ਹੈ ਅਤੇ ਅਦਾਲਤ ਨੇ ਇਸ ਵਾਰ ਸੁਣਵਾਈ ਦੀ ਜਿਊਰੀ ਵਾਸਤੇ 12 ਮੈਂਬਰ ਲੱਭੇ ਹਨ, ਜਿਨ੍ਹਾਂ 'ਚ 9 ਔਰਤਾਂ ਅਤੇ 3 ਮਰਦ ਸ਼ਾਮਲ ਹਨ।

ਰਿਆਤ 'ਤੇ ਦੋਸ਼ ਹੈ ਕਿ ਉਹ 2003 ਦੀ ਏਅਰ ਇੰਡੀਆ ਕੇਸ ਦੀ ਸੁਣਵਾਈ ਮੌਕੇ ਸਹੁੰ ਚੁੱਕਣ ਦੇ ਬਾਵਜੂਦ 19 ਵਾਰ ਝੂਠ ਬੋਲਿਆ ਸੀ।

ਇਸ ਮੁਕੱਦਮੇ 'ਚ ਬਾਅਦ ਵਿਚ ਅਜੈਬ ਸਿੰਘ ਬਾਗੜੀ ਅਤੇ ਰਿਪੁਦਮਨ ਮਲਿਕ ਦੋਵੇਂ ਜਣੇ ਬੇਕਸੂਰ ਐਲਾਨ ਦਿੱਤੇ ਗਏ ਸਨ। 23 ਜੂਨ, 1985 ਨੂੰ ਟੋਰਾਂਟੋ ਤੋਂ ਲੰਡਨ ਲਈ ਉਡੀ ਏਅਰ ਇੰਡੀਆ ਦੀ ਉਡਾਨ ਇਸ ਬੰਬ ਕਾਂਡ ਦਾ ਸ਼ਿਕਾਰ ਹੋ ਗਈ ਸੀ ਜੋ ਹੁਣ ਤੱਕ ਦਾ ਕੈਨੇਡੀਅਨ ਇਤਿਹਾਸ ਦਾ ਸਭ ਤੋਂ ਭਿਆਨਕ ਹਾਦਸਾ ਹੈ। ਇਸ ਅਣ-ਸੁਲਝੇ ਅਪਰਾਧ ਦੀ ਸੁਣਵਾਈ ਕਰੋੜਾਂ ਡਾਲਰਾਂ 'ਚ ਪਈ ਹੈ। ਰਿਆਤ 'ਤੇ ਸਹੁੰ ਚੁੱਕ ਕੇ ਝੂਠ ਬੋਲਣ ਦਾ ਕੇਸ ਫਰਵਰੀ 2006 'ਚ ਦਰਜ ਹੋਇਆ ਸੀ ਪਰ ਕਈ ਵਾਰ ਕਿਸੇ ਨਾ ਕਿਸੇ ਕਾਰਨ ਟਲਦਾ ਰਿਹਾ ਹੈ।

9 ਸਤੰਬਰ ਤੋਂ ਸ਼ੁਰੂ ਹੋਣ ਵਾਲੀ ਰਿਆਤ ਦੀ ਇਸ ਪਰਜੂਰੀ ਸੁਣਵਾਈ ਜੋ 10 ਦਿਨ ਚੱਲੇਗੀ, ਵਿਚ ਕਿਸੇ ਗਵਾਹ ਨੂੰ ਨਹੀਂ ਸੱਦਿਆ ਜਾਏਗਾ ਬਲਕਿ ਇਹ ਮੁੱਢਲੇ ਕੇਸ ਦੀਆਂ ਫਾਈਲਾਂ 'ਤੇ ਹੀ ਆਧਾਰਤ ਹੋਵੇਗੀ।

Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਫੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਪੀ.ਐਚ.ਡੀ ਕਿਵੇਂ ਅਤੇ ਕਿਉਂ?

**ਡਾ. ਗੁਰਨਾਮ ਕੌਰ**

ਵਿਭਾਗ ਦਾ ਸਾਰਾ ਕੰਮ ਹੀ ਲਗਭਗ ਪੰਜਾਬੀ ਵਿਚ ਹੁੰਦਾ ਸੀ ਅਤੇ ਮੇਰੇ ਤੋਂ ਬਿਨਾਂ ਤਕਰੀਬਨ ਸਾਰੇ ਹੀ ਪੰਜਾਬੀ ਦੀ ਐਮ ਏ ਸਨ। ਮੇਰੇ ਮਨ 'ਚ ਵੀ ਆਇਆ ਕਿ ਕਿਉਂ ਨਾ ਮੈਂ ਵੀ ਪੰਜਾਬੀ ਦੀ ਐਮ.ਏ. ਕਰ ਲਵਾਂ? ਇਸ ਲਈ ਪ੍ਰੀਖਿਆ ਦਾ ਫਾਰਮ ਭਰ ਕੇ ਮੁਖੀ ਦੀ ਇਜਾਜ਼ਤ ਲੈਣ ਲਈ ਡਾ. ਤਾਰਨ ਸਿੰਘ ਕੋਲ ਚਲੀ ਗਈ। ਮੈਂ ਦਸਤਖ਼ਤ ਕਰਾਉਣ ਲਈ ਫਾਰਮ ਅੱਗੇ ਕਰ ਦਿੱਤਾ ਅਤੇ ਉਹ ਦੇਖ ਕੇ ਬੋਲੇ, "ਕੇ ਕਰਸੋ ਪੰਜਾਬੀ ਦੀ ਐਮ.ਏ. ਕਰਕੇ? ਐਜੂਕੇਸ਼ਨ ਵਿਚ ਉਤਾਂਹ ਚੜ੍ਹੀਦਾ ਹੈ, ਆਸ ਪਾਸ ਨਹੀਂ ਫੈਲੀਦਾ।" ਬਿਨਾਂ ਦਸਤਖ਼ਤ ਕੀਤੇ ਫਾਰਮ ਵਾਪਸ ਕਰਕੇ ਬੋਲੇ, "ਪੀ.ਐਚ.ਡੀ ਕਰੋ।"



ਡਾ. ਗੁਰਨਾਮ ਕੌਰ

ਉਦੋਂ ਪੰਜਾਬੀ ਯੂਨੀਵਰਸਿਟੀ ਵਿਚ ਪਹਿਲਾਂ ਐਮ.ਲਿਟ ਕਰਨੀ ਪੈਂਦੀ ਸੀ ਅਤੇ ਬਹੁਤੇ ਲੋਕ ਐਮ.ਲਿਟ ਦੀ ਡਿਗਰੀ ਨਾ ਲੈ ਕੇ ਉਸੇ ਵਿਸ਼ੇ ਵਿਚ ਇੱਕ-ਦੋ ਪਾਠ ਹੋਰ ਵਧਾ ਕੇ ਪੀ.ਐਚ ਡੀ ਕਰਨ ਦੀ ਮਨਜੂਰੀ ਲੈ ਲੈਂਦੇ ਸਨ। ਮੇਰੀ ਇੱਕ ਕੁਲੀਗ ਨੇ ਇੱਕੋ ਵਿਸ਼ੇ 'ਤੇ ਪਹਿਲਾਂ ਇੱਕ ਪਰਚੇ ਦੀ ਥਾਂ ਐਮ.ਏ. ਦਾ ਡਿਜ਼ਰਟੇਸ਼ਨ ਲਿਖਿਆ, ਫੇਰ ਉਸ ਵਿਚ ਵਾਧਾ ਕਰਕੇ ਐਮ.ਲਿਟ ਕੀਤੀ ਅਤੇ ਫੇਰ ਡਿਗਰੀ ਨਾ ਲੈ ਕੇ ਉਸੇ ਵਿਚ ਕੁਝ ਹੋਰ ਪਾਠ ਜੋੜ ਕੇ ਪੀ.ਐਚ.ਡੀ ਕਰਨ ਦੀ ਇਜਾਜ਼ਤ ਲੈ ਲਈ ਅਤੇ ਜਦੋਂ ਪੰਜਾਬ ਯੂਨੀਵਰਸਿਟੀ ਦੇ ਇੱਕ ਬਹੁਤ ਹੀ ਸਤਿਕਾਰਤ ਪ੍ਰੋਫੈਸਰ ਨੇ ਰਿਵੀਜਨ ਲਈ ਥੀਸਸ ਭੇਜ ਦਿੱਤਾ ਤਾਂ ਲੜਾਈ ਵਿੱਢ ਲਈ ਕਿ ਸਾਥੀ ਅਧਿਆਪਕਾਂ ਨੇ ਮੇਰਾ ਥੀਸਸ ਜਾਣ-ਬੁੱਝ ਕੇ ਰਿਵੀਜਨ ਲਈ ਭਿਜਵਾਇਆ ਹੈ।

ਮੈਨੂੰ ਡਾ. ਸਿਨਹਾ ਵੱਲੋਂ ਪੀ.ਐਚ.ਡੀ ਕਰਨ ਲਈ ਪਹਿਲਾਂ ਹੀ ਚਿੱਠੀ ਆ ਗਈ ਸੀ ਜਿਸਦਾ ਮੈਂ ਪਹਿਲਾਂ ਵੀ ਜ਼ਿਕਰ ਕਰ ਚੁੱਕੀ ਹਾਂ। ਮੇਰੇ 'ਹਾਂ' ਵਿਚ ਉਤਰ ਦੇਣ ਤੋਂ ਬਾਅਦ ਮੈਨੂੰ ਚਿੱਠੀ ਮਿਲੀ ਕਿ ਵਿਭਾਗੀ ਕਮੇਟੀ ਨੇ ਮੈਨੂੰ, "ਕੌਸਮਿਕ ਕੌਂਸ਼ੀਐਸਨੈਸ ਇਨ ਗੁਰੂ ਨਾਨਕ ਬਾਣੀ" ਵਿਸ਼ਾ ਦਿੱਤਾ ਹੈ ਅਤੇ ਕੋ-ਗਾਈਡ ਪੰਜਾਬੀ ਯੂਨੀਵਰਸਿਟੀ ਵਿਚੋਂ ਹੀ ਫ਼ਿਲਾਸਫ਼ੀ ਦੀ ਮੁਹਾਰਤ ਵਾਲੇ ਇੱਕ ਅਧਿਆਪਕ ਨੂੰ ਲਾ ਦਿੱਤਾ ਹੈ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਦੀ ਬਾਣੀ 'ਤੇ ਪੀ.ਐਚ.ਡੀ ਕੀਤੀ ਸੀ। ਮੈਂ ਇਸੇ ਵਿਸ਼ੇ 'ਤੇ ਸਾਈਨਾਪਸਜ ਤਿਆਰ ਕਰਨ ਲਈ ਕਿੰਨੇ ਦਿਨ ਇਸ ਅਧਿਆਪਕ ਕੋਲ ਜਾਂਦੀ ਰਹੀ ਪਰ ਉਨ੍ਹਾਂ ਤੋਂ ਸਾਈਨਾਪਸਜ ਤਿਆਰ ਨਾ ਕਰਵਾਏ ਗਏ। ਡਾ. ਅਵਤਾਰ ਸਿੰਘ ਗੁਰੂ ਗੋਬਿੰਦ ਸਿੰਘ ਭਵਨ ਵਿਚ ਸਿੱਖ ਧਰਮ ਅਧਿਐਨ ਦੇ ਰੀਡਰ ਸਨ ਜਿਨ੍ਹਾਂ ਨੂੰ ਮੈਂ ਬਹੁਤਾ ਨਹੀਂ ਸੀ ਜਾਣਦੀ। ਮੈਨੂੰ ਡਾ. ਬਲਕਾਰ ਸਿੰਘ ਨੇ ਡਾ. ਅਵਤਾਰ ਸਿੰਘ ਕੋਲ ਜਾਣ ਦੀ ਸਲਾਹ ਦਿੱਤੀ ਅਤੇ ਦਸਿਆ ਕਿ ਉਹ ਵੀ ਫ਼ਿਲਾਸਫ਼ੀ ਦੇ ਹਨ, ਇਸ ਲਈ ਸ਼ਾਇਦ ਮੇਰੀ ਮਦਦ ਕਰ ਦੇਣ।

ਮੈਂ ਹੌਂਸਲਾ ਕਰਕੇ ਉਨ੍ਹਾਂ ਕੋਲ ਗਈ ਤੇ ਆਪਣੀ ਸਮੱਸਿਆ ਦੱਸੀ। ਬੋਲੇ, "ਬੀਬਾ ਜੀ! ਤੁਸੀਂ ਸਬਜੈਕਟ ਔਖਾ ਰੱਖਿਆ ਹੈ, ਕੋਈ ਸੌਖਾ ਲੈ ਲੈਂਦੇ?" ਮੈਂ ਕਿਹਾ, "ਡਾ. ਸਾਹਿਬ! ਵਿਸ਼ਾ ਅਤੇ ਕੋ-ਗਾਈਡ ਕਮੇਟੀ ਨੇ ਹੀ ਲਿਖ ਕੇ ਭੇਜਿਆ ਹੈ। ਡਾ. ਅਜਿਤ ਕੁਮਾਰ ਸਿਨਹਾ ਨੂੰ ਇਨ੍ਹਾਂ ਪ੍ਰੋਫੈਸਰ ਸਾਹਿਬ ਦਾ ਹੀ ਪਤਾ ਸੀ। ਮੈਨੂੰ ਵੀ ਤੁਹਾਡੇ ਬਾਰੇ ਪਤਾ ਨਹੀਂ ਸੀ। ਜੇ ਹੁੰਦਾ ਤਾਂ ਮੈਂ ਤੁਹਾਡਾ ਨਾਮ ਸੁਝਾ ਦਿੰਦੀ।" ਅਗੋਂ ਬੋਲੇ, "ਕੋਈ ਗੱਲ ਨਹੀਂ ਬੀਬਾ ਤੁਸੀਂ ਕਲ੍ਹ ਇਸੇ ਵੇਲੇ ਆ ਜਾਣਾ। ਮੈਂ ਵਿਸ਼ੇ ਤੇ ਅੱਜ ਵੇਖ ਲਵਾਂਗਾ।" ਦੂਸਰੇ ਦਿਨ ਮੈਂ ਫਿਰ ਗਿਆਰਾਂ ਕੁ ਵਜੇ ਸਵੇਰੇ ਗਈ ਤਾਂ ਡਾ. ਅਵਤਾਰ ਸਿੰਘ ਨੇ ਮੈਨੂੰ ਸਾਈਨਾਪਸਜ ਤਿਆਰ ਕਰਵਾ ਦਿੱਤੇ ਅਤੇ ਮੈਂ ਟਾਈਪ ਕਰਵਾਕੇ ਕੁਰੂਕਸ਼ੇਤਰ ਯੂਨੀਵਰਸਿਟੀ ਨੂੰ ਭੇਜ ਦਿੱਤੇ। ਮਹੀਨੇ ਕੁ ਬਾਅਦ ਯੂਨੀਵਰਸਿਟੀ ਤੋਂ ਚਿੱਠੀ ਆ ਗਈ ਕਿ ਰਿਸਰਚ ਬੋਰਡ ਮਹਿਸੂਸ ਕਰਦਾ ਹੈ ਕਿ ਇਹ ਵਿਸ਼ਾ ਔਖਾ ਹੈ। ਇਸ ਲਈ ਵਿਸ਼ਾ ਬਦਲ ਕੇ, "ਗੁਰੂ ਨਾਨਕ'ਸ ਪਲੇਸ ਇਨ ਇੰਡੀਅਨ ਫ਼ਿਲਾਸਫ਼ੀ" ਕਰ ਦਿੱਤਾ ਗਿਆ ਹੈ ਅਤੇ ਨਵੇਂ ਵਿਸ਼ੇ ਤੇ ਸਾਈਨਾਪਸਜ ਭੇਜੋ।" ਮੈਂ ਫੇਰ ਡਾ. ਅਵਤਾਰ ਸਿੰਘ ਦੀ ਮਦਦ ਲਈ ਅਤੇ ਨਵੇਂ ਵਿਸ਼ੇ 'ਤੇ ਮੇਰੀ ਰਜਿਸਟਰੇਸ਼ਨ ਹੋ ਗਈ। ਮੈਂ ਆਪਣੇ ਨਿਗਰਾਨ ਕੋਲ ਬਹੁਤ ਵਾਰ ਗਈ ਕਿ ਮੈਨੂੰ ਦਸੋ ਮੈਂ ਗੁਰਬਾਣੀ ਦੀਆਂ ਕਿਹੜੀਆਂ ਤੁਕਾਂ ਕੱਢਾਂ ਅਤੇ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਤੇ ਲਿਖਣਾ ਸ਼ੁਰੂ ਕਰਾਂ ਪਰ ਉਹ ਮੈਨੂੰ ਕੁਝ ਵੀ ਨਹੀਂ ਦੱਸ ਸਕੇ।

ਮੈਨੂੰ ਭਾਵੇਂ ਡਾ. ਅਵਤਾਰ ਸਿੰਘ ਨੇ ਕਹਿ ਰੱਖਿਆ ਸੀ ਕਿ ਜੇ ਕੋਈ ਮੁਸ਼ਕਿਲ ਆਵੇ ਤਾਂ ਮੈਂ ਉਨ੍ਹਾਂ ਤੋਂ ਪੁੱਛ ਸਕਦੀ ਹਾਂ ਅਤੇ ਪਿਛੋਂ ਉਨ੍ਹਾਂ ਨਾਲ ਕੰਮ ਕਰਦਿਆਂ ਦੇਖਿਆ ਕਿ ਅਕਾਦਮਿਕ ਤੌਰ 'ਤੇ ਕਿਸੇ ਦੀ ਮਦਦ ਕਰਨ ਦੀ ਭਾਵਨਾ ਉਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ, ਪਰ ਮੈਂ ਉਨ੍ਹਾਂ ਤੋਂ ਪੁੱਛਣ ਇਸ ਲਈ ਨਹੀਂ ਗਈ ਕਿ ਮੇਰਾ ਗਾਈਡ ਗੁੱਸਾ ਕਰੇਗਾ। ਯੂਨੀਵਰਸਿਟੀਆਂ ਵਿਚ ਕੰਮ ਕਰਦਿਆਂ ਇਹੋ ਜਿਹੀਆਂ ਗੱਲਾਂ ਦਾ ਬਹੁਤ ਧਿਆਨ ਰੱਖਣਾ ਪੈਂਦਾ ਹੈ। ਇਸੇ ਸਮੇਂ ਵਿਚ ਹੀ ਮੇਰੀ ਨਿਜੀ ਜ਼ਿੰਦਗੀ ਵਿਚ ਵੀ ਔਕੜਾਂ ਆ ਗਈਆਂ। ਮੈਨੂੰ ਡਾ. ਸਿਨਹਾ ਦੀ ਚਿੱਠੀ ਆਈ ਕਿ ਕੰਮ ਦੀ ਪ੍ਰਗਤੀ ਰਿਪੋਰਟ ਭੇਜੋ, ਨਹੀਂ ਤਾਂ ਰਜਿਸਟਰੇਸ਼ਨ ਮਨਸੂਖ਼ ਕਰ ਦਿੱਤੀ ਜਾਵੇਗੀ। ਮੈਂ ਉਨ੍ਹਾਂ ਨੂੰ ਲਿਖ ਭੇਜਿਆ ਕਿ ਨਿਜੀ ਸਮੱਸਿਆਵਾਂ ਕਾਰਨ ਮੈਂ ਪੀ.ਐਚ.ਡੀ ਵੱਲ ਪੂਰਾ ਧਿਆਨ ਨਹੀਂ ਦੇ ਸਕਦੀ, ਮੇਰੀ ਰਜਿਸਟਰੇਸ਼ਨ ਕੈਂਸਲ ਕਰ ਦਿੱਤੀ ਜਾਵੇ ਤੇ ਮੇਰੀ ਰਜਿਸਟਰੇਸ਼ਨ ਕੈਂਸਲ ਹੋ ਗਈ।

ਕੁੱਝ ਸਮੇਂ ਬਾਅਦ ਡਾ. ਅਵਤਾਰ ਸਿੰਘ ਵੀ ਮਿਸਟਰ ਪੁਰੀ ਦੇ ਰਿਟਾਇਰ ਹੋ ਜਾਣ ਤੇ ਭਵਨ ਤੋਂ ਬਤੌਰ ਮੁਖੀ ਫ਼ਿਲਾਸਫ਼ੀ ਵਿਭਾਗ ਵਿਚ ਆ ਗਏ ਸੀ। ਡਾ. ਅਵਤਾਰ ਸਿੰਘ ਨਾਲ ਨਿਰਭੈ ਸਿੰਘ ਅਤੇ ਬਲਕਾਰ ਸਿੰਘ ਨੇ ਪੀ.ਐਚ.ਡੀ ਲਈ ਰਜਿਸਟਰੇਸ਼ਨ ਕਰਵਾ ਲਈ। ਡਾ. ਅਵਤਾਰ ਸਿੰਘ ਨੇ ਵਿਭਾਗ ਵਿਚ ਆਉਂਦਿਆਂ ਪਹਿਲਾ ਕੰਮ ਕੀਤਾ ਸਿੱਖ ਫ਼ਿਲਾਸਫ਼ੀ ਨੂੰ ਬਤੌਰ ਵਿਸੇ ਦੇ ਐਮ.ਏ ਵਿਚ ਲਾਗੂ ਕਰਨਾ। ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਹਿਲੀ ਯੂਨੀਵਰਸਿਟੀ ਹੋ ਗਈ ਜਿੱਥੇ ਸਿੱਖ ਫ਼ਿਲਾਸਫ਼ੀ ਨੂੰ ਵਿਸ਼ੇ ਦੇ ਤੌਰ 'ਤੇ ਪੜ੍ਹਾਇਆ ਜਾਣ ਲੱਗਿਆ। ਆਪਣੇ ਪੀ.ਐਚ.ਡੀ ਦੇ ਦੋਹਾਂ ਵਿਦਿਆਰਥੀਆਂ ਨੂੰ ਵਿਸ਼ੇ ਇਸ ਢੰਗ ਨਾਲ ਦਿੱਤੇ ਕਿ ਸਿੱਖ ਦਰਸ਼ਨ ਦੇ ਵੱਖੋ-ਵੱਖਰੇ ਪਹਿਲੂਆਂ 'ਤੇ ਕੰਮ ਹੋ ਸਕੇ। ਉਨ੍ਹਾਂ ਨੇ ਮੈਨੂੰ ਵੀ ਰਜਿਸਟਰੇਸ਼ਨ ਕਰਾਉਣ ਲਈ ਕਿਹਾ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੇਰੀ ਮਾਨਸਿਕ ਅਵਸਥਾ ਨੇ ਪੀ.ਐਚ.ਡੀ ਵਿਚ ਹਾਲੇ ਮੇਰਾ ਧਿਆਨ ਨਹੀਂ ਲੱਗਣ ਦੇਣਾ ਪਰ ਉਨ੍ਹਾਂ ਨੇ ਮੈਨੂੰ ਰਜਿਸਟਰੇਸ਼ਨ ਲਈ ਪ੍ਰੇਰਿਆ। ਇਸ ਤਰ੍ਹਾਂ ਮੈਂ ਆਪਣੀ ਰਜਿਸਟਰੇਸ਼ਨ ਲਈ ਤਿਆਰ ਹੋ ਗਈ। ਮੇਰੇ ਨਾਲ ਦੋ ਹੋਰ ਲੜਕੀਆਂ ਪਰਮਜੀਤ ਅਤੇ ਰਾਜਕੁਮਾਰੀ

***ਮੈਨੂੰ ਭਾਵੇਂ ਡਾ. ਅਵਤਾਰ ਸਿੰਘ ਨੇ ਕਹਿ ਰੱਖਿਆ ਸੀ ਕਿ ਜੇ ਕੋਈ ਮੁਸ਼ਕਿਲ ਆਵੇ ਤਾਂ ਮੈਂ ਉਨ੍ਹਾਂ ਤੋਂ ਪੁੱਛ ਸਕਦੀ ਹਾਂ ਅਤੇ ਪਿਛੋਂ ਉਨ੍ਹਾਂ ਨਾਲ ਕੰਮ ਕਰਦਿਆਂ ਦੇਖਿਆ ਕਿ ਅਕਾਦਮਿਕ ਤੌਰ 'ਤੇ ਕਿਸੇ ਦੀ ਮਦਦ ਕਰਨ ਦੀ ਭਾਵਨਾ ਉਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ, ਪਰ ਮੈਂ ਉਨ੍ਹਾਂ ਤੋਂ ਪੁੱਛਣ ਇਸ ਲਈ ਨਹੀਂ ਗਈ ਕਿ ਮੇਰਾ ਗਾਈਡ ਗੁੱਸਾ ਕਰੇਗਾ। ਯੂਨੀਵਰਸਿਟੀਆਂ ਵਿਚ ਕੰਮ ਕਰਦਿਆਂ ਇਹੋ ਜਿਹੀਆਂ ਗੱਲਾਂ ਦਾ ਬਹੁਤ ਧਿਆਨ ਰੱਖਣਾ ਪੈਂਦਾ ਹੈ।***

ਬਾਲਿੰਦਰਜੀਤ ਦੀ ਵੀ ਰਜਿਸਟਰੇਸ਼ਨ ਹੋਈ। ਮੈਨੂੰ "ਰੀਜਨ ਐਂਡ ਰੈਵੇਲੇਸ਼ਨ ਇਨ ਸਿੱਖਇਜਮ" ਅਤੇ ਬਾਲਿੰਦਰਜੀਤ ਨੂੰ "ਨਾਨਡੁਏਲਿਜਮ" ਤੇ ਸਿੱਖ ਧਰਮ ਦਾ ਕੋਈ ਵਿਸ਼ਾ ਦਿੱਤਾ। ਨਿਰਭੈ ਸਿੰਘ ਨੂੰ 'ਰਿਐਲਟੀ' ਦੇ ਸੰਕਲਪ ਉਤੇ ਅਤੇ ਬਲਕਾਰ ਸਿੰਘ ਨੂੰ 'ਸਿੱਖ ਰਹੱਸਵਾਦ' ਦਾ ਵਿਸ਼ਾ ਦਿੱਤਾ। ਡਾ. ਅਵਤਾਰ ਸਿੰਘ ਦੇ ਮਨ ਵਿਚ ਇਹ ਬਹੁਤ ਵੱਡੀ ਤਮੰਨਾ ਸੀ ਕਿ ਪੀ.ਐਚ.ਡੀ ਦੇ ਜ਼ਰੀਏ ਸਿੱਖ ਫ਼ਿਲਾਸਫ਼ੀ ਦੇ ਵੱਖ ਵੱਖ ਪਹਿਲੂਆਂ 'ਤੇ ਇਸ ਕਿਸਮ ਨਾਲ ਕੰਮ ਕੀਤਾ ਜਾਵੇ ਕਿ ਇੱਕ 'ਪਟਿਆਲਾ ਸਕੂਲ ਆਫ ਸਿੱਖ ਫ਼ਿਲਾਸਫ਼ੀ' ਸਥਾਪਤ ਹੋ ਜਾਵੇ। ਉਹ ਕਈ ਵਾਰ ਕਹਿੰਦੇ, 'ਮੈਂ ਤਾਂ ਆਉਣ ਵਾਲੇ ਸਮੇਂ ਲਈ ਸਿਰਫ ਬੂਟੇ ਲਾ ਰਿਹਾ ਹਾਂ।" ਸਨ 1977 ਦਾ ਸਮਾਂ ਸੀ ਸਾਇਦ ਜਦੋਂ ਪੰਜਾਬੀ ਯੂਨੀਵਰਸਿਟੀ ਵਿਚ ਪਹਿਲੀ ਵਾਰ 'ਆਲ ਇੰਡੀਆ ਫ਼ਿਲਾਸਫ਼ੀ ਕਾਂਗਰਸ' ਹੋਈ। ਵਿਭਾਗ ਦੇ ਸਾਰੇ ਵਿਦਿਆਰਥੀਆਂ ਵਿਚ ਬਹੁਤ ਉਤਸ਼ਾਹ ਸੀ ਅਤੇ ਸਾਰਿਆਂ ਨੇ ਕਾਂਗਰਸ ਦੀ ਸਫ਼ਲਤਾ ਲਈ ਬਹੁਤ ਕੰਮ ਕੀਤਾ। ਬਹੁਤ ਸਾਰੀਆਂ ਨਵੀਆਂ ਛਪੀਆਂ ਫ਼ਿਲਾਸਫ਼ੀ ਦੀਆਂ ਪੁਸਤਕਾਂ ਦਾ ਸਟਾਲ ਲਾਇਆ ਗਿਆ। ਉਦਘਾਟਨ ਮਹਾਰਾਣੀ ਮਹਿੰਦਰ ਕੌਰ ਨੇ ਕੀਤਾ ਜੋ ਉਦੋਂ ਮੈਂਬਰ ਪਾਰਲੀਮੈਂਟ ਸੀ। ਕਾਂਗਰਸ ਖਤਮ ਹੋਣ ਤੋਂ ਪਹਿਲਾਂ ਇੱਕ ਦਿਨ ਸਾਰੇ ਡੈਲੀਗੇਟਾਂ ਨੂੰ, ਜਿਨ੍ਹਾਂ ਦੀ ਗਿਣਤੀ ਤਕਰੀਬਨ ਤਿੰਨ ਸੌ ਸੀ, ਨਿਊ ਮੋਤੀ ਮਹਿਲ ਵਿਚ ਸ਼ਾਮ ਨੂੰ ਸ਼ਾਨਦਾਰ ਚਾਹ ਪਾਰਟੀ ਦਿੱਤੀ।

ਪੁਸਤਕਾਂ ਦੇ ਸਟਾਲ 'ਤੇ ਡਾ. ਸਚਿਦਾਨੰਦ ਮੂਰਤੀ ਦਾ ਪੀ.ਐਚ.ਡੀ ਦਾ ਥੀਸਸ ਵੀ ਪੁਸਤਕ ਰੂਪ ਵਿਚ ਮੌਜੂਦ ਸੀ, "ਰੇਵੇਲੇਸ਼ਨ ਐਂਡ ਰੀਜਨ ਇਨ ਅਦਵੈਤਾ ਵੇਦਾਂਤਾ।" ਡਾ. ਸਾਹਿਬ ਨੇ ਮੈਨੂੰ ਦਫਤਰ ਵਿਚ ਬੁਲਾਇਆ ਅਤੇ ਬੋਲੇ, "ਬੀਬਾ ਜੀ! ਗਰਾਊਂਡ ਫਲੋਰ 'ਤੇ ਕਿਤਾਬਾਂ ਦੇ ਸਟਾਲ ਤੇ ਤੁਹਾਡੇ ਕੰਮ ਦੀ ਕਿਤਾਬ ਪਈ ਹੈ। ਫਟਾਫਟ ਜਾਉ ਅਤੇ ਖ਼ਰੀਦ ਲਵੋ, ਇੱਕੋ ਕਾਪੀ ਹੈ। ਫੇਰ ਨਹੀਂ ਮਿਲਣੀ, ਕੋਈ ਹੋਰ ਖ਼ਰੀਦ ਲਵੇਗਾ।" ਡਾ. ਅਵਤਾਰ ਸਿੰਘ ਲਾਇਬ੍ਰੇਰੀ ਵੀ ਬਹੁਤ ਜਾਂਦੇ ਹੁੰਦੇ ਸਨ। ਇਸ ਲਈ ਜਦੋਂ ਵੀ ਕਿਸੇ ਵਿਦਿਆਰਥੀ ਦੇ ਵਿਸ਼ੇ ਨਾਲ ਸਬੰਧਤ ਕਿਤਾਬ ਦੇਖਣੀ ਤਾਂ ਝੱਟ ਉਸਦੇ

## ਰੰਗ-ਬੇਰੰਗ

ਵਿਭਾਗ ਵਿਚ ਫੋਨ ਕਰਕੇ ਕਹਿਣਾ ਕਿ ਫਲਾਣੇ ਰੈਕ 'ਤੇ ਫਲਾਣੀ ਕਿਤਾਬ ਪਈ ਹੈ, ਜਾ ਕੇ ਇਸ਼ੂ ਕਰਾ ਲਿਆਉ। ਇਸ ਤਰ੍ਹਾਂ ਸਬੰਧਤ ਮੈਟਰ ਬਹੁਤ ਇਕੱਠਾ ਕਰ ਲਿਆ ਪਰ ਥੀਸਸ ਲਿਖਣ ਦੀ ਗੱਲ ਨਹੀਂ ਸੀ ਬਣ ਰਹੀ। ਇਸਦੀ ਵਜ੍ਹਾ ਸੀ ਕਿ ਰਿਸਰਚ ਵਿਭਾਗ ਹੋਣ ਕਰਕੇ ਲੰਬਾ ਸਮਾਂ ਬੈਠ ਕੇ ਕੰਮ ਕਰਨਾ ਪੈਂਦਾ ਸੀ ਅਤੇ ਘਰ ਜਾ ਕੇ ਬੱਚੇ ਸਾਂਭਣ ਅਤੇ ਘਰ ਦੇ ਕੰਮ ਕਰਕੇ ਸਮਾਂ ਨਹੀਂ ਸੀ ਮਿਲਦਾ। ਇਸ ਸਮੱਸਿਆ ਦਾ ਹੱਲ ਵਾਈਸ ਚਾਂਸਲਰ ਡਾ. ਸਰਦਾਰਾ ਸਿੰਘ ਦੀ ਦੂਰ-ਅੰਦੇਸ਼ੀ ਅਤੇ ਅਧਿਆਪਕਾਂ ਪ੍ਰਤੀ ਉਨ੍ਹਾਂ ਦੇ ਲਗਾਉ ਵਿਚੋਂ ਨਿਕਲਿਆ। ਅਜਿਹੇ ਵੀ.ਸੀ. ਯੂਨੀਵਰਸਿਟੀਆਂ ਨੂੰ ਉਨ੍ਹਾਂ ਦੇ ਚੰਗੇ ਭਾਗਾਂ ਨਾਲ ਹੀ ਮਿਲਦੇ ਹਨ। ਡਾ. ਜੌਹਲ ਨੇ ਜਿਥੇ ਕਰਮਚਾਰੀਆਂ ਅਤੇ ਅਧਿਆਪਕਾਂ ਵਿਚ ਵਰਕ ਕਲਚਰ ਪੈਦਾ ਕਰਨ ਲਈ ਸਮੇਂ ਦੀ ਪਾਬੰਦੀ ਅਤੇ ਪੀਰੀਅਡ ਅਦਿ ਲੈਣਾ ਸਖਤੀ ਨਾਲ ਲਾਗੂ ਕੀਤਾ, ਉਥੇ ਤਰੱਕੀ ਲਈ ਪੀ.ਐਚ.ਡੀ ਵੀ ਜ਼ਰੂਰੀ ਕਰਾਰ ਦੇ ਦਿੱਤੀ। ਇਸ ਦੇ ਨਾਲ ਹੀ, ਸਟੱਡੀ ਲੀਵ ਜੋ ਪਹਿਲਾਂ ਸਿਰਫ ਬਾਹਰ ਦੀ ਯੂਨੀਵਰਸਿਟੀ ਤੋਂ ਪੀ.ਐਚ.ਡੀ ਕਰਨ ਲਈ ਮਿਲਦੀ ਸੀ, ਉਸਦੀ ਸਹੂਲਤ ਆਪਣੀ ਯੂਨੀਵਰਸਿਟੀ ਤੋਂ ਕਰਨ ਲਈ ਵੀ ਕਰ ਦਿੱਤੀ। ਇਸ ਤਰ੍ਹਾਂ ਹੋਰ ਬਹੁਤ ਸਾਰੇ ਅਧਿਆਪਕਾਂ ਦੀ ਤਰ੍ਹਾਂ ਮੈਂ ਵੀ ਇੱਕ ਸਾਲ ਦੀ ਛੁੱਟੀ ਲੈ ਕੇ ਥੀਸਸ ਲਿਖਣਾ ਸ਼ੁਰੂ ਕਰ ਦਿੱਤਾ। ਵਾਰੀ ਵਾਰੀ ਵਿਦਿਆਰਥੀਆਂ ਨੂੰ ਡਾ. ਸਾਹਿਬ ਸਮਾਂ ਦਿੰਦੇ ਸਨ। ਡਾ. ਅਵਤਾਰ ਸਿੰਘ ਬਹੁਤ ਹੀ ਇੰਟੈਲੀਜੈਂਟ ਅਧਿਆਪਕ ਸਨ। ਜੇ ਕਿਤੇ ਅੰਗਰੇਜੀ ਦੀ ਕਿਸੇ ਟਰਮ ਦਾ ਬਦਲ ਗੁਰਬਾਣੀ ਵਿਚੋਂ ਨਾ ਪਤਾ ਲੱਗਣਾ ਤਾਂ ਦੋ ਮਿੰਟ ਸੋਚਣਾ ਤੇ ਫਿਰ ਬੋਲਣਾ, "ਬੀਬਾ! ਭਲਾਂ ਇਹ ਲਫਜ ਨਹੀਂ ਫਿਟ ਬੈਠੇਗਾ?"

ਫਿਲਾਸਫੀ ਵਿਭਾਗ ਵਿਚ ਜੇ ਬਾਹਰ ਤੋਂ ਕਿਸੇ ਪ੍ਰੋਫੈਸਰ ਨੇ ਕਿਸੇ ਦਾ ਵਾਈਵਾ ਲੈਣ ਆਉਣਾ ਤਾਂ ਡਾ. ਸਾਹਿਬ ਨੇ ਆਪਣੇ ਪੀ.ਐਚ.ਡੀ ਦੇ ਸਾਰੇ ਵਿਦਿਅਰਥੀਆਂ ਨੂੰ ਸ਼ਾਮਲ ਹੋਣ ਲਈ ਬੁਲਾ ਲੈਣਾ। ਜਦੋਂ ਮੇਰੀ ਜਾਣ ਪਛਾਣ ਕਰਨ ਦੀ ਵਾਰੀ ਆਉਣੀ ਤਾਂ ਕਹਿਣਾ, "ਮੀਟ ਐਨਦਰ ਸਚਿਦਾਨੰਦ ਮੂਰਤੀ।" ਮੈਨੂੰ ਲੱਗਣਾ ਕਿ ਮੈਂ ਉਥੇ ਤੱਕ ਹਾਲੇ ਕਿਥੇ ਪਹੁੰਚੀ ਹਾਂ? ਥੀਸਸ ਕਾਫੀ ਸਾਰਾ ਚੈਕ ਹੋ ਗਿਆ ਸੀ ਅਤੇ ਫਾਈਨਲ ਟਾਈਪ ਹੋ ਰਿਹਾ ਸੀ ਜਦੋਂ ਡਾ. ਸਾਹਿਬ ਨੂੰ ਅਮਰੀਕਾ ਜਾਣ ਲਈ ਸੱਦਾ ਆ ਗਿਆ ਅਤੇ ਸਬਮਿਟ ਕਰਨ ਦੀ ਆਖ਼ਰੀ ਤਾਰੀਖ਼ 30 ਜੂਨ ਸੀ। ਡਾ. ਸਾਹਿਬ ਸਾਰੇ ਥੀਸਸ ਨੂੰ ਫੇਰ ਪੜ੍ਹਨਾ ਚਾਹੁੰਦੇ ਸਨ ਅਤੇ ਉਨ੍ਹਾਂ ਕਿਹਾ, "ਤੁਸੀਂ ਬੱਲ ਸਾਹਿਬ ਨੂੰ ਨਾਲ ਲੈ ਕੇ ਡਾ. ਜੌਹਲ ਨੂੰ ਘਰ ਜਾ ਕੇ ਮਿਲੋ ਅਤੇ ਦੱਸੋ ਕਿ ਤੁਹਾਨੂੰ ਛੇ ਮਹੀਨੇ ਦੀ ਸਪੈਸ਼ਲ ਐਕਸਟੈਂਸ਼ਨ ਦੇ ਦੇਣ, ਨਹੀਂ ਤਾਂ ਤੁਹਾਨੂੰ ਰੀ-ਰਜਿਸਟਰੇਸ਼ਨ ਕਰਾਉਣੀ ਪਵੇਗੀ।" ਮੈਂ ਆਪਣੇ ਪਤੀ ਗੁਰਦਿਆਲ ਬੱਲ ਨੂੰ ਨਾਲ ਲੈ ਕੇ ਜੌਹਲ ਸਾਹਿਬ ਦੀ ਰਿਹਾਇਸ਼ 'ਤੇ ਗਈ। ਉਨ੍ਹਾਂ ਨੇ ਸਾਨੂੰ ਘਰ ਵਾਲੇ ਦਫ਼ਤਰ ਵਿਚ ਬੈਠਾਇਆ, ਗੱਲਾਂ ਕੀਤੀਆਂ, ਚਾਹ ਪਿਲਾਈ ਅਤੇ ਬੋਲੇ, "ਉਹ ਤੁਹਾਡੇ ਗਾਈਡ ਹਨ, ਤੁਹਾਨੂੰ ਕੋਅਪਰੇਟ ਕਰਨ। ਜੇ ਲੋੜ ਪਈ ਤਾਂ ਮੈਂ ਤੁਹਾਨੂੰ ਸਪੈਸ਼ਲ ਪਰਮਿਸ਼ਨ ਦੇ ਦਿਆਂਗਾ ਪਰ ਉਨ੍ਹਾਂ ਨੂੰ ਕਹੋ ਮੇਰੇ ਨਾਲ ਆਪ ਗੱਲ ਕਰਨ।" ਮੈਂ ਡਾ. ਸਾਹਿਬ ਨੂੰ ਗੱਲ ਕਰਨ ਲਈ ਕਿਹਾ। ਦੋ ਕੁ ਦਿਨ ਬਾਅਦ ਉਨ੍ਹਾਂ ਨੇ ਮਨ ਬਦਲ ਲਿਆ ਅਤੇ ਬੋਲੇ, "ਗੱਲ ਕੀ ਕਰਨੀ ਹੈ ਬੀਬਾ ਜੀ, ਤੁਸੀਂ ਥੀਸਸ ਸਬਮਿਟ ਕਰ ਦਿਉ।" ਥੀਸਸ ਸਬਮਿਟ ਕਰਨ ਤੇ ਆਮ ਤੌਰ ਤੇ ਤਿੰਨ ਮਹੀਨੇ ਦੇ ਵਿਚ ਵਿਚ ਚੈਕ ਹੋ ਜਾਂਦਾ ਹੈ ਪਰ ਮੇਰੇ ਥੀਸਸ ਦੀ ਕੋਈ ਉਘ-ਸੁਘ ਨਹੀਂ ਸੀ। ਹੋਇਆ ਇਸ ਤਰ੍ਹਾਂ ਕਿ ਡਾ. ਨਿਰਾਕਾਰੀ ਨੇ ਫ਼ਿਲਾਸਫ਼ੀ ਦੇ ਮੁਖੀ ਵਜੋਂ ਦਸਤਖ਼ਤ ਕਰਨੇ ਸਨ ਪਰ ਗਰਮੀ ਦੀਆਂ ਛੁਟੀਆਂ ਕਾਰਨ ਮੈਨੂੰ ਵਿਭਾਗ ਵਿਚ ਲੱਭੇ ਨਾ। ਮੈਂ ਡੇਟ ਬਾਉਂਡ ਸੀ। ਸੋ, ਡਾ. ਬਲਕਾਰ ਸਿੰਘ ਕਿਉਂਕਿ ਉਸੇ ਫੈਕਲਟੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਸਨ, ਇਸ ਲਈ ਮੁਖੀ ਦੇ ਦਸਤਖਤ ਕਰ ਦਿੱਤੇ। ਪਰੀਖਿਆ ਪੀ.ਵੀ.ਸੀ ਡਾ. ਚੋਪੜਾ ਦੇ ਅੰਡਰ ਸੀ ਜੋ ਡਾ. ਜੌਹਲ ਨਾਲ ਵਿਚੋ-ਵਿਚ ਲਗਦਾ ਸੀ ਅਤੇ ਡਾ. ਬਲਕਾਰ ਸਿੰਘ ਦੀ ਡਾ. ਜੌਹਲ ਨਾਲ ਠੀਕ ਬਣਦੀ ਸੀ। ਪੀ.ਵੀ.ਸੀ ਨੇ ਮੇਰੀ ਫਾਈਲ ਨੌਂ ਦਸ ਮਹੀਨੇ ਰੋਕੀ ਰੱਖੀ। ਮੈਂ ਬਹੁਤ ਪ੍ਰੇਸ਼ਾਨ ਹੋ ਗਈ। ਇੱਕ ਦਿਨ ਕਿਸੇ ਮੀਟਿੰਗ ਵਿਚ ਡਾ. ਜੌਹਲ ਨਾਲ ਡਾ. ਬਲਕਾਰ ਸਿੰਘ ਦੀ ਮੁਲਾਕਾਤ ਹੋਈ ਤਾਂ ਬੋਲੇ, "ਡਾ. ਸਾਹਿਬ ਨੌਂ ਦਸ ਮਹੀਨੇ ਹੋ ਗਏ ਗੁਰਨਾਮ ਕੌਰ ਦੀ ਫਾਈਲ ਰੁਕੀ ਨੂੰ। ਕੁੜੀ ਹੈ ਨਾ, ਕੁਝ ਕਹਿ ਨਹੀਂ ਸਕਦੀ। ਮੇਰੀ ਫਾਈਲ ਰੋਕ ਕੇ ਦਿਖਾਉਂਦੇ ਤਾਂ ਡਾ. ਚੋਪੜਾ?" ਡਾ. ਜੌਹਲ ਨੂੰ ਬੜੀ ਹੈਰਾਨੀ ਹੋਈ ਅਤੇ ਉਹ ਗੁੱਸੇ ਵੀ ਹੋਏ ਕਿ ਏਨੀ ਦੇਰ ਤੋਂ ਦੱਸਿਆ ਕਿਉਂ ਨਹੀਂ? ਖੈਰ! ਉਨ੍ਹਾਂ ਨੇ ਆਰਡਰ ਕਰਕੇ ਫਾਈਲ ਇੱਕਦਮ ਆਪਣੇ ਕੋਲ ਮੰਗਵਾ ਲਈ ਅਤੇ ਪਰੀਖਿਅਕ ਲਾ ਦਿੱਤੇ। ਜਿਹੜੀ ਡਿਗਰੀ 1985 ਵਿਚ ਹੋ ਜਾਣੀ ਸੀ ਉਹ ਪੂਰੇ ਸਾਲ ਬਾਅਦ 1986 ਵਿਚ ਹੋਈ। ਰਿਪੋਰਟਾਂ ਖੁਲ੍ਹੀਆਂ ਅਤੇ ਵਾਈਵਾ ਦੀ ਤਰੀਕ ਰੱਖ ਦਿੱਤੀ। ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਹਾਲਾਤ ਬਹੁਤ ਖਰਾਬ ਸਨ। ਹਰ ਦੂਜੇ ਦਿਨ ਕਰਫਿਊ ਜਾਂ ਹੜਤਾਲ ਦਾ ਸਿਲਸਿਲਾ ਚਲਦਾ ਰਹਿੰਦਾ ਸੀ। ਬੜੇ ਔਖੇ ਡਾ. ਦੀਵਾਨ ਸਿੰਘ ਵਾਈਵਾ ਲੈਣ ਅੰਮ੍ਰਿਤਸਰ ਤੋਂ ਪਹੁੰਚੇ, ਨਾਲ ਉਨ੍ਹਾਂ ਦੀ ਧਰਮ ਪਤਨੀ ਅਤੇ ਲੜਕਾ ਵੀ ਆਏ। ਉਨ੍ਹਾਂ ਦਿਨਾਂ ਵਿਚ ਕਿਸੇ ਦਾ ਵੀ ਹੌਂਸਲਾ ਨਹੀਂ ਸੀ ਪੈਂਦਾ ਪਰਿਵਾਰਕ ਮੈਂਬਰ ਨੂੰ ਇਕੱਲਿਆਂ ਭੇਜਣ ਦਾ। ਵਾਈਵਾ ਲੈਣ ਤੋਂ ਬਾਅਦ ਡਾ. ਦੀਵਾਨ ਸਿੰਘ ਬੋਲੇ, "ਗੁਰਨਾਮ ਹੁਣ ਫਾਰਮੈਲਟੀ ਪੂਰੀ ਹੋ ਗਈ। ਆਪਾਂ ਆਫ ਦੀ ਰਿਕਾਰਡ ਗੱਲ ਕਰੀਏ। ਜਿਸ ਵਿਚਾਰ ਜਾਂ ਰੀਜਨ ਦਾ ਗੁਰੂ ਸਾਹਿਬ ਦੀ ਬਾਣੀ ਵਿਚ ਚਰਚਾ ਮਿਲਦਾ ਹੈ ਕੀ ਤੂੰ ਉਹ ਗੁਰੂ ਸਾਹਿਬ ਦੇ ਇਨ੍ਹਾਂ ਅੱਜ ਦੇ ਪੈਰੋਕਾਰਾਂ ਨੂੰ ਸਿਖਾ ਸਕਦੀ ਹੈਂ?" ਇਸ ਪ੍ਰਸ਼ਨ ਦਾ ਮੇਰੇ ਕੋਲ ਕੋਈ ਉਤਰ ਨਹੀਂ ਸੀ। ਸਿੱਖ ਧਰਮ ਅਧਿਐਨ ਦੇ ਪਰੀਖਿਅਕ ਡਾ. ਦੀਵਾਨ ਸਿੰਘ ਸਨ ਅਤੇ ਫ਼ਿਲਾਸਫ਼ੀ ਦੇ ਪੱਖ ਤੋਂ ਡਾ. ਬੈਨਰਜੀ ਜੋ ਉਸ ਵੇਲੇ ਵਰਧਮਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ। ਦੋਹਾਂ ਪਰੀਖਿਅਕਾਂ ਨੇ ਥੀਸਸ ਨੂੰ ਹੂ-ਬ-ਹੂ ਛਾਪਣ ਦੀ ਸਿਫ਼ਾਰਸ਼ ਕੀਤੀ ਸੀ। ਹਫਤੇ ਕੁ ਬਾਅਦ 'ਕੌਸਮੋ ਪਬਲੀਕੇਸ਼ਨ, ਦਿੱਲੀ' ਤੋਂ ਫ਼ਿਲਾਸਫ਼ੀ ਵਿਭਾਗ ਦੇ ਪਤੇ ਤੇ ਮੈਨੂੰ ਇੱਕ ਚਿੱਠੀ ਮਿਲੀ ਕਿ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਇਸ ਕਿਸਮ ਦਾ ਕੰਮ ਅੰਗਰੇਜ਼ੀ ਵਿਚ ਕੀਤਾ ਹੈ ਅਸੀਂ ਉਸ ਨੂੰ ਛਾਪਣਾ ਚਾਹੁੰਦੇ ਹਾਂ। ਉਸ ਤੋਂ ਥੋੜੇ ਦਿਨਾਂ ਬਾਅਦ ਰੀਡਰ ਦੀ ਰੈਗੂਲਰ ਪੋਸਟ ਵਾਸਤੇ ਇੰਟਰਵਿਊ ਸੀ ਜਿਸ ਵਿਚ ਡਾ. ਵਜ਼ੀਰ ਸਿੰਘ ਜੋ ਉਸ ਵੇਲੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਦੇ ਮੁਖੀ ਸਨ ਅਤੇ ਡਾ. ਅਵਤਾਰ ਸਿੰਘ ਡੀਨ ਦੇ ਤੌਰ 'ਤੇ ਬੈਠੇ। ਮੇਰੀ ਇੰਟਰਵਿਊ ਬਹੁਤ ਅੱਛੀ ਹੋਈ ਅਤੇ ਮੈਂ ਚੁਣੀ ਗਈ। ਵਾਈਸ ਚਾਂਸਲਰ ਡਾ. ਭਗਤ ਸਿੰਘ, ਡਾ. ਵਜ਼ੀਰ ਸਿੰਘ ਵੱਲ ਮੂੰਹ ਕਰਕੇ ਬੋਲੇ, "ਤੁਸੀਂ ਇਨ੍ਹਾਂ ਦੇ ਟੇਲੈਂਟ ਦਾ ਫਾਇਦਾ ਟੀਚਿੰਗ ਵਿਚ ਕਿਉਂ ਨਹੀਂ ਉਠਾਉਂਦੇ, ਏਨੀ ਇੰਟੈਲੀਜੈਂਟ ਕੁੜੀ ਹੈ।"

ਡਾ. ਵਜ਼ੀਰ ਸਿੰਘ ਇੱਕਦਮ ਬਚਣ ਲਈ ਡਾ. ਅਵਤਾਰ ਸਿੰਘ ਵੱਲ ਮੂੰਹ ਕਰਕੇ ਬੋਲੇ, "ਡਾ. ਅਵਤਾਰ ਸਿੰਘ ਤੁਸੀਂ ਗੁਰਨਾਮ ਹੋਰਾਂ ਨੂੰ ਫ਼ਿਲਾਸਫ਼ੀ ਵਿਚ ਕੋਈ ਪੀਰੀਅਡ ਕਿਉਂ ਨਹੀਂ ਪੜ੍ਹਾਉਣ ਲਾਇਆ?"

ਅਕਾਦਮਿਕਤਾ ਵਿਚ ਇਹੋ ਜਿਹੀਆਂ ਕਈ ਕਿਸਮ ਦੀਆਂ ਮੁਸ਼ਕਿਲਾਂ ਨਾਲ ਕੁੜੀਆਂ ਨੂੰ ਸਿਰਫ ਕੁੜੀਆਂ ਹੋਣ ਕਰਕੇ ਜੂਝਣਾ ਪੈਂਦਾ ਹੈ ਜਿਨ੍ਹਾਂ ਦਾ ਮੈਂ ਉਪਰ ਜ਼ਿਕਰ ਕੀਤਾ ਹੈ।

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਜਿਵੇਂ ਆਪਾਂ ਕਿਸੇ ਦੀ ਚੀਜ਼ ਉਪਰ ਆਸ ਲਗਾਈ ਬੈਠੇ ਹਾਂ-ਦੂਸਰਾ ਵੀ ਉਵੇਂ ਹੀ ਆਪਣੀ ਚੀਜ਼ ਬਾਰੇ ਸੋਚ ਰਿਹਾ ਹੁੰਦਾ ਹੈ।

(2) ਇੱਕ ਵਾਰੀ ਮਿਲਿਆ ਮੌਕਾ ਵਾਰ ਵਾਰ ਨਹੀਂ ਆਉਂਦਾ ਅਤੇ ਦੁਬਾਰਾ ਆਉਣ ਵਾਲਾ ਮੌਕਾ ਪਹਿਲਾਂ ਵਰਗਾ ਨਹੀਂ ਹੋਵੇਗਾ।

(3) ਹਾਂ-ਪੱਖੀ ਸੋਚ ਵਾਲਿਆਂ ਲਈ ਹਾਰ ਵੀ ਜਿੱਤ ਦਾ ਸਾਧਨ ਬਣ ਸਕਦੀ ਹੈ।

(4) ਜ਼ਿਆਦਾ ਦ੍ਰਿਸ਼ਟੀਕੋਣ ਆਪਣੀ ਮੁਢਲੀ ਉਮਰ ਵਿਚ ਹੀ ਰੂਪ ਧਾਰਦੇ ਹਨ।

(5) ਜਿਹੜੀ ਸਰਕਾਰ ਜਾਂ ਸਿਆਸੀ ਪਾਰਟੀ ਦਾ ਮਾਹੌਲ ਭ੍ਰਿਸ਼ਟ ਹੁੰਦਾ ਹੈ ਉਥੇ ਇਮਾਨਦਾਰ ਬੰਦੇ ਵਾਸਤੇ ਜ਼ਿੰਦਗੀ ਜਿਉਣੀ ਔਖੀ ਹੈ।

(6) ਸੱਚ ਨਾਲ ਭਰੇ ਮਾਹੌਲ ਵਿਚ ਬੇਈਮਾਨ ਲਈ ਸਮਾਂ ਲੰਘਾਉਣਾ ਔਖਾ ਹੁੰਦਾ ਹੈ।

(7) ਚੰਗੇ ਮਾਹੌਲ ਵਿਚ ਇਕ ਮਾਮੂਲੀ ਮੁਲਾਜ਼ਮ ਦੀ ਕੰਮ ਕਰਨ ਦੀ ਸ਼ਕਤੀ ਵੱਧ ਜਾਂਦੀ ਹੈ ਜਦਕਿ ਭੈੜੇ ਮਾਹੌਲ 'ਚ ਚੰਗੇ ਮੁਲਾਜ਼ਮ ਦੀ ਕਾਰਜ ਸ਼ਕਤੀ ਥੱਲੇ ਡਿੱਗ ਜਾਂਦੀ ਹੈ।

(8) ਜਿੱਥੇ ਕਾਨੂੰਨ ਦੀ ਉਲੰਘਣਾ ਹੀ ਕਾਨੂੰਨ ਬਣ ਜਾਵੇ ਉਥੇ ਇਮਾਨਦਾਰ ਬੰਦੇ ਵੀ-ਧੋਖੇਬਾਜ਼, ਕਪਟੀ, ਚੋਰ, ਬਦਮਾਸ਼ ਬਣ ਜਾਂਦੇ ਹਨ।

(9) ਸਿੱਖਿਆ ਦਾ ਤਾਂ ਇਹ ਫਰਜ਼ ਹੈ ਕਿ ਉਹ ਚੰਗੀ ਜ਼ਿੰਦਗੀ ਬਣਾਉਣਾ ਹੀ ਨਹੀਂ ਸਗੋਂ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਜਿਉਣਾ ਵੀ ਸਿਖਾਵੇ।

(10) ਜੋ ਚੀਜ਼ ਆਸਾਨੀ ਨਾਲ ਪਛਾਣੀ ਜਾਂਦੀ ਹੈ ਉਹ ਨਜ਼ਰਅੰਦਾਜ਼ ਵੀ ਛੇਤੀ ਹੁੰਦੀ ਹੈ।

(11) ਸਿੱਖਾਂ ਨੂੰ ਚੰਗੇ ਖੋਜੀ ਬਣਨ ਅਤੇ ਬੱਚਿਆਂ ਨੂੰ ਚੰਗੇ ਖੋਜੀ ਬਣਾਉਣ ਦੀ ਲੋੜ ਹੈ।

(12) ਪੰਥਕ ਮਸਲਿਆਂ ਵਿਚ ਲੋਕਾਂ ਕੋਲੋਂ ਪੈਸੇ ਲੈਣਾ ਸੋਨੇ ਦੀ ਖਾਨ ਖੋਦਣ ਬਰਾਬਰ ਹੈ।

(13) ਕਈ ਵਾਰ ਆਪਾਂ-ਲੋਕਾਂ ਵਿਚੋਂ ਅਤੇ ਹਾਲਾਤ ਵਿਚੋਂ ਗਲਤੀਆਂ ਲੱਭਣ ਦੇ ਇੰਨੇ ਆਦੀ ਹੋ ਜਾਂਦੇ ਹਾਂ ਕਿ ਕੀ ਠੀਕ ਹੈ ਇਸ ਬਾਰੇ ਸੋਚਣਾ ਹੀ ਭੁੱਲ ਜਾਂਦੇ ਹਾਂ।

(14) ਨਾਂਹ ਪੱਖੀ ਸੋਚ ਵਾਲੇ ਬੰਦੇ ਹਮੇਸ਼ਾ ਨੁਕਸ ਹੀ ਕੱਢਦੇ ਰਹਿੰਦੇ ਹਨ।

(15) ਯਾਦ ਰੱਖੋ ਕਿ ਜਦ ਤੁਸੀਂ ਸੋਨੇ ਦੀ ਤਲਾਸ਼ ਕਰੋਗੇ ਤਾਂ ਤੁਹਾਨੂੰ ਕਈ ਮਣ ਮਿੱਟੀ ਇਕ ਗ੍ਰਾਮ ਸੋਨੇ ਵਾਸਤੇ ਹਟਾਉਣੀ ਪਵੇਗੀ।

(16) ਹਿੰਮਤਾਂ ਵਾਲਿਆਂ ਕੋਲ ਦੁਨੀਆਂ ਭੱਜ ਭੱਜ ਜਾਂਦੀ ਹੈ।

(17) ਬੰਦ ਘੜੀ ਵੀ ਦਿਨ ਵਿਚ ਦੋ ਵਾਰ ਠੀਕ ਸਮਾਂ ਦੱਸਦੀ ਹੈ।

(18) ਇੰਨੇ ਮਜ਼ਬੂਤ ਬਣੋ ਕਿ ਕੋਈ ਵੀ ਤੁਹਾਡੀ ਮਾਨਸਿਕ ਸ਼ਾਂਤੀ ਭੰਗ ਨਾ ਕਰ ਸਕੇ।

(19) ਆਪਣੀ ਚੰਗੀ ਸਿਹਤ, ਖੁਸ਼ਹਾਲੀ, ਤਰੱਕੀ ਬਾਰੇ ਹਰ ਉਸ ਬੰਦੇ ਨਾਲ ਗੱਲ ਕਰੋ ਜੋ ਤੁਹਾਨੂੰ ਚੰਗੀ ਤਰ੍ਹਾਂ ਜਾਣਦਾ ਹੈ, ਤਾਂ ਕਿ ਉਹ ਵੀ ਸਮਾਜ ਵਿਚ ਹੋਰ ਚੰਗਾ ਬਣ ਸਕੇ।

(20) ਆਪਣੇ ਦੋਸਤਾਂ ਨੂੰ ਵੀ ਇਹ ਅਹਿਸਾਸ ਕਰਵਾਉਂਦੇ ਰਹੋ ਕਿ ਉਨ੍ਹਾਂ ਵਿਚ ਵੀ ਕੁਝ ਕਰ ਸਕਣ ਦੀ ਸ਼ਕਤੀ ਮੌਜੂਦ ਹੈ।

(21) ਦੂਸਰਿਆਂ ਦੀ ਸਫਲਤਾ ਉਤੇ ਵੀ ਉਸੇ ਤਰ੍ਹਾਂ ਪ੍ਰਸੰਨਤਾ ਜ਼ਾਹਿਰ ਕਰੋ ਜਿਵੇਂ ਤੁਸੀਂ ਆਪਣੀ ਸਫਲਤਾ ਉਤੇ ਕਰਦੇ ਹੋ।

(22) ਅਤੀਤ ਦੀਆਂ ਗਲਤੀਆਂ ਨੂੰ ਭੁੱਲ ਜਾਉ ਅਤੇ ਭਵਿੱਖ ਦੀਆਂ ਮਹਾਨ ਉਪਲਬਧੀਆਂ ਉਤੇ ਜ਼ਿਆਦਾ ਧਿਆਨ ਦਿਉ।

(23) ਆਪਣੇ ਆਪ ਨੂੰ ਸੁਧਾਰਨ ਲਈ ਜ਼ਿਆਦਾ ਵਕਤ ਕੱਢੋ ਤਾਂ ਜੋ ਦੂਸਰਿਆਂ ਦੀ ਨੁਕਤਾਚੀਨੀ ਕਰਨ ਦੀ ਤੁਹਾਡੇ ਕੋਲ ਵਿਹਲ ਹੀ ਨਾ ਹੋਵੇ।

(24) ਆਪਣੀਆਂ ਚੰਗਿਆਈਆਂ ਨੂੰ ਗਿਣੋ ਨਾ ਕਿ ਮੁਸੀਬਤਾਂ ਨੂੰ।

(25) ਸਾਡੇ ਕੋਲ ਜੋ ਚੀਜ਼ਾਂ ਨਹੀਂ ਹੁੰਦੀਆਂ ਅਸੀਂ ਉਸ ਬਾਰੇ ਸ਼ਿਕਾਇਤ ਕਰਨ ਵਿਚ ਇੰਨੇ ਖੁੱਭ ਜਾਂਦੇ ਹਾਂ ਕਿ ਸਾਨੂੰ ਉਹ ਸਭ ਦਿਖਣਾ ਬੰਦ ਹੋ ਜਾਂਦਾ ਹੈ ਜੋ ਸਾਡੇ ਕੋਲ ਹੈ।

(26) ਅਕਲਮੰਦੀ ਦਾ ਦੂਜਾ ਨਾਂ-ਕਿਸੇ ਗੱਲ ਨੂੰ ਛੇਤੀ ਸਿੱਖ ਲੈਣਾ ਹੈ।

(27) ਕਿਸੇ ਚੀਜ਼ ਦੀ ਚਾਹਤ ਹੀ ਕਿਸੇ ਮਾਹਿਰ ਬੰਦੇ ਨੂੰ ਸਮਰਥਾ ਲਈ ਤਿਆਰ ਕਰਦੀ ਹੈ।

(28) ਇੱਕ ਮਾਹਿਰ ਬੰਦਾ ਉਹੀ ਹੁੰਦਾ ਹੈ ਜੋ ਤੁਹਾਡੇ ਪ੍ਰਸ਼ਨਾਂ ਦੇ ਸਹੀ ਉਤਰ ਦਿੰਦਾ ਹੈ।

(29) ਗਿਆਨ ਦੀ ਕੀਮਤ ਹਰ ਸਾਲ ਵੱਧ ਜਾਂਦੀ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਬੁੱਧ ਸਿੰਘ ਪਹਿਲਵਾਨ:ਪਹਿਲੇ ਗੋਲਡ ਮੈਡਲ ਤੱਕ

## ਚੱਲ ਸੋ ਚੱਲ

**ਸੁਰਿੰਦਰ ਸੋਹਲ**

ਸ. ਪੂਰਨ ਸਿੰਘ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ। ਤਿੰਨ ਪੁੱਤਰਾਂ ਨੂੰ ਬਹੁਤ ਛੋਟੀ ਉਮਰ ਵਿਚ ਹੀ ਅਚਿੰਤੇ ਪਏ ਬਾਜ਼ਾਂ ਨੇ ਆਪਣੀ ਲਪੇਟ ਵਿਚ ਲੈ ਲਿਆ। ਇਹ ਗੱਲਾਂ 1947 ਤੋਂ ਪਹਿਲਾਂ ਦੀਆਂ ਹਨ। ਪੂਰਨ ਸਿੰਘ ਹੋਰਾਂ ਦਾ ਇਕੋ ਇਕ ਪੁੱਤਰ ਹੀ ਬਚਿਆ, ਸ. ਕਰਮ ਸਿੰਘ। ਪੂਰਨ ਸਿੰਘ ਤੇ ਉਸਦੀ ਪਤਨੀ ਕਰਮ ਸਿੰਘ ਵਿਚੋਂ ਹੀ ਚਾਰਾਂ ਪੁੱਤਰਾਂ ਨੂੰ ਦੇਖਦੇ ਸਨ। ਅੰਦਰੇ ਅੰਦਰ ਪੂਰਨ ਸਿੰਘ ਨੂੰ ਪਈਆਂ ਤਿੰਨ ਵੱਡੀਆਂ ਸੱਟਾਂ ਨੇ ਤੋੜ ਦਿੱਤਾ ਸੀ, ਪਰ ਉਸਦੀ ਆਸ ਕਰਮ ਸਿੰਘ 'ਤੇ ਸੀ। ਉਸਨੂੰ ਦੇਖ ਕੇ ਉਸਦੇ ਅੰਦਰ ਨਵੀਂ ਰੂਹ ਭਰ ਹੋ ਜਾਂਦੀ। ਚਾਰੇ ਦਿਸ਼ਾਵਾਂ ਜਿਵੇਂ ਇਕੋ ਦਿਸ਼ਾ ਵਿਚ ਹੀ ਸਿਮਟ ਗਈਆਂ ਸਨ। ਉਹ ਸੀ ਕਰਮ ਸਿੰਘ। ਪੂਰਨ ਸਿੰਘ ਨੇ ਕਰਮ ਸਿੰਘ ਸਿਹਤ ਦਾ ਧਿਆਨ ਰੱਖਣ ਦੀ ਪ੍ਰੇਰਨਾ ਦੇਣੀ ਸ਼ੁਰੂ ਕੀਤੀ। ਇਹ ਪ੍ਰੇਰਨਾ ਕਰਮ ਸਿੰਘ ਨੂੰ ਪਹਿਲਵਾਨੀ ਵਲ ਲੈ ਤੁਰੀ।

1947 ਤੋਂ ਬਾਦ ਪੂਰਨ ਸਿੰਘ ਆਪਣੀ ਪਤਨੀ ਅਤੇ ਪੁੱਤਰ ਕਰਮ ਸਿੰਘ ਅਤੇ ਨੂੰਹ ਦਿਲਾਵਰ ਕੌਰ ਸਮੇਤ ਹਿੰਦੋਸਤਾਨ ਆ ਗਿਆ। ਉਨ੍ਹਾਂ ਦੀ ਜ਼ਮੀਨ ਅੰਬਾਲੇ ਨੇੜੇ ਪਿੰਡ ਗਰਨਾਲਾ ਵਿਚ ਪੈ ਗਈ। ਕਰਮ ਸਿੰਘ ਦੇ ਪਰਿਵਾਰ ਵਿਚ ਵਾਧਾ ਹੋਇਆ। ਘਰ ਵਿਚ ਰੌਣਕਾਂ ਲੱਗਣ ਲੱਗੀਆਂ। 7 ਨਵੰਬਰ 1956 ਨੂੰ ਬੁੱਧ ਸਿੰਘ ਦਾ ਜਨਮ ਪਿੰਡ ਗਰਨਾਲਾ ਵਿਚ ਹੋਇਆ। ਤਿੰਨਾਂ ਭਰਾਵਾਂ ਵਿਚੋਂ ਬੁੱਧ ਸਿੰਘ ਵਿਚਕਾਰਲਾ ਹੈ। ਕਰਮ ਸਿੰਘ ਦਾ ਪਰਿਵਾਰ ਵਧ ਰਿਹਾ ਸੀ। ਪੂਰਨ ਸਿੰਘ ਅਤੇ ਉਸਦੀ ਪਤਨੀ ਨੂੰ ਇੰਜ ਲੱਗ ਰਿਹਾ ਸੀ, ਜਿਵੇਂ ਅਚਿੰਤੇ ਪਏ ਬਾਜ਼ਾਂ ਦਾ ਸ਼ਿਕਾਰ ਹੋਏ ਉਨ੍ਹਾਂ ਦੇ ਪੁੱਤਰ ਇਕ ਇਕ ਕਰਕੇ ਪਰਮਾਤਮਾ ਦੇ ਘਰੋਂ ਵਾਪਸ ਪਰਤ ਰਹੇ ਹੋਣ।

ਬੁੱਧ ਸਿੰਘ ਦੀ ਉਮਰ ਤਿੰਨ ਸਾਲ ਦੀ ਜਦੋਂ ਉਨ੍ਹਾਂ ਦੇ ਪਿਤਾ ਕਰਮ ਸਿੰਘ ਨੇ ਗਰਨਾਲਾ ਵਾਲੀ ਜ਼ਮੀਨ ਵੇਚ ਕੇ ਪਿੰਡ ਭੁੱਟਾ ਵਿਚ ਜ਼ਮੀਨ ਲੈ ਲਈ।

ਬਚਪਨ ਤੋਂ ਹੀ ਦਾਦੀ ਬੱਚਿਆਂ ਨੂੰ ਰੱਜਵਾਂ ਖਵਾਉਂਦੀ। ਘਿਉ ਦੇ ਪੀਪੇ ਮੁੱਕਣ ਨਾ ਦਿੰਦੀ। ਮੱਖਣ ਦੇ ਕੁੱਜੇ ਭਰ ਭਰ ਰੱਖਦੀ। ਕਾਂਸੀ ਦੇ ਭਾਂਡੇ ਵਿਚ ਮਾਂਹ ਤੇ ਘਿਉ ਪੱਕਣੇ ਰੱਖ ਦਿੰਦੀ। ਸ਼ਾਮ ਤੱਕ ਮਾਂਹਾਂ ਵਿਚ ਘਿਉ ਰਚਦਾ ਜਾਂਦਾ। ਤੁੜਕਾ ਲਗਾ ਕੇ ਗਰਮ ਗਰਮ ਖ਼ੁਰਾਕ ਖੁਆਉਂਦੀ। ਜਿਹੜਾ ਭਰਾ ਆਈ ਜਾਂਦਾ, ਦਾਦੀ ਉਸਨੂੰ ਰਜਾਈ ਜਾਂਦੀ।

ਕਰਮ ਸਿੰਘ ਪਹਿਲਵਾਨੀ ਦੇ ਨਾਲ ਨਾਲ ਖੇਤੀ ਵੀ ਕਰਦਾ ਸੀ। ਖੂਹ 'ਤੇ ਅਖਾੜਾ ਬਣਿਆ ਹੋਇਆ ਸੀ। ਨਵੇਂ ਨਵੇਂ ਪਹਿਲਵਾਨ ਜ਼ੋਰ ਕਰਨ ਆਉਂਦੇ। ਖੁੱਲ੍ਹਾ ਖਾਣ-ਪੀਣ ਚਲਦਾ।

ਬੁੱਧ ਤੋਂ ਵੱਡਾ ਛੇਤੀ ਪੜ੍ਹਨੋਂ ਹਟ ਗਿਆ ਸੀ। ਕਰਮ ਸਿੰਘ ਚਾਹੁੰਦਾ ਸੀ, ਬੁੱਧ ਪੜ੍ਹ ਜਾਵੇ। ਬੁੱਧ ਛੇਵੀਂ ਵਿਚ ਪੜ੍ਹਦਾ ਸੀ, ਜਦੋਂ ਵੱਡੇ ਭਰਾ ਦਾ ਵਿਆਹ ਆ ਗਿਆ।

ਰਿਸ਼ਤੇਦਾਰਾਂ ਦੀ ਖ਼ਾਤਿਰਦਾਰੀ ਕਰਨ ਵਾਸਤੇ ਖੂਹ 'ਤੇ ਹੀ ਭੱਠੀ ਲਾ ਲਈ। ਬੁੱਧ ਸਕੂਲੋਂ ਪੜ੍ਹ ਕੇ ਆਉਂਦਾ, ਬਸਤਾ ਖੂੰਜੇ ਵਿਚ ਸੁੱਟ ਕੇ ਖੂਹ ਨੂੰ ਦੌੜ ਜਾਂਦਾ। ਭੱਠੀ ਦੁਆਲੇ ਪੈਲਾਂ ਪਾਉਂਦੇ ਬੰਦੇ ਦੇਖ ਕੇ ਬੁੱਧ ਨੂੰ ਵੀ ਸਰੂਰ ਆਉਣ ਲੱਗ ਪੈਂਦਾ ਸੀ। ਨਿਕਲਦੀ ਨਿਕਲਦੀ ਗਰਮ ਗਰਮ ਦਾਰੂ ਛੰਨੇ ਵਿਚ ਪਾ ਕੇ ਬੁੱਧ ਨੂੰ ਵੀ ਦੇ ਦਿੰਦੇ। ਉਹ ਸੋਤੇ ਪਏ ਖੂਹ ਤੋਂ ਮੁੜਦੇ। ਚੁਪ-ਚੁਪੀਤਾ ਬੁੱਧ ਲੰਮਾ ਪੈ ਜਾਂਦਾ। ਸਵੇਰੇ ਉਠ ਕੇ ਸਕੂਲੇ ਚਲਾ ਜਾਂਦਾ ਤੇ ਸਕੂਲੋਂ ਆ ਕੇ ਖੂਹ ਨੂੰ ਦੌੜ ਜਾਂਦਾ। ਇਸੇ ਤਰ੍ਹਾਂ ਸਿਲਸਿਲਾ ਚਲਦਾ ਰਿਹਾ। ਵੱਡੇ ਭਰਾ ਦਾ ਵਿਆਹ ਹੋ ਗਿਆ।

ਬੁੱਧ ਨਿਆਣਾ ਸੀ। ਏਨੀ ਤੇਜ਼ ਸ਼ਰਾਬ ਦਾ ਅਸਰ ਸੀ ਜਾਂ ਕੋਈ ਕੁਦਰਤੀ ਹੀ ਅਹੁਰ ਬੈਠ ਗਈ। ਇਕ ਦਿਨ ਉਸ ਦੇ ਜ਼ੋਰਦਾਰ ਨਕਸੀਰ ਫੁੱਟ ਪਈ। ਲੰਮਾ ਪੈਂਦਾ ਤਾਂ ਖ਼ੂਨ ਮੂੰਹ ਥਾਣੀਂ ਆਉਂਦਾ। ਖੜ੍ਹਾ ਹੁੰਦਾ ਤਾਂ ਨੱਕ ਥਾਣੀਂ। ਘਰਦਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸਨੂੰ ਚੁੱਕ ਕੇ ਹਸਪਤਾਲ ਲੈ ਗਏ। ਉਹ ਕਈ ਦਿਨ ਹਸਪਤਾਲ ਰਿਹਾ। ਉਸ ਵਕਤ ਨੂੰ ਯਾਦ ਕਰਕੇ ਬੁੱਧ ਸਿੰਘ ਹਲਕਾ ਜਿਹਾ ਹਸ ਕੇ ਆਖਦਾ ਹੈ-ਸਮਝ ਲਉ ਅਗਲੇ ਪਾਸਿਉਂ ਹੀ ਮੁੜਿਆ ਸੀ।

ਬੁੱਧ ਦੀ ਸਿਹਤ ਹੀ ਕਮਜ਼ੋਰ ਨਹੀਂ ਸੀ ਹੋਈ, ਉਹ ਪੜ੍ਹਾਈ ਵਿਚ ਵੀ ਕਮਜ਼ੋਰ ਹੋ ਗਿਆ ਸੀ। ਉਹ ਸਤਵੀਂ ਵਿਚ ਤਾਂ ਹੋ ਗਿਆ, ਪਰ ਪੜ੍ਹਨਾ ਭੁੱਲ ਗਿਆ ਸੀ। ਘਰ ਦੇ ਸਕੂਲ ਨੂੰ ਤੋਰ ਦਿੰਦੇ। ਸਕੂਲੋਂ ਡੰਡੇ ਪੈਂਦੇ। ਸਕੂਲੋਂ ਮਾਸਟਰਾਂ ਦਾ ਡਰ, ਘਰੋਂ ਕਰਮ ਸਿੰਘ ਦਾ। ਇਹ ਉਹ ਦਿਨ ਸਨ ਜਦੋਂ ਬੁੱਧ ਸਿੰਘ ਸਕੂਲੋਂ ਭਗੌੜਾ ਹੋ ਗਿਆ। ਉਹ ਆਪਣੇ ਦੋਸਤਾਂ ਨਾਲ ਖੰਨੇ ਫ਼ਿਲਮ ਦੇਖਣ ਚਲਾ ਜਾਂਦਾ। ਖੰਨੇ ਕਰਮ ਸਿੰਘ ਦੇ ਬੇਲੀ ਦੀ ਖਲ਼ ਦੀ ਦੁਕਾਨ ਸੀ, ਸਿਨਮੇ ਦੇ ਕੋਲ। ਉਸਨੇ ਇਕ ਦਿਨ ਬੁੱਧ ਹੋਰਾਂ ਨੂੰ ਦੇਖ ਲਿਆ ਤੇ ਪੁੱਛਿਆ, 'ਕਿਉਂ ਬਈ ਕਿੱਧਰ ਘੁੰਮਦੇ ਫਿਰਦੇ ਓਂ?'

ਬੁੱਧ ਸਿੰਘ ਨੇ ਜਵਾਬ ਦਿੱਤਾ, 'ਬਸ ਓਦਾਂ ਹੀ ਆਏ ਸੀ ਸ਼ਹਿਰ ਘੁੰਮਣ।'

ਬੁੱਧ ਹੋਰੀਂ ਓਥੋਂ ਤੁਰ ਗਏ। ਅਚਾਨਕ ਕਰਮ ਸਿੰਘ ਦੁਕਾਨ 'ਤੇ ਆ ਗਿਆ। ਦੁਕਾਨਦਾਰ ਨੇ ਬੁੱਧ ਹੋਰਾਂ ਬਾਰੇ ਦੱਸ ਦਿੱਤਾ ਕਿ ਉਹ ਸਿਨਮੇ ਵਿਚ ਫਿਰਦੇ ਸੀ।

ਸ਼ਹਿਰੋਂ ਕਰਮ ਸਿੰਘ ਆਇਆ ਤਾਂ ਬੁੱਧ ਘਰ ਹੀ ਸੀ। ਉਸਨੇ ਪੁੱਛਿਆ, 'ਅੱਜ ਕਿੱਧਰ ਗਏ ਸੀਗੇ?'

'ਸਕੂਲੇ ਗਏ ਸੀਗੇ, ਹੋਰ ਕਿੱਥੇ ਜਾਣਾ ਸੀ?'

ਕਰਮ ਸਿੰਘ ਨੇ ਲੋਹੇ ਦਾ ਘੋਟਣਾ ਚੁੱਕ ਲਿਆ। ਬੁੱਧ ਸਿੰਘ ਅੱਗੇ ਅੱਗੇ ਤੇ ਕਰਮ ਸਿੰਘ ਪਿੱਛੇ ਪਿੱਛੇ। ਬੁੱਧ ਸਿੰਘ ਨਵ-ਵਿਆਹੀ ਭਰਜਾਈ ਦੇ ਓਹਲੇ ਹੋ ਗਿਆ। ਸੰਗਦਾ ਕਰਮ ਸਿੰਘ ਓਸ ਪਾਸੇ ਨਾ ਗਿਆ। ਦੂਰੋਂ ਹੀ ਪੁੱਛਿਆ, 'ਦੱਸ ਫਿਰ ਪੜ੍ਹਨੈ ਕਿ ਨਹੀਂ।'



ਬੁੱਧ ਸਿੰਘ

ਬੁੱਧ ਸਿੰਘ ਨੇ ਇੱਕੋ ਜਵਾਬ ਦਿੱਤਾ, 'ਨਈਂ ਮੈਂ ਨਈਂ ਪੜ੍ਹਨਾ।'

ਕਰਮ ਸਿੰਘ ਕਹਿਣ ਲੱਗਾ, 'ਠੀਕ ਹੈ, ਕਿਤਾਬਾਂ ਛੱਡ ਤੇ ਜੁੱਟ ਜਾ ਖੇਤੀ ਵਿਚ।' ਤੇ ਬੁੱਧ ਸਿੰਘ ਖੇਤੀ ਵਿਚ ਮਿੱਟੀ ਨਾਲ ਮਿੱਟੀ ਹੋਣ ਲੱਗ ਪਿਆ।

ਖੂਹ 'ਤੇ ਪੰਜ-ਛੇ ਪਹਿਲਵਾਨ ਜ਼ੋਰ ਕਰਦੇ ਹੁੰਦੇ ਸਨ। ਕਾਲਾ ਕੁੰਭੜੇ ਵਾਲਾ ਵੀ ਹੁੰਦਾ ਸੀ, ਉਨ੍ਹਾਂ ਵਿਚ। ਬੁੱਧ ਸਿੰਘ ਕਦੇ ਪੱਠੇ ਵੱਢ ਰਿਹਾ ਹੁੰਦਾ। ਕਦੇ ਪਸ਼ੂਆਂ ਨੂੰ ਪਾਣੀ ਪਿਲਾ ਰਿਹਾ ਹੁੰਦਾ। ਪਹਿਲਵਾਨਾਂ ਨੂੰ ਜ਼ੋਰ ਕਰਦੇ ਦੇਖ ਦੇਖ ਕੇ ਉਸਦੇ ਅੰਦਰ ਕੁਝ ਟੁੱਟ ਭੱਜ ਹੁੰਦੀ। ਡੌਲੇ ਫਰਕਦੇ। ਪੱਟਾਂ ਦੀਆਂ ਮੱਛੀਆਂ ਹਰਕਤ ਕਰਦੀਆਂ। ਜਦੋਂ ਦਾ ਉਹ ਖੇਤੀ ਕਰਨ ਲੱਗ ਪਿਆ ਸੀ, ਦਾਦੀ ਉਸਦਾ ਧਿਆਨ ਜ਼ਿਆਦਾ ਕਰਨ ਲੱਗ ਪਈ ਸੀ। ਬੁੱਧ ਨੇ ਰਮਾਲੀ ਸਵਾ ਲਈ। ਹਨ੍ਹੇਰੇ ਹਨ੍ਹੇਰੇ ਦੋ ਦਿਨ ਬੈਠਕਾਂ ਲਾਉਂਦਾ ਰਿਹਾ। ਤੀਜੇ ਦਿਨ ਵਿੰਗਾ ਵਿੰਗਾ ਤੁਰੇ ਜਾਂਦੇ ਨੂੰ ਦੇਖ ਕੇ ਕਰਮ ਸਿੰਘ ਨੇ ਪੁੱਛਿਆ, 'ਕੀ ਗੱਲ ਹੋ ਗਈ, ਏਦਾਂ ਤੁਰਦਾਂ?'

ਬੁੱਧ ਨੇ ਕਿਹਾ, 'ਕੁਛ ਵੀ ਤਾਂ ਨਈਂ ਹੋਇਆ?'

ਕਰਮ ਸਿੰਘ ਨੇ ਕਿਹਾ, 'ਬੜਾ ਔਖਾ ਹੋ ਕੇ ਤੁਰਦਾਂ, ਬੈਠਕਾਂ ਲਾਈਆਂ ਲਗਦੀਆਂ।'

ਬੁੱਧ ਨੇ ਹਲਕਾ ਜਿਹਾ ਹਸ ਕੇ ਕਿਹਾ, 'ਆਹੋ ਲਾਈਆਂ ਤਾਂ ਸੀ।'

ਕਰਮ ਸਿੰਘ ਨੇ ਪੁੱਛਿਆ, 'ਦੇਖ ਲੈ ਜੇ ਤੇਰਾ ਚਿੱਤ ਕਰਦੈ, ਪਹਿਲਵਾਨੀ ਕਰਨ ਨੂੰ।'

ਫਿਰ ਕੁਝ ਸੋਚ ਕੇ ਉਸਨੇ ਕਿਹਾ, 'ਪਰ ਖੇਤੀ ਕੌਣ ਕਰੂ। ਤੂੰ ਖੇਤੀ ਹੀ ਕਰ।'

ਕੁੰਭੜੇ ਵਾਲੇ ਕਾਲੇ ਨੇ ਮਲਕ ਜਿਹੇ ਬੁੱਧ ਨੂੰ ਸਲਾਹ ਦਿੱਤੀ, 'ਤੂੰ ਚੁੱਪ ਕਰਕੇ ਮਿਹਨਤ ਲਾਇਆ ਕਰ।'

ਉਸਨੇ ਕਰਮ ਸਿੰਘ ਨੂੰ ਵੀ ਕਹਿ ਦਿੱਤਾ, 'ਜੇ ਮੁੰਡਾ ਏਸ ਪਾਸੇ ਆਉਣਾ ਚਾਹੁੰਦੈ ਤਾਂ ਆ ਲੈਣ ਦੇ।'

ਬੁੱਧ ਖੇਤੀ ਦੇ ਨਾਲ ਨਾਲ ਮਿਹਨਤ ਮਾਰਨ ਲੱਗ ਪਿਆ। ਦਾਦੇ ਪੂਰਨ ਸਿੰਘ ਨੇ ਅਧਰਿੜਕਾ ਉਸਨੂੰ ਪੀਣ ਨੂੰ ਦੇਣਾ। ਦਾਦੀ ਨੇ ਚੰਗੀ ਤੋਂ ਚੰਗੀ ਖ਼ੁਰਾਕ ਉਸਨੂੰ ਖਾਣ ਨੂੰ ਦੇਣੀ। ਦੋ ਸਾਲ ਲੰਘ ਗਏ। ਬੁੱਧ ਮਿਹਨਤ ਕਰਦਾ ਰਿਹਾ, ਪਰ ਉਸਨੂੰ ਕਿਸੇ ਨਾਲ ਜ਼ੋਰ ਕਰਨ ਦਾ ਮੌਕਾ ਨਹੀਂ ਸੀ ਮਿਲ ਰਿਹਾ।

ਸਰਦਾਰੇ ਪਹਿਲਵਾਨ ਦਾ ਸਰਹੰਦ ਲਾਗੇ ਦਾ ਇਕ ਚੇਲਾ ਹੁੰਦਾ ਸੀ। ਉਹ ਵੀ ਅਖਾੜੇ ਵਿਚ ਆਇਆ ਹੋਇਆ ਸੀ। ਜਦੋਂ ਖੂਹ ਦਾ ਕੰਮ ਨਿਬੇੜ ਕੇ ਬੁੱਧ ਘਰ ਨੂੰ ਜਾਣ ਲੱਗਾ ਤਾਂ ਬਾਪੂ ਕਰਮ ਸਿੰਘ ਨੇ ਕਿਹਾ, 'ਪਕੜ ਦਿਖਾਏਂਗਾ?'

ਬੁੱਧ ਨੇ ਕਿਹਾ, 'ਦਿਖਾ ਦੂੰਗਾ।'

ਸਰਦਾਰੇ ਪਹਿਲਵਾਨ ਦੇ ਚੇਲੇ ਨਾਲ ਬੁੱਧ ਨੇ ਪਕੜ ਦਿਖਾਈ। ਉਥੇ ਪੰਜ ਸੱਤ ਪਹਿਲਵਾਨ ਹੋਰ ਵੀ ਸਨ। ਉਹ ਰੋਜ਼ ਜ਼ੋਰ ਕਰਦੇ ਸਨ। ਸਰਦਾਰੇ ਦਾ ਚੇਲਾ ਵੀ ਰੋਜ਼ ਬਹੁਤ ਮਿਹਨਤ ਕਰਦਾ ਸੀ। ਉਸਨੇ ਬੜਾ ਜ਼ੋਰ ਲਾਇਆ, ਬੁੱਧ ਉਸ ਕੋਲੋਂ ਢੱਠਾ ਨਾ।

ਕਰਮ ਸਿੰਘ ਖ਼ੁਦ ਪਹਿਲਵਾਨੀ ਕਰਦਾ ਰਿਹਾ ਸੀ। ਉਹ ਬੁੱਧ ਦੀ ਡੀਲ-ਡੌਲ ਤੇ ਪਕੜ ਤੋਂ ਪ੍ਰਭਾਵਿਤ ਹੋਏ ਬਿਨਾ ਰਹਿ ਨਾ ਸਕਿਆ। ਕੁੰਭੜੇ ਵਾਲੇ ਕਾਲੇ ਨੇ ਵੀ ਬਾਪੂ ਕਰਮ ਸਿੰਘ 'ਤੇ ਜ਼ੋਰ ਪਾਇਆ, 'ਬੁੱਧ ਤੋਂ ਖੇਤੀ ਛਡਾ ਕੇ ਏਸ ਪਾਸੇ ਪਾ।'

ਕਰਮ ਸਿੰਘ ਨੇ ਕਿਹਾ, 'ਖੇਤੀ ਤਾਂ ਇਹਨੂੰ ਕਰਨੀ ਹੀ ਪਊ। ਹਾਂ, ਜੇ ਨਾਲ ਨਾਲ ਮਿਹਨਤ ਵੀ ਕਰੀ ਜਾਵੇ ਠੀਕ ਐ। ਜੇ ਜਾਨ ਹੋਈ, ਫਿਰ ਸੋਚਾਂਗੇ ਬਾਦ ਵਿਚ।'

ਅਖਾੜੇ ਵਿਚ ਸਮਰਾਲੇ ਦਾ ਅਵਤਾਰ ਕੋਚ ਵੀ ਆਉਣ ਲੱਗ ਪਿਆ। ਉਹ ਕਰਮ ਸਿੰਘ ਦਾ ਚੇਲਾ ਸੀ। ਉਸਨੇ ਕਰਮ ਸਿੰਘ ਨੂੰ ਕਿਹਾ, 'ਬੁੱਧ ਨੂੰ ਸਮਰਾਲੇ ਵਾਲੇ ਸਕੂਲ ਵਿਚ ਦਾਖਲ ਕਰਵਾ ਦਿੰਨੇ ਆਂ। ਫਿਰ ਸਕੂਲ ਵਲੋਂ ਇਹਨੂੰ ਲੜਾਵਾਂਗੇ।'

ਕਰਮ ਸਿੰਘ ਕਹਿਣ ਲੱਗਾ, 'ਇਹਨੂੰ ਜਾਣ ਤਾਂ ਮੈਂ ਦੇਣਾ ਨਈਂ। ਖੇਤੀ ਕੌਣ ਕਰੂ? ਓਦਾਂ ਤੂੰ ਦਾਖਲ ਕਰਵਾਉਣਾ ਤਾਂ ਕਰਵਾ ਲੈ।'

ਔਖੇ ਸੌਖੇ ਉਸਨੇ ਸਤਵੀਂ ਪਹਿਲਾਂ ਕਰ ਲਈ ਸੀ, ਬਾਪੂ ਦੇ ਡੰਡਿਆਂ ਤੋਂ ਡਰਦੇ ਨੇ। ਉਥੇ ਬੁੱਧ ਨੂੰ ਅੱਠਵੀਂ ਵਿਚ ਦਾਖਲਾ ਮਿਲ ਗਿਆ।

ਪਹਿਲੀ ਵਾਰ ਬੁੱਧ ਨੇ ਸਕੂਲ ਦਾ ਮੁਕਾਬਲਾ ਲੜਿਆ ਤੇ ਪਹਿਲੇ ਨੰਬਰ 'ਤੇ ਰਿਹਾ। ਉਹ ਖੇਤੀ ਵੀ ਕਰਦਾ। ਤੜਕੇ ਉਠ ਕੇ ਮਿਹਨਤ ਕਰਦਾ। ਹੱਥ ਵਾਲੀ ਮਸ਼ੀਨ ਨਾਲ ਚਾਰ-ਪੰਜ ਭਰੀਆਂ ਚਰੀਆਂ ਦੀਆਂ ਰੋਜ਼ ਕੁਤਰਦਾ। ਉਸਨੇ ਹਿੰਮਤ ਨਹੀਂ ਸੀ ਹਾਰੀ।

ਜ਼ਿਲ੍ਹੇ ਦੇ ਮੁਕਾਬਲਿਆਂ ਵਿਚ ਵੀ ਉਹ ਪਹਿਲੇ ਨੰਬਰ 'ਤੇ ਰਿਹਾ। ਇਹ ਮੁਕਾਬਲਾ ਲੁਧਿਆਣੇ ਹੋਇਆ ਸੀ। ਫਿਰ ਪੰਜਾਬ ਦੇ ਮੁਕਾਬਲੇ ਮੋਗੇ ਹੋਏ। ਉਥੇ ਉਹ ਕੁਸ਼ਤੀਆਂ ਜਿੱਤਦਾ ਜਾਂਦਾ ਸੀ, ਪਰ ਅਚਾਨਕ ਇਕ ਹੋਰ ਪਹਿਲਵਾਨ ਦੇ ਦਾਅ ਤੋਂ ਮਾਰ ਖਾ ਗਿਆ। ਉਥੇ ਉਸਦਾ ਸਥਾਨ ਤੀਜਾ ਰਹਿ ਗਿਆ।

ਕਰਮ ਸਿੰਘ ਨੂੰ ਪਤਾ ਲੱਗਾ ਤਾਂ ਉਸਨੇ ਕਿਹਾ, 'ਇਹ ਕੰਮ ਤੇਰੇ ਵਸ ਦਾ ਨਈਂ, ਤੂੰ ਖੇਤੀ ਹੀ ਕਰ। ਅਗਲੇ ਸਾਲ ਫੇਰ ਦੇਖਾਂਗੇ।'

ਬੁੱਧ ਸਿੰਘ ਨੇ ਰੱਜ ਕੇ ਮਿਹਨਤ ਕੀਤੀ। ਵੱਡੇ ਤੜਕੇ ਉਠ ਕੇ ਰੱਜਵਾਂ ਜ਼ੋਰ ਕਰਦਾ। ਖ਼ੂਬ ਖ਼ੁਰਾਕ ਖਾਂਦਾ। ਮਿਹਨਤ ਉਸਦੀ ਰੰਗ ਲਿਆਈ। ਜਲੰਧਰ ਵਿਚ ਕੁਸ਼ਤੀਆਂ ਹੋਈਆਂ। ਉਥੋਂ ਉਸਨੂੰ ਗੋਲਡ ਮੈਡਲ ਹਾਸਿਲ ਹੋਇਆ। ਜੈਪੁਰ ਵਿਚ ਨੈਸ਼ਨਲ ਹੋਈ। ਉਥੇ ਵੀ ਝੰਡੀ ਬੁੱਧ ਸਿੰਘ ਦੀ ਰਹੀ ਸੀ, ਉਸਨੇ ਗੋਡਲ ਮੈਡਲ ਹਾਸਿਲ ਕੀਤਾ ਸੀ।

ਬੁੱਧ ਸਿੰਘ ਆਖਦਾ ਹੈ, 'ਪਰਮਾਤਮਾ ਸਾਥ ਦੇਵੇ ਤੇ ਬੰਦਾ ਮਿਹਨਤ ਕਰਨ ਦਾ ਸ਼ੌਕ ਰੱਖਦਾ ਹੋਵੇ, ਕੋਈ ਵੀ ਮੰਜ਼ਿਲ ਪ੍ਰਾਪਤ ਕੀਤੀ ਜਾ ਸਕਦੀ ਹੈ।'

***(ਖੇਡ-ਲਿਖਾਰੀ ਇਕਬਾਲ ਜੱਬੋਵਾਲੀਆ ਦੇ ਘਰ, ਪਹਿਲਵਾਨ ਬੁੱਧ ਸਿੰਘ ਨਾਲ ਕੀਤੀ ਗਈ ਇਕ ਲੰਮੀ ਮੁਲਾਕਾਤ ਦੇ ਆਧਾਰ 'ਤੇ)***


## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

## Global Multi Services

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਚਰਿਤਰੋਪਾਖਿਆਨ ਦੀ ਅਨੂਪ ਕੌਰ:ਅਸਲ ਕਹਾਣੀ, ਅਸਲ ਸੰਦੇਸ਼

**ਡਾ. ਹਰਭਜਨ ਸਿੰਘ***

ਦਸਮ ਗ੍ਰੰਥ ਵਿਚ ਅੰਕਿਤ ਨਾਰੀ-ਪੁਰਖ ਚਰਿਤਰ ਕਥਾਵਾਂ ਦੇ ਸੰਗ੍ਰਹਿ 'ਚਰਿਤਰੋਪਾਖਿਆਨ' ਦਾ 21ਵਾਂ ਚਰਿਤਰ ਨਾ ਕੇਵਲ ਦਸਮ ਗ੍ਰੰਥ ਦੇ ਵਿਰੋਧੀਆਂ ਲਈ ਵਿਵਾਦਿਤ ਹੈ, ਬਲਕਿ ਹਮਾਇਤੀਆਂ ਵਿਚ ਵੀ ਵਿਵਾਦ ਦਾ ਮੁੱਦਾ ਬਣਿਆ ਹੋਇਆ ਹੈ, ਹਾਲਾਕਿ ਵਿਵਾਦ ਦੇ ਮੁੱਦੇ ਭਿੰਨ-ਭਿੰਨ ਹਨ। ਦਸਮ ਗ੍ਰੰਥ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਕਥਾ ਵਿਚ ਦਸਮ ਗ੍ਰੰਥ ਦੇ ਕਰਤਾ ਨੇ ਕਾਮੁਕ ਅਸ਼ਲੀਲਤਾ ਅਤੇ ਅਪਮਾਨ ਨੂੰ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਕਰਕੇ ਉਨ੍ਹਾਂ ਦੇ ਵਿਅਕਤਿਤ੍ਵ ਨੂੰ ਜਾਣ-ਬੁਝ ਕੇ ਛੁਟਿਆਇਆ ਹੈ, ਇਸ ਕਾਰਨ ਗੁਰੂ ਜੀ ਨੂੰ ਇਨ੍ਹਾਂ ਕਥਾਵਾਂ ਦਾ ਕਰਤਾ ਨਹੀਂ ਕਿਹਾ ਜਾ ਸਕਦਾ। ਹਮਾਇਤੀਆਂ ਦਾ ਇਕ ਵਰਗ ਇਸ ਕਥਾ ਦੇ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਹੋਣ ਤੋਂ ਇਨਕਾਰੀ ਹੈ। ਉਸ ਦਾ ਮੁਖ ਤਰਕ ਹੈ ਕਿ ਇਸ ਕਥਾ ਵਿਚ ਕਿਤੇ ਵੀ ਗੁਰੂ ਜੀ ਦਾ ਨਾਮ ਨਹੀਂ ਆਇਆ, ਇਸ ਲਈ ਇਸ ਚਰਿਤਰ ਦੀ ਕਹਾਣੀ ਨਾਲ ਗੁਰੂ ਜੀ ਦਾ ਆਪਣਾ ਕੋਈ ਨਿਜੀ ਸੰਬੰਧ ਨਹੀਂ। ਹਾਂ! ਇਸ ਕਥਾ-ਸੰਗ੍ਰਹਿ ਦੇ ਰਚਣਹਾਰ ਜ਼ਰੂਰ ਗੁਰੂ ਜੀ ਹਨ। ਹਮਾਇਤੀਆਂ ਦਾ ਦੂਜਾ ਵਰਗ ਮੰਨਦਾ ਹੈ ਕਿ ਨਾ ਕੇਵਲ ਸਾਰੀਆਂ ਚਰਿਤਰ ਕਥਾਵਾਂ ਗੁਰੂ ਜੀ ਦੁਆਰਾ ਰਚਿਤ ਹਨ, ਬਲਕਿ ਗੁਰੂ ਗੋਬਿੰਦ ਸਿੰਘ ਚਰਚਿਤ ਕਥਾ ਦੇ ਇਕ ਪ੍ਰਮੁਖ ਪਾਤਰ ਵੀ ਹਨ ਅਤੇ ਇਸ ਕਥਾ ਵਿਚ ਕੁਝ ਵੀ ਅਜਿਹਾ ਨਹੀਂ, ਜੋ ਗੁਰੂ ਗੋਬਿੰਦ ਸਿੰਘ ਵਾਸਤੇ ਅਪਮਾਨਜਨਕ ਹੋਵੇ। ਵਿਰੋਧੀ ਪਖ ਅਤੇ ਹਮਾਇਤੀਆਂ ਦੇ ਦੂਜੇ ਵਰਗ ਵਿਚ ਇਹ ਸਹਿਮਤੀ ਹੈ ਕਿ ਇਸ ਕਥਾ ਨੂੰ ਗੁਰੂ ਜੀ ਨਾਲ ਸੰਬੰਧਿਤ ਕੀਤਾ ਗਿਆ ਹੈ, ਪਰ ਵਿਰੋਧੀ ਪਖ ਜਿਵੇਂ ਤਥਾਂ ਨੂੰ ਤਰੋੜ-ਮੋੜ ਕੇ ਗੁਰੂ ਜੀ ਵਾਸਤੇ ਅਪਮਾਨਜਨਕ ਸਥਿਤੀ ਨਿਰਮਿਤ ਕਰਦਾ ਹੈ, ਉਸ ਨਾਲ ਹਮਾਇਤੀਆਂ ਦਾ ਦੂਜਾ ਵਰਗ ਬਿਲਕੁਲ ਸਹਿਮਤ ਨਹੀਂ, ਉਸ ਨੂੰ ਇਹ ਕਥਾ ਗੁਰੂ ਵਾਸਤੇ ਬਹੁਤ ਗੌਰਵਸ਼ਾਲੀ ਲਗਦੀ ਹੈ। ਹਮਾਇਤੀਆਂ ਦਾ ਉਹ ਵਰਗ ਜਿਹੜਾ ਗੁਰੂ ਜੀ ਨੂੰ ਕਥਾ ਨਾਲੋਂ ਅਸੰਬੰਧਿਤ ਕਰਦਾ ਹੈ, ਉਸ ਦਾ ਬਲਹੀਣ ਵਿਚਾਰ ਵੀ ਕਿਤੇ ਨਾ ਕਿਤੇ ਇਹੋ ਸਵੀਕਾਰ ਕਰੀ ਬੈਠਾ ਹੈ ਕਿ ਜੇ ਇਸ ਨੂੰ ਗੁਰੂ ਜੀ ਨਾਲ ਸੰਬੰਧਿਤ ਕੀਤਾ, ਤਾਂ ਗੁਰੂ ਜੀ ਅਪਮਾਨਜਨਕ ਸਥਿਤੀ ਵਿਚ ਫਸ ਸਕਦੇ ਹਨ। ਅਸੀਂ ਇਸ ਲੇਖ ਵਿਚ ਕਥਾ ਦੇ ਆਧਾਰ 'ਤੇ ਸਮੁਚੀ ਸਥਿਤੀ ਦੀ ਪੁਨਰ-ਸਮੀਖਿਆ ਕਰਨੀ ਹੈ। ਸਾਡਾ ਵਿਚਾਰ-ਮੰਥਨ ਦੋ ਹੀ ਬਿੰਦੂਆਂ ਉਤੇ ਕੇਂਦ੍ਰਿਤ ਰਹੇਗਾ। ਇਕ ਇਹ ਕਿ ਇਸ ਕਥਾ ਦੇ ਪਾਤਰ ਗੁਰੂ ਜੀ ਹਨ ਜਾਂ ਨਹੀਂ। ਦੂਜਾ ਇਹ ਕਿ ਕੀ ਇਹ ਕਥਾ ਗੁਰੂ ਜੀ ਵਾਸਤੇ ਗੌਰਵਸ਼ਾਲੀ ਹੈ ਜਾਂ ਅਪਮਾਨਜਨਕ?

ਪਹਿਲੇ ਪ੍ਰਸ਼ਨ ਦੇ ਹਲ ਵਾਸਤੇ ਕਥਾ ਵਿਚ ਦਰਸਾਏ ਨਾਂਵਾਂ, ਥਾਂਵਾਂ ਅਤੇ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਜਾਂ ਕੋਈ ਇਤਿਹਾਸਿੱਖ ਮਨੌਤ ਸਾਨੂੰ ਕਿਸੇ ਨਤੀਜੇ 'ਤੇ ਪਹੁੰਚਾ ਸਕਦੇ ਹਨ-

1. ਇਸ ਕਥਾ ਵਿਚ ਸਥਾਨ ਦੇ ਨਾਮ ਅਤੇ ਉਸ ਦੀ ਸਥਿਤੀ ਦਾ ਵਰਣਨ ਕਰਦਿਆਂ ਲਿਖਿਆ ਹੈ-ਤੀਰ ਸਤੁਦ੍ਰਵ ਕੇ ਹੁਤੋ ਪੁਰ ਅਨੰਦ ਇਕ ਗਾਉ। ਨੇਤ੍ਰ ਤੁੰਗ ਕੇ ਢਿਗ ਬਸਤ ਕਹਲੂਰ ਕੇ ਠਾਉ।

(ਅਰਥਾਤ ਸਤਲੁਜ ਨਦੀ ਦੇ ਕਿਨਾਰੇ ਅਨੰਦਪੁਰ ਨਾਮ ਦਾ ਇਕ ਪਿੰਡ ਸੀ, ਜੋ ਕਹਿਲੂਰ ਰਿਆਸਤ ਦੇ ਖੇਤਰ ਵਿਚ ਨੈਣਾਂ ਦੇਵੀ ਦੇ ਨੇੜੇ ਸੀ)। ਇਹ ਉਲੇਖ ਇਤਨਾ ਸਪਸ਼ਟ ਹੈ, ਜੋ ਸੰਦੇਹ ਨਹੀਂ ਰਹਿਣ ਦੇਂਦਾ ਕਿ ਕਥਾ ਵਿਚ ਵਰਣਿਤ 'ਆਨੰਦਪੁਰ' ਖ਼ਾਲਸੇ ਦੀ ਜਨਮ-ਭੂਮੀ ਤੋਂ ਭਿੰਨ ਕੋਈ ਹੋਰ ਦੂਜਾ 'ਆਨੰਦਪੁਰ' ਬਿਲਕੁਲ ਨਹੀਂ। ਗੁਰੂ ਤੇਗ਼ ਬਹਾਦੁਰ ਦੇ ਵਸਾਉਣ ਤੋਂ ਪਹਿਲਾਂ ਇਸ ਦਾ ਪੁਰਾਤਨ ਨਾਮ 'ਮਾਖੋਵਾਲ' ਸੀ। ਸੋ ਇਹ ਵੀ ਸਪਸ਼ਟ ਹੋ ਗਿਆ ਕਿ ਘਟਨਾ ਗੁਰੂ ਤੇਗ ਬਹਾਦਰ ਦੇ ਅਨੰਦਪੁਰ ਵਸਾਉਣ ਤੋਂ ਪਿਛੇ ਨਹੀਂ ਜਾ ਸਕਦੀ, ਕਿਉਂਕਿ ਨੌਵੇਂ ਗੁਰੂ ਤੋਂ ਪਹਿਲਾਂ ਅਨੰਦਪੁਰ ਨਾਮ ਦੀ ਅਣਹੋਂਦ ਸੀ। ਇਸ ਕਥਾ ਦੇ ਕਾਲ ਨੂੰ 1696 ਈ. ਵਿਚ ਚਰਿਤਰ ਕਥਾਵਾਂ ਦੀ ਸੰਪੂਰਨਤਾ ਤੋਂ ਬਾਅਦ ਵੀ ਨਹੀਂ ਮੰਨਿਆ ਜਾ ਸਕਦਾ। ਸੋ ਇਹ ਸਥਿਤੀ ਇਸ ਕਥਾ ਦਾ ਕਾਲ ਨੌਵੇਂ ਅਤੇ ਦਸਵੇਂ ਪਾਤਸ਼ਾਹ ਤਕ ਸੀਮਿਤ ਕਰ ਦੇਂਦੀ ਹੈ।

2. ਕਥਾ ਵਿਚ ਅਗਲਾ ਮਹਤਵਪੂਰਨ ਉਲੇਖ ਇਹ ਮਿਲਦਾ ਹੈ ਕਿ ਘਟਨਾ ਸਮੇਂ ਇਹ ਅਨੰਦਪੁਰ ਸਿੱਖ ਪੰਥ ਦੀਆਂ ਗਤੀਵਿਧੀਆਂ ਦਾ ਕੇਂਦਰ ਸੀ, ਯਥਾ:

ਤਹਾ ਸਿੱਖ ਸਾਖਾ ਬਹੁਤ ਆਵਤ ਮੋਦ ਬਢਾਇ।
ਮਨ ਬਾਛਤ ਮੁਖਿ ਮਾਂਗ ਬਰ ਜਾਤ ਗ੍ਰਿਹਨ ਸੁਖ ਪਾਇ।

ਇਸ ਤੋਂ ਸਪਸ਼ਟ ਹੈ ਕਿ ਘਟਨਾ ਉਸ ਵੇਲੇ ਦੀ ਹੈ, ਜਦੋਂ ਅਨੰਦਪੁਰ ਸਿੱਖ ਪੰਥ ਦਾ ਕੇਂਦਰ ਸੀ। ਇਸ ਉਲੇਖ ਤੋਂ ਸਿਧ ਹੈ ਕਿ ਇਹ ਸਮਾਂ ਨੌਵੇਂ ਅਤੇ ਦਸਵੇਂ ਪਾਤਸ਼ਾਹ ਦੇ ਅਨੰਦਪੁਰ ਨਿਵਾਸ ਤੋਂ ਇਧਰ-ਉਧਰ ਨਹੀਂ ਕੀਤਾ ਜਾ ਸਕਦਾ।

3. ੳ. ਅਗਲਾ ਤਥ ਇਹ ਹੈ ਕਿ ਕਥਾ ਦਾ ਨਾਇਕ ਉਸ ਸਮੇਂ ਇਸ ਸ਼ਹਿਰ ਦਾ ਰਾਏ ਸੀ-

ਏਕ ਤ੍ਰਿਯਾ ਧਨਵੰਤ ਕੀ ਤੌਨ ਨਗਰ ਮੇਂ ਆਨਿ।
ਹੇਰਿ ਰਾਇ ਪੀੜਤ ਭਈ ਬਿਧੀ ਬਿਰਹ ਕੇ ਬਾਨਿ।

ਅ. ਉਹ ਰਾਏ ਸ਼੍ਰੀ ਭਗੌਤੀ (ਅਕਾਲ ਪੁਰਖ) ਦਾ ਉਪਾਸਕ ਸੀ-

ਚਲਿਯੋ ਧਾਰਿ ਆਤੀਤ ਕੋ ਭੇਸ ਰਾਈ।
ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ।

ਦਸਮ ਗ੍ਰੰਥ ਦੇ ਪਾਠ ਤੋਂ ਸਿਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਅਕਾਲ-ਪੁਰਖ ਨੂੰ ਵਾਰ-ਵਾਰ ਭਗਉਤੀ ਕਿਹਾ ਹੈ। ਗੁਰੂ-ਕਾਲ ਵਿਚ ਆਨੰਦਪੁਰ ਰਹਿਣ ਵਾਲਾ ਅਕਾਲ-ਪੁਰਖ ਦੇ ਇਸ ਨਾਮ ਦਾ ਉਪਾਸ਼ਕ ਰਾਜਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਹੋ ਸਕਦੇ ਹਨ ਅਤੇ ਕਥਾ ਉਨ੍ਹਾਂ ਨਾਲ ਹੀ ਸੰਬੰਧਿਤ ਹੋ ਸਕਦੀ ਹੈ।

ੲ. ਰਾਏ ਇਕ ਪੂਜਨੀਕ ਵਿਅਕਤੀ ਸੀ, ਕਿਉਂਕਿ ਅਨੂਪ ਕੌਰ ਕਹਿੰਦੀ ਹੈ-

ਭਏ ਪੂਜ ਤੋ ਕਹਾ ਗੁਮਾਨ ਨ ਕੀਜਿਯੈ।
ਧਨੀ ਭਏ ਤੋ ਦਖਯਨ ਨਿਧਨ ਨ ਦੀਜਿਯੈ।..

ਰਾਏ ਨੇ ਅਨੂਪ ਕੌਰ ਨੂੰ ਕਿਹਾ-

ਪਾਇ ਪਰਤ ਮੋਰੋ ਸਦਾ ਪੂਜ ਕਰਤ ਹੈਂ ਮੋਹਿ।

ਗੁਰੂ-ਕਾਲ ਵਿਚ ਆਨੰਦਪੁਰ ਸਾਹਿਬ ਵਿਖੇ ਪੂਜਯ ਵਿਅਕਤੀ ਕੇਵਲ ਗੁਰੂ ਮਹਾਰਾਜ ਸਨ, ਕੋਈ ਹੋਰ ਰਾਜਾ ਨਹੀਂ।

ਸ. ਉਸ ਆਨੰਦਪੁਰ ਦੇ ਰਾਏ ਲਈ ਧਰਮ ਸਰਬ-ਉਪਰ ਹੈ-

ਧਰਮ ਕਰੇ ਸੁਭ ਜਨਮ ਧਰਮ ਤੇ ਰੂਪਹਿ ਪੈਯੈ।
ਧਰਮ ਕਰੇ ਧਨ ਧਾਮ ਧਰਮ ਤੇ ਰਾਜ ਸੁਹੈਯੈ।

ਧਰਮ ਪ੍ਰਤੀ ਇਸ ਵਚਨਬਧਤਾ ਵਾਲਾ ਆਦਰਸ਼ਕ ਅਧਿਆਤਮਵਾਦੀ ਉਸ ਸਮੇਂ ਗੁਰੂ ਜੀ ਹੀ ਹੋ ਸਕਦੇ ਹਨ।

ਹ. ਰਾਏ ਆਪਣੀ ਪਛਾਣ ਸਪਸ਼ਟ ਕਰਦਿਆਂ ਕਹਿੰਦਾ ਹੈ-

ਪ੍ਰਥਮ ਛਤ੍ਰਿ ਕੇ ਧਾਮ ਦਿਯੋ ਬਿਧਿ ਜਨਮ ਹਮਾਰੋ।
ਬਹੁਰਿ ਜਗਤ ਕੇ ਬੀਚ ਕਿਯੋ ਕੁਲ ਅਧਿਕ ਉਜਿਯਾਰੋ।
ਬਹੁਰਿ ਸਭਨ ਮੈ ਬੈਠਿ ਆਪੁ ਕੋ ਪੂਜ ਕਹਾਊ।
ਹੋ ਰਮੋ ਤੁਹਾਰੇ ਸਾਥ ਨੀਚ ਕੁਲ ਜਨਮਹਿ ਪਾਊ।

ਇਸ ਤੋਂ ਪਤਾ ਲੱਗਦਾ ਹੈ ਕਿ ਰਾਏ ਦਾ ਸੰਬੰਧ ਛਤ੍ਰੀ-ਵੰਸ਼ ਨਾਲ ਹੈ। ਉਹ ਗੁਰੂ ਨਾਨਕ ਦੇਵ ਵਲੋਂ ਸਥਾਪਿਤ ਉਸ ਗੁਰੂ-ਵੰਸ਼ ਨਾਲ ਵੀ ਸੰਬੰਧਿਤ ਹੈ, ਜਿਸ ਦਾ ਪ੍ਰਚੰਡ ਪ੍ਰਤਾਪ ਸਾਰੇ ਜਗਤ ਵਿਚ ਪਸਰਿਆ ਹੈ।

ਕ. ਰਾਏ ਦਾ ਪਿਤਾ ਪੂਜਯ ਗੁਰੂ ਹੈ, ਜਿਸ ਦੇ ਪਾਸ ਦੂਰੋਂ-ਨੇੜਿਓਂ ਚਲ ਕੇ ਸੰਗਤ ਇਕਤਰ ਹੁੰਦੀ ਹੈ।

ਰਾਏ ਆਪਣੇ ਪਿਤਾ ਦੀ ਸਿਖਿਆ ਬਾਰੇ ਕਹਿੰਦਾ ਹੈ-

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।...
ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ।
ਮਨ ਬਾਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ।
ਸਿੱਖਯ ਪੁਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ।
ਹੋ ਕਹੋ ਸੁੰਦਰਿ ਤਿਹ ਸਾਥ ਗਵਨ ਕੈਸੇ ਕਰਿ ਕਰਿਯੈ।

ਇਹ ਪੜ੍ਹ ਕੇ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਇਸ ਕਥਾ ਦਾ ਨਾਇਕ 'ਰਾਏ' ਗੁਰੂ ਗੋਬਿੰਦ ਸਿੰਘ ਤੋਂ ਭਿੰਨ ਵਿਅਕਤੀ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦਾ। ਦਸਮ ਗ੍ਰੰਥ ਦੇ ਹਮਾਇਤੀ ਵਰਗ ਦੇ ਮਨ ਵਿਚ ਇਹ ਰਤਾ ਵੀ ਸਹਿਮ ਨਹੀਂ ਹੋਣਾ ਚਾਹੀਦਾ ਕਿ ਇਸ ਚਰਿਤਰ ਨਾਲ ਜੁੜਿਆਂ ਗੁਰੂ ਜੀ ਦੀ ਮਹਾ-ਮਹਿਮਾ ਦੀ ਰੰਚਕ-ਮਾਤ੍ਰ ਵੀ ਹਾਨੀ ਹੋ ਸਕਦੀ ਹੈ। ਸਗੋਂ ਇਹ ਚਰਿਤਰ ਗੁਰੂ ਜੀ ਦੇ ਮਹਾਨ ਵਿਰਾਟ ਉਚ-ਆਚਰਣ ਦੀ ਇਤਿਹਾਸਕ ਮਿਸਾਲ ਹੈ। ਕਥਾ ਵਿਚ ਸ਼੍ਰੀ ਕ੍ਰਿਸ਼ਨ ਅਤੇ ਗੋਪੀਆਂ ਦੀ ਲੀਲਾ ਦਾ ਉਲੇਖ ਇਹ ਵੀ ਸਿਧ ਕਰ ਦੇਂਦਾ ਹੈ ਕਿ ਦੇਵੀ-ਦੇਵਤਿਆਂ ਦੇ ਕਾਮੁਕ-ਕੇਲ ਗੁਰੂ ਜੀ ਦੇ ਦ੍ਰਿਸ਼ਟੀਕੋਣ ਅਨੁਸਾਰ ਕੋਈ ਦੈਵੀ-ਕੌਤੁਕ ਨਹੀਂ, ਨਿਰੀ ਵਾਸ਼ਨਾਵਾਂ ਦੀ ਮੈਲ ਹੈ। ਇਹ ਕਥਾ ਦਸਦੀ ਹੈ ਕਿ ਦਸਮ ਗ੍ਰੰਥ ਦਾ ਰਾਮ-ਸ਼ਿਆਮ (ਗੁਰੂ ਗੋਬਿੰਦ ਸਿੰਘ) ਦੁਆਪਰ ਦੇ ਸ਼ਿਆਮ ਤੋਂ ਆਚਰਣ ਵਿਚ ਕਿਤੇ ਉਤਮ ਹੈ। ਕ੍ਰਿਸ਼ਨ ਰਾਧਾ ਦੀ ਪ੍ਰੀਤ ਵਿਚ ਕਾਮ-ਕੇਲੀਆਂ ਲਈ ਆਤੁਰ ਹਨ, ਜਦੋਂ ਕਿ ਸਾਡਾ ਕਲਗੀਆਂ ਵਾਲਾ ਅਨੂਪ ਕੌਰ ਦੀ ਉਪਮਾ-ਰਹਿਤ ਸੁੰਦਰਤਾ ਅਤੇ ਅਸੀਮ ਕਾਮੁਕ ਖਿਚ ਦੇ ਮਦਨ-ਜਾਲ ਨੂੰ ਆਪਣੇ ਅਨੰਤ ਆਚਾਰ-ਬਲ ਨਾਲ ਤਾਰ-ਤਾਰ ਕਰ ਦੇਣ ਦੇ ਸਮਰਥ ਹੈ। ਕ੍ਰਿਸ਼ਨ ਵਿਆਹੁਤਾ ਰਾਧਾ ਦੇ ਕਾਮ ਨੂੰ ਉਤਸ਼ਾਹਿਤ ਕਰਦੇ ਹਨ, ਜਦੋਂ ਕਿ ਕਲਿਜੁਗ ਦੇ ਸ਼ਿਆਮ ਗੁਰੂ ਗੋਬਿੰਦ ਸਿੰਘ ਅਨੂਪ ਕੌਰ ਦੀ ਪ੍ਰਚੰਡ ਕਾਮ-ਉਤੇਜਨਾ ਨੂੰ ਆਪਣੇ ਅਮ੍ਰਿਤ ਬਚਨਾਂ ਨਾਲ ਸ਼ਾਂਤ ਕਰਨ ਵਾਲੇ ਬਲਸ਼ਾਲੀ ਕਾਮ-ਸੰਹਾਰਕ ਹਨ। ਪਰਤ੍ਰਿਯ ਨਾਲ ਕਾਮੁਕ ਸੰਬੰਧ ਉਨ੍ਹਾਂ ਲਈ ਅਵਤਾਰਾਂ ਵਾਂਗ ਮਨ-ਪਰਚਾਵਾ ਨਹੀਂ, ਬਲਕਿ ਹਰ-ਹਾਲ ਵਰਜਿਤ ਕਰਮ ਹੈ। ਉਹ ਮਿਸਾਲ ਕਾਇਮ ਕਰਦੇ ਹਨ ਕਿ ਜੇ ਹਰ ਪ੍ਰਕਾਰ ਦੀ ਬੇਵਸੀ ਹੋਵੇ, ਇਜ਼ਤ-ਮਾਣ, ਸਾਮਾਜਿਕ ਰੁਤਬਾ ਵੀ ਦਾਓ 'ਤੇ ਲਗ ਜਾਵੇ ਤਾਂ ਵੀ ਵਿਅਕਤੀ ਨੇ ਇਕੋ ਸਿਮਰਨ ਕਰਨਾ ਹੈ-ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ। ਇਹ ਚਰਿਤਰ-ਕਥਾ ਮਨੁੱਖ ਨੂੰ ਸਾਵਧਾਨ ਕਰਦੀ ਹੈ ਕਿ ਇਕ ਅਧਿਆਤਮਕ ਵਿਅਕਤੀ ਕੋਲ ਇਤਨਾ ਪ੍ਰਚੰਡ ਵਿਵੇਕ ਹੋਣਾ ਚਾਹੀਦਾ ਹੈ ਕਿ ਉਹ ਕਾਮ ਦੇ ਹਰ ਛਲਾਵੇ ਨੂੰ ਛਲਣ ਦੇ ਸਮਰਥ ਹੋਵੇ। ਪੁਰਾਤਨ ਸ਼ਿਆਮ ਵਾਂਗ ਕਾਮ ਹਥੋਂ ਠਗਿਆ ਵਿਅਕਤੀ ਅਸਲ ਛਲੀਆ ਨਹੀਂ, ਅਸਲ ਛਲੀਆ ਉਹ ਹੈ ਜੋ ਕਾਮਦੇਵ ਦੇ ਹਰ ਫ਼ਰੇਬ ਉਤੇ ਵਿਜੈ ਪਾ ਸਕੇ। ਜਿਸ ਮਨੁੱਖ ਕੋਲ ਅਜਿਹਾ ਵਿਵੇਕ-ਬਲ ਨਹੀਂ ਜਾਂ ਜੋ ਵਿਅਕਤੀ ਕਾਮਦੇਵ ਅਗੇ ਬਲ-ਬੁਧੀ ਹਾਰ ਜਾਂਦਾ ਹੈ, ਉਸ ਦੀ ਹਾਲਤ ਉਸ ਚਿਤ੍ਰ ਸਿੰਘ ਵਰਗੀ ਹੋ ਸਕਦੀ ਹੈ, ਜੋ ਕਾਮ ਵਿਚ ਅੰਨ੍ਹਾ ਹੋਇਆ ਕੁਟਿਲਾ ਕਾਮਿਨੀ ਦੀ ਮਕਾਰੀ ਦੇ ਜਾਲ ਵਿਚ ਫਸ ਕੇ ਆਪਣੇ ਆਚਾਰਵੰਤ ਪੁਤਰ ਨੂੰ ਮਾਰਨ ਵਾਸਤੇ ਤੁਲਿਆ ਹੋਇਆ ਸੀ।

ਦਸਮ ਗ੍ਰੰਥ ਦੇ ਆਲੋਚਕਾਂ ਨੇ ਆਪਣੀਆਂ ਗ਼ਲਤ-ਬਿਆਨੀਆਂ ਦੁਆਰਾ ਅਨੂਪ ਕੌਰ ਵਾਲੇ ਚਰਿਤਰ ਸੰਬੰਧੀ ਬਹੁਤ ਸੰਦੇਹ ਪੈਦਾ ਕੀਤੇ ਹਨ। ਇਨ੍ਹਾਂ ਦੇ ਨਿਵਾਰਨ ਵਾਸਤੇ ਪਾਠਕਾਂ ਸਾਹਮਣੇ ਪੂਰੀ ਕਹਾਣੀ ਪ੍ਰਸਤੁਤ ਕਰਨੀ ਆਵਸ਼ਕ ਹੋ ਗਈ ਹੈ। ਮੈਂ ਇਸ ਨੂੰ ਸਾਰ ਰੂਪ ਵਿਚ ਇਸ ਤਰ੍ਹਾਂ ਬਿਆਨ ਕਰਨ ਦਾ ਯਤਨ ਕਰਾਂਗਾ ਕਿ ਇਹ ਕਹਾਣੀ ਸੰਖਿਪਤ ਤਾਂ ਹੋਵੇ, ਪਰ ਕਿਸੇ ਮਹਤਵਪੂਰਨ ਅੰਗ ਦੀ ਹਾਨੀ ਤੋਂ ਵੀ ਮੁਕਤ ਹੋਵੇ। ਇਹ ਕਥਾ ਜੋ 'ਚਰਿਤਰੋਪਾਖਿਆਨ' ਦੇ ਤਿੰਨ ਚਰਿਤਰਾਂ (21 ਤੋਂ 23) ਵਿਚ ਪਸਰੀ ਹੋਈ ਹੈ, ਦਾ ਸੰਖੇਪ ਵਿਵਰਣ ਇਸ ਪ੍ਰਕਾਰ ਹੈ-

ਕਹਿਲੂਰ ਰਿਆਸਤ ਵਿਚ ਨੈਣਾਂ ਦੇਵੀ ਦੇ ਨੇੜੇ ਸਤਲੁਜ ਨਦੀ ਕੰਢੇ ਆਨੰਦਪੁਰ ਨਾਮ ਦਾ ਇਕ ਪਿੰਡ ਸੀ। ਇਥੇ ਸਿੱਖ ਪੰਥ ਦੇ ਲੋਕ ਬਹੁਤ ਉਤਸ਼ਾਹ ਸਹਿਤ ਆਉਂਦੇ ਸਨ ਅਤੇ ਆਪਣੇ ਗੁਰੂ ਤੋਂ ਵਡੀਆਂ ਬਰਕਤਾਂ ਪ੍ਰਾਪਤ ਕਰ ਕੇ ਖ਼ੁਸ਼ੀ ਨਾਲ ਘਰ ਜਾਂਦੇ ਸਨ। ਇਕ ਧਨਵਾਨ ਵਿਅਕਤੀ ਦੀ ਨੂਪ (ਅਨੂਪ) ਕੌਰ ਨਾਮੀ ਇਸਤਰੀ ਆਨੰਦਪੁਰ ਦੇ ਰਾਜੇ ਉਤੇ ਮੋਹਿਤ ਹੋ ਗਈ। ਉਸ ਨੇ ਰਾਜੇ ਦੇ ਮਗਨ ਨਾਮੀ ਇਕ ਸੇਵਕ ਨੂੰ ਕੁਝ ਪੈਸਿਆਂ ਦਾ ਲਾਲਚ ਦੇ ਕੇ ਆਖਿਆ ਕਿ ਉਹ ਆਪਣੇ ਮਾਲਕ ਨੂੰ ਇਹ ਕਹਿ ਕੇ ਮੇਰੇ ਕੋਲ ਭੇਜੇ ਕਿ ਜੋ ਮੰਤ੍ਰ ਉਹ ਸਿੱਖਣਾ ਚਾਹੁੰਦੇ ਹਨ, ਉਹ ਮੇਰੇ ਕੋਲ ਹੈ।

ਰਾਜਾ ਸਾਧੂ ਦਾ ਰੂਪ ਧਾਰਨ ਕਰ ਕੇ ਅਕਾਲ-ਪੁਰਖ ਦਾ ਸਿਮਰਨ ਕਰਦਾ ਹੋਇਆ ਅਨੂਪ ਕੌਰ ਦੇ ਘਰ ਪਹੁੰਚ ਗਿਆ। ਉਸ ਨੇ ਸੰਨਿਆਸੀਆਂ ਵਾਲੇ ਵਸਤ੍ਰ ਉਤਾਰ ਕੇ ਆਪਣੀ ਸਾਧਾਰਨ ਵੇਸ਼-ਭੂਸਾ ਧਾਰਨ ਕੀਤੀ। ਰਾਜੇ ਨੂੰ ਆਉਂਦਾ ਵੇਖ ਕੇ ਅਨੂਪ ਕੌਰ ਨੇ ਆਪਣੇ ਆਪ ਨੂੰ ਸ਼ਿੰਗਾਰਿਆ ਅਤੇ ਰਾਜੇ ਦੀ ਸੇਵਾ ਵਾਸਤੇ ਫੁਲ, ਪਾਨ, ਸ਼ਰਾਬ ਆਦਿ ਭੇਟ ਕੀਤੀ। ਰਾਜੇ ਵਲੋਂ ਇਨ੍ਹਾਂ ਵਸਤਾਂ ਦੇ ਸੇਵਨ ਦਾ ਕੋਈ ਉਲੇਖ ਨਹੀਂ, ਕੇਵਲ ਅਨੂਪ ਕੌਰ ਵਲੋਂ ਭੇਟ ਕੀਤੇ ਜਾਣ ਦਾ ਉਲੇਖ ਹੈ। ਅਜਿਹੇ ਕਈ ਮਿੱਤਰ ਸਾਡੇ ਘਰਾਂ ਵਿਚ ਅਕਸਰ ਆਉਂਦੇ-ਜਾਂਦੇ ਰਹਿੰਦੇ ਹਨ, ਜਿਨ੍ਹਾਂ ਨੂੰ ਅਸੀਂ ਚਾਹ ਦਾ ਕੱਪ ਭੇਟ ਕਰੀਏ, ਤਾਂ ਉਹ ਕਹਿੰਦੇ ਹਨ ਕਿ ਮੈਂ ਚਾਹ ਬਿਲਕੁਲ ਨਹੀਂ ਪੀਂਦਾ। ਇਸਤਰੀ ਨੇ ਰਾਜੇ ਨੂੰ ਬੇਨਤੀ ਕੀਤੀ ਕਿ ਮੈਂ ਕਾਮਦੇਵ ਤੋਂ ਹਾਰ ਚੁਕੀ ਹਾਂ। ਤੁਹਾਡੇ ਰੂਪ ਅਤੇ ਵਿਅਕਤਿਤ੍ਵ ਸਾਹਮਣੇ ਵਿਕ ਚੁਕੀ ਹਾਂ। ਤੁਸੀਂ ਮੇਰੇ ਨਾਲ ਕਾਮੁਕ ਸੰਬੰਧ ਬਣਾਓ, ਮੈਂ ਤਾਂ ਹੀ ਬਚ ਸਕਦੀ ਹਾਂ। ਰਾਜਾ ਸਮਝਾਉਂਦਾ ਹੈ ਕਿ ਅਜਿਹਾ ਸੋਚਣਾ ਵੀ ਪਾਪ ਹੈ। ਤੂੰ ਮੇਰੀ ਸਿੱਖ ਹੈਂ ਅਤੇ ਸਿੱਖ ਨਾਲ ਗੁਰੂ ਦੇ ਅਜਿਹੇ ਸੰਬੰਧ ਅਯੋਗ ਹਨ, ਨਰਕ ਵਿਚ ਲਿਜਾਣ ਵਾਲੇ ਹਨ ਪਰ ਉਹ ਇਸਤਰੀ ਆਪਣੇ ਹਠ ਉਤੇ ਅੜੀ, ਹਰ ਪ੍ਰਕਾਰ ਦੀਆਂ ਯੁਕਤੀਆਂ ਨਾਲ ਆਪਣੀ ਵਾਸ਼ਨਾ-ਤ੍ਰਿਪਤੀ ਨੂੰ ਯੋਗ ਠਹਿਰਾਉਂਦੀ, ਬੇਨਤੀਆਂ ਕਰਦੀ ਹੈ। ਜਿਤਨੇ ਬਲਸ਼ਾਲੀ ਸ਼ਬਦਾਂ ਵਿਚ ਉਹ ਆਪਣੀ ਕਾਮ-ਆਤੁਰਤਾ ਦੀ ਉਚਿਤਤਾ ਦਸ ਕੇ



ਇਸ ਦੀ ਪੂਰਤੀ ਲਈ ਬੇਨਤੀਆਂ ਕਰਦੀ ਹੈ, ਰਾਜਾ ਉਸ ਤੋਂ ਕਿਤੇ ਵਧੀਕ ਬਲਸ਼ਾਲੀ ਸ਼ਬਦਾਂ ਵਿਚ ਅਜਿਹੇ ਅਯੋਗ ਸੰਬੰਧਾਂ ਦੀ ਨਿੰਦਾ ਕਰਦਾ ਹੈ। ਇਕ ਪਾਸੇ ਉਹ ਆਪਣੇ ਮਨ ਹੀ ਮਨ ਇਸ ਸੰਕਲਪ ਨੂੰ ਦ੍ਰਿੜ੍ਹ ਕਰਦਾ ਹੈ ਕਿ ਅਜਿਹੇ ਅਯੋਗ ਸੰਬੰਧ ਉਹ ਕਦੇ ਨਹੀਂ ਬਣਾਏਗਾ, ਦੂਜੇ ਪਾਸੇ ਉਸ ਇਸਤਰੀ ਦੀ ਹਰ ਯੁਕਤੀ ਨੂੰ ਅਨੁਚਿਤ ਦਰਸਾਉਂਦਿਆਂ ਪੂਰੀ ਮਾਨਵਤਾ ਨੂੰ ਅਜਿਹੇ ਸੰਬੰਧ ਬਣਾਉਣ ਤੋਂ ਵਰਜਿਤ ਕਰਦਾ ਹੈ। ਰਾਜੇ ਨੇ ਕਾਮੁਕ ਸੰਬੰਧਾਂ ਤੋਂ ਬਚਣ ਦੀ ਜੋ ਉਤਕ੍ਰਿਸ਼ਟ ਪ੍ਰੇਰਨਾ ਇਸ ਕਥਾ ਵਿਚ ਦਿਤੀ ਹੈ, ਉਹ ਸ਼ਾਇਦ ਹੀ ਕਿਸੇ ਹੋਰ ਸਾਹਿਤਕ ਜਾਂ ਅਧਿਆਤਮਕ ਗ੍ਰੰਥ ਵਿਚ ਮਿਲ ਸਕੇ। ਰਾਜੇ ਅਤੇ ਅਨੂਪ ਕੌਰ ਦੇ ਵਾਰਤਾਲਾਪ ਦੇ ਕੀਮਤੀ ਅੰਸ਼ ਮੈਂ ਮਗਰੋਂ ਪ੍ਰਸਤੁਤ ਕਰਾਂਗਾ।

ਰਾਜੇ ਦਾ ਹਠ ਵੇਖ ਕੇ ਉਸ ਇਸਤਰੀ ਨੇ ਡਰਾਉਣ ਵਾਸਤੇ ਚੋਰ-ਚੋਰ ਕਹਿ ਕੇ ਸ਼ੋਰ ਮਚਾਇਆ। ਉਸ ਇਸਤਰੀ ਦੇ ਸੇਵਕ ਅਤੇ ਆਸ-ਪਾਸ ਦੇ ਲੋਕ ਜਾਗ ਪਏ ਅਤੇ ਉਨ੍ਹਾਂ ਨੇ ਰਾਜੇ ਨੂੰ ਚਾਰੇ ਪਾਸਿਓਂ ਘੇਰ ਲਿਆ। ਉਨ੍ਹਾਂ ਵਿਚੋਂ ਕੁਝ ਨੇ ਤਲਵਾਰਾਂ ਸੂਤ ਲਈਆਂ ਅਤੇ ਲਲਕਾਰ ਕੇ ਕਿਹਾ "ਤੈਨੂੰ ਭਜਣ ਨਹੀਂ ਦੇਵਾਂਗੇ।" ਜਦੋਂ ਘਿਰੇ ਹੋਏ ਰਾਜੇ ਨੂੰ ਬਚਾਓ ਦਾ ਕੋਈ ਤਰੀਕਾ ਨਾ ਦਿਸਿਆ, ਤਾਂ ਉਸ ਨੇ ਅਨੂਪ ਕੌਰ ਦੇ ਭਾਈ ਦੀ ਪਗੜੀ ਲਾਹ ਦਿਤੀ ਅਤੇ ਉਸ ਨੂੰ ਪਕੜ ਕੇ ਸ਼ੋਰ ਮਚਾਇਆ ਕਿ ਚੋਰ ਇਹ ਹੈ। ਲੋਕਾਂ ਨੇ ਉਸ ਨੂੰ ਚੋਰ ਜਾਣ ਕੇ ਪਕੜ ਲਿਆ ਅਤੇ ਮਾਰ-ਕੁਟਾਈ ਕਰ ਕੇ ਅਧਿਕਾਰੀਆਂ ਦੇ ਹਵਾਲੇ ਕਰ ਦਿਤਾ, ਜਿਨ੍ਹਾਂ ਉਸ ਨੂੰ ਜੇਲ੍ਹ ਭੇਜ ਦਿਤਾ। ਸਵੇਰੇ ਅਨੂਪ ਕੌਰ ਨੇ ਇਕ ਹੋਰ ਚਾਲ ਚਲੀ। ਉਸ ਨੇ ਰਾਜੇ ਦੀ ਜੁਤੀ ਅਤੇ ਵਿਸ਼ੇਸ਼ ਚੋਲਾ ਵਿਖਾ ਕੇ ਲੋਕਾਂ ਨੂੰ ਕਹਿ ਦਿਤਾ ਕਿ ਅਸਲ ਵਿਚ ਰਾਜਾ ਹੀ ਮੇਰੇ ਘਰ ਚੋਰੀ ਕਰਨ ਆਇਆ ਸੀ, ਮੇਰਾ ਭਰਾ ਨਿਰਦੋਸ਼ ਹੈ ਪਰ ਰਾਜੇ ਨੇ ਉਸ ਦੀ ਇਸ ਮੱਕਾਰੀ ਦਾ ਜਵਾਬ ਦੇਣ ਵਾਸਤੇ ਆਪਣੇ ਸਿੱਖ-ਸੇਵਕਾਂ ਨੂੰ ਕਿਹਾ ਕਿ ਸਾਡੀ ਜੁੱਤੀ ਅਤੇ ਵਿਸ਼ੇਸ਼ ਚੋਲਾ ਕਿਸੇ ਨੇ ਚੁਰਾ ਲਿਆ ਹੈ। ਸਿੱਖਾਂ ਨੇ ਅਨੂਪ ਕੌਰ ਨੂੰ ਪਕੜ ਕੇ ਰਾਜੇ ਦੇ ਦਰਬਾਰ ਵਿਚ ਪੇਸ਼ ਕੀਤਾ। ਰਾਏ ਨੇ ਆਪਣੇ ਸਿੱਖਾਂ ਨੂੰ ਨਸੀਹਤ ਦਿਤੀ ਕਿ ਉਸ ਇਸਤਰੀ ਨਾਲ ਦੁਰ-ਵਿਵਹਾਰ ਬਿਲਕੁਲ ਨਹੀਂ ਕਰਨਾ।

ਇਸਤਰੀ ਨੂੰ ਰਾਜੇ ਦੇ ਦਰਬਾਰ ਵਿਚ ਪੇਸ਼ ਕੀਤਾ, ਤਾਂ ਉਸ ਦੀਆਂ ਅਖਾਂ ਨੀਵੀਆਂ ਹੋ ਗਈਆਂ। ਉਹ ਬਹੁਤ ਸ਼ਰਮਸਾਰ ਹੋਈ। ਰਾਏ ਨੇ ਸਿੱਖਾਂ ਨੂੰ ਕਿਹਾ, 'ਇਸ ਨੂੰ ਕੁਝ ਨਹੀਂ ਕਹਿਣਾ। ਕੇਵਲ ਇਸ ਦੇ ਘਰ ਵਿਚ ਹੀ ਇਸ ਨੂੰ ਨਜ਼ਰਬੰਦ ਕਰ ਦਿਓ। ਅਸੀਂ ਇਸ ਨੂੰ ਫਿਰ ਕਿਸੇ ਵਿਹਲੇ ਸਮੇਂ ਬੁਲਾ ਕੇ ਗੱਲ ਕਰਾਂਗੇ।' ਅਗਲੀ ਸਵੇਰ ਇਸਤਰੀ ਨੂੰ ਬੁਲਾ ਕੇ ਰਾਏ ਨੇ ਕਿਹਾ ਤੂੰ ਕਾਮ-ਵਸ ਹੋ ਕੇ ਸਾਡੇ ਉਤੇ ਚਰਿਤਰ ਕੀਤਾ ਸੀ, ਇਸ ਲਈ ਸਾਨੂੰ ਵੀ ਚਰਿਤਰ ਕਰਨਾ ਪਿਆ। ਉਸ ਇਸਤਰੀ ਨੇ ਮੁਆਫ਼ੀ ਮੰਗਦਿਆਂ ਕਿਹਾ ਕਿ ਅਗੇ ਤੋਂ ਕਦੇ ਵੀ ਉਹ ਅਜਿਹੀ ਗੱਲ ਆਪਣੇ ਮਨ ਵਿਚ ਨਹੀਂ ਲਿਆਵੇਗੀ। ਉਸ ਦਾ ਦੋਸ਼ ਮੁਆਫ਼ ਕਰ ਦਿਤਾ ਜਾਵੇ। ਰਾਏ ਨੇ ਉਸ ਦੇ ਭਰਾ ਨੂੰ ਰਿਹਾ ਕਰਵਾ ਦਿਤਾ ਅਤੇ ਅਨੂਪ ਕੌਰ ਦੇ ਵਲ-ਛਲ ਤੋਂ ਬਚਾਓ ਹਿਤ ਜੋ ਕੌਤੁਕ ਕੀਤਾ, ਉਸ ਲਈ ਖਿਮਾ ਵੀ ਮੰਗੀ। ਅਨੂਪ ਕੌਰ ਰਾਜੇ ਦੀ ਸਿੱਖ ਹੋ ਗਈ ਅਤੇ ਰਾਜੇ ਨੇ ਉਸ ਦੇ ਗ਼ੁਜ਼ਰਾਨ ਵਾਸਤੇ ਹਰ ਛੇ ਮਹੀਨਿਆਂ ਬਾਅਦ ਵੀਹ ਹਜ਼ਾਰ ਟਕੇ ਦੇਣ ਦਾ ਪ੍ਰਬੰਧ ਕਰਵਾ ਦਿਤਾ। ਇਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਜੀਵਨ ਦਾ ਬਾਕੀ ਭਾਗ ਉਸ ਨੇ ਗੁਰੂ-ਚਰਨਾਂ ਵਿਚ ਰਹਿ ਕੇ ਸੇਵਾ-ਸਿਮਰਨ ਕਰਨ ਨੂੰ ਸਮਰਪਿਤ ਕਰ ਦਿਤਾ, ਨਹੀਂ ਤਾਂ ਧਨਵਾਨ ਦੀ ਪਤਨੀ ਹੋਣ ਕਰ ਕੇ ਉਸ ਨੂੰ ਕਿਸੇ ਗ਼ੁਜ਼ਾਰਾ-ਭੱਤੇ ਦੀ ਜ਼ਰੂਰਤ ਨਹੀਂ ਸੀ।

ਸਿੱਖ ਇਤਿਹਾਸਕਾਰ ਇਸ ਕਥਾ ਨੂੰ ਸਿਖਿਆਦਾਇਕ ਕਾਲਪਨਿਕ ਕਥਾ ਨਹੀਂ ਮੰਨਦੇ, ਬਲਕਿ ਅਨੂਪ ਕੌਰ ਨੂੰ ਇਕ ਇਤਿਹਾਸਕ ਇਸਤਰੀ ਮੰਨਦੇ ਹਨ, ਜੋ ਉਕਤ ਘਟਨਾ ਤੋਂ ਬਾਅਦ ਗੁਰੂ ਜੀ ਦੀ ਸੱਚੀ-ਸੁਚੀ ਸੇਵਿਕਾ ਬਣ ਗਈ। ਸ਼ੇਰ ਮੁਹੰਮਦ ਖਾਂ ਮਲੇਰਕੋਟਲੀਏ ਨੇ ਜਦੋਂ ਉਸ ਦੀ ਪੱਤ ਲੁਟਣ ਦਾ ਯਤਨ ਕੀਤਾ, ਤਾਂ ਉਸ ਨੇ ਪ੍ਰਾਣ ਤਿਆਗ ਦਿਤੇ। ਸ਼ੇਰ ਮੁਹੰਮਦ ਨੇ ਆਪਣੇ ਪਾਪ ਨੂੰ ਛਿਪਾਉਣ ਵਾਸਤੇ ਉਸ ਦੀ ਲਾਸ਼ ਨੂੰ ਕਬਰ ਵਿਚ ਦਫ਼ਨ ਕਰ ਦਿਤਾ। ਬਾਬਾ ਬੰਦਾ ਸਿੰਘ ਦੇ ਮਲੇਰਕੋਟਲੇ ਉਤੇ ਹਮਲੇ ਸਮੇਂ ਉਸ ਦਾ ਸਰੀਰ ਕਬਰ ਵਿਚੋਂ ਕਢਿਆ ਗਿਆ ਅਤੇ ਉਸ ਦਾ ਸਿੱਖ ਰੀਤੀਆਂ ਅਨੁਸਾਰ ਸੰਸਕਾਰ ਕੀਤਾ। ਚਰਚਿਤ ਤਿੰਨ ਚਰਿਤਰਾਂ ਵਿਚ ਅਨੂਪ ਕੌਰ ਅਤੇ ਗੁਰੂ ਗੋਬਿੰਦ ਸਿੰਘ ਦਾ ਸੰਵਾਦ ਕਾਮੁਕ-ਉਤੇਜਨਾ ਦੇ ਵਰਣਨ ਅਤੇ ਕਾਮ-ਮੁਕਤੀ ਪ੍ਰਾਪਤ ਕਰਨ ਲਈ ਉਚਤਮ ਪ੍ਰੇਰਨਾ ਪਖੋਂ ਇਕ ਅਤਿ-ਉਤਮ ਅਮ੍ਰਿਤ ਹੈ। ਜੇ ਸਿੱਖ ਫ਼ਜ਼ੂਲ ਦੇ ਝਗੜੇ ਛਡ ਕੇ ਇਸ ਕਥਾ ਵਿਚਲੇ ਸੰਵਾਦ ਨੂੰ ਵਿਸ਼ਵ ਦੇ ਕੋਨੇ-ਕੋਨੇ ਵਿਚ ਪਹੁੰਚਾ ਸਕਦੇ, ਤਾਂ ਗੁਰੂ ਗੋਬਿੰਦ ਸਿੰਘ ਦੀ ਮਹਿਮਾ ਵਿਚ ਅਭੂਤਪੂਰਵ ਵਾਧਾ ਹੋਣਾ ਸੀ। ਕਾਮ ਤੋਂ ਜਨਮੇ ਅਪਰਾਧਾਂ ਤੋਂ ਮਾਨਵ-ਸਮਾਜ ਨੂੰ ਮੁਕਤ ਕਰਨ ਵਾਸਤੇ ਇਸ ਤੋਂ ਚੰਗੇਰੀ ਰਚਨਾ ਲਭਣੀ ਮੁਸ਼ਕਿਲ ਹੈ। ਅਸੀਂ ਪਾਠਕਾਂ ਦੀ ਜਾਣਕਾਰੀ ਵਾਸਤੇ ਇਸ ਸੰਵਾਦ ਦੇ ਕੁਝ ਮਹਤਵਪੂਰਨ ਅੰਸ਼ ਪ੍ਰਸਤੁਤ ਕਰਦੇ ਹਾਂ। ਕਿਸੇ ਪੰਕਤੀ ਦੇ ਭਾਵ ਵਿਚ ਅਸਾਂ ਰਤਾ ਵੀ ਪਰਿਵਰਤਨ ਨਹੀਂ ਕੀਤਾ, ਹਾਂ ਇਸ ਨੂੰ ਸਿਧਾ-ਸਿਧਾ ਅਨੁਵਾਦ ਭਾਵੇਂ ਨਾ ਮੰਨਿਆ ਜਾਵੇ-

ਅਨੂਪ ਕੌਰ: ਮੈਂ ਸ਼ਿਵ ਦੇ ਵੈਰੀ ਕਾਮਦੇਵ ਤੋਂ ਪੀੜਿਤ ਹਾਂ। ਤੁਹਾਡੇ ਤੋਂ ਵਿਕ ਚੁਕੀ ਹਾਂ। ਮੇਰੇ ਨਾਲ ਕਾਮ-ਭੋਗ ਕਰੋ। ਪੂਜਣਯੋਗ ਹੋ ਗਏ ਤਾਂ ਕੀ ਹੋਇਆ? ਧਨਵਾਨ (ਗੁਣਵੰਤ) ਹੋ, ਤਾਂ ਨਿਰਧਨਾਂ (ਔਗੁਣਵੰਤਿਆਂ) ਨੂੰ ਕਿਉਂ ਸਤਾਉਂਦੇ ਹੋ? ਇਹ ਠੀਕ ਹੈ, ਤੁਸੀਂ ਰੂਪਵੰਤ ਹੋ, ਪਰ ਅਭਿਮਾਨ ਕਿਉਂ ਕਰਦੇ ਹੋ? ਧਨ, ਜੋਬਨ ਆਖ਼ਿਰ ਚਾਰ ਦਿਨਾਂ ਦਾ ਪ੍ਰਾਹੁਣਾ ਹੈ।

ਗੁਰੂ ਜੀ: ਧਰਮ-ਕਰਮ ਨਾਲ ਪਵਿਤਰ ਜੀਵਨ ਮਿਲਦਾ ਹੈ। ਧਰਮ ਤੋਂ ਹੀ ਸੁੰਦਰਤਾ ਮਿਲਦੀ ਹੈ। ਧਨ-ਧਾਮ ਧਰਮ ਤੋਂ ਮਿਲਦੇ ਹਨ। ਧਰਮ ਹੀ ਰਾਜ ਦੀ ਸ਼ੋਭਾ ਹੈ। ਤੇਰਾ ਕਿਹਾ ਮੰਨ ਕੇ ਧਰਮ ਦਾ ਤਿਆਗ ਕਿਉਂ ਕਰਾਂ? ਕਿਉਂ ਇਸ ਪਵਿਤਰ ਕਾਇਆ ਨੂੰ (ਕਾਮ ਦੇ) ਨਰਕ ਵਿਚ ਸੁਟਾਂ। ਤੇਰਾ ਕਿਹਾ ਮੰਨ ਕੇ ਕਦੇ ਕਾਮ-ਭੋਗ ਨਹੀਂ ਕਰਾਂਗਾ। ਮੈਂ ਆਪਣੀ ਕੁਲ ਨੂੰ ਕਿਉਂ ਦਾਗ਼ ਲਗਾਵਾਂ? ਮੈਂ ਵਿਆਹੁਤਾ ਪਤਨੀ ਨੂੰ ਤਿਆਗ ਕੇ ਤੇਰੇ ਨਾਲ ਕਦੇ ਵੀ ਭੋਗ ਨਹੀਂ ਕਰਾਂਗਾ। ਭੋਗ-ਵਿਲਾਸ ਕਰ ਕੇ ਮੈਂ ਧਰਮਰਾਜ ਦੀ ਸਭਾ ਵਿਚ ਕਿਵੇਂ ਸ਼ੋਭਾ ਪਾ ਸਕਾਂਗਾ?

ਅਨੂਪ ਕੌਰ: ਕਾਮਤੁਰ ਇਸਤਰੀ ਜੇ ਮਰਦ ਕੋਲ ਜਾਵੇ। ਉਹ ਉਸ ਨੂੰ ਨਿਰਾਸ਼ ਜਾਣ ਦੇਵੇ, ਤਾਂ ਉਸ ਨੂੰ ਮਹਾਨ ਨਰਕ ਵਿਚ ਹੀ ਸੁਟਣਾ ਚਾਹੀਦਾ ਹੈ।

ਗੁਰੂ ਜੀ: ਤੂੰ ਹਮੇਸ਼ਾ ਮੇਰੇ ਪੈਰੀਂ ਪੈਂਦੀ ਹੈਂ, ਮੇਰੀ ਪੂਜਾ ਕਰਦੀ ਹੈਂ। ਮੇਰੇ ਨਾਲ ਭੋਗ ਕਰਦਿਆਂ ਤੈਨੂੰ ਸ਼ਰਮ ਨਹੀਂ ਆਵੇਗੀ।

ਅਨੂਪ ਕੌਰ: ਸ਼੍ਰੀ ਕ੍ਰਿਸ਼ਨ ਵੀ ਜਗਤ ਵਿਚ ਪੂਜੇ ਜਾਂਦੇ ਸਨ, ਫਿਰ ਵੀ ਰਾਸ-ਲੀਲਾ ਰਚਦੇ ਸਨ। ਰਾਧਾ ਨਾਲ ਭੋਗ

*(ਬਾਕੀ ਸਫਾ 37 'ਤੇ)*

# ਜਸਵੰਤ ਸਿੰਘ ਕੰਵਲ ਥੋੜ੍ਹੀ ਲਿਹਾਜ਼ਦਾਰੀ ਨਾਲ ਲਿਖੇ

*ਸ. ਜਸਵੰਤ ਸਿੰਘ ਕੰਵਲ ਪੰਜਾਬੀ ਦੇ ਸਮਰੱਥ ਤੇ ਸਥਾਪਤ ਨਾਵਲਕਾਰ ਹਨ। ਉਨ੍ਹਾਂ ਦੀਆਂ ਲਿਖਤਾਂ, ਨਾਵਲਾਂ ਅਤੇ ਵੱਖ-ਵੱਖ ਸਮਿਆਂ 'ਤੇ ਲਿਖੇ ਗਏ ਲੇਖਾਂ ਨੂੰ ਪਾਠਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਉਨ੍ਹਾਂ ਨੇ ਹਮੇਸ਼ਾਂ ਹੀ ਪੰਜਾਬ ਦੇ ਕਿਸਾਨਾਂ-ਕਿਰਤੀਆਂ ਦੇ ਹੱਕਾਂ ਲਈ ਆਵਾਜ਼ ਉਠਾਈ ਹੈ। ਕੰਵਲ ਹੋਰਾਂ ਦਾ ਦਾਅਵਾ ਹੈ ਕਿ ਉਹ ਕਿਸੇ ਰਾਜਨੀਤਿਕ ਧਿਰ ਨਾਲ ਬੱਝ ਕੇ ਨਹੀਂ ਖਲੋਤੇ ਸਗੋਂ ਹਮੇਸ਼ਾ ਲੋਕਾਂ ਦੇ ਹੋ ਕੇ ਰਹੇ ਹਨ। ਬੁੱਧੀਜੀਵੀਆਂ ਦੇ ਕੁਝ ਹਿੱਸਿਆਂ ਵਲੋਂ ਉਨ੍ਹਾਂ ਨੂੰ ਕਈ ਮਸਲਿਆਂ 'ਤੇ ਉਲਾਰ ਪਹੁੰਚ ਅਪਨਾਉਣ ਦਾ ਤਾਅਨਾ ਮਾਰਿਆ ਜਾਂਦਾ ਹੈ। ਖਾਸ ਕਰਕੇ ਉਦੋਂ ਜਦੋਂ ਉਹ ਪੰਜਾਬ 'ਚ ਪੰਜਾਬੀ ਭਾਸ਼ਾ ਜਾਂ ਸਿੱਖੀ ਦੀ ਖੁਰ ਰਹੀ ਹੋਂਦ ਦੀ ਗੱਲ ਕਰਦੇ ਹਨ। ਅਜਿਹੇ ਹੀ ਮਸਲੇ 'ਤੇ ਸ. ਕੰਵਲ ਵਲੋਂ ਪਿਛਲੀ ਬਾਦਲ ਸਰਕਾਰ ਸਮੇਂ ਲਿਖੇ ਗਏ ਇਕ ਲੇਖ ਵਿਚ ਪੇਸ਼ ਧਾਰਨਾਵਾਂ ਦੇ ਵਿਰੋਧ ਵਜੋਂ ਸ. ਅਭੈ ਸਿੰਘ ਵਲੋਂ ਇਕ ਲੇਖ ਲਿਖਿਆ ਗਿਆ ਸੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅਸੀਂ ਇਹ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ*

**ਅਭੈ ਸਿੰਘ**

ਅਖਬਾਰਾਂ ਵਿਚ ਛਪਦੇ ਸਾਰੇ ਲੇਖ ਨਹੀਂ ਪੜ੍ਹੇ ਜਾ ਸਕਦੇ। ਮੈਂ ਵੀ ਉਨ੍ਹਾਂ ਪਾਠਕਾਂ ਵਿਚੋਂ ਹਾਂ ਜੋ ਅਜਿਹੇ ਲੇਖਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਜੋ ਜਸਵੰਤ ਸਿੰਘ ਕੰਵਲ ਵਰਗੇ ਪਹੁੰਚੇ ਹੋਏ ਲੇਖਕਾਂ ਨੇ ਲਿਖੇ ਹੋਏ ਹੋਣ। ਇਸੇ ਲਈ ਬਾਹਰੋਂ ਆਉਣ ਤੋਂ ਬਾਅਦ ਦੋ ਮਹੀਨਿਆਂ ਦੇ ਅਖਬਾਰ ਛਾਂਟਦਿਆਂ ਮੈਂ ਇਹ ਲੇਖ (ਬੇਦੀ ਬਨਾਮ ਬਾਦਲ-ਇਤਿਹਾਸ ਦਾ ਇਕ ਹੋਰ ਮੋੜ, ਪੰਜਾਬੀ ਟ੍ਰਿਬਿਊਨ, 28 ਅਗਸਤ 2001) ਪੜ੍ਹਨ ਲਈ ਅਲੱਗ ਕੀਤਾ ਪਰ ਲਗਦਾ ਹੈ ਮੈਂ ਇਸਨੂੰ ਕੁਝ ਜ਼ਿਆਦਾ ਬਰੀਕੀ ਨਾਲ ਪੜ੍ਹ ਬੈਠਾ ਹਾਂ। ਇਸੇ ਲਈ ਮੇਰੇ ਵਲੋਂ ਸੰਪਾਦਕ ਦੇ ਨਾਮ ਲਿਖੀ ਜਾ ਰਹੀ ਚਿੱਠੀ ਲੰਬੀ ਖਿਚਦੀ ਗਈ ਤੇ ਇਹ ਲੇਖ ਦਾ ਰੂਪ ਲੈ ਗਈ।

ਪ੍ਰਕਾਸ਼ ਸਿੰਘ ਬਾਦਲ ਨੂੰ ਸੰਬੋਧਨ ਹੁੰਦੇ ਉਹ ਲਿਖਦੇ ਹਨ "ਮੈਂ ਤੁਹਾਥੋਂ ਢੇਰ ਚਿਰ ਪਹਿਲਾਂ ਦਾ ਅੱਖਰ ਜੋੜਦਾ ਆ ਰਿਹਾ ਆਂ, ਸੰਨ ਉਨਤਾਲੀ-ਚਾਲੀ ਤੋਂ।" ਇਸ ਲਈ ਉਨ੍ਹਾਂ ਦੇ ਇਸ ਲੇਖ ਨੂੰ ਪੜ੍ਹਨ ਵੇਲੇ ਮੈਂ ਜੋੜੇ ਅੱਖਰਾਂ ਵਲ ਧਿਆਨ ਦਿੱਤਾ ਤੇ ਉਨ੍ਹਾਂ ਦੇ ਅਰਥ ਲੱਭਣ ਦੀ ਕੋਸ਼ਿਸ਼ ਕੀਤੀ। ਜਿਵੇਂ ਇਕ ਵਿਦਿਆਰਥੀ ਕਿਸੇ ਤਕਨੀਕੀ ਵਿਸ਼ੇ ਦੀ ਕਿਤਾਬ ਪੜ੍ਹਦੇ ਸਮੇਂ ਮੁਸ਼ਕਿਲ ਸ਼ਬਦਾਂ ਹੇਠਾਂ ਲਾਈਨਾਂ ਲਗਾਈ ਜਾਂਦਾ ਹੈ, ਮੈਂ ਵੀ ਇਸ ਲੇਖ ਨੂੰ ਇਸੇ ਤਰ੍ਹਾਂ ਪੜ੍ਹਿਆ।

ਲੇਖਕ ਨੇ ਅੱਖਰ ਜੋੜ ਕੇ 'ਉਲਟੀ ਗੰਗਾ' ਨਵੇਂ ਅਰਥਾਂ ਦੀ ਵਿਆਖਿਆ ਕੀਤੀ ਹੈ। ਦੋ-ਦੋ ਸਦੀਆਂ ਪਹਿਲਾਂ ਯੂਰਪ ਵਿਚ ਰਾਜ ਸ਼ਕਤੀ ਨੂੰ ਗਿਰਜਾ ਘਰਾਂ ਤੋਂ ਆਜ਼ਾਦ ਕਰਵਾਉਣ ਦੀ ਮੁਹਿੰਮ ਕਾਮਯਾਬੀ ਨਾਲ ਚੱਲੀ ਸੀ। ਕੇਵਲ ਚੁਣੀਆਂ ਹੋਈਆਂ ਪਾਰਲੀਮੈਂਟਾਂ ਨੇ ਹੀ ਨਹੀਂ, ਬਾਦਸ਼ਾਹਾਂ ਨੇ ਵੀ ਰੋਮ ਤੋਂ ਪੋਪ ਦੇ ਆਦੇਸ਼ ਲੈਣੇ ਬੰਦ ਕੀਤੇ ਸਨ। ਹੁਣ ਤੱਕ ਇਸ ਨੂੰ ਸਿੱਧੀ ਗੰਗਾ ਸਮਝਿਆ ਜਾਂਦਾ ਹੈ, ਰਾਜ ਦਾ ਧਰਮ ਤੋਂ ਅਲੱਗ ਹੋਣਾ। ਕੰਵਲ ਜੀ ਲਿਖਦੇ ਹਨ, "ਪਰ ਉਲਟੀ ਗੰਗਾ, ਚੰਡੀਗੜ੍ਹ ਅੰਮ੍ਰਿਤਸਰ ਨੂੰ ਵਾਹਣੀ ਪਾਈ ਫਿਰਦਾ ਹੈ।" ਤਾਂ ਕੰਵਲ ਜੀ ਕੀ ਚਾਹੁੰਦੇ ਹਨ? ਕੀ ਅੰਮ੍ਰਿਤਸਰ ਚੰਡੀਗੜ੍ਹ ਨੂੰ ਵਾਹਣੀ ਪਾਈ ਫਿਰੇ? ਉਨ੍ਹਾਂ ਸੰਕੇਤ ਤਾਂ ਇਹੀ ਦਿੱਤਾ ਹੈ। ਇਸ ਫਿਕਰੇ ਦਾ ਪਹਿਲਾ ਹਿੱਸਾ ਹੈ, "ਹੋਣਾ ਤਾਂ ਇਹ ਚਾਹੀਦਾ ਸੀ ਕਿ ਸ੍ਰੀ ਅਕਾਲ ਤਖਤ ਆਦੇਸ਼ ਜਾਰੀ ਕਰਦਾ, ਪੰਥ ਤੇ ਪੰਜਾਬ ਰੰਗੀਂ ਵਸਦੇ।"

ਇਕ ਉਦਾਸ ਪੇਸ਼ੀਨਗੋਈ ਕੀਤੀ ਹੈ, "ਪੰਜਾਬ ਦੇ ਪੱਧਰ ਅਤੇ ਰੜੇ ਖੇਤਾਂ ਵਿਚ ਸਿੱਖੀ ਦਾ ਜਹਾਜ਼ ਡੁੱਬਣ ਜਾ ਰਿਹਾ ਹੈ।" ਜਹਾਜ਼ ਖੇਤਾਂ ਵਿਚ ਨਹੀਂ, ਪਾਣੀਆਂ ਵਿਚ ਡੁਬਦੇ ਹਨ ਪਰ ਫਿਰ ਵੀ ਕਿਹੜੇ ਧਰਮ ਦਾ ਜਹਾਜ਼ ਡੁੱਬ ਰਿਹਾ ਹੈ ਤੇ ਕਿਹੜੇ ਦਾ ਤਰ ਰਿਹਾ ਹੈ, ਇਸ ਦਾ ਕਦੀ ਕੋਈ ਆਧਾਰ ਨਹੀਂ ਲੱਭਿਆ, ਇਸ ਦੇ ਲਈ ਕੋਈ ਅੰਕੜੇ ਨਹੀਂ ਮਿਲਦੇ। ਅੱਜ ਡੁੱਬਣ ਦੀ ਸ਼ਿਕਾਇਤ ਹਰ ਧਰਮ ਨੂੰ ਹੈ। ਸਭ ਧਰਮਾਂ ਵਿਚ ਧਰਮ ਤੋਂ ਬੇਮੁੱਖ ਹੋਣ ਵਾਲਿਆਂ ਦਾ ਪ੍ਰਤੀਸ਼ਤ ਹਰ ਸਾਲ, ਹਰ ਦਹਾਕੇ ਤੇ ਹਰ ਸਦੀ ਵਧਦਾ ਜਾ ਰਿਹਾ ਹੈ। ਬਹੁਤੇ ਧਰਮ ਨਿਸ਼ਾਨੀਆਂ ਦੇ ਪਿੱਛੇ ਪਏ ਹੋਏ ਹਨ, ਇਸ ਲਈ ਇਹ ਸਭ ਨਵੀਂ ਪੀੜ੍ਹੀ ਨਾਲ ਖਫਾ ਹਨ। ਮੁਸਲਮਾਨ ਮੁੰਡੇ ਨਮਾਜ਼ਾਂ ਨਹੀਂ ਪੜ੍ਹਦੇ, ਹਿੰਦੂ ਮੁੰਡੇ ਤਿਲਕ ਨਹੀਂ ਲਗਾਉਂਦੇ, ਬੋਦੀਆਂ ਨਹੀਂ ਰੱਖਦੇ ਅਤੇ ਯੂਰਪ ਵਿਚ ਗਿਰਜੇ ਐਤਵਾਰਾਂ ਨੂੰ ਵੀ ਖਾਲੀ ਪਏ ਰਹਿੰਦੇ ਹਨ। ਇਸ ਤਰ੍ਹਾਂ ਜੇ ਅੱਜ ਸਿੱਖ ਮੁੰਡੇ ਥੋਕ ਦੇ ਰੇਟ 'ਤੇ ਕੇਸ ਕਟਵਾਈ ਜਾ ਰਹੇ ਹਨ ਤਾਂ ਪੰਜਾਬ ਦਾ ਮੁੱਖ ਮੰਤਰੀ ਇਸ ਵਿਚ ਕੁਝ ਨਹੀਂ ਕਰ ਸਕਦਾ। ਕੰਵਲ ਜੀ ਆਪਣੀ ਦਰਖਾਸਤ ਗਲਤ ਸਿਰਨਾਵੇਂ 'ਤੇ ਭੇਜ ਰਹੇ ਹਨ। ਪ੍ਰਾਂਤ ਦੀ ਸਰਕਾਰ ਹੋਵੇ ਜਾਂ ਦੇਸ਼ ਦੀ, ਉਸ ਨੇ ਨਾ ਕੇਵਲ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚ ਭੇਦ ਨਹੀਂ ਕਰਨਾ, ਉਸ ਨੇ ਤਾਂ ਧਾਰਮਿਕ ਤੇ ਗੈਰ-ਧਾਰਮਿਕ ਲੋਕਾਂ ਵਿਚ ਵੀ ਭੇਦ ਨਹੀਂ ਕਰਨਾ ਹੁੰਦਾ।

ਜਦੋਂ ਕੋਈ ਲੰਬੇ ਤਜਰਬੇ ਵਾਲਾ ਲੇਖਕ ਅੱਖਰ ਜੋੜੇਗਾ ਤਾਂ ਬੜੇ ਹੁਨਰ ਨਾਲ ਜੋੜੇਗਾ (ਭਾਵੇਂ ਚਿਣਾਈ ਬਿਲਕੁਲ ਅਜੀਬ ਨਤੀਜੇ ਕੱਢੇ)। ਕੰਵਲ ਜੀ ਲਿਖਦੇ ਹਨ, "ਯੂ.ਪੀ. ਬਿਹਾਰ ਦੀਆਂ ਧਾੜਾਂ ਪੰਜਾਬ ਨੂੰ ਹੀ ਨਹੀਂ, ਸਿੱਖੀ ਦੀਆਂ ਬੁਨਿਆਦਾਂ ਤੱਕ ਨੂੰ ਟਿੱਡੀ ਦਲ ਵਾਂਗ ਚਟਮ ਕਰ ਜਾਣਗੀਆਂ।" ਇਸ ਵਿਸ਼ੇ ਉਪਰ ਅੱਖਰਾਂ ਦੀ ਜੁੜਾਈ ਪਹਿਲਾਂ ਵੀ ਕਈ ਵਾਰ ਵੇਖੀ ਹੈ ਪਰ ਇਤਨੀ ਦਰਦਨਾਕ ਹਾਅ ਕਿਸੇ ਨੇ ਨਹੀਂ ਮਾਰੀ ਸੀ। ਹਾਏ ਪੰਜਾਬ ਚਟਮ ਹੋ ਜਾਏਗਾ? ਤੇ ਸਿੱਖੀ ਦੀਆਂ ਬੁਨਿਆਦਾਂ ਤੱਕ ਚਟਮ ਹੋ ਜਾਣਗੀਆਂ? ਉਹ ਵੀ ਅੱਧੇ ਭੁੱਖੇ ਤੇ ਅੱਧੇ ਨੰਗੇ ਪਰਵਾਸੀ ਮਜ਼ਦੂਰਾਂ ਦੇ ਹੱਥੋਂ? ਜਦੋਂ ਪੰਜਾਬ ਦਾ ਕਿਸਾਨ (ਖਾਸ ਕਰਕੇ ਕੰਬਾਇਨਾਂ ਆਉਣ ਤੋਂ ਪਹਿਲਾਂ) ਰੇਲਵੇ ਸਟੇਸ਼ਨਾਂ ਉਪਰ ਅੱਡੀਆਂ ਚੁੱਕ ਕੇ ਭਈਆਂ ਨੂੰ ਵੇਖਦਾ ਹੁੰਦਾ ਸੀ ਤਾਂ ਉਹ ਵੀ ਸ਼ਾਇਦ ਸਿੱਖੀ ਦੀਆਂ ਬੁਨਿਆਦਾਂ ਚਟਮ ਕਰਵਾਉਣ ਦੀ ਸਾਜ਼ਿਸ਼ ਵਿਚ ਸ਼ਾਮਲ ਸੀ। ਡੂੰਘੀਆਂ ਗੱਲਾਂ ਤਾਂ ਪਹੁੰਚੇ ਹੋਏ ਲੇਖਕ ਹੀ ਦੱਸ ਸਕਦੇ ਹਨ ਪਰ ਆਮ ਸੱਚਾਈ ਇਹ ਹੈ ਕਿ ਅੱਜ ਪੰਜਾਬ ਵਿਚ ਸੱਪਾਂ ਦੀਆਂ ਸਿਰੀਆਂ ਜੱਟ ਨਹੀਂ ਮਿਧਦੇ, ਇਹ ਕੰਮ ਪਰਵਾਸੀ ਮਜ਼ਦੂਰ ਕਰਦੇ ਹਨ। ਥਰੈਸ਼ਰਾਂ ਵਿਚ ਬਾਹਵਾਂ ਕਟਵਾਉਣ ਤੇ ਖੂਹਾਂ ਵਿਚਲੀਆਂ ਗੈਸਾਂ ਨਾਲ ਜਾਨਾਂ ਵਾਰਨ ਵਾਲੇ ਵੀ ਇਹੀ ਹਨ। ਹੋਰ ਤਾਂ ਹੋਰ ਜੱਟਾਂ ਦੇ ਕਾਕਿਆਂ ਦੇ ਇਸ਼ਨਾਨ ਲਈ ਪਾਣੀ ਦੀਆਂ ਬਾਲਟੀਆਂ ਭਰਨ ਤੋਂ ਲੈ ਕੇ ਉਨ੍ਹਾਂ ਦੇ ਬਿਰਧ ਮਾਂ, ਪਿਉ ਨੂੰ ਟੱਟੀ ਪੇਸ਼ਾਬ ਕਰਵਾਉਣ ਦੇ ਕੰਮ ਵੀ ਭਈਆਂ ਨੂੰ ਸੌਂਪੇ ਹੋਏ ਹਨ।

ਅਗਲੀ ਪੇਸ਼ੀਨਗੋਈ ਹੈ ਕਿ "ਭਈਆਂ ਤੇ ਪੰਜਾਬੀਆਂ ਦੇ ਖੁੱਲ੍ਹੇ ਫਸਾਦ ਬਹੁਤ ਦੂਰ ਦੀ ਗੱਲ ਨਹੀਂ ਕਿਉਂਕਿ ਕੇਂਦਰ ਦੀ ਕੋਈ ਵੀ ਸਰਕਾਰ ਉਨ੍ਹਾਂ ਦੀ ਪਿੱਠ 'ਤੇ ਹੋਵੇਗੀ।" ਜੇ ਤਾਂ ਵਾਕਿਆ ਹੀ ਫਸਾਦਾਂ ਦੀ ਵਜ੍ਹਾ ਕੇਵਲ ਕੇਂਦਰੀ ਸਰਕਾਰ ਦਾ ਉਨ੍ਹਾਂ ਦੀ ਪਿੱਠ 'ਤੇ ਹੋਣਾ ਹੈ ਤਾਂ ਫਸਾਦ ਨਹੀਂ ਹੋਣਗੇ। ਇਹ ਕੰਵਲ ਸਾਹਿਬ ਨੂੰ ਗਲਤਫਹਿਮੀ ਹੈ, ਕੇਂਦਰ ਦੀ ਕੋਈ ਸਰਕਾਰ ਉਨ੍ਹਾਂ ਦੀ ਪਿੱਠ 'ਤੇ ਨਹੀਂ ਹੋਵੇਗੀ। ਕਾਹਦੇ ਲਈ ਹੋਵੇਗੀ? ਪਰਵਾਸੀ ਮਜ਼ਦੂਰਾਂ ਬਾਰੇ ਕਾਫੀ ਕੁਝ ਲਿਖਿਆ ਗਿਆ ਹੈ। ਕਈ ਵਾਰ ਤਾਂ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਕੇਂਦਰ ਦੀ ਹਿੰਦੂ ਸਰਕਾਰ ਨੇ ਆਪਣੇ 'ਸਿੱਖ ਵਿਰੋਧੀ ਮੰਤਵਾਂ' ਨੂੰ ਪੂਰਾ ਕਰਨ ਲਈ ਯੂ.ਪੀ. ਤੇ ਬਿਹਾਰ ਵਿਚੋਂ ਆਪਣੇ ਏਜੰਟ ਭਰਤੀ ਕੀਤੇ, ਉਨ੍ਹਾਂ ਨੂੰ ਪੰਜਾਬੀ ਸਭਿਆਚਾਰ ਤੇ ਸਿੱਖੀ ਦੀਆਂ ਬੁਨਿਆਦਾਂ ਤੋੜਨ ਦੀ ਸਿਖਲਾਈ ਦੇ ਕੇ ਰੁਜ਼ਗਾਰ ਦੇ ਬਹਾਨੇ ਪੰਜਾਬ ਵਿਚ ਘੁਸਪੈਠ ਕਰਵਾਈ ਹੈ।

ਜੇ ਪੰਜਾਬ ਦੇ ਕਿਸਾਨ ਭਈਆਂ ਨੂੰ ਕੰਮ 'ਤੇ ਰੱਖਣਾ ਬੰਦ ਕਰ ਦੇਣਗੇ ਤਾਂ ਕੋਈ ਫਸਾਦ ਨਹੀਂ ਹੋਵੇਗਾ। ਇਹ ਲੋਕ ਵਾਪਸ ਚਲੇ ਜਾਣਗੇ ਤੇ ਅੱਗੇ ਤੋਂ ਹੋਰ ਆਉਣੇ ਬੰਦ ਹੋ ਜਾਣਗੇ। ਜੇ ਫਸਾਦ ਹੋਏ ਤਾਂ ਇਕ ਤਰੀਕੇ ਨਾਲ ਹੋਣਗੇ, ਸਿੱਖ ਵਿਚਾਰਧਾਰਾ ਤੇ ਪੰਜਾਬੀ ਸਭਿਆਚਾਰ ਦੇ ਕੁਝ ਵਿਸ਼ੇਸ਼ ਸੇਵਕ ਖੇਤਾਂ ਦਾ ਕੰਮ ਆਪਣੇ ਭਈਆਂ ਦੇ ਸਪੁਰਦ ਕਰਕੇ, ਵਿਹਲੇ ਹੋ ਕੇ, ਸ਼ਹਿਰਾਂ ਵਿਚ ਜਾ ਕੇ ਹੋਰਨਾਂ ਦੇ ਭਈਆਂ ਦੀਆਂ ਨਾਕਾਬੰਦੀਆਂ ਕਰਨਗੇ। ਸ਼ਹਿਰਾਂ ਵਿਚ ਪੰਜਾਬੀ ਕਾਰਖਾਨੇਦਾਰ ਪੰਜਾਬੀ ਮਜ਼ਦੂਰਾਂ ਨੂੰ ਕੰਮ 'ਤੇ ਰੱਖਣ ਲਈ ਤਿਆਰ ਨਹੀਂ, ਉਹ ਕੇਵਲ ਭਈਆਂ ਨੂੰ ਹੀ ਰੱਖਣ ਨੂੰ ਤਰਜੀਹ ਦਿੰਦੇ ਹਨ। ਹੁਣ ਜੇ ਕੋਈ ਪੰਜਾਬੀ ਕਾਰਖਾਨੇਦਾਰ ਦਸ-ਦਸ, ਪੰਦਰਾਂ-ਪੰਦਰਾਂ ਸਾਲਾਂ ਤੋਂ ਕੰਮ ਕਰ ਰਹੇ ਭਈਆਂ ਨੂੰ ਕੱਢੇਗਾ ਤਾਂ ਹੋ ਸਕਦਾ ਹੈ, ਉਹ ਹੜਤਾਲ ਕਰਨ, ਪ੍ਰਦਰਸ਼ਨ ਕਰਨ ਜਾਂ ਫੈਕਟਰੀ ਗੇਟ 'ਤੇ ਧਰਨਾ ਮਾਰ ਕੇ ਬੈਠ ਜਾਣ। ਫਿਰ ਜੇ ਪੰਜਾਬੀ ਕਾਰਖਾਨੇਦਾਰ ਆਪਣੇ ਗੁੰਡਿਆਂ ਵਲੋਂ ਉਨ੍ਹਾਂ ਦੇ ਧਰਨੇ 'ਤੇ ਹਮਲਾ ਕਰਵਾਏ ਤਾਂ ਇਸ ਦੀ ਵਿਆਖਿਆ ਕੰਵਲ ਸਾਹਿਬ ਦੀ ਮਰਜ਼ੀ ਉਪਰ ਹੋਵੇਗੀ। ਉਹ ਇਸ ਨੂੰ ਅੱਜ ਦੇ ਲਾਲੋਆਂ ਉਪਰ ਮਲਿਕ ਭਾਗੋ ਦੇ ਗੁੰਡਿਆਂ ਦਾ ਹਮਲਾ ਵੀ ਕਹਿ ਸਕਦੇ ਹਨ ਅਤੇ ਸਿੱਖੀ ਦੀਆਂ ਬੁਨਿਆਦਾਂ ਚਟਮ ਹੋਣ ਦੀ ਸਾਜ਼ਿਸ਼ ਵਿਰੁੱਧ ਪੰਜਾਬ ਦੇ ਬਹਾਦਰ ਲੋਕਾਂ ਦਾ ਧਰਮ ਯੁੱਧ ਵੀ। ਪਰ ਕਿਤੇ ਇਸ ਨੂੰ ਹੀ 'ਭਈਆਂ ਤੇ ਪੰਜਾਬੀਆਂ ਦੇ ਖੁੱਲ੍ਹੇ ਫਸਾਦ' ਨਾ ਕਹਿ ਦਿੱਤਾ ਜਾਵੇ।

ਇਹ ਤਾਂ ਕੰਵਲ ਜੀ ਦੀ ਤੀਸਰੀ ਪੇਸ਼ੀਨਗੋਈ ਹੈ ਜਿਸ ਨੇ ਮੈਨੂੰ ਜ਼ਿਆਦਾ ਹਿਲਾਇਆ। ਉਨ੍ਹਾਂ ਦੇ ਜੋੜੇ ਅੱਖਰ ਦਸਦੇ ਹਨ, "ਪੰਜਾਬ ਤੋਂ ਬਾਹਰ ਰਹਿਣ ਵਾਲੇ ਪੰਜਾਬੀ ਲਹੂ-ਲੁਹਾਣ ਹੋਣੀ ਤੋਂ ਖਬਰਦਾਰ ਰਹਿਣ। ਇਹ ਵਾਪਰਨ ਵਾਲੇ ਸੱਚ ਦੀ ਚਿਤਾਵਨੀ ਹੈ।" ਮੈਂ ਵੀ ਪੰਜਾਬ ਤੋਂ ਬਾਹਰ ਰਹਿਣ ਵਾਲਾ ਪੰਜਾਬੀ ਹਾਂ। ਪਰ ਨਾ ਤਾਂ ਮੈਨੂੰ ਪੰਜਾਬ ਸਰਕਾਰ ਨੇ ਇਥੇ ਉਤਰਾਂਚਲ ਨੂੰ ਚਟਮ ਕਰਨ ਜਾਂ ਗੜ੍ਹਵਾਲ ਦੀ ਸੰਸਕ੍ਰਿਤੀ ਜਾਂ ਹਿੰਦੂ ਧਰਮ ਦੀਆਂ ਬੁਨਿਆਦਾਂ ਚਟਮ ਕਰਨ ਲਈ ਭੇਜਿਆ ਹੈ ਅਤੇ ਨਾ ਹੀ ਕਿਸੇ ਨੇ ਅਜੇ ਤੱਕ ਮੇਰੇ ਬਾਰੇ ਅਜਿਹੇ



ਜਸਵੰਤ ਸਿੰਘ ਕੰਵਲ

ਸ਼ੰਕੇ ਪ੍ਰਗਟ ਕੀਤੇ ਹਨ। ਫਿਰ ਵੀ 'ਲਹੂ-ਲੁਹਾਣ ਹੋਣੀ' ਤਾਂ ਬਹੁਤ ਡਰਾਵਣੇ ਅੱਖਰ ਹਨ ਅਤੇ ਉਹ ਅੱਖਰ ਕਿਸੇ ਐਰੇ-ਗੈਰੇ ਦੇ ਜੋੜੇ ਹੋਏ ਨਹੀਂ, ਇਹ ਜਸਵੰਤ ਸਿੰਘ ਕੰਵਲ ਦੇ ਅੱਖਰ ਹਨ। ਇਸ ਲਈ ਸਾਡਾ ਡਰ ਜਾਣਾ ਸੁਭਾਵਿਕ ਹੈ। ਡਰਨ ਦੀ ਇਕ ਵਜ੍ਹਾ ਇਹ ਵੀ ਹੈ ਕਿ ਸਾਡੀਆਂ ਕਿਸਮਤਾਂ ਪੰਜਾਬ ਵਿਚ ਬਣਨੀਆਂ ਹਨ। ਇਕ ਮਿਸਾਲ ਦਿੰਦਾ ਹਾਂ: ਜਦੋਂ ਪੰਜਾਬ ਦਾ ਮੁੱਖ ਮੰਤਰੀ ਤੇ ਉਥੋਂ ਦੇ ਅਕਾਲੀ ਊਧਮ ਸਿੰਘ ਨਗਰ ਬਾਰੇ ਬੁਖਲਾਏ ਫਿਰਦੇ ਸਨ ਤਾਂ ਦੇਹਰਾਦੂਨ ਦੇ ਪੰਜਾਬੀਆਂ ਵਿਚ ਘਬਰਾਹਟ ਫੈਲੀ ਹੋਈ ਸੀ। ਇਕ ਨੇ ਚਾਰ ਬੰਦਿਆਂ ਵਿਚ ਗੱਲ ਕੀਤੀ, "ਸ਼ੁਕਰ ਕਰੋ ਅਜੇ ਕਿਸੇ ਨੇ ਤੀਲੀ ਨਹੀਂ ਲਗਾਈ ਪਰ ਜਿਸ ਦਿਨ ਪਹਾੜੀਆਂ ਵਿਚ ਰੌਲਾ ਪੈ ਗਿਆ ਕਿ ਉਤਰਾਂਚਲ ਤਾਂ ਬਣ ਜਾਣਾ ਸੀ, ਪੰਜਾਬੀਆਂ ਨੇ ਨਹੀਂ ਬਣਨ ਦਿੱਤਾ, ਤਦ ਸਾਡਾ ਪਤਾ ਨਹੀਂ ਕੀ ਬਣੂੰ।" ਇਹ ਤੌਖਲਾ ਸੱਚਾਈ ਤੋਂ ਸੱਖਣਾ ਨਹੀਂ ਸੀ। ਮੈਨੂੰ ਹੁਣ ਲਗਦਾ ਹੈ ਕਿ ਇਕ ਸ਼ੁਕਰ ਤਾਂ ਇਹ ਵੀ ਕਰਨਾ ਚਾਹੀਦਾ ਸੀ ਕਿ ਗੜ੍ਹਵਾਲੀਆਂ ਪਾਸ ਕੰਵਲ ਦੀ ਪੱਧਰ ਦਾ ਲੇਖਕ ਨਹੀਂ ਜੋ ਇਥੇ ਪੰਜਾਬੀਆਂ ਦੀ ਘੁਸਪੈਠ ਦੇ ਬੁਨਿਆਦੀ ਮੰਤਵ ਤਲਾਸ਼ ਕਰ ਸਕਦਾ ਤੇ ਲੋਕਾਂ ਨੂੰ ਸਮਝਾ ਸਕਦਾ।

ਚਿਤਾਵਨੀ ਮਿਲ ਗਈ। ਧੰਨਵਾਦ ਕਰਨਾ ਸਾਡਾ ਫਰਜ਼ ਹੈ ਪਰ ਹੋਰ ਚੰਗਾ ਹੁੰਦਾ ਜੇ ਸਾਨੂੰ ਸਲਾਹ ਵੀ ਦਿੱਤੀ ਜਾਂਦੀ ਕਿ ਅਸੀਂ ਕੀ ਕਰੀਏ? ਕੀ ਲਹੂ ਲੁਹਾਣ ਹੋਣੀ ਟਾਲਣ ਲਈ ਅਸੀਂ ਵੀ ਕੁਝ ਕਰ ਸਕਦੇ ਹਾਂ? ਸੁਣਿਆ ਹੈ ਕਿ ਭਈਆਂ ਨੇ ਪੰਜਾਬ ਵਿਚ ਜਾਇਦਾਦਾਂ ਖਰੀਦ ਲਈਆਂ ਹਨ। ਪਤਾ ਨਹੀਂ ਅੰਕੜੇ ਕੀ ਹਨ ਪਰ ਜੇ ਵਾਰਾ ਖਾਂਦਾ ਸੰਤੁਲਨ ਹੋਵੇ ਤਾਂ ਅਸੀਂ ਏਧਰ ਆਪਣੀਆਂ ਜਾਇਦਾਦਾਂ ਉਨ੍ਹਾਂ ਨੂੰ ਦੇ ਕੇ ਉਨ੍ਹਾਂ ਦੀਆਂ ਪੰਜਾਬ ਵਿਚਲੀਆਂ ਸਾਂਭ ਲੈਂਦੇ ਹਾਂ। ਮੇਰੀ ਏਧਰ ਕੋਈ ਖਾਸ ਜਾਇਦਾਦ ਨਹੀਂ। ਮੈਨੂੰ ਤਾਂ ਕੰਵਲ ਜੀ ਪੰਜਾਬ ਦੇ ਕਿਸੇ ਕਾਲਜ ਵਿਚ ਨੌਕਰੀ ਦਵਾ ਦੇਣ ਤਾਂ ਦੇਹਰਾਦੂਨ ਛੱਡਣ ਲਈ ਤਿਆਰ ਹਾਂ। ਮੈਂ ਬੁਰਾ ਅਧਿਆਪਕ ਨਹੀਂ ਹਾਂ।

'ਬੇਦੀ ਬਨਾਮ ਬਾਦਲ' ਦੇ ਮੁਕੱਦਮੇ ਵਿਚ ਕੰਵਲ ਜੀ ਨੇ ਚੰਗੇ ਲੇਖਕ ਦੇ ਗੁਣਾਂ ਦੀ ਤਨਕੀਹ ਵੀ ਸ਼ਾਮਲ ਕੀਤੀ ਹੈ। ਉਹ ਦਸਦੇ ਹਨ ਕਿ "ਲੇਖਕ ਲੋਕਾਂ ਦਾ ਨੁਮਾਇੰਦਾ ਤਦ ਹੀ ਰਹਿ ਸਕਦਾ ਹੈ ਜੇ ਉਹ ਕਿਸੇ ਰਾਜਸੀ ਬੰਧਨ ਵਿਚ ਨਾ ਜਕੜਿਆ ਹੋਵੇ।" ਇਸ ਫਿਲਾਸਫੀ ਵਿਚ ਵਜ਼ਨ ਹੈ ਪਰ ਦਰੁਸਤ ਰਾਜਨੀਤੀ ਤੇ ਗਲਤ ਰਾਜਨੀਤੀ ਵਿਚ ਵਖਰੇਵਾਂ ਤਾਂ ਕਰਨਾ ਹੀ ਪਵੇਗਾ ਜੋ ਕੰਵਲ ਜੀ ਪਹਿਲਾਂ ਵੀ ਕਰਦੇ ਹਨ ਤੇ ਇਸ ਲੇਖ ਵਿਚ ਵੀ ਕੀਤਾ ਹੈ। ਇਸ ਲੇਖ ਵਿਚ ਤਾਂ ਉਨ੍ਹਾਂ ਦਾ ਇਕ ਰਾਜਸੀ ਬੰਧਨ ਵੀ ਝਲਕਦਾ ਹੈ। ਜਿਸ ਏਕਤਾ ਦੀ ਉਹ ਗੱਲ ਕਰਦੇ ਹਨ, ਉਹ ਪੰਥ ਦੀ ਏਕਤਾ ਹੈ, ਪੰਜਾਬੀਆਂ ਦੀ ਏਕਤਾ ਨਹੀਂ, ਇਨਸਾਫਪਸੰਦ ਲੋਕਾਂ ਦੀ ਏਕਤਾ ਨਹੀਂ, ਦਲਿਤਾਂ ਦੀ ਏਕਤਾ ਨਹੀਂ ਤੇ ਕਿਰਤੀਆਂ ਦੀ ਏਕਤਾ ਦੀ ਕੋਈ ਗੱਲ ਨਹੀਂ ਕਹੀ। ਅੱਗੇ ਲਿਖਦੇ ਨੇ, "ਮੈਂ ਕਾਂਗਰਸ ਨੂੰ ਪੰਜਾਬ ਦੀ ਜੱਦੀ ਦੁਸ਼ਮਣ (ਦੇਸ਼ ਦੀ ਵੰਡ ਤੋਂ ਲੈ ਕੇ ਅੱਜ ਤੱਕ) ਸਮਝਦਾ ਹਾਂ ਤੇ ਇਸ ਨੂੰ ਤਾਕਤ ਵਿਚ ਨਹੀਂ ਆਉਣ ਦੇਣਾ ਚਾਹੁੰਦਾ।" ਇਸ ਤਰ੍ਹਾਂ ਉਹ ਆਪਣੇ ਆਪ ਨੂੰ ਰਾਜਨੀਤੀ ਤੋਂ ਉਪਰ ਦੇ ਲੇਖਕ ਹੋਣ ਦਾ ਦਾਅਵਾ ਨਹੀਂ ਕਰ ਸਕਦੇ। ਇਕ ਨਿਰਪੱਖ ਲੇਖਕ ਹਮੇਸ਼ਾਂ ਲਈ ਕਿਸੇ ਇਕ ਪਾਰਟੀ ਦਾ ਹਮਾਇਤੀ ਨਹੀਂ ਹੋ ਸਕਦਾ ਤੇ ਹਮੇਸ਼ਾਂ ਲਈ ਕਿਸੇ ਇਕ ਪਾਰਟੀ ਦਾ ਵਿਰੋਧੀ ਨਹੀਂ ਹੋ ਸਕਦਾ। ਉਹ ਵੱਖ-ਵੱਖ ਪਾਰਟੀਆਂ ਦੇ ਵੱਖ-ਵੱਖ ਸਮੇਂ ਵਿਚ ਕੀਤੇ ਫੈਸਲਿਆਂ ਜਾਂ ਕੰਮਾਂ ਦੀ ਪੜਚੋਲ ਕਰੇਗਾ ਤੇ ਆਪਣੇ ਵਿਚਾਰਾਂ ਅਨੁਸਾਰ ਰਸਤਿਆਂ ਦੀ ਤਜਵੀਜ਼ ਕਰੇਗਾ।

ਚਰਚਾ ਹੇਠਲੇ ਲੇਖ ਤੋਂ ਇਕ ਗੱਲ ਸਪੱਸ਼ਟ ਹੈ ਕਿ ਕੰਵਲ ਜੀ ਦੇ ਲਗਾਏ ਹਿਸਾਬ-ਕਿਤਾਬ ਮੁਤਾਬਕ ਜੇ ਪ੍ਰਕਾਸ਼ ਸਿੰਘ ਬਾਦਲ ਨੇ ਕੋਈ ਵੱਡਾ ਪੈਂਤੜਾ ਨਾ ਮਾਰਿਆ (ਜਿਸ ਦੀ ਹੁਣ ਕੋਈ ਸੰਭਾਵਨਾ ਨਹੀਂ) ਤਾਂ ਅਗਲੀਆਂ ਚੋਣਾਂ ਵਿਚ ਕਾਂਗਰਸ ਹੀ ਪੰਜਾਬ ਦੀ ਹਾਕਮ ਪਾਰਟੀ ਬਣੇਗੀ। ਸ਼ਾਇਦ ਕੰਵਲ ਜੀ ਦੇ ਲੇਖ ਦਾ ਤਟਫਟ ਕਾਰਨ ਇਹੀ ਹੋਵੇ। ਲੱਗਦਾ ਨਹੀਂ ਕਿ ਪੰਜਾਬ ਦੇ ਲੋਕ ਇਸ ਕਰਕੇ ਕਾਂਗਰਸ ਵਲ ਝੁਕੇ ਹੋਣ ਕਿ ਬਾਦਲ ਦੇ ਰਾਜ ਵੇਲੇ ਚੰਡੀਗੜ੍ਹ, ਅੰਮ੍ਰਿਤਸਰ ਨੂੰ ਵਾਹਣੀਂ ਪਾਈ ਫਿਰਦਾ ਰਿਹਾ ਹੈ ਜਾਂ ਕਿ ਸਿੱਖੀ ਦਾ ਜਹਾਜ਼ ਡੁੱਬਣ ਵਾਲਾ ਹੈ। ਉਨ੍ਹਾਂ ਦੇ ਮਸਲੇ ਜ਼ਿਆਦਾ ਗੰਭੀਰ ਹੋਣਗੇ। ਬਾਦਲ ਰਾਜ ਵਿਚ ਕਿਸਾਨੀ ਬੁਰੀ ਤਰ੍ਹਾਂ ਰੁਲੀ ਤੇ ਨੌਜਵਾਨਾਂ ਦੀ ਹਾਲਤ ਬਹੁਤ ਤਰਸਯੋਗ ਹੈ। ਬੇਰੁਜ਼ਗਾਰੀ ਵਲ ਕਿਸੇ ਦਾ ਧਿਆਨ ਹੀ ਨਹੀਂ। ਬਾਹਰ ਭੇਜਣ ਵਾਲੇ ਏਜੰਟਾਂ ਦੇ ਚੱਕਰ ਕਟਦੇ ਤੇ ਪਾਸਪੋਰਟ ਦਫਤਰਾਂ ਦੇ ਬਾਹਰ ਲੰਬੀਆਂ ਕਤਾਰਾਂ ਵਿਚ ਖਲੋਤੇ ਮੁੰਡੇ ਕੇਸ ਰੱਖਣ ਦੀਆਂ ਦੁਹਾਈਆਂ ਨਹੀਂ ਸੁਣਦੇ। ਉਨ੍ਹਾਂ ਦੀਆਂ ਅੱਖਾਂ ਅੱਗੇ ਹਨੇਰੇ ਵੀ ਹੋਰ ਨੇ ਤੇ ਚਾਨਣ ਦੀਆਂ ਕਿਰਨਾਂ ਵੀ ਹੋਰ। ਫਿਰ ਜਿਨ੍ਹਾਂ ਦੀ ਪਹੁੰਚ ਪਾਸਪੋਰਟ ਦੇ ਦਫਤਰ ਤੱਕ ਵੀ ਨਹੀਂ, ਉਹ ਕਿਸੇ ਹੋਰ ਜਹਾਜ਼ ਦੇ ਹੂਟੇ ਲੈਣ ਲਈ ਕੈਮਿਸਟਾਂ ਮੂਹਰੇ ਖਲੋਤੇ ਮਿਲਣਗੇ।

ਪ੍ਰਕਾਸ਼ ਸਿੰਘ ਬਾਦਲ ਦਾ ਮੁੱਖ ਜਨਤਕ ਅਹੁਦਾ ਪੰਜਾਬ ਦਾ ਮੁੱਖ ਮੰਤਰੀ ਹੋਣਾ ਹੈ। ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦਾ ਇਕ ਖਾਸ ਕਾਰਜ ਖੇਤਰ ਹੈ। ਉਨ੍ਹਾਂ ਠੀਕ ਨਿਭਾਇਆ ਕਿ ਨਹੀਂ, ਹੁਣ ਲੋਕਾਂ ਨੇ ਵੇਖਣਾ ਹੈ ਪਰ ਕੰਵਲ ਜੀ ਉਨ੍ਹਾਂ ਨੂੰ ਇਕ ਹੋਰ ਪਾਸੇ ਹੀ ਖਿੱਚਣਾ ਚਾਹੁੰਦੇ ਹਨ। ਅੱਖਰ ਜੋੜੇ ਨੇ, "ਮੈਂ ਸੱਚ ਆਖਦਾ ਆਂ, ਸਿੱਖੀ ਦਾ ਬੇੜਾ ਗਰਕਣ ਨੂੰ ਜਾ ਰਿਹਾ ਹੈ, ਇਸ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਪਵੇਗੀ, ਇਸ ਤਾਰੀਖੀ ਦੋਸ਼ ਤੋਂ ਬਚੋ।" ਪਰ ਇਕ ਮੁੱਖ ਮੰਤਰੀ ਕਿਸੇ ਧਰਮ ਦੇ ਬੇੜੇ ਬਾਰੇ ਕਰ ਕੀ ਸਕਦਾ ਹੈ? ਉਹ ਤਾਂ ਇਸ ਬੇੜੇ ਵਿਚੋਂ ਨਾ ਕੁਝ ਕੱਢ ਸਕਦਾ ਹੈ, ਨਾ ਰੱਖ ਸਕਦਾ ਹੈ। ਫਿਰ ਵੀ ਜੇ ਕੰਵਲ ਜੀ ਸਮਝਦੇ ਹਨ ਕਿ ਬਾਦਲ ਸਾਹਿਬ ਧਰਮ ਦੇ ਖੇਤਰ ਵਿਚ ਚੰਗੇ ਕੰਮ ਕਰ ਸਕਦੇ ਹਨ ਤਾਂ ਉਨ੍ਹਾਂ ਤੋਂ ਸਗੋਂ ਮੁੱਖ ਮੰਤਰੀ ਪਦ ਤੋਂ ਅਸਤੀਫਾ ਦੇਣ ਦੀ ਮੰਗ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਜੇ ਬੇਦੀ ਸਾਹਿਬ ਤੋਂ ਵੀ ਧਰਮ ਦੇ ਬੇੜੇ ਬਾਰੇ ਕੁਝ ਕਰਵਾਉਣਾ ਹੈ ਤਾਂ ਉਨ੍ਹਾਂ ਨੂੰ ਅਸੈਂਬਲੀ ਚੋਣਾਂ ਤੋਂ ਪਾਸੇ ਰਹਿਣ ਲਈ ਕਹਿਣਾ ਚਾਹੀਦਾ ਹੈ। ਆਖਰ ਚਾਹੇ ਕਿਤਨੀਆਂ ਵੀ ਚੰਗੀਆਂ ਸਿਹਤਾਂ ਕਿਉਂ ਨਾ ਹੋਣ, ਇਸ ਉਮਰੇ ਦੋ-ਦੋ ਕੰਮ ਨਹੀਂ ਹੋ ਸਕਦੇ।

ਲੋਕਰਾਜੀ ਢਾਂਚੇ ਨੂੰ ਸਮਝਦੇ ਹੋਏ ਵੀ ਕੰਵਲ ਜੀ ਨੇ ਚੁਭਦੇ ਅੱਖਰ ਜੋੜ ਕੇ ਉਲ੍ਹਾਮਾ ਮਾਰਿਆ ਹੈ "ਕੱਲ੍ਹ ਦੀਆਂ ਜੰਮੀਆਂ ਭੂਤਨੀਆਂ ਵੀ ਸਿਵਿਆਂ ਉਤੇ ਆਪਣੇ ਕਬਜ਼ੇ ਦੇ ਦਮਗਜੇ ਮਾਰ ਰਹੀਆਂ ਹਨ।" ਪਤਾ ਨਹੀਂ ਇਸ਼ਾਰਾ ਕਿਧਰ ਹੈ। ਸ਼ਾਇਦ ਬਹੁਜਨ ਸਮਾਜ ਪਾਰਟੀ ਵਲ। ਪਰ ਲੋਕ ਰਾਜ ਵਿਚ ਸਿਵਿਆਂ ਉਪਰ ਲੋਕਾਂ ਦਾ ਅਧਿਕਾਰ ਹੁੰਦਾ ਹੈ। ਜੇ ਪੁਰਾਣੀਆਂ ਭੂਤਨੀਆਂ ਉਨ੍ਹਾਂ ਦੇ ਕੰਮ ਕਰਨਗੀਆਂ ਤਾਂ ਲੋਕ ਨਵੀਆਂ ਭੂਤਨੀਆਂ ਨੂੰ ਅੱਜ ਸਿਵਿਆਂ ਦਾ ਅੱਧ ਤੇ ਕੱਲ੍ਹ ਨੂੰ ਪੂਰੇ ਸਿਵੇ ਵੀ ਸਪੁਰਦ ਕਰ ਸਕਦੇ ਹਨ। ਇਹ ਵੱਖਰੀ ਗੱਲ ਹੈ ਕਿ ਕਦੀ ਇਹ ਭੂਤਨੀਆਂ ਵੀ ਪੁਰਾਣੀਆਂ ਹੋ ਸਕਦੀਆਂ ਹਨ, ਨਵੀਆਂ ਹੋਰ ਜੰਮ ਸਕਦੀਆਂ ਹਨ ਤੇ ਲੋਕ ਉਨ੍ਹਾਂ ਨੂੰ ਚੁਣ ਸਕਦੇ

**ਵਿਚਾਰ-ਚਰਚਾ**

ਹਨ। ਪਰ ਕੀ ਕੰਵਲ ਜੀ ਚਾਹੁੰਦੇ ਹਨ ਕਿ ਦੋ ਹੀ ਭੂਤਨੀਆਂ ਵਾਰੀ-ਵਾਰੀ ਰਾਜ ਕਰੀ ਜਾਣ?

ਪਹਿਲਾਂ ਸੁਣਿਆ ਸੀ ਕਿ ਅਗਾਂਹਵਧੂ ਵਿਚਾਰਾਂ ਦੇ ਲੋਕ ਆਪਣੀਆਂ ਜਾਤਾਂ ਭੁੱਲ ਜਾਂਦੇ ਹਨ। ਫਿਰ ਸੁਣਿਆ ਕਿ ਸਿੱਖ ਵਿਚਾਰਾਂ ਵਾਲੇ ਲੋਕ ਕੇਵਲ 'ਮਾਨਸ ਕੀ ਜਾਤ' ਹੀ ਜਾਣਦੇ ਹਨ। ਕੰਵਲ ਜੀ ਇਨ੍ਹਾਂ ਦੋਵਾਂ ਵਿਚੋਂ ਹਨ, ਫਿਰ ਵੀ ਉਹ ਆਪਣੀ ਹੀ ਨਹੀਂ, ਬਾਦਲ ਸਾਹਿਬ ਦੀ ਜਾਤੀ ਵੀ ਜਾਣਦੇ ਹਨ ਤੇ ਲਗਦਾ ਹੈ ਕਿ ਕੁਝ ਮਾਣ ਨਾਲ ਜਾਣਦੇ ਹਨ। ਬਾਦਲ ਨੂੰ ਸੰਬੋਧਨ ਕਰਦਿਆਂ ਲਿਖਦੇ ਹਨ, "ਦੋਵੇਂ ਜੱਟ ਆਂ, ਸ਼ਾਇਦ ਦੋਨੋਂ ਇਕ ਦੂਜੇ ਦੀ ਈਨ ਨਾ ਮੰਨੀਏ ਕਿਉਂਕਿ ਅਸੀਂ ਬਾਣੀਏ ਨਹੀਂ ਬਣ ਸਕਦੇ।" ਜੇ ਵਿਚਾਰ-ਵਟਾਂਦਰੇ ਵਿਚ ਕਾਇਲ ਕਰਦੀਆਂ ਦਲੀਲਾਂ ਨੂੰ ਪ੍ਰਵਾਨ ਕਰਨਾ ਈਨ ਮੰਨਣਾ ਹੈ ਤਾਂ ਬੜੀ ਮੁਸ਼ਕਲ ਹੋਵੇਗੀ। ਆਖਰ ਬਾਦਲ ਸਾਹਿਬ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਲੋਕਾਂ ਦੇ ਵਿਚਾਰ ਕਿਸ ਤਰ੍ਹਾਂ ਸੁਣਦੇ ਹੋਣਗੇ ਤੇ ਕੰਵਲ ਜੀ ਕਿਸੇ ਹੋਰ ਦਾ ਲਿਖਿਆ ਲੇਖ ਕਿਸ ਤਰ੍ਹਾਂ ਪੜ੍ਹਦੇ ਹੋਣਗੇ?

ਕੰਵਲ ਜੀ ਦੇ ਜੋੜੇ ਕੁਝ ਅੱਖਰ ਅਖਬਾਰ ਵਾਲਿਆਂ ਨੇ ਡੱਬੀ ਵਿਚ ਦਿੱਤੇ ਹਨ। ਇਨ੍ਹਾਂ ਵਿਚ ਲਿਖਿਆ ਹੈ, "ਬਾਦਲ ਸਾਹਿਬ! ਮੈਂ ਜ਼ੋਰ ਦੇ ਕੇ ਆਖਦਾ ਆਂ, ਸ. ਬਲਦੇਵ ਸਿੰਘ ਵਾਲੀ ਗਲਤੀ ਨਾ ਕਰੋ।" ਆਪਣੇ ਤੌਰ 'ਤੇ ਤਾਂ ਮੈਂ ਕਾਫੀ ਇਤਿਹਾਸ ਪੜ੍ਹਿਆ ਸਮਝਦਾ ਹਾਂ, ਫਿਰ ਵੀ ਬਲਦੇਵ ਸਿੰਘ ਦੀ ਕਿਸੇ 'ਬੁਨਿਆਦੀ' ਗਲਤੀ ਦਾ ਕੋਈ ਪਤਾ ਨਹੀਂ ਲੱਗ ਰਿਹਾ। ਖੈਰ ਗਲਤੀ ਤਾਂ ਕਿਸੇ ਨੂੰ ਵੀ ਨਹੀਂ ਕਰਨੀ ਚਾਹੀਦੀ, ਚਾਹੇ ਉਹ ਕਿਸੇ ਕਿਸਮ ਦੀ ਹੋਵੇ ਜਾਂ ਕਿਸੇ ਵੀ ਹੋਰ ਬੰਦੇ ਵਾਲੀ ਹੋਵੇ। ਪਰ ਇਹ ਉਤਸੁਕਤਾ ਜ਼ਰੂਰ ਰਹੇਗੀ ਕਿ ਬਲਦੇਵ ਸਿੰਘ ਦੀ 'ਬੁਨਿਆਦੀ' ਗਲਤੀ ਕਿਹੜੀ ਸੀ।

ਬੇਦੀ ਸਾਹਿਬ ਬਾਬਾ ਸਰਬਜੋਤ ਸਿੰਘ ਜੀ ਦੀ ਕਾਫੀ ਤਾਰੀਫ ਕੀਤੀ ਗਈ ਹੈ ਕਿਉਂਕਿ ਮੈਂ ਉਨ੍ਹਾਂ ਦਾ ਨਾਮ ਪਹਿਲਾਂ ਕਦੀ ਨਹੀਂ ਸੁਣਿਆ ਸੀ, ਇਸ ਲਈ ਜੋ ਕੰਵਲ ਜੀ ਨੇ ਲਿਖਿਆ, ਉਸ ਉਪਰ ਪੂਰਾ ਇਤਬਾਰ ਹੈ। ਬੇਦੀ ਸਾਹਿਬ ਇਨ੍ਹਾਂ ਹੀ ਸਿਫਤਾਂ ਦੇ ਮਾਲਕ ਹੋਣਗੇ ਪਰ ਬਾਦਲ ਸਾਹਿਬ ਦੀਆਂ ਡਿਕਟੇਟਰੀ ਨੀਤੀਆਂ ਦਾ ਵਿਰੋਧ ਕਰਦੇ ਹੋਏ ਬੇਦੀ ਸਾਹਿਬ ਨੂੰ ਹੁਣ ਤੋਂ ਹੀ ਡਿਕਟੇਟਰੀ ਤਾਕਤ ਹਾਸਲ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਨੂੰ ਸੰਬੋਧਨ ਕਰਕੇ ਕੰਵਲ ਜੀ ਲਿਖਦੇ ਹਨ, "ਜਿਨ੍ਹਾਂ ਸ਼ਕਤੀਆਂ ਨੇ ਤੁਹਾਨੂੰ ਕਨਵੀਨਰ ਥਾਪਿਆ ਹੈ, ਉਨ੍ਹਾਂ ਦੇ ਹਰ ਤਰ੍ਹਾਂ ਹੱਥ ਵਢਵਾ ਲਵੋ। ਜੋ ਤੁਸੀਂ ਕਰ ਆਵੋ, ਉਸ ਨੂੰ ਅਲਫ ਤੋਂ ਬੇ ਤੱਕ ਸਾਰਾ ਮਨਜ਼ੂਰ ਹੋਵੇਗਾ।" ਸੁਭਾਵਕ ਹੈ ਕਿ ਇਤਨੀ ਸ਼ਕਤੀ ਦੇਣ ਤੋਂ ਪਹਿਲਾਂ ਇਹ ਪਤਾ ਕਰਨਾ ਚਾਹੀਦਾ ਹੈ ਕਿ ਕੰਵਲ ਜੀ ਦੀਆਂ ਦੱਸੀਆਂ 'ਸਮੱਸਿਆਵਾਂ' ਦਾ ਉਹ ਕੀ ਹੱਲ ਤਜਵੀਜ਼ ਕਰਦੇ ਹਨ। ਉਹ ਪੰਜਾਬ ਤੇ ਸਿੱਖੀ ਦੀਆਂ ਬੁਨਿਆਦਾਂ ਤੱਕ ਨੂੰ ਚਟਮ ਹੋਣ ਤੋਂ ਕਿਸ ਤਰ੍ਹਾਂ ਰੋਕਣਗੇ? ਪੰਜਾਬ ਤੋਂ ਬਾਹਰ ਰਹਿੰਦੇ ਪੰਜਾਬੀਆਂ ਨੂੰ ਲਹੂ-ਲੁਹਾਣ ਹੋਣੀ ਤੋਂ ਕਿਸ ਤਰ੍ਹਾਂ ਬਚਾਉਣਗੇ? ਕੱਲ੍ਹ ਦੀਆਂ ਜੰਮੀਆਂ ਭੂਤਨੀਆਂ ਨੂੰ ਸਿਵਿਆਂ ਵਿਚੋਂ ਕਿਸ ਤਰ੍ਹਾਂ ਕੱਢਣਗੇ ਅਤੇ ਸਿੱਖੀ ਦੇ ਜਹਾਜ਼ ਨੂੰ ਡੁੱਬਣ ਤੋਂ ਕਿਸ ਤਰ੍ਹਾਂ ਬਚਾਉਣਗੇ?

ਕੰਵਲ ਜੀ ਦੀ ਅੱਖਰ ਜੁੜਾਈ ਕਲਾ ਵਿਚ ਕੋਈ ਨੁਕਸ ਨਹੀਂ। ਉਹ ਇਸ ਹੁਨਰ ਦੇ ਨਿਪੁੰਨ ਹਨ। ਪਰ ਜੇ ਅਕਲ ਲਤੀਫ ਵੀ ਥੋੜ੍ਹਾ ਲਿਹਾਜ਼ਦਾਰੀ ਨਾਲ ਲਿਖਣ, ਕੁਝ ਨਰਮ ਲਿਖਣ, ਕੁਝ ਸੌਖਾ ਜਿਹਾ ਲਿਖਣ ਤਾਂ ਹੋਰ ਵੀ ਚੰਗਾ।

# ਮੌਲਾਨਾ ਰੂਮੀ

**ਹਰਪਾਲ ਸਿੰਘ ਪੰਨੂ**

ਸ਼ਮਸ ਤਬਰੇਜ਼, ਰੂਮੀ ਅਤੇ ਹਾਫਿਜ਼ ਸ਼ੀਰਾਜ਼ੀ, ਇਹ ਸਾਰੇ ਸ਼ਾਇਰ ਦੁਨੀਆਂ ਨੂੰ ਈਰਾਨ ਵਲੋਂ ਦਿਤੀ ਸੁਗਾਤ ਹਨ। ਅੱਠ ਸੌ ਸਾਲ ਪਹਿਲੋਂ ਹੋਇਆ ਰੂਮੀ ਪੁਰਾਣਾ ਲਗਦਾ ਹੀ ਨਹੀਂ। ਇਹ ਠੀਕ ਹੈ ਕਿ ਇਨ੍ਹਾਂ ਸ਼ਾਇਰਾਂ ਦੇ ਖਿਆਲਾਂ ਦੀਆਂ ਬੰਦਿਸ਼ਾਂ ਦਾ ਆਨੰਦ ਜੋ ਫਾਰਸੀ ਵਿਚ ਲਿਆ ਜਾ ਸਕਦਾ ਹੈ ਉਹ ਤਰਜਮੇ ਰਾਹੀਂ ਹਾਸਲ ਨਹੀਂ ਹੁੰਦਾ, ਪਰ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਕਿਉਂਕਿ ਪੰਜਾਬ ਦੇ ਅਜੋਕੇ ਹੁਕਮਰਾਨਾਂ ਨੇ ਉਰਦੂ ਫਾਰਸੀ ਦੀ ਵਿਦਿਆ ਦਾ ਸਕੂਲਾਂ ਵਿਚੋਂ ਇਕੋ ਸਰਕੂਲਰ ਨਾਲ ਸਫਾਇਆ ਕਰ ਦਿੱਤਾ ਸੀ। ਇਨ੍ਹਾਂ ਜ਼ਬਾਨਾਂ ਦੀ ਪੜ੍ਹਾਈ ਬੰਦ ਕਰ ਦੇਣ ਦਾ ਜਦੋਂ ਸਰਕੂਲਰ ਜਾਰੀ ਹੋਇਆ ਤਾਂ ਕਿਸੇ ਪਾਸਿਓਂ ਇਸਦਾ ਵਿਰੋਧ ਨਹੀਂ ਹੋਇਆ ਸੀ। ਰੂਮੀ ਦੇ ਇਕ ਸ਼ਿਅਰ ਦਾ ਪੰਜਾਬੀ ਤਰਜਮਾ ਹੈ:

ਹੋ ਜਾਏ ਕੋਈ ਦੂਰ
ਆਪਣੀਆਂ ਜੜ੍ਹਾਂ ਤੋਂ,
ਤਾਂ ਆਵਾਜ਼ ਵੀ ਜੇ ਦਏਗਾ
ਦਏਗਾ ਆਪਣੀਆਂ ਜੜ੍ਹਾਂ ਨੂੰ,
ਆਵਾਜ਼ ਦੀ ਗੂੰਜ ਵਾਪਸ ਆਏਗੀ
ਤਾਂ ਆਏਗੀ ਆਪਣੀਆਂ ਜੜ੍ਹਾਂ ਵਲੋਂ ਹੀ।

ਰੂਮੀ ਦਾ ਜਨਮ 30 ਸਤੰਬਰ 1207 ਈ. ਨੂੰ ਅਫਗਾਨਿਸਤਾਨ ਦੇ ਨਗਰ ਬਲਖ ਵਿਚ ਹੋਇਆ। ਪਿਤਾ ਦਾ ਨਾਮ ਬਹਾਉਦੀਨ ਸੀ ਤੇ ਮਾਂ ਮੋਮਿਤ ਖਾਤੂਨ। ਪਿਤਾ ਜੀ ਪਹਿਲੇ ਖਲੀਫੇ ਅਬੂ ਬਕਰ ਦੇ ਖ਼ਾਨਦਾਨ ਵਿਚੋਂ ਤੇ ਮਾਂ ਚੌਥੇ ਖਲੀਫੇ ਹਜ਼ਰਤ ਅਲੀ ਦੇ ਖਾਨਦਾਨ ਵਿਚੋਂ ਸੀ। ਇਹ ਖਾਨਦਾਨ ਇਸਲਾਮੀ ਪਰੰਪਰਾ ਵਿਚ ਸ਼ਰੋਮਣੀ ਹਨ। ਜਿੱਥੇ ਜਿੱਥੇ ਵੀ ਇਹ ਪਰਿਵਾਰ ਗਿਆ ਸਨਮਾਨਿਤ ਹੋਇਆ। ਬਹਾਉਦੀਨ ਵੱਡਾ ਵਿਦਵਾਨ ਸੀ ਪਰ ਸਾਦਗੀ-ਪੂਰਨ ਜੀਵਨ ਬਤੀਤ ਕਰਦਾ। ਉਸਨੂੰ ਸੁਲਤਾਨਿ-ਉਲੇਮਾ (ਵਿਦਵਾਨਾਂ ਦਾ ਬਾਦਸ਼ਾਹ) ਦਾ ਖਿਤਾਬ ਮਿਲਿਆ। ਸਵੇਰ ਤੋਂ ਦੁਪਹਿਰ ਤੱਕ ਬਚਨ ਬਿਲਾਸ ਸੁਣਨ ਵਾਸਤੇ ਹਰ ਇਕ ਨੂੰ ਆਉਣ ਦਾ ਅਧਿਕਾਰ ਸੀ, ਪਰ ਬਾਦ ਦੁਪਹਿਰ ਇੱਕ ਪਹਿਰ ਦਾ ਸਮਾਂ ਉਹ ਕੇਵਲ ਵਿਦਵਾਨਾਂ ਦੀ ਅਗਵਾਈ ਵਾਸਤੇ ਰਾਖਵਾਂ ਰਖਦੇ।

ਬਲਖ ਸ਼ਹਿਰ ਰੂਮੀ ਦੇ ਜਨਮ ਤੋਂ ਪਹਿਲਾਂ ਪੰਜ ਸਦੀਆਂ ਤੱਕ ਇਸਲਾਮਿਕ ਵਿਦਿਆ ਦਾ ਪ੍ਰਸਿੱਧ ਕੇਂਦਰ ਰਿਹਾ ਸੀ। ਬਗਦਾਦ ਤੋਂ ਬਾਦ ਬਲਖ ਦਾ ਹੀ ਨਾਮ ਸੀ। ਉਸਦਾ ਪੂਰਾ ਨਾਮ ਸੀ ਜਲਾਲੁੱਦੀਨ ਮੁਹੰਮਦ ਬਿਨ ਹੁਸੈਨ ਅਲ ਬਲਖੀ। ਬਿਨ ਮਾਇਨੇ ਪੁੱਤਰ, ਸੋ ਹੁਸੈਨ ਅਲ ਬਲਖੀ ਬਹਾਉਦੀਨ ਦਾ ਪੁੱਤਰ ਜਲਾਲੁੱਦੀਨ ਮੁਹੰਮਦ। ਰੂਮੀ ਸੱਤ ਸਾਲ ਦਾ ਸੀ ਕਿ ਪਰਿਵਾਰ ਅਨਾਤੋਲੀਆ ਵਿਚ ਚਲਾ ਗਿਆ। ਅਜੋਕੇ ਤੁਰਕੀ ਦਾ ਨਾਮ ਉਦੋਂ ਅਨਾਤੋਲੀਆ ਸੀ। ਇਤਾਲਵੀਆਂ ਨੇ ਜਿਨ੍ਹਾਂ ਦੇਸਾਂ ਉਤੇ ਰਾਜ ਅਧਿਕਾਰ ਜਮਾਇਆ ਹੋਇਆ ਸੀ ਉਨ੍ਹਾਂ ਦੀ ਪਰਜਾ ਨੂੰ ਰੋਮਨ ਜਾਂ ਰੋਮੀ ਕਹਿੰਦੇ ਸਨ। ਤੁਰਕੀ ਦੇ ਲੋਕ ਵੀ ਰੋਮੀ ਜਾਂ ਰੂਮੀ ਹੋਏ। ਸੋ ਇਸ ਦਰਵੇਸ ਦਾ ਜਿਹੜਾ ਨਾਮ ਸਭ ਤੋਂ ਵਧੀਕ ਪ੍ਰਚਲਤ ਤੇ ਪ੍ਰਸਿੱਧ ਹੋਇਆ ਉਹ ਮੌਲਾਨਾ ਰੂਮੀ ਹੈ। ਮੌਲਾਨਾ ਮਾਇਨੇ ਵਡੇਰਾ। ਭਾਰਤ ਅਤੇ ਪਾਕਿਸਤਾਨ ਵਿਚ ਉਹ ਮੌਲਾਨਾ ਰੂਮੀ ਹੈ, ਅਫਗਾਨਿਸਤਾਨ ਵਿਚ ਉਸ ਨੂੰ ਮੌਲਾਨਾ ਜਲਾਲੁੱਦੀਨ ਬਲਖੀ ਆਖਦੇ ਹਨ, ਤੁਰਕੀ ਵਿਚ ਮੇਵਲਾਨਾ ਰੂਮ ਅਤੇ ਈਰਾਨ ਵਿਚ ਮੌਲਵੀ ਰੂਮ ਕਹਿੰਦੇ ਹਨ। ਪੱਛਮ ਵਿਚ ਉਹ ਕੇਵਲ ਰੂਮੀ ਹੈ।

ਸਨ 1213 ਈ. ਨੂੰ ਇਕ ਦਿਨ ਖੁਰਾਸਾਨ ਦੇ ਬਾਦਸ਼ਾਹ ਨੇ ਬਹਾਉਦੀਨ ਦੀ ਜਸ-ਕੀਰਤੀ ਸੁਣੀ ਤਾਂ ਪ੍ਰਵਚਨ ਸੁਣਨ ਵਾਸਤੇ ਪੁੱਜੇ। ਉਥੇ ਪ੍ਰਵਚਨ ਸੁਣਨ ਵਾਸਤੇ ਆਏ ਲੋਕਾਂ ਦਾ ਏਨਾ ਵੱਡਾ ਇੱਕਠ ਦੇਖ ਕੇ ਹੈਰਾਨ ਹੋ ਗਏ ਤੇ ਸੁਭਾਵਕ ਮੂਹੋਂ ਨਿਕਲਿਆ-ਖੁਦਾ, ਏਨੀ ਖ਼ਲਕਤ! ਬਾਦਸ਼ਾਹ ਦਾ ਵਿਦਵਾਨ ਅਹਿਲਕਾਰ ਜੋ ਉਸ ਵਕਤ ਨਾਲ ਸੀ ਤੇ ਬਹਾਉਦੀਨ ਨਾਲ ਈਰਖਾ ਕਰਦਾ ਸੀ, ਉਸਨੇ ਤੁਰੰਤ ਆਪਣਾ ਤੀਰ ਚਲਾਇਆ, ਬੰਦਾ ਪਰਵਰ, ਜੇ ਤੁਰਤ ਫੁਰਤ ਇਸਦਾ ਇਲਾਜ ਨਾ ਕੀਤਾ ਤਾਂ ਇਹ ਸ਼ਖ਼ਸ ਤੁਹਾਡੀ ਹਕੂਮਤ ਵਾਸਤੇ ਖਤਰਾ ਬਣ ਸਕਦਾ ਹੈ।

ਸਲਾਹਕਾਰਾਂ ਦੀ ਸਲਾਹ ਲੈਣ ਉਪਰੰਤ ਬਾਦਸ਼ਾਹ ਨੇ ਆਪਣੇ ਹਥਿਆਰਘਰ, ਖ਼ਜ਼ਾਨੇ ਅਤੇ ਕਿਲੇ ਦੀਆਂ ਚਾਬੀਆਂ ਇਕ ਖਤ ਸਮੇਤ ਬਹਾਉਦੀਨ ਕੋਲ ਭੇਜ ਦਿੱਤੀਆਂ। ਖਤ ਵਿਚ ਲਿਖਿਆ ਸੀ, ਹਜ਼ੂਰ, ਸਾਡੀ ਪਰਜਾ ਦੇ ਦਿਲਾਂ ਉਪਰ ਤੁਸੀਂ ਹਕੂਮਤ ਕਾਇਮ ਕਰ ਲਈ ਹੈ। ਸਾਡੇ ਕੋਲ ਤਾਂ ਇਹ ਪੰਜ ਚਾਰ ਚਾਬੀਆਂ ਬਚੀਆਂ ਰਹਿ ਗਈਆਂ ਹਨ ਕੇਵਲ, ਇਹ ਵੀ ਅਸੀਂ ਕੀ ਕਰਨੀਆਂ ਹਨ? ਤੁਸੀ ਸੰਭਾਲੋ।

ਬਹਾਉਦੀਨ ਦੇ ਸਬਰ ਅਤੇ ਸ਼ੁਕਰ ਉਪਰ ਇਸ ਖਤ ਅਤੇ ਚਾਬੀਆਂ ਦਾ ਕੋਈ ਅਸਰ ਨਾ ਹੋਇਆ। ਚਾਬੀਆਂ ਮੋੜਦਿਆਂ ਇਹ ਖ਼ਤ ਲਿਖਿਆ, "ਸਭ ਤੋਂ ਪਹਿਲਾਂ ਬਾਦਸ਼ਾਹ ਸਲਾਮਤ ਮੇਰਾ ਸਲਾਮ ਕਬੂਲ ਕਰੋ। ਦੁਨੀਆਂਦਾਰੀ ਤੋਂ ਮੁਕਤ ਮੈਂ ਖੁਦਾ ਦਾ ਬੰਦਾ ਹਾਂ। ਸ਼ਾਨੋ-ਸ਼ੌਕਤ, ਹਥਿਆਰ, ਖ਼ਜ਼ਾਨੇ ਤੇ ਕਿਲੇ ਮੇਰੇ ਲਈ ਬੇਮਾਇਨੇ ਹਨ। ਜੁਮੇ ਦੀ ਨਮਾਜ਼ ਪੜ੍ਹਨ ਤੋਂ ਬਾਅਦ ਮੈਂ ਆਪਦਾ ਮੁਲਕ ਤਿਆਗ ਦਿਆਂਗਾ ਤਾਂ ਕਿ ਤੁਹਾਨੂੰ ਕੋਈ ਗਲਤਫਹਿਮੀ ਨਾ ਹੋਵੇ ਤੇ ਮੇਰੇ ਬਾਦ ਤੁਸੀ ਬੇਫਿਕਰ ਹੋਕੇ ਹਕੂਮਤ ਕਰਦੇ ਰਹੋ।

ਕੰਨੋ ਕੰਨ ਇਹ ਖ਼ਬਰ ਘਰ ਘਰ ਪੁੱਜ ਗਈ ਤਾਂ ਬਲਖ ਵਿਚ ਬਾਦਸ਼ਾਹ ਦੇ ਖਿਲਾਫ ਬਗਾਵਤ ਦੇ ਹਾਲਾਤ ਪੈਦਾ ਹੋ ਗਏ। ਏਨੀ ਅਫਰਾਤਫਰੀ ਸ਼ੁਰੂ ਹੋਈ ਕਿ ਬਾਦਸ਼ਾਹ ਨੂੰ ਮਜਬੂਰਨ ਬਹਾਉਦੀਨ ਤੋਂ ਮਾਫ਼ੀ ਮੰਗਣੀ ਪਈ ਤੇ ਨਾਲੇ ਅਰਜ਼ ਕੀਤੀ ਕਿ ਬਲਖ ਵਿਚੋਂ ਨਾ ਜਾਓ। ਬਹਾਉਦੀਨ ਸ਼ਾਂਤ ਰਹੇ। ਲੋਕਾਂ ਨੇ ਸਮਝਿਆ ਕਿ ਫਕੀਰ ਨੇ ਬਾਦਸ਼ਾਹ ਨੂੰ ਮਾਫ ਕਰ ਦਿੱਤਾ ਹੈ, ਸੋ ਟਿਕ ਟਿਕਾ ਹੋ ਗਿਆ। ਸਨਿਚਰਵਾਰ ਦੀ ਰਾਤ ਬਿਨਾ ਕਿਸੇ ਨੂੰ ਦੱਸਿਆਂ ਪਰਿਵਾਰ ਸਮੇਤ ਉਹ ਚਲ ਪਏ, ਕਿਧਰ? ਇਸਦਾ ਉਨ੍ਹਾਂ ਨੂੰ ਖ਼ੁਦ ਪਤਾ ਨਹੀਂ ਸੀ। ਕੇਵਲ ਏਨਾ ਫੈਸਲਾ ਸੀ ਕਿ ਬਲਖ ਦੇ ਰਾਜ ਵਿਚ ਨਹੀਂ ਰਹਿਣਾ। ਇਸ ਪਰਿਵਾਰ ਦੇ ਚਲੇ ਜਾਣ ਤੋਂ ਕੁਝ ਸਮਾਂ ਬਾਦ ਚੰਗੇਜ਼ ਖਾਨ ਨੇ ਬਲਖ ਤੇ ਹਮਲਾ ਕਰ ਦਿਤਾ ਤੇ ਕੇਵਲ ਬਲਖ ਨਹੀਂ, ਖੁਰਾਸਾਨ ਵੀ ਤਬਾਹ ਕਰ ਦਿਤਾ। ਮੰਗੋਲ ਫੌਜਾਂ ਦੀ ਕਰੂਰਤਾ ਤੋਂ ਸੰਸਾਰ ਭਲੀ ਪ੍ਰਕਾਰ ਜਾਣੂ ਹੈ।


ਪੰਦਰਾਂ ਸਾਲ ਰੂਮੀ ਦਾ ਪਰਿਵਾਰ ਟੱਪਰੀਵਾਸਾਂ ਵਾਂਗ ਦੇਸਾਂ-ਦੇਸਾਂਤਰਾਂ ਵਿਚ ਘੁੰਮਦਾ ਫਿਰਦਾ ਰਿਹਾ, ਸਾਲ 1228 ਵਿਚ ਉਹ ਤੁਰਕੀ ਦੀ ਰਾਜਧਾਨੀ ਕੋਨੀਆਂ ਪੁੱਜੇ। ਤੁਰਕੀ ਦੇ ਸੁਲਤਾਨ ਅਲਾਉਦੀਨ ਕੈਕਾਬਾਦ ਨੇ ਉਨ੍ਹਾਂ ਪਾਸ ਬੇਨਤੀ ਕੀਤੀ ਕਿ ਰਾਜਧਾਨੀ ਵਿਚ ਵੱਸੋ ਤੇ ਮਦਰਸਾਇ ਖੁਦਾਵੰਦਗਾਰ ਸਥਾਪਤ ਕਰੋ।

ਪਿਤਾ ਨੂੰ ਅਹਿਸਾਸ ਸੀ ਕਿ ਉਸਦਾ ਪੁੱਤਰ ਮਿਹਨਤੀ ਹੈ, ਛੇਤੀ ਗੱਲ ਸਮਝ ਜਾਂਦਾ ਹੈ ਤੇ ਯਾਦਦਾਸ਼ਤ ਵਧੀਆ ਹੈ, ਪਰ ਕੋਈ ਖ਼ਾਸ ਗ਼ੈਬੀ ਗੁਣ ਵੀ ਹੈ, ਇਸਦਾ ਪਤਾ ਨਹੀਂ ਸੀ। ਈਰਾਨ ਵਿਚੋਂ ਦੀ ਲੰਘ ਰਹੇ ਸਨ ਤਾਂ ਫੈਸਲਾ ਹੋਇਆ ਫਰੀਦੁੱਦੀਨ ਅੱਤਾਰ ਦੇ ਦੀਦਾਰ ਕਰਕੇ ਜਾਵਾਂਗੇ। ਇਹ ਵਡੇ ਮਰਾਤਬੇ ਵਾਲਾ ਫਕੀਰ ਸੀ ਤੇ ਬਹੁਤ ਵੱਡਾ ਸ਼ਾਇਰ। ਉਸਦੀ ਕਿਤਾਬ ਪੰਛੀਆਂ ਦੀ ਮਜਲਿਸ (ਕਾਨਫਰੰਸ ਆਫ ਦ ਬਰਡਜ਼) ਵਿਸ਼ਵ ਦੇ ਸ਼ਾਹਕਾਰਾਂ ਵਿਚੋਂ ਇਕ ਹੈ, ਜਿਸ ਬਾਰੇ ਕਦੀ ਫਿਰ ਲਿਖਾਂਗਾ।

ਪਿਤਾ ਪੁੱਤਰ, ਅੱਤਾਰ ਨੂੰ ਮਿਲਣ ਆ ਰਹੇ ਸਨ ਤਾਂ ਪਿਤਾ ਅੱਗੇ ਅੱਗੇ ਚੱਲ ਰਿਹਾ ਸੀ, ਪੁੱਤਰ ਰੂਮੀ ਪਿਛੇ ਪਿਛੇ। ਅੱਤਾਰ ਦੇ ਇਰਦ-ਗਿਰਦ ਉਨ੍ਹਾਂ ਦੇ ਮੁਰੀਦ ਬੈਠੇ ਸਨ। ਅੱਤਾਰ ਦੀ ਨਿਗਾਹ ਆਪਣੇ ਵਲ ਆਉਂਦੇ ਪਿਉ ਪੁੱਤਰ ਤੇ ਪਈ ਤਾਂ ਮੁਰੀਦਾਂ ਨੂੰ ਕਿਹਾ, ਅਹੁ ਦੇਖੋ ਚਮਤਕਾਰ, ਦਰਿਆ ਦੇ ਪਿਛੇ ਪਿਛੇ ਸਮੁੰਦਰ ਤੁਰਿਆ ਆ ਰਿਹਾ ਹੈ, ਕੁਦਰਤ ਦਾ ਕਰਿਸ਼ਮਾ ਦੇਖੋ।

ਅੱਤਾਰ ਨੇ ਦੋਵਾਂ ਦਾ ਭਰਪੂਰ ਸੁਆਗਤ ਕੀਤਾ। ਅਸੀਸਾਂ ਦਿੰਦਿਆਂ ਬਾਲਕ ਰੂਮੀ ਨੂੰ ਆਪਣੀ ਕਿਤਾਬ ਅਸਰਾਰਨਾਮਾ ਦਿੱਤੀ। ਇਸ ਮੁਲਾਕਾਤ ਦਾ ਰੂਮੀ ਦੀ ਜ਼ਿੰਦਗੀ ਉਪਰ ਉਹ ਅਸਰ ਪਿਆ ਕਿ ਸਦਾ ਲਈ ਥਿਰ ਹੋ ਗਿਆ। ਰੂਮੀ ਦੀ ਸ਼ਾਇਰੀ ਉਪਰ ਅਸਰਾਰਨਾਮਾ ਦਾ ਪ੍ਰਭਾਵ ਸਾਫ ਦਿਸਦਾ ਹੈ। ਦੂਜਾ ਪ੍ਰਭਾਵ ਉਸ ਨੇ ਹਕੀਮ ਸਨਾਈ ਦਾ ਕਬੂਲਿਆ। ਆਪਣੀ ਮਸਨਵੀ ਵਿਚ ਰੂਮੀ ਦੋਹਾਂ ਦੇ ਹਵਾਲੇ ਦੇ ਕੇ ਉਨ੍ਹਾਂ ਦੀਆਂ ਟੂਕਾਂ ਵਰਤਦਾ ਹੈ ਤੇ ਉਨ੍ਹਾਂ ਬਾਰੇ ਲਿਖਦਾ ਹੈ,

ਅੱਤਾਰ ਰੂਹ ਬੂਦੋ ਸਨਾਈ ਦੋ ਚਸ਼ਮੇ ਊ।
ਮਾ ਅਜ਼ ਪਏ ਸਨਾਈ ਓ ਅੱਤਾਰ ਆਮਦੇਮ।
(ਅੱਤਾਰ ਰੂਹ ਹੈ, ਸਨਾਈ ਉਸ ਦੀਆਂ ਦੋ ਅੱਖਾਂ ਹਨ, ਇਸ ਤੋਂ ਬਾਦ ਜੋ ਬਾਕੀ ਬਚਦਾ ਹੈ, ਉਹ ਸਮਝ ਲਵੋ ਮੈਂ ਹਾਂ।)



ਰੂਮੀ ਨੇ ਸੰਗੀਤ ਵਿਦਿਆ ਹਾਸਲ ਕੀਤੀ। ਜਿਹੜੇ ਦੋ ਸਾਜ਼ਾਂ ਵਿਚ ਉਸਨੇ ਨਿਪੁੰਨਤਾ ਹਾਸਲ ਕੀਤੀ ਉਹ ਸਨ ਬੰਸਰੀ ਅਤੇ ਰਬਾਬ। ਇਨ੍ਹਾਂ ਦਾ ਵਾਦਨ ਵੀ ਕਰਦੇ ਤੇ ਮਾਹਿਰਾਂ ਪਾਸੋਂ ਸੁਣਦੇ ਵੀ ਰਹਿੰਦੇ। ਕਿਹਾ ਕਰਦੇ, ਜਿਹੜੇ ਇਹ ਸਮਝਦੇ ਹਨ ਕਿ ਬੰਸਰੀ ਵਿਚੋਂ ਹਵਾ ਬਾਹਰ ਨਿਕਲਦੀ ਸੰਗੀਤ ਉਪਜਾਉਂਦੀ ਹੈ, ਅਨਜਾਣ ਹਨ। ਇਸ ਵਿਚੋਂ ਰੂਹ ਦੀ ਲਾਟ ਨਿਕਲਦੀ ਹੈ ਤਾਂ ਸੁਰ ਬਣਦਾ ਹੈ। ਬੰਸਰੀ ਵਿਚੋਂ ਜੇ ਅੱਗ ਨਹੀਂ ਨਿਕਲਦੀ ਫਿਰ ਉਹ ਬੰਸਰੀ ਨਹੀਂ, ਜਿਸ ਚੀਜ਼ ਵਿਚ ਅੱਗ ਨਹੀਂ ਹੁੰਦੀ ਉਹ ਜਿਉਂਦੀ ਨਹੀਂ ਹੁੰਦੀ। ਇਸ ਰਾਜ਼ ਨੂੰ ਉਹੀ ਸਮਝੇਗਾ ਜਿਹੜਾ ਦੇਖਣ ਨੂੰ ਹੋਸ਼ ਵਿਚ ਲੱਗੇ ਪਰ ਬੇਹੋਸ਼ ਹੋਏ।

29 ਅਕਤੂਬਰ 1244 ਦੇ ਦਿਨ ਅਸਾਧਾਰਨ ਘਟਨਾ ਘਟੀ। ਉਸ ਦਿਨ ਦੁਨੀਆਂ ਦੇ ਬਹੁਤ ਵਡੇ ਦਰਵੇਸ ਸ਼ੱਮਸ ਤਬਰੇਜ਼ ਨੇ ਕੋਨੀਆਂ ਵਿਚ ਕਦਮ ਰੱਖਿਆ। ਪੂਰਾ ਨਾਮ ਸੀ, ਸ਼ੱਮਸੁੱਦੀਨ ਮੁਹੰਮਦ ਇਬਨੇ ਅਲੀ ਇਬਨ ਮਲਿਕ ਦਾਦ ਤਬਰੇਜ਼ੀ। ਇਸ ਦੇ ਆਉਣ ਨਾਲ ਸ਼ਹਿਰ ਵਿਚ ਹਲਚਲ ਸ਼ੁਰੂ ਹੋ ਗਈ।

ਸ਼ੱਮਸ ਤਬਰੇਜ਼ ਦੀ ਰੂਮੀ ਨਾਲ ਮੁਲਾਕਾਤ ਦੀਆਂ ਅਨੇਕ ਰੌਚਕ ਸਾਖੀਆਂ ਹਨ। ਸਾਰੀਆਂ ਸਾਖੀਆਂ ਦਾ ਅਰਥ ਇਕੋ ਨਿਕਲਦਾ ਹੈ ਕਿ ਇਨ੍ਹਾਂ ਦੋ ਦਰਿਆਵਾਂ ਦੀ ਹੋਣੀ ਇਹੋ ਸੀ ਕਿ ਇਕ ਦੂਜੇ ਨੂੰ ਮਿਲਕੇ ਸੰਪੂਰਨ ਹੋਣ। ਕਿਹਾ ਜਾਂਦਾ ਹੈ ਕਿ ਆਜ਼ਰਬਾਈਜਾਨ ਦੇ ਸ਼ਹਿਰ ਤਬਰੇਜ਼ ਵਿਚ ਸ਼ੱਮਸ ਨੂੰ ਉਸਦੇ ਮੁਰਸ਼ਦ ਕਮਾਲੁੱਦੀਨ ਜੁਨੈਦੀ ਨੇ ਇਹ ਕਹਿ ਕੇ ਭੇਜਿਆ, ਕੂਨੀਆਂ ਜਾਓ। ਇਕ ਦਿਲ ਜਲਿਆ ਫਕੀਰ ਹੈ ਉਥੇ। ਉਸ ਨੂੰ ਮਿਲੋ। ਦੂਜੀ ਸਾਖੀ ਇਹ ਹੈ ਕਿ ਤਬਰੇਜ਼ ਨੇ ਰੱਬ ਅਗੇ ਅਰਦਾਸ ਕੀਤੀ, ਪਿਤਾ, ਕਿਸੇ ਅਜਿਹੇ ਸ਼ਖ਼ਸ ਨੂੰ ਮਿਲਾ ਜਿਹੜਾ ਮੇਰੀ ਤਾਬ ਝੱਲ ਸਕੇ। ਆਵਾਜ਼ ਆਈ, ਰੂਮ ਦੇ ਸ਼ਹਿਰ ਕੋਨੀਆਂ ਜਾਹ। ਮਨਪਸੰਦ ਬੰਦਾ ਮਿਲੇਗਾ। ਇਹ ਸਾਖੀਆਂ ਇਸ ਗੱਲ ਵੱਲ ਇਸ਼ਾਰੇ ਹਨ ਕਿ ਕਿਤਾਬੀ ਗਿਆਨ ਤੋਂ ਪਾਰ ਨਿਕਲ ਕੇ ਰੂਹਾਨੀ ਸੰਸਾਰ ਪ੍ਰਾਪਤ ਹੁੰਦਾ ਹੈ।

ਤਬਰੇਜ਼, ਰੂਮੀ ਦੀ ਦਰਗਾਹ ਤੇ ਪੁੱਜਾ। ਜਦੋਂ ਮੁਲਾਕਾਤ ਹੋਈ, ਰੂਮੀ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਸਨ। ਰੂਮੀ ਦੇ ਸਾਹਮਣੇ ਕਿਤਾਬਾਂ ਪਈਆਂ ਸਨ ਤੇ ਨੇੜੇ ਪਾਣੀ ਦਾ ਚੁਬੱਚਾ ਸੀ। ਤਬਰੇਜ਼ ਨੇ ਪੁੱਛਿਆ- ਇਹ ਕਿਤਾਬਾਂ ਕਿਸ ਚੀਜ਼ ਬਾਬਤ ਹਨ? ਰੂਮੀ ਨੇ ਕਿਹਾ, ਇਸਮੁਲਕਲਾਮ, ਪਰ ਤੈਂ ਕੀ ਲੈਣੈ ਇਸ ਗੱਲ ਤੋਂ? ਸ਼ੱਮਸ ਨੇ ਕਿਤਾਬਾਂ ਚੁੱਕੀਆਂ ਤੇ ਚੁਬੱਚੇ ਵਿਚ ਸੁੱਟ ਦਿੱਤੀਆਂ। ਕ੍ਰੋਧਵਾਨ ਹੋਕੇ ਰੂਮੀ ਨੇ ਪੁਛਿਆ, ਇਹ ਕੀ ਕੀਤਾ? ਸ਼ੱਮਸ ਨੇ ਕਿਹਾ, ਇਹ ਉਹ, ਜੋ ਤੂੰ ਨਹੀਂ ਜਾਣਦਾ। ਕਿਤਾਬਾਂ ਸੁੱਕੀਆਂ ਕੱਢ ਲਈਆਂ। ਸੁੱਕੀਆਂ ਕਿਤਾਬਾਂ ਦੇਖ ਕੇ ਰੂਮੀ ਨੇ ਪੁਛਿਆ, ਇਹ ਕਿਵੇਂ ਹੋਇਆ? ਸ਼ੱਮਸ ਨੇ ਕਿਹਾ, ਤੂੰ ਨਹੀਂ ਜਾਣਦਾ। ਇਹੋ ਕੁਝ ਦੱਸਣ ਆਇਆ ਹਾਂ। ਏਨੀ ਜਲਦੀ ਫਿਕਰਮੰਦ ਨਹੀਂ ਹੋਈਦਾ। ਇਸ ਘਟਨਾ ਸਮੇਂ ਰੂਮੀ ਨੇ ਤਬਰੇਜ਼ ਨੂੰ ਆਪਣਾ ਮੁਰਸ਼ਦ ਮੰਨਿਆ। ਇਹ ਸਾਖੀ ਕੇਵਲ ਇਸ ਗੱਲ ਦਾ ਸੰਕੇਤ ਹੈ ਕਿ ਰੂਮੀ ਨੇ ਤਬਰੇਜ਼ ਦੀ ਤਾਕਤ ਨੂੰ ਸਵੀਕਾਰ ਕਰ ਲਿਆ। ਇਸ ਮੁਲਾਕਾਤ ਵਕਤ ਤਬਰੇਜ਼ ਦੀ ਉਮਰ ਸੱਠ ਸਾਲ ਸੀ, ਰੂਮੀ ਸੈਂਤੀ ਸਾਲ ਦਾ ਸੀ। ਫਾਰਸੀ ਜਗਤ ਉਸਨੂੰ ਸ਼ੱਮਸ ਤਬਰੇਜ਼ ਕਰਕੇ ਜਾਣਦਾ ਹੈ। ਪੱਛਮ ਦੇ ਲੇਖਕਾਂ ਨੇ ਅਗਿਆਨ ਕਾਰਨ ਉਸਨੂੰ ਅਨਪੜ੍ਹ ਫਕੀਰ ਲਿਖਿਆ। ਉਸ ਦੀ ਇਸਲਾਮੀ ਵਿਦਿਆ, ਅਰਬੀ ਫਾਰਸੀ ਦੀ ਸ਼ਾਇਰੀ ਨਾਲ ਵਾਕਫੀਅਤ ਅਤੇ ਉਚੀਆਂ ਰੂਹਾਨੀ ਮੰਜ਼ਲਾਂ ਦੰਗ ਕਰਨ ਵਾਲੀਆਂ ਸਨ। ਉਸਦੇ ਸਮਕਾਲੀਆਂ ਨੇ ਮਿਹਨਤ ਨਾਲ ਸ਼ੱਮਸ ਦੇ ਸੰਵਾਦ ਕਿਤਾਬ ਤਿਆਰ ਕੀਤੀ। ਇਸ ਕਿਤਾਬ ਦੀ ਤਿਆਰੀ ਵਿਚ ਰੂਮੀ ਦਾ ਬੇਟਾ ਸੁਲਤਾਨ ਵਲਦ ਵੀ ਸ਼ਾਮਲ ਹੈ।

ਰੂਮੀ ਅਤੇ ਤਬਰੇਜ਼ ਹਰ ਸਮੇਂ ਇਕ ਦੂਜੇ ਦੇ ਅੰਗ ਸੰਗ ਰਹਿੰਦੇ ਹੋਏ ਧਰਮ ਦੇ ਰਹੱਸਾਂ ਬਾਬਤ ਗੱਲਾਂ ਕਰਦੇ ਰਹਿੰਦੇ। ਰੂਮੀ ਨਾ ਲੋਕਾਂ ਨੂੰ ਮਿਲਦੇ ਨਾ ਮੁਰੀਦਾਂ ਨੂੰ, ਇਸ ਗੱਲ ਦਾ ਇਤਰਾਜ਼ ਹੋਣਾ ਸੁਭਾਵਕ ਹੀ ਸੀ। ਮੁਰੀਦਾਂ ਨੇ ਹਾਲਾਤ ਹੌਲੀ ਹੌਲੀ ਇਸ ਹੱਦ ਤੱਕ ਤਬਰੇਜ਼ ਦੇ ਵਿਰੁੱਧ ਕਰ ਦਿਤੇ ਕਿ 20 ਫਰਵਰੀ 1246 ਨੂੰ ਉਹ ਇਥੋਂ ਚਲਾ ਗਿਆ। ਰੂਮੀ ਇਕ ਦਮ ਉਦਾਸੀ ਦੇ ਆਲਮ ਵਿਚ ਉਤਰ ਗਿਆ। ਉਸ ਨੇ ਉਨ੍ਹਾਂ ਲੋਕਾਂ ਨਾਲ ਵੀ ਗੱਲ ਕਰਨੀ ਬੰਦ ਕਰ ਦਿੱਤੀ ਜਿਨ੍ਹਾਂ ਦਾ ਕੋਈ ਕਸੂਰ ਨਹੀਂ ਸੀ। ਕਈ ਮਹੀਨਿਆਂ ਬਾਦ ਦਮਿਸ਼ਕ (ਸੀਰੀਆ) ਤੋਂ ਲਿਖਿਆ ਤਬਰੇਜ਼ ਦਾ ਖਤ ਆਇਆ ਤਾਂ ਰੂਮੀ ਖਿੜ ਗਿਆ। ਇਸ ਇਕ ਖਤ ਦੇ ਜਵਾਬ ਵਿਚ ਤਿੰਨ ਚਿੱਠੀਆਂ ਲਿਖੀਆਂ।

ਸ਼ਾਗਿਰਦਾਂ ਨੂੰ ਅਹਿਸਾਸ ਹੋ ਗਿਆ ਕਿ ਤਬਰੇਜ਼ ਨਹੀਂ ਤਾਂ ਰੂਮੀ ਵਾਸਤੇ ਹੋਰ ਕੋਈ ਵੀ ਨਹੀਂ। ਉਹ ਕਿਸੇ ਨਾਲ ਗੱਲ ਨਹੀਂ ਕਰਦੇ ਸਨ, ਬੰਦਗੀ ਵਿਚ ਲੀਨ ਰਹਿੰਦੇ। ਕੁਝ ਮੁਰੀਦ ਸੀਰੀਆ ਗਏ, ਰੂਮੀ ਦੀ ਹਾਲਤ ਬਾਬਤ ਦੱਸਿਆ ਤੇ ਤਬਰੇਜ਼ ਨੂੰ ਵਾਪਸ ਮਨਾ ਕੇ ਲੈ ਆਏ। ਰੂਮੀ ਕੋਲ ਆ ਕੇ ਉਸਨੇ ਮਕਾਲਾਤ (ਲੇਖ ਸੰਗ੍ਰਹਿ) ਕਿਤਾਬ ਲਿਖੀ। ਇਸ ਕਿਤਾਬ ਵਿਚ ਉਸਨੇ ਲਿਖਿਆ ਹੈ, "ਮੌਲਾਨਾ ਰੂਮ ਕੋਲ ਮੈਂ ਆ ਤਾਂ ਗਿਆ ਪਰ ਇਸ ਸ਼ਰਤ ਨਾਲ ਕਿ ਮੈਂ ਉਸਦਾ ਉਸਤਾਦ ਨਹੀਂ ਹਾਂ। ਖ਼ੁਦਾ ਨੇ ਹੁਣ ਤੱਕ ਦੁਨੀਆਂ ਵਿਚ ਅਜਿਹਾ ਆਦਮੀ ਪੈਦਾ ਨਹੀਂ ਕੀਤਾ ਜੋ ਮੌਲਾਨਾ ਦਾ ਉਸਤਾਦ ਅਖਵਾਏ। ਮੇਰਾ ਸੁਭਾਅ ਹੈ ਕਿ ਮੈਂ ਕਿਸੇ ਦਾ ਸ਼ਾਗਿਰਦ ਨਹੀਂ ਬਣ ਸਕਦਾ। ਹੁਣ ਮੈਂ ਮੌਲਾਨਾ ਦਾ ਦੋਸਤ ਹੋ ਕੇ ਆਇਆ ਹਾਂ ਤੇ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੌਲਾਨਾ ਖ਼ੁਦਾ ਦਾ ਦੋਸਤ ਹੈ, ਮੇਰਾ ਨਹੀਂ।

ਮੌਲਾਨਾ ਰੂਮ ਨੇ ਇਸ ਸਮੇਂ ਗਜ਼ਲਾਂ ਅਤੇ ਰੁਬਾਈਆਂ ਦਾ ਦੀਵਾਨ ਰਚਿਆ ਜਿਸਦਾ ਨਾਮ ਰੱਖਿਆ-ਦੀਵਾਨਿ ਸ਼ੱਮਸ ਤਬਰੇਜ਼। ਇਹ ਇਕ ਪ੍ਰਕਾਰ ਆਪਣੇ ਮਿੱਤਰ ਨੂੰ ਸਮਰਪਣ ਸੀ। ਜੀਵਨ ਦੇ ਆਖਰੀ 12 ਸਾਲ ਉਸਨੇ ਮਸਨਵੀ ਲਿਖਣ ਵਿਚ ਲਾਏ। ਇਹ ਗ੍ਰੰਥ 6 ਜਿਲਦਾਂ ਵਿਚ ਹੈ ਤੇ 26,800 ਦੋ-ਪਦੇ ਛੰਦ ਹਨ। ਇਹ ਗ੍ਰੰਥ ਉਸਦਾ ਸ਼ਾਹਕਾਰ ਹੈ। ਦੁਨੀਆਂ ਦੀਆਂ ਸਭ ਚੰਗੀਆਂ ਬੋਲੀਆਂ ਵਿਚ ਇਸਦਾ ਅਨੁਵਾਦ ਹੋ ਚੁੱਕਾ ਹੈ। ਅੰਗਰੇਜ਼ੀ ਜ਼ਬਾਨ ਵਿਚ ਉਹ ਫਾਰਸੀ ਨਾਲੋਂ ਵਧੀਕ ਗਿਣਤੀ ਵਿਚ ਪੜ੍ਹਿਆ ਗਿਆ।

ਉਸਦੀ ਸ਼ਾਇਰੀ ਫਨਾਅ ਅਤੇ ਬਕਾਅ ਦੋ ਮੰਜਿਲਾਂ ਦੇ ਵਿਚਕਾਰ ਆਪਣਾ ਪਿੜ ਬੰਨ੍ਹਦੀ ਹੈ। ਫਨਾ ਹੈ ਆਪਣੇ ਆਪ ਨੂੰ ਖ਼ਤਮ ਕਰਨਾ, ਬਕਾ ਅੱਲਾਹ ਵਿਚ ਅਭੇਦ ਹੋਣਾ ਹੈ। ਫਨਾ ਪਹਿਲੀ ਪੌੜੀ ਹੈ ਅਤੇ ਬਕਾ ਆਖਰੀ। ਉਸ ਤੋਂ ਬਾਦ ਹੋਏ ਸਾਰੇ ਸ਼ਾਇਰਾਂ ਅਤੇ ਫਕੀਰਾਂ ਨੇ ਉਸਦੀ ਤਾਕਤ ਦਾ ਲੋਹਾ ਮੰਨਿਆ। ਪੇਸ਼ ਹਨ ਉਸ ਦੀਆਂ ਨਜ਼ਮਾਂ ਵਿਚੋਂ ਕੁਝ ਅਨੁਵਾਦਿਤ ਹਿੱਸੇ:

ਸ਼ੇਰ

ਅਸੀਂ ਸ਼ੇਰ ਹਾਂ ਸਭ ਦੇ ਸਭ
ਪਰਦਿਆਂ ਉਪਰ ਲਹਿਰਾਉਂਦੇ ਹੋਏ ਸ਼ੇਰ
ਵਧ ਰਹੇ ਨੇ ਜੋ ਅੱਗੇ
ਹਵਾ ਦੇ ਜ਼ੋਰ ਨਾਲ।
ਇਹ ਤਾਂ ਦਿਸਦਾ ਹੈ
ਕਿ ਵਧ ਰਹੇ ਹਾਂ ਅੱਗੇ
ਪਰ ਹਵਾ ਹੈ, ਜੋ ਦਿਸਦੀ ਨਹੀਂ।

***

ਅਸਲ ਦੀ ਤਲਾਸ਼

ਕਿਥੇ ਮਿਲੇਗਾ ਤੈਨੂੰ
ਬਾਗ਼ ਇਸ ਤਰ੍ਹਾਂ ਦਾ
ਇਕ ਗੁਲਾਬ ਦੇ ਬਦਲੇ
ਜਿਥੇ ਮਿਲ ਜਾਣ ਹਜ਼ਾਰ ਬਗੀਚੇ ਗੁਲਾਬਾਂ ਦੇ।
ਕਿੱਥੇ ਮਿਲਣਗੇ ਤੈਨੂੰ
ਅਸਮਾਨ ਤੱਕ ਮਹਿਕਦੇ ਜੰਗਲ
ਸਿਰਫ ਇਕ ਬੀਜ ਬਦਲੇ?
ਕਿਥੇ ਮਿਲਣਗੀਆਂ ਬਰਕਤਾਂ ਭਰੀਆਂ ਹਵਾਵਾਂ
ਤੇਰੇ ਇਕ ਮਿੱਠੇ ਸਾਹ ਬਦਲੇ,
ਇਹ ਨਦੀਆਂ ਦਾ ਪਾਣੀ
ਡਿੱਗਿਆ ਜੋ ਸਮੁੰਦਰ ਵਿਚ ਆਖਰ
ਤੂੰ ਸੋਚ ਤਾਂ ਸਹੀ, ਇਹ ਗਿਆ ਸੀ ਕਿਥੋਂ,
ਵਾਪਸ ਆਇਆ ਹੈ ਕਿਉਂ?
ਤੂੰ ਸਮੁੰਦਰ ਹੈਂ ਮਾਇਨਿਆਂ ਦਾ
ਤੇਰੇ ਕੋਲ ਹੈ ਉਹ ਕਿਤਾਬ
ਜਿਸ ਵਿਚ ਨੇ ਜਹਾਨ ਦੇ ਹਰ ਲਫ਼ਜ਼ ਦੇ ਮਾਇਨੇ
ਅਤੇ ਮਾਇਨਿਆਂ ਦੇ ਅੱਗੋਂ ਹੋਰ ਮਾਇਨੇ।

***

ਖਾਮੋਸ਼

ਮੂੰਹ ਨਾ ਖੋਲ੍ਹ ਆਪਣਾ ਬਾਰ ਬਾਰ
ਸਿੱਪੀ ਵਾਂਗ ਰਹਿ ਪੂਰਨ ਖਾਮੋਸ਼।
ਇਹ ਸਮਝ ਕਿ ਜ਼ਬਾਨ ਤੇਰੀ
ਦੁਸ਼ਮਣ ਹੈ ਤੇਰੀ ਰੂਹ ਦੀ।

***

ਇਹ ਸਮਝ ਕੇ ਕਿ ਇਸ ਵਿਚ ਕੁਝ ਨਹੀਂ
ਕਿਸੇ ਵਸਤੂ ਨੂੰ ਨਜ਼ਰਅੰਦਾਜ਼ ਨਾ ਕਰ।
ਕਿ ਇਸ ਵਿਚ ਉਹ ਤਮਾਮ ਗੁੰਜਾਇਸ਼ਾਂ ਮੌਜੂਦ
ਜਿਨ੍ਹਾਂ ਦੀ ਹੈ ਲੋੜ ਤੇਰੇ ਹੁਨਰ ਨੂੰ।

***

ਫਨਾਹ ਹੋ ਕੇ ਮੈਂ ਜ਼ਮੀਨ ਵਿਚ ਮਿਲਿਆ
ਤਾਂ ਘਾਹ ਬਣ ਕੇ ਉਗਿਆ।
ਦੂਰ ਦੂਰ ਤੱਕ ਫੈਲਿਆ,
ਚਰਾਂਦਾਂ ਵਿਚੋਂ ਘਾਹ ਮੁੱਕਿਆ
ਤਾਂ ਮੈਂ ਜਾਨਵਰ ਬਣ ਕੇ ਖਲੋਇਆ।
ਜਾਨਵਰ ਦੀ ਖੱਲ ਵਿਚੋਂ ਮਰ ਕੇ
ਮੈਂ ਵਾਪਸ ਆਇਆ ਇਨਸਾਨ ਬਣਕੇ।
ਦੱਸੋ ਦੱਸੋ ਮੈਨੂੰ ਕਿਸ ਮੌਤ ਕਾਰਨ
ਮੇਰੇ ਵਿਚ ਕਿਥੇ ਕਿਥੇ ਕਮੀ ਆਈ?
ਹੁਣ ਜਦ ਕਿ ਮਰਿਆ ਮੈਂ ਬਤੌਰ ਇਨਸਾਨ
ਤਾਂ ਪ੍ਰਾਪਤ ਹੋਣਗੇ ਖੰਭ,
ਉਡਾਂਗਾ ਅਸਮਾਨ ਵਿਚ
ਫਰਿਸ਼ਤਿਆਂ ਦੇ ਸੰਗ ਸਾਥ।
ਯਾਦ ਰੱਖ, ਹਰ ਸ਼ੈ ਖਤਮ ਹੋਏਗੀ
ਇਕ ਉਸਦੀ ਸੂਰਤ ਨੂੰ ਛੱਡ ਕੇ।
ਮੈਂ ਬਣਾਂਗਾ ਹਿੱਸਾ ਉਸ ਜਹਾਨ ਦਾ
ਜਿਸਦੀਆਂ ਹੱਦਾਂ ਪਾਰ ਹਨ
ਤੇਰੇ ਸਾਰੇ ਅੰਦਾਜ਼ਿਆਂ ਦੀਆਂ ਹੱਦਾਂ ਤੋਂ।

***

ਕਾਲੀ ਖ਼ੌਫਨਾਕ ਰਾਤ
ਨਿੱਕਾ ਜੁਗਨੂੰ ਟਿਮਟਿਮਾਉਂਦਾ ਨਿਕਲਿਆ।

ਦੇਖਦਿਆਂ ਰਾਤ ਨੇ ਲਲਕਾਰਾ ਮਾਰਿਆ-
-ਕੌਣ ਮੇਰੇ ਖਿਲਾਫ਼ ਸਾਜਸ਼ ਰਚ ਰਿਹੈ?
ਨਿੱਕਾ ਜੁਗਨੂੰ ਡਰ ਕੇ ਪੱਤੇ ਉਹਲੇ ਲੁਕ ਗਿਆ।
ਦੇਰ ਤੱਕ ਸਾਹ ਰੋਕੀ ਬੈਠਾ ਰਿਹਾ,
ਡਰਦਿਆਂ ਉਸਨੇ ਠੰਢਾ ਹਉਕਾ ਲਿਆ
ਤਾਂ ਪੂਰਬ ਵਿਚੋਂ ਸੂਰਜ ਉਗਿਆ।
ਨਾ ਰਾਤ ਰਹੀ, ਨਾ ਰਾਤ ਦੇ ਕਦਮਾਂ ਦੇ ਨਿਸ਼ਾਨ।

ਰੂਮੀ ਉਪਰ ਲਿਖੀਆਂ ਗਈਆਂ ਕਿਤਾਬਾਂ ਦੀ ਘਾਟ ਨਹੀਂ, ਉਸਦੀ ਮਸਨਵੀ ਦੁਨੀਆਂ ਦੀ ਲਗਭਗ ਹਰੇਕ ਜ਼ਬਾਨ ਵਿਚ ਅਨੁਵਾਦ ਹੋਈ ਹੈ। ਰੂਮੀ ਦੇ ਹੁਨਰ ਤੋਂ ਏਸ਼ੀਆ ਵਾਕਫ ਸੀ ਪਰ ਪੱਛਮ ਨੂੰ ਉਸਦਾ ਦੇਰ ਬਾਅਦ ਪਤਾ ਲੱਗਾ। ਰੂਮੀ ਦਾ ਅੰਦਾਜ਼ ਦੇਖੋ,

ਮੈਂ ਈਸਾਈਆਂ ਦੀ ਧਰਤੀ ਉਪਰ ਕਰਾਸ ਦੇਖੇ
ਮੇਰਾ ਮਹਿਬੂਬ ਕਰਾਸ ਵਿਚ ਨਾ ਲੱਭਾ
ਮੈਂ ਮੰਦਰਾਂ ਵਿਚਲੇ ਬੁੱਤ ਦੇਖੇ,
ਉਹ ਕਿਸੇ ਬੁੱਤ ਵਿਚ ਨਹੀਂ ਸੀ।
ਮੈਂ ਕਾਅਬੇ ਗਿਆ,
ਮੈਨੂੰ ਉਥੇ ਵੀ ਨਾ ਮਿਲਿਆ,
ਮੈਂ ਆਪਣੇ ਦਿਲ ਵਿਚ ਝਾਤ ਮਾਰੀ
ਇਹ ਉਥੇ ਦਿੱਸਿਆ।
ਉਸਦੀ ਨਜ਼ਮ ਵਾਪਸੀ ਦੇ ਬੋਲ:
ਵਾਪਸ ਆਓ ਮਿਤਰੋ,
ਵਾਪਸ ਘਰਾਂ ਵੱਲ ਪਰਤੋ।
ਨਾਸਤਿਕ ਹੋ ਕਿ ਪਾਰਸੀ,
ਅਗਨੀ ਪੂਜ ਹੋ ਕਿ ਪੱਥਰ ਪੂਜ,
ਵਾਪਸ ਆਓ।
ਸਾਡੀਆਂ ਸੂਫੀ ਖਾਨਗਾਹਾਂ ਵਿਚੋਂ
ਕੋਈ ਨਿਰਾਸ ਨਹੀਂ ਮੁੜਿਆ,
ਜੇ ਤੁਸੀਂ ਇਥੇ ਹਜ਼ਾਰ ਵਾਰ ਆਏ,
ਹਜ਼ਾਰ ਵਾਰ ਵਾਅਦਾ ਕਰਕੇ ਮੁੱਕਰੇ,
ਤਾਂ ਕੀ? ਫਿਰ ਆ ਜਾਓ।
ਇਸ ਘਰ ਵਿਚ ਸਵਾਲ ਨਹੀਂ ਪੁਛੇ ਜਾਂਦੇ,
ਇਸ ਘਰ ਦੇ ਦਰਵਾਜੇ ਬੰਦ ਨਹੀਂ ਹੁੰਦੇ।

ਇਕ ਹੋਰ ਥਾਂ ਤੇ ਲਿਖਿਆ, ਹਿੰਦੋਸਤਾਨੀ ਸੁਹਣੇ ਬੋਲਾਂ ਨਾਲ ਮਹਿਬੂਬ ਨੂੰ ਪਿਆਰ ਕਰਦੇ ਹਨ। ਰੱਬ ਦੇ ਗੀਤ ਗਾਉਂਦੇ ਉਨ੍ਹਾਂ ਦੇ ਚਿਹਰੇ ਲਿਸ਼ਕਣ ਲਗਦੇ ਹਨ। ਮੈਨੂੰ ਉਨ੍ਹਾਂ ਦੀ ਬੰਦਗੀ ਉਪਰ ਸ਼ੱਕ ਨਹੀਂ। ਮੈਂ ਤਾਂ ਆਪਣੇ ਬਾਰੇ ਦੱਸਣਾ ਹੈ ਕਿ ਸੁਹਣੇ ਬੋਲਾਂ ਰਾਹੀਂ ਮੈਂ ਰੱਬ ਤਕ ਨਹੀਂ ਪੁੱਜਿਆ। ਮੈਂ ਖਾਮੋਸ਼ ਹੋ ਗਿਆ ਤਾਂ ਉਹ ਮਿਲ ਗਿਆ। ਰੂਮੀ ਆਪਣੇ ਮੱਤ ਨੂੰ "ਪਿਆਰ ਦਾ ਰਸਤਾ" ਦਸਦਾ ਹੈ। ਇਹ ਇਸਲਾਮ ਤੋਂ ਵੱਖਰਾ ਕੋਈ ਫਿਰਕਾ ਨਹੀਂ, ਰੂਮੀ ਦਾ ਸੰਕੇਤ ਹੈ ਕਿ ਮੈਂ ਪੱਕਾ ਮੁਸਲਮਾਨ ਹਾਂ ਕੇ ਇਸ ਰਸਤੇ ਤੇ ਤੁਰ ਰਿਹਾ ਹਾਂ ਤਾਂ ਤੁਸੀਂ ਵੀ ਆਪਣੇ ਆਪਣੇ ਧਰਮ ਵਿਚ ਚਲਦੇ ਹੋਏ ਮੰਜਲ ਪ੍ਰਾਪਤ ਕਰ ਸਕਦੇ ਹੋ। ਉਹ ਆਖਦਾ ਹੈ, ਸੁਰਗ ਕੀ ਹੈ? ਕੀ ਪੌੜੀ ਲਾ ਕੇ ਅਸਮਾਨ 'ਤੇ ਚੜ੍ਹਨ ਦਾ ਨਾਮ ਸੁਰਗ ਹੈ? ਦੋਸਤੋ ਆਪਣੇ ਆਪ ਨੂੰ ਗੁਆ ਦੇਣਾ, ਆਪੇ ਨੂੰ ਭੁੱਲ ਜਾਣ ਦਾ ਨਾਮ ਸੁਰਗ ਹੈ ਤੇ ਇਹ ਇਥੇ ਹੀ ਹੈ ਕਿਤੇ ਹੋਰ ਨਹੀਂ।

ਯੂਨਾਨੀ ਮਿਸਤਰੀ ਰੂਮੀ ਦੇ ਘਰ ਦੀ ਚਿਣਾਈ ਕਰ ਰਿਹਾ ਸੀ। ਇਕ ਮਜ਼ਦੂਰ ਨੇ ਮਿਸਤਰੀ ਨੂੰ ਕਿਹਾ, ਤੂੰ ਸਭ ਤੋਂ ਵਧੀਆ ਧਰਮ, ਇਸਲਾਮ ਕਿਉਂ ਨਹੀਂ ਧਾਰਨ ਕਰਦਾ? ਮਿਸਤਰੀ ਨੇ ਕਿਹਾ, ਪੰਜਾਹ ਸਾਲਾਂ ਤੋਂ ਮੈਂ ਈਸਾਈ ਹਾਂ ਤੇ ਮੈਨੂੰ ਯੱਸੂ ਪਿਆਰਾ ਲਗਦਾ ਹੈ ਇਸ ਕਰਕੇ ਇਸਲਾਮ ਬਾਬਤ ਕਦੀ ਸੋਚਿਆ ਨਹੀਂ। ਮੁਹੰਮਦ ਨੂੰ ਪਿਆਰ ਕੀਤਾ ਜਾਂ ਯੱਸੂ ਨੂੰ, ਇਸ ਵਿਚ ਕੀ ਫਰਕ? ਰੂਮੀ ਨੇ ਮਿਸਤਰੀ ਨੂੰ ਸ਼ਾਬਾਸ਼ ਦਿਤੀ, ਕਿਹਾ- ਪਿਆਰ ਦਾ ਨਾਮ ਧਰਮ ਹੈ।

ਇਕ ਰਾਤ ਰੂਮੀ ਆਪਣੇ ਦੁਆਲੇ ਬੈਠੀ ਸੰਗਤ ਵਿਚ ਪ੍ਰਵਚਨ ਕਰ ਰਿਹਾ ਸੀ ਤਾਂ ਇਕ ਪਾਸੇ ਸ਼ੋਰ ਸ਼ਰਾਬਾ ਉਠਿਆ। ਰੂਮੀ ਆਸਣ ਤੋਂ ਉਠ ਕੇ ਉਥੇ ਚਲਾ ਗਿਆ, ਦੇਖਿਆ ਤਿੰਨ-ਚਾਰ ਜਣੇ ਇਕ ਬੰਦੇ ਨੂੰ ਕੁੱਟ ਰਹੇ ਸਨ। ਰੂਮੀ ਨੇ ਪੁੱਛਿਆ, ਕੀ ਗੱਲ ਹੋਈ ਜੁਆਨੋ? ਉਨ੍ਹਾਂ ਦੱਸਿਆ, ਜੀ ਇਹ ਈਸਾਈ ਹੈ ਤੇ ਇਸਨੇ ਸ਼ਰਾਬ ਪੀ ਰੱਖੀ ਹੈ। ਰੂਮੀ ਨੇ ਪੁੱਛਿਆ, ਇਸ ਨੇ ਕਿਸੇ ਨੂੰ ਗਾਲ ਦਿਤੀ ਸੀ? ਉਤਰ ਮਿਲਿਆ, ਨਹੀਂ ਜੀ। ਫਿਰ ਪੁੱਛਿਆ, ਕਿਸੇ ਨੂੰ ਕੂਹਣੀ ਜਾਂ ਲੱਤ ਮਾਰੀ ਸੀ? ਉਤਰ ਦਿੱਤਾ, ਨਹੀਂ। ਫਿਰ ਕਿਵੇਂ ਜਾਣਿਆ ਕਿ ਇਹ ਸ਼ਰਾਬੀ ਹੈ? ਇਕ ਨੇ ਦੱਸਿਆ, ਜੀ ਬੇਸ਼ਕ ਚੁਪਚਾਪ ਬੈਠਾ ਤੁਹਾਡੇ ਪ੍ਰਵਚਨ ਸੁਣ ਰਿਹਾ ਸੀ ਪਰ ਸਾਨੂੰ ਮੁਸ਼ਕ ਆ ਗਈ ਕਿ ਇਸਨੇ ਸ਼ਰਾਬ ਪੀ ਰੱਖੀ ਹੈ। ਰੂਮੀ ਨੇ ਕਿਹਾ, ਇਸ ਨੂੰ ਪੀਣ ਤੋਂ ਬਾਦ ਵੀ ਨਹੀਂ ਚੜ੍ਹੀ, ਤੁਹਾਨੂੰ ਸੁੰਘਣ ਸਾਰ ਚੜ੍ਹ ਗਈ। ਇਹ ਖਾਮੋਸ਼ ਬੈਠਾ ਰੱਬ ਦੀ ਗੱਲ ਸੁਣ ਰਿਹਾ ਸੀ ਤੇ ਤੁਹਾਨੂੰ ਏਨਾ ਨਸ਼ਾ ਚੜਿਆ ਕਿ ਲੱਤਾਂ ਮੁੱਕੀਆਂ ਚਲਾਉਣ ਲੱਗ ਪਏ। ਚੁਪ ਕਰਕੇ ਬੈਠੋ।

ਕੋਨੀਆਂ 'ਚ ਸੰਤ ਐਂਫੀਲੋਕੀਅਸ ਗਿਰਜਾ ਹੈ ਜਿਥੇ ਪਲੈਟੋ ਨੂੰ ਦਫਨ ਕੀਤਾ ਗਿਆ ਸੀ। ਰੂਮੀ ਨੇ ਕੁਝ ਦਿਨ ਇਕਾਂਤਵਾਸੀ ਹੋ ਕੇ ਬੰਦਗੀ ਕਰਨੀ ਹੁੰਦੀ ਤਾਂ ਉਹ ਇਸੇ ਚਰਚ ਵਿਚ ਆਉਂਦਾ।

ਯਹੂਦੀ ਅਤੇ ਈਸਾਈ ਉਸਨੂੰ ਏਨਾ ਪ੍ਰੇਮ ਕਰਦੇ ਸਨ ਕਿ ਹਜ਼ਾਰਾਂ ਦੀ ਗਿਣਤੀ ਵਿਚ ਉਸਦੇ ਜਨਾਜ਼ੇ ਵਿਚ ਸ਼ਾਮਲ ਹੋਏ। ਕੀਨੀਆ ਦੇ ਮੁਸਲਮਾਨ ਹਾਕਮ ਦੀ ਬੇਗਮ ਈਸਾਈ ਔਰਤ ਸੀ ਜੋ ਰੂਮੀ ਦੀ ਮੁਰੀਦ ਸੀ, ਉਸਨੂੰ ਜਾਰਜੀਅਨ ਲੇਡੀ ਕਹਿੰਦੇ ਸਨ, ਉਹ ਮੁਸਲਮਾਨਾਂ ਅਤੇ ਈਸਾਈਆਂ ਦੋਵਾਂ ਵਿਚ ਬਰਾਬਰ ਸਤਿਕਾਰੀ ਜਾਂਦੀ ਸੀ। ਜਿਸ ਇਮਾਰਤਸਾਜ਼ ਨੇ ਮਿਹਨਤ ਕਰਕੇ ਰੂਮੀ ਦੇ ਮਕਬਰੇ ਉਪਰ ਹਰਾ ਗੁੰਬਦ ਉਸਾਰਿਆ, ਮਹਾਰਾਣੀ ਨੇ ਉਸਨੂੰ ਪੁੱਛਿਆ, ਤੁਹਾਨੂੰ ਉਸ ਵਿਚ ਕਿਹੜੀ ਕਰਾਮਾਤ ਦਿਸੀ ਜਿਸ ਕਾਰਨ ਉਸਦੇ ਮੁਰੀਦ ਹੋ ਗਏ? ਇਮਾਰਤਸਾਜ਼ ਨੇ ਕਿਹਾ, ਈਸਾਈ ਯੱਸੂ ਨੂੰ ਪਿਆਰ ਕਰਦੇ ਹਨ ਮਲਕਾ, ਯਹੂਦੀ ਮੂਸਾ ਨੂੰ ਤੇ ਮੁਸਲਮਾਨ ਮੁਹੰਮਦ ਨੂੰ। ਦੁਨੀਆਂ ਦੇ ਸਭ ਧਰਮਾਂ ਦੇ ਲੋਕ, ਕੀ ਰਾਜੇ ਕੀ ਰੰਕ, ਜਿਸਨੂੰ ਸਾਰੇ ਪਿਆਰ ਕਰਦੇ ਹੋਣ ਉਸਦਾ ਨਾਮ ਮੌਲਾਨਾ ਰੂਮ ਹੈ, ਇਹ ਕਰਾਮਾਤ ਨਹੀਂ? ਹਰੇਕ ਉਸਨੂੰ ਆਪਣਾ ਮੁਰਸ਼ਦ ਕਰਕੇ ਜਾਣਦਾ ਹੈ, ਪਿਆਰਾ ਅਮੀਰ ਕਾਰਵਾਂ। ਜ਼ੈਦ ਦੀ ਸਾਖੀ ਵਿਚ ਕਿਹਾ ਹੈ, ਸਾਰੇ ਧਰਮ ਇਕ ਹਨ। ਇਕ ਲੱਖ ਸਾਲ ਅਤੇ ਇਕ ਘੜੀ ਵਿਚ ਕੋਈ ਫਰਕ ਨਹੀਂ ਹੈ। ਜਾਣਕਾਰਾਂ ਨੂੰ ਇਸਦਾ ਪਤਾ ਹੈ।

ਬੇਸ਼ਕ ਉਸਦੇ ਦੋ ਹਜ਼ਾਰ ਤੋਂ ਵਧੀਕ ਚਉਪਦੇ ਜਾਂ ਰੁਬਾਈਆਂ ਪ੍ਰਾਪਤ ਹਨ ਪਰ ਮਸਨਵੀ ਉਸਦਾ ਸ਼ਾਹਕਾਰ ਹੈ। ਮਸਨਵੀ ਵਿਚਲੇ ਕੁਰਾਨਿਕ ਹਵਾਲੇ ਸਾਬਤ ਕਰਦੇ ਹਨ ਕਿ ਕੁਰਾਨ ਉਸਦੀ ਸੁਰਤ ਅਤੇ ਜ਼ਬਾਨ ਦੋਹਾਂ ਉਪਰ ਪ੍ਰਕਾਸ਼ਵਾਨ ਸੀ। ਥਾਂ ਥਾਂ ਹਦੀਸਾਂ ਵਿਚੋਂ ਉਦਾਹਰਣਾ ਦਿੰਦਾ ਹੈ। ਉਹ ਇਸਲਾਮੀ ਸ਼ਰਾ ਦੇ ਹਨਾਫੀ ਸਕੂਲ ਦਾ ਪਾਬੰਦ ਸੀ। ਹਨਾਫੀ ਸਕੂਲ ਹਜ਼ਰਤ ਮੁਹੰਮਦ ਸਾਹਿਬ ਨੂੰ ਆਦਰਸ਼ਕ ਇਨਸਾਨ ਜਾਣਦਿਆਂ, ਜੋ ਉਨ੍ਹਾਂ ਨੇ ਕੀਤਾ ਅਤੇ ਕਰਨ ਲਈ ਕਿਹਾ, ਉਸਦਾ ਅਨੁਆਈ ਹੈ। ਇਹ ਸੁੰਨੀ ਫਿਰਕਾ ਹੈ।

ਪਹਿਲਾ ਅਧਿਆਪਕ ਫਕੀਰ ਪਿਤਾ ਹੀ ਸੀ। ਪਿਤਾ ਦਾ ਇਕ ਪੁਰਾਣਾ ਵਿਦਿਆਰਥੀ ਸੱਯਦ ਬੁਰਹਾਨੁਦੀਨ ਤਿਰਮਿਜ਼ੀ ਸੀ। ਜਦੋਂ ਉਸਨੇ ਖਬਰ ਸੁਣੀ ਕਿ ਮੇਰੇ ਮੁਰਸ਼ਦ 16 ਮਾਰਚ 1230 ਈਸਵੀ ਨੂੰ ਕੂਚ ਕਰ ਗਏ ਹਨ ਤਾਂ ਅਨਾਤੋਲੀਆ ਆ ਗਿਆ ਤੇ ਇਥੇ ਰੂਮੀ ਦੀ ਵਿਦਿਆ ਆਪਣੇ ਜ਼ਿੰਮੇ ਲੈ ਲਈ। ਤਿਰਮਿਜ਼ੀ ਨੇ ਰੂਮੀ ਨੂੰ ਨੌਂ ਸਾਲ ਤਕ ਪੜ੍ਹਾਇਆ। ਇਸਲਾਮ ਦੀ ਹੋਰ ਸਿਖਿਆ ਪ੍ਰਾਪਤ ਕਰਨ ਲਈ ਉਸਨੂੰ ਸੀਰੀਆ ਭੇਜਿਆ ਗਿਆ। ਤਿਰਮਿਜ਼ੀ ਸੂਫ਼ੀ ਫਕੀਰ ਸੀ ਤੇ ਕਵਿਤਾ ਪੜ੍ਹਨ ਦਾ ਸ਼ੌਕੀਨ। ਇਸ ਦੀ ਸੰਗਤ ਨੇ ਰੂਮੀ ਨੂੰ ਕਵਿਤਾ ਪੜ੍ਹਨ ਦੀ ਲਗਨ ਲਾਈ। ਈਸਵੀ 1240 ਵਿਚ ਤਿਰਮਜ਼ੀ ਦਾ ਦੇਹਾਂਤ ਹੋਇਆ ਤਾਂ ਰੂਮੀ ਉਪਰ ਸੰਕਟਮਈ ਖਾਮੋਸ਼ੀ ਛਾਈ ਰਹੀ। ਉਦੋਂ ਤੱਕ ਸੋਗ ਵਿਚ ਡੁਬਾ ਰਿਹਾ ਜਦੋਂ ਤੱਕ ਸ਼ਮਸ ਤਬਰੇਜ਼ ਖੁਦ ਚੱਲ ਕੇ ਉਸ ਪਾਸ ਆ ਗਿਆ। ਹੁਣ ਤਕ ਵਿਹਾਰਕ ਵਿਦਿਆ ਸੰਪੂਰਨ ਹੋ ਚੁਕੀ ਸੀ। ਰੂਹਾਨੀ ਦੇਸਾਂ ਦੀ ਯਾਤਰਾ ਤਬਰੇਜ਼ ਦੀ ਸੰਗਤ ਨੇ ਕਰਵਾਈ।

ਸ਼ਮਸ ਤਬਰੇਜ਼ ਨੂੰ ਮਿਲਣ ਤੋਂ ਪਹਿਲਾਂ ਰੂਮੀ ਨੇ ਨਜ਼ਮ ਨਹੀਂ ਲਿਖੀ ਸੀ। ਤਬਰੇਜ਼ ਨੇ ਉਸਨੂੰ ਪੂਰੀ ਤਰ੍ਹਾਂ ਹਿਲਾ ਦਿੱਤਾ। ਉਸ ਅੰਦਰ ਅਦ੍ਰਿਸ਼ਟ ਸੰਸਾਰ ਨੇ ਖੌਰੂ ਮਚਾ ਦਿੱਤਾ। ਉਸਦੇ ਦੀਵਾਨ ਵਿਚ ਪੰਜ ਹਜ਼ਾਰ ਕਵਿਤਾਵਾਂ ਹਨ। ਬਹੁਤ ਸਾਰੀਆਂ ਕਵਿਤਾਵਾਂ ਵਿਚ ਆਪਣਾ ਨਾਮ ਲਿਖਣ ਦੀ ਥਾਂ ਉਹ ਤਬਰੇਜ਼ ਲਿਖ ਦਿੰਦਾ ਹੈ। ਭੁਲੇਖੇ ਦੀ ਗੁੰਜਾਇਸ਼ ਇਸ ਲਈ ਨਹੀਂ ਰਹੀ ਕਿਉਂਕਿ ਇਕ ਤਾਂ ਉਸਦੇ ਸਮਕਾਲੀਆਂ ਨੇ ਦੀਵਾਨ ਸੰਪਾਦਿਤ ਕੀਤਾ ਤੇ ਦੂਜੇ ਇਹ ਸਹੀ ਹੈ ਕਿ ਸ਼ਮਸ ਤਬਰੇਜ਼ ਨੇ ਕਦੀ ਕੋਈ ਨਜ਼ਮ ਨਹੀਂ ਲਿਖੀ।

ਉਸਦੇ ਮੁਰੀਦਾਂ ਦੀ ਇੱਛਾ ਸੀ ਕਿ ਰੂਮੀ ਵਿਚ ਸ਼ਾਇਰੀ ਦਾ ਵੱਡ ਆਕਾਰੀ ਗ੍ਰੰਥ ਰਚਣ ਦੀ ਸਮੱਰਥਾ ਹੋਣ ਕਾਰਨ ਸਨਾਈ ਅਤੇ ਅੱਤਾਰ ਦੇ ਗ੍ਰੰਥਾਂ ਦੀ ਤਰਜ਼ ਤੇ ਰਚਨਾ ਕੀਤੀ ਜਾਵੇ। ਰੂਮੀ ਇਸ ਵਾਸਤੇ ਸਹਿਮਤ ਹੋ ਗਿਆ ਤਾਂ ਮਸਨਵੀ ਹੋਂਦ ਵਿਚ ਆਈ। ਇਹ ਕਿਤਾਬ ਦੁਨੀਆਂ ਦੇ ਕਲਾਸਿਕ ਸਾਹਿਤ ਦਾ ਵਡਮੁੱਲਾ ਹਿੱਸਾ ਹੈ। ਉਸ ਦੀਆਂ ਗੱਲਾਂ, ਉਪਦੇਸ਼ ਅਤੇ ਉਸਦੇ ਲਿਖੇ ਖ਼ਤ ਵੀ ਵਿਦਿਆਰਥੀਆਂ ਨੇ ਇਕੱਠੇ ਕੀਤੇ। ਇੰਨੇ ਜਿੰਮੇਵਾਰ ਬੰਦਿਆਂ ਦੀ ਮਿਹਨਤ ਸਦਕਾ ਅੱਜ ਅਸੀਂ ਰੂਮੀ ਨਾਲ ਗੱਲਾਂ ਕਰ ਰਹੇ ਹਾਂ।

"ਤੀਰ ਵਾਂਗ ਸਿੱਧਾ ਹੋ ਜਾਹ।
ਵਲ ਵਿੰਗ ਰਹੇ
ਤਾਂ ਦੂਰ ਤੱਕ ਉਡ ਨਹੀਂ ਸਕੇਂਗਾ
ਮੰਜ਼ਲ ਤੇ ਪੁੱਜ ਨਹੀਂ ਸਕੇਂਗਾ।

"ਕਿਤੇ ਨਿੱਕੀ ਮੋਟੀ ਚੰਗਿਆਈ ਦੇਖੀਏ ਤਾਂ ਅੱਗੇ ਵਧਣ ਤੋਂ ਰੋਕਣ ਲਈ ਅਸੀਂ ਜੁੱਤੀ ਹੇਠ ਨਹੀਂ ਮਸਲ ਦਿੰਦੇ? ਦੋਜ਼ਖ ਦੇ ਭਾਂਬੜ ਰੱਬ ਦੇ ਕਦਮ ਹੇਠ ਬੁਝ ਜਾਂਦੇ ਹਨ। ਤੇਰੇ ਅੰਦਰਲਾ ਗੁੱਸਾ, ਨਫਰਤ ਤੇ ਈਰਖਾ ਨਰਕ ਦਾ ਨਿੱਕਾ ਜਿਹਾ ਹਿੱਸਾ ਹਨ। ਹਿੱਸੇ ਵਿਚ ਉਹੀ ਗੁਣ ਹੁੰਦੇ ਹਨ ਜਿਹੜੇ ਪੂਰੇ ਵਿਚ ਹਨ, ਬੱਸ ਮਾਤਰਾ ਦਾ ਫਰਕ ਹੁੰਦਾ ਹੈ। ਬੰਦਗੀ ਕਰੇਂਗਾ ਤਾਂ ਤੇਰੇ ਸੀਨੇ ਅੰਦਰਲਾ ਨਰਕ ਬੁਝ ਜਾਏਗਾ।

"ਰੱਬ ਨੇ ਪੈਗੰਬਰ ਰਾਹੀਂ ਫੁਰਮਾਇਆ ਸੀ, ਤੇਰੇ ਅੰਦਰ ਨੇਕੀ ਹੋਈ ਤਾਂ ਤੇਰੀ ਉਮੀਦ ਤੋਂ ਵਡੇਰਾ ਇਨਾਮ ਮਿਲੇਗਾ ਤੈਨੂੰ। ਨੇਕੀ ਕਰਨ ਲਈ ਘਾਟਾ ਖਾਣਾ ਪਵੇ ਤਾਂ ਝਿਜਕੀਂ ਨਾਂਹ। ਯਕੀਨ ਰੱਖ, ਜਿੰਨਾ ਕੁ ਤੂੰ ਘਾਟਾ ਖਾਧਾ, ਉਸ ਤੋਂ ਹਜ਼ਾਰ ਗੁਣਾ ਵਧੀਕ ਫਲ ਮਿਲੇਗਾ ਨੇਕੀ ਦਾ।

"ਕਾਫਰ ਯੁੱਧ ਵਿਚ ਹਾਰ ਗਏ ਤਾਂ ਉਨ੍ਹਾਂ ਨੂੰ ਸੰਗਲਾਂ ਵਿਚ ਬੰਨ੍ਹ ਕੇ ਲਿਆਂਦਾ ਗਿਆ। ਬੰਦੀਆਂ ਵਿਚ ਪੈਗੰਬਰ ਦਾ ਚਾਚਾ ਅੱਬਾਸ ਵੀ ਸੀ। ਇਨ੍ਹਾਂ ਬੰਨ੍ਹੇ ਹੋਏ ਕੈਦੀਆਂ ਨੂੰ ਦੇਖ ਕੇ ਪੈਗੰਬਰ ਹੱਸ ਪਏ। ਅੱਬਾਸ ਨੇ ਪੁਛਿਆ, ਸਾਨੂੰ ਦੱਸਿਆ ਗਿਆ ਸੀ ਕਿ ਅੱਲਾਹ ਦੇ ਪੈਗੰਬਰ ਵਿਚ ਗ਼ੈਬੀ ਗੁਣ ਹੁੰਦੇ ਹਨ। ਤੈਨੂੰ ਹਸਦਿਆਂ ਦੇਖਕੇ ਇਹ ਨਤੀਜਾ ਨਿਕਲਿਆ ਕਿ ਜ਼ਖਮੀ ਤੇ ਬੰਦੀ ਲੋਕਾਂ ਉਪਰ ਤਰਸ ਕਰਨ ਦੀ ਥਾਂ ਜਿਹੜਾ ਬੰਦਾ ਹੱਸਦਾ ਹੈ ਉਹ ਪੈਗੰਬਰ ਕਿਵੇਂ ਹੋਇਆ ਤੇ ਉਹ ਸਾਡੇ ਤੋਂ ਵੱਖਰਾ ਕਿਵੇਂ ਹੋਇਆ? ਪੈਗੰਬਰ ਨੇ ਫੁਰਮਾਇਆ, ਤੁਸਾਂ ਗਲਤ ਸਮਝਿਆ। ਤੁਹਾਡੀਆਂ ਤਕਲੀਫਾਂ ਦੇਖ ਕੇ ਮੈਂ ਖੁਸ਼ ਨਹੀਂ ਹੋਇਆ। ਹਾਸਾ ਮੈਨੂੰ ਇਸ ਗੱਲ ਤੇ ਆਇਆ ਕਿ ਇਹ ਜਾਹਲ ਬੁੱਤ ਪੂਜ ਨਰਕਾਂ ਦੀ ਅੱਗ ਵਿਚ ਸੜਣੇ ਜਾਣੇ ਸਨ। ਮੈਂ ਇਨ੍ਹਾਂ ਨੂੰ ਜਬਰਨ ਨਰਕ ਵਲ ਜਾਣੋਂ ਰੋਕ ਕੇ ਬਹਿਸ਼ਤ ਵੱਲ ਲਿਜਾ ਰਿਹਾ ਹਾਂ ਤੇ ਅਜਿਹਾ ਮੈਨੂੰ ਜਬਰਦਸਤੀ ਕਰਨਾ ਪੈ ਰਿਹਾ ਹੈ। ਜਿਹੜੇ ਇਕ ਅੱਲਾਹ ਉਤੇ ਈਮਾਨ ਲਿਆਉਣਗੇ ਉਹ ਮੇਰੇ ਦੋਸਤ ਹੋਣਗੇ ਤੇ ਮੈਂ ਉਨ੍ਹਾਂ ਨੂੰ ਰਿਹਾ ਕਰਾਂਗਾ। ਇਕ ਤੁਸੀਂ ਹੋ ਕਿ ਗੱਲ ਸਮਝਣ ਤੋਂ ਇਨਕਾਰੀ ਹੋ।

"ਦੁਨੀਆਂ ਮੈਨੂੰ ਪਸੰਦ ਕਰੇ ਜਾਂ ਨਾ ਮੈਨੂੰ ਪਰਵਾਹ ਨਹੀਂ। ਚਮਗਿੱਦੜ ਸੂਰਜ ਨੂੰ ਪਸੰਦ ਨਹੀਂ ਕਰ ਸਕਦਾ, ਇਸ ਨਾਲ ਸੂਰਜ ਨੂੰ ਕੀ ਫਰਕ ਪੈਂਦਾ ਹੈ? ਜੇ ਕਸਵੱਟੀ ਖਰੇ ਖੋਟੇ ਵਿਚ ਫਰਕ ਨਹੀਂ ਕਰ ਸਕਦੀ ਤਾਂ ਕਸਵੱਟੀ ਖੋਟੀ ਹੈ, ਸੋਨੇ ਦਾ ਕੀ ਕਸੂਰ? ਚੋਰਾਂ ਡਾਕੂਆਂ ਨੂੰ ਰਾਤ ਚਾਹੀਦੀ ਹੈ, ਦਿਨ ਉਨ੍ਹਾਂ ਨੂੰ ਚੰਗਾ ਲੱਗ ਈ ਨੀਂ ਸਕਦਾ।

---

# ਚਰਿਤਰੋਪਾਖਿਆਨ ਦੀ ਅਨੂਪ ਕੌਰ

(ਸਫਾ 34 ਦੀ ਬਾਕੀ)

ਕਰ ਕੇ ਉਹ ਤਾਂ ਨਹੀਂ ਨਰਕ ਵਿਚ ਚਲੇ ਗਏ। ਰੱਬ ਨੇ ਇਨਸਾਨ ਦੀ ਦੇਹੀ ਪੰਜ ਤਤਾਂ ਤੋਂ ਬਣਾਈ ਹੈ। ਕਾਮ-ਭੋਗਣ ਨਾਲ ਕੀ ਫ਼ਰਕ ਪੈਂਦਾ ਹੈ? ਇਸਤਰੀ-ਪੁਰਖ ਦੀ ਪ੍ਰੀਤ ਉਸੇ ਨੇ ਬਣਾਈ ਹੈ। ਮੇਰੇ ਸਰੀਰ ਵਿਚ ਕਾਮ-ਅਗਨੀ ਹੈ, ਉਸ ਨੂੰ ਤ੍ਰਿਪਤ ਕਰੋ।

ਗੁਰੂ ਜੀ: ਹੇ ਜੋਬਨਵੰਤੀ! ਮਨ ਵਿਚ ਧੀਰਜ ਕਰ, ਕਾਮਦੇਵ ਤੇਰਾ ਕੀ ਵਿਗਾੜੇਗਾ? ਮਨ ਵਿਚ ਮਹਾ ਰੁਦ੍ਰ (ਪ੍ਰਭੂ) ਦਾ ਧਿਆਨ ਕਰ, ਤੇਰਾ ਕਾਮ ਦਾ ਸੰਤਾਪ ਨਸ਼ਟ ਹੋ ਜਾਵੇਗਾ। ਮੈਂ ਆਪਣੀ ਧਰਮ-ਪਤਨੀ ਤਿਆਗ ਕੇ ਨਾ ਤੈਨੂੰ ਪ੍ਰਣਾਵਾਂਗਾ, ਨਾ ਤੇਰੇ ਨਾਲ ਪ੍ਰੀਤ ਸਹਿਤ ਭੋਗ ਕਰਾਂਗਾ। ਤੇਰਾ ਕਿਹਾ ਮੰਨ ਕੇ ਕਾਮ-ਭੋਗ ਕਿਉਂ ਕਰਾਂ? ਕਿਉਂ ਨਰਕ ਵਿਚ ਜਾਵਾਂ? ਮੈਂ ਧਰਮ ਦੇ ਵੈਰੀ ਕਾਮ ਨੂੰ ਕਦੇ ਗ੍ਰਹਿਣ ਨਹੀਂ ਕਰ ਸਕਦਾ। ਕਾਮ ਵਿਚ (ਦੁਨੀਆਂ 'ਚ) ਮੇਰੇ ਅਪਜਸ ਦੀ ਕਥਾ ਚਲ ਪਵੇਗੀ। ਮੈਂ ਲੋਕਾਂ ਨੂੰ ਮੂੰਹ ਕਿਵੇਂ ਵਿਖਾਵਾਂਗਾ? ਹੇ ਸੁੰਦਰੀ! ਮੇਰੇ ਨਾਲ ਇਸ਼ਕ ਦੇ ਵਿਚਾਰ ਛਡ ਦੇ। ਜੋ ਤੂੰ ਕਹਿ ਦਿਤਾ ਸੋ ਕਹਿ ਦਿਤਾ, ਫਿਰ ਅਜਿਹਾ ਕਹਿਣ ਦਾ ਸਾਹਸ ਨਾ ਕਰਨਾ।

ਅਨੂਪ ਕੌਰ: ਹੇ ਪ੍ਰੀਤਮ! ਮੇਰੇ ਨਾਲ ਭੋਗ ਕਰ ਕੇ ਨਰਕ ਵਿਚ ਨਹੀਂ ਜਾਓਗੇ। ਤੁਸੀਂ ਮਨ ਵਿਚੋਂ ਇਹ ਡਰ ਤਿਆਗ ਦਿਓ। ਲੋਕ ਤੁਹਾਡੀ ਨਿੰਦਾ ਨਹੀਂ ਕਰ ਸਕਦੇ, ਉਹ ਤੁਹਾਡੇ ਤੋਂ ਡਰਦੇ ਹਨ। ਫਿਰ ਜੇ ਕਿਸੇ ਨੂੰ ਪਤਾ ਲਗੇਗਾ, ਤਾਂ ਹੀ ਨਿੰਦਾ ਕਰੇਗਾ। ਜੇ ਕੋਈ ਜਾਣ ਵੀ ਲਵੇ, ਤੁਹਾਡੇ ਤੋਂ ਡਰ ਕੇ ਚੁਪ ਰਹੇਗਾ। ਭੋਗ ਨਾ ਕਰੋਗੇ ਤਾਂ ਲੱਤ ਹੇਠੋਂ ਨਿਕਲਣਾ ਹੋਵੇਗਾ।

ਗੁਰੂ ਜੀ: ਲੱਤਾਂ ਹੇਠੋਂ ਉਹ ਨਿਕਲੇਗਾ ਜੋ ਕਾਮ ਦੇ ਅਸਮਰਥ ਹੋਵੇ। ਨਪੁੰਸਕ ਹੋਵੇ। ਮੈਂ ਧਰਮ ਦਾ ਬੰਨ੍ਹਿਆ, ਲੋਕ ਮਰਯਾਦਾ ਦਾ ਬੰਨ੍ਹਿਆ ਕਾਮ-ਭੋਗ ਤੋਂ ਨਿਰਲਿਪਤ ਰਹਿੰਦਾ ਹਾਂ। ਕਿਸੇ ਸਰੀਰਿਕਹੀਣਤਾ ਕਾਰਨ ਨਹੀਂ।

ਅਨੂਪ ਕੌਰ: ਤੁਸੀਂ ਅਨੇਕ ਯਤਨ ਕਰ ਕੇ ਵੀ ਇਥੋਂ ਭੋਗ-ਵਿਲਾਸ ਕੀਤੇ ਬਿਨਾ ਜਾ ਨਹੀਂ ਸਕਦੇ। ਅਜ ਰਾਤ ਕਾਮ-ਕ੍ਰੀੜਾ ਕਰਨੀ ਹੋਵੇਗੀ। ਤੁਹਾਡੇ ਲਈ ਮੈਂ ਕਾਸ਼ੀ ਵਿਚ ਆਰੇ ਨਾਲ ਚੀਰੇ ਜਾਣ ਵਾਸਤੇ ਤਿਆਰ ਹਾਂ। ਧਰਮਰਾਜ ਦੀ ਸਭਾ ਵਿਚ ਡਟ ਕੇ ਉਤਰ ਦੇ ਸਕਦੀ ਹਾਂ। ਅਜ ਦੀ ਰਾਤ ਮੈਂ ਰੁਚੀ ਪੂਰਵਕ ਤੁਹਾਡੇ ਨਾਲ ਕਾਮ-ਆਨੰਦ ਮਾਣਾਂਗੀ।

ਗੁਰੂ ਜੀ: ਪਹਿਲਾਂ ਤਾਂ ਅਕਾਲ-ਪੁਰਖ ਨੇ ਮੈਨੂੰ ਖਤਰੀਆਂ ਦੀ ਸ੍ਰੇਸ਼ਠ ਕੁਲ ਵਿਚ ਪੈਦਾ ਕੀਤਾ ਹੈ। ਫਿਰ (ਗੁਰਗੱਦੀ 'ਤੇ ਵਿਰਾਜਮਾਨ ਕਰ ਕੇ) ਸਾਡੀ ਕੁਲ ਨੂੰ ਜਗਤ ਵਿਚ ਸਨਮਾਨ ਦਿਤਾ ਹੈ। ਮੈਂ ਸਾਰਿਆਂ ਵਿਚ ਬੈਠ ਕੇ ਪੂਜਣਯੋਗ ਅਖਵਾਉਂਦਾ ਹਾਂ। ਤੇਰੇ ਨਾਲ ਕਾਮਭੋਗ ਕੇ ਨੀਚ ਕੁਲ ਵਿਚ ਜਾਵਾਂਗਾ।

ਅਨੂਪ ਕੌਰ: ਜਨਮ ਦੀ ਕੀ ਗੱਲ ਹੈ? ਜਨਮ ਤਾਂ ਤੁਹਾਡੇ ਹੀ ਅਧੀਨ ਹਨ। ਜੇ ਅਜ ਮੇਰਾ ਸੰਗ ਨਾ ਕਰੋਗੇ, ਤਾਂ ਮੈਂ ਆਪਣੀ ਬਦਨਸੀਬੀ ਸਮਝਾਂਗੀ। ਤੁਹਾਡੇ ਵਿਜੋਗ ਵਿਚ ਸੜ ਮਰਾਂਗੀ, ਜ਼ਹਿਰ ਪੀ ਲਵਾਂਗੀ। ਮੇਰੇ ਨਾਲ ਸੰਜੋਗ ਕਰੋ, ਤਾਂ ਕਿ ਦਿਲ ਦਾ ਰੋਗ ਦੂਰ ਹੋਵੇ। ਤੁਹਾਡਾ ਸੰਗ ਨਹੀਂ ਮਿਲ ਰਿਹਾ, ਮੇਰੀ ਕਾਮ-ਅਗਨੀ ਭੜਕ ਰਹੀ ਹੈ।

ਗੁਰੂ ਜੀ: ਭਾਵੇਂ ਤੂੰ ਕਿਤਨੀ ਕਾਮਾਤੁਰ ਹੋ ਜਾਵੇਂ? ਮੈਂ ਇਹ ਪਾਪ ਨਹੀਂ ਕਰਾਂਗਾ।

ਅਨੂਪ ਕੌਰ: ਪਰਮੇਸ਼ਰ ਨੇ ਤੁਹਾਨੂੰ ਜਵਾਨੀ ਦਿਤੀ ਹੈ। ਮੈਂ ਵੀ ਜਵਾਨ ਹਾਂ। ਤੁਹਾਡੀ ਜਵਾਨੀ ਅਤੇ ਸੁੰਦਰਤਾ ਨੇ ਮਨ ਵਿਚ ਅਗ ਲਾ ਦਿਤੀ ਹੈ। ਸਭ ਸ਼ੰਕੇ ਛਡ ਕੇ ਮੇਰਾ ਸੰਗ ਮਾਣੋ।

ਗੁਰੂ ਜੀ: ਜੋ ਸੁੰਦਰੀ ਮੈਨੂੰ ਪੂਜਣਯੋਗ ਮੰਨ ਕੇ ਮੇਰੇ ਦਰਬਾਰ ਵਿਚ ਆਉਂਦੀ ਹੈ, ਉਹ ਮੇਰੀ ਪੁਤਰੀ ਸਮਾਨ ਹੈ। ਕਾਮ-ਅੰਧ ਇਸਤਰੀ ਦੀ ਪ੍ਰੀਤ ਝੂਠੀ ਹੈ, ਕਦੇ ਓੜਕ ਨਹੀਂ ਨਿਭਦੀ। ਇਕ ਮਰਦ ਛਡਿਆ, ਦੂਜਾ ਗ੍ਰਹਿਣ ਕਰ ਲਿਆ। ਇਹ ਕਾਹਦੀ ਪ੍ਰੀਤ ਹੈ, ਕੇਵਲ ਨੰਗਾ ਸਰੀਰ ਦੂਜੇ ਦੇ ਹਵਾਲੇ ਕਰਨ ਵਾਲਾ ਕਰਮ ਹੈ।

ਅਨੂਪ ਕੌਰ: ਕੀ ਕਰਾਂ? ਕਾਮ ਤੋਂ ਕਿਵੇਂ ਬਚਾਂ? ਮਨ ਸ਼ਾਂਤ ਨਹੀਂ ਹੁੰਦਾ। ਤੈਨੂੰ ਮਾਰ ਕੇ ਕਿਵੇਂ ਜੀਵਾਂ? ਤੇਰੇ ਬੋਲ ਬਹੁਤ ਰਸੀਲੇ ਲਗਦੇ ਹਨ।

ਗੁਰੂ ਜੀ: ਹੇ ਇਸਤਰੀ! ਤੇਰਾ ਰੂਪ ਧੰਨ ਹੈ। ਤੇਰੇ ਜਨਮ-ਦਾਤੇ ਧੰਨ ਹਨ। ਤੇਰਾ ਦੇਸ਼ ਧੰਨ ਹੈ। ਧੰਨ ਹੈ ਉਹ, ਜਿਸ ਨੇ ਤੇਰੀ ਪਾਲਣਾ ਕੀਤੀ। ਤੇਰਾ ਮੁਖੜਾ ਧੰਨ ਹੈ, ਜਿਸ ਦੀ ਸ਼ੋਭਾ ਵੇਖ ਕੇ ਕਮਲ, ਸੂਰਜ, ਚੰਦ੍ਰਮਾ ਅਤੇ ਕਾਮਦੇਵ ਦਾ ਅਹੰਕਾਰ ਚੂਰ ਹੋ ਜਾਂਦਾ ਹੈ। ਤੇਰਾ ਸੁੰਦਰ ਸਰੀਰ ਸੋਭਾਗਸ਼ਾਲੀ ਹੈ। ਤੇਰੇ ਸੋਹਣੇ ਚੰਚਲ ਨੈਣ ਸਜੀਲੇ ਹਨ। ਇਹ ਪੰਛੀਆਂ, ਹਿਰਨਾਂ, ਯਕਸ਼ਾਂ, ਸਪਾਂ, ਦੈਂਤਾਂ, ਦੇਵਤਿਆਂ, ਮੁਨੀਆਂ ਅਤੇ ਪੁਰਖਾਂ ਦਾ ਮਨ ਮੋਹ ਲੈਂਦੇ ਹਨ। ਸ਼ਿਵ ਅਤੇ ਬ੍ਰਹਮਾ ਦੇ ਚਾਰ ਪੁਤਰ ਤੇਰੇ ਨੈਣਾਂ ਨੂੰ ਵੇਖ ਕੇ ਥਕ ਗਏ ਹਨ। ਪਰ ਮੈਂ ਹੈਰਾਨ ਹਾਂ ਕਿ ਮੇਰੇ ਹਿਰਦੇ ਵਿਚ ਨਹੀਂ ਚੁਭਦੇ।

ਅਨੂਪ ਕੌਰ: ਮੈਂ ਤੁਹਾਡੇ ਨਾਲ ਬਿਸਤਰ ਉਤੇ ਲੇਟ ਕੇ ਵੀ ਕਿਸੇ ਨੂੰ ਕੁਝ ਨਹੀਂ ਦਸਾਂਗੀ। ਕਾਮ-ਲਿਪਤ ਹੋਇਆਂ ਸਾਰੀ ਰਾਤ ਇਉਂ ਪਲਾਂ ਵਿਚ ਗੁਜ਼ਰ ਜਾਵੇਗੀ। ਇਸ ਭੋਗ ਦਾ ਸਵਾਦ ਇਤਨਾ ਵੀ ਫਿਕਾ ਨਹੀਂ ਹੁੰਦਾ। ਹੇ ਸਜਣ! ਜਾਗਣ ਤੇ ਲਾਜ ਲਗਦੀ ਹੈ। ਜਾਗਣ ਨਾਲੋਂ ਬਸ ਅਜਿਹਾ ਸੌਣ ਹੀ ਚੰਗਾ ਹੈ। ਅਜ ਜਾਂ ਤੁਹਾਡਾ ਸੰਗ ਮਾਣਾਂਗੀ, ਜਾਂ ਜ਼ਹਿਰ ਖਾ ਕੇ ਮਰ ਜਾਵਾਂਗੀ।

ਗੁਰੂ ਜੀ: ਤੇਰੇ ਨੈਣ ਤੀਰ ਵਰਗੇ ਹਨ, ਪਰ ਮੇਰਾ ਕਵਚ ਹਯਾ ਹੈ। ਤੇਰੇ ਨੈਣ ਬਹੁਤ ਸਜੇ ਹਨ। ਵੇਖਦਿਆਂ ਹੀ ਗਿਆਨ ਹਰ ਲੈਂਦੇ ਹਨ। ਪਰ ਇਹ ਤੀਰ ਮੇਰੇ ਦਿਲ ਵਿਚ ਨਹੀਂ ਖੁਭ ਸਕਦੇ। ਗਲਘੋਟੂ ਬੇਰਾਂ ਵਾਂਗ ਇਨ੍ਹਾਂ ਵਿਚ ਕੋਈ ਖਿਚ ਨਹੀਂ।

ਅਨੂਪ ਕੌਰ: ਤੁਹਾਡੇ ਤੋਂ ਤਾਂ ਬੇਰੀ ਹੀ ਧੰਨ ਹੈ। ਰਾਹੀਆਂ ਨੂੰ ਬੇਰ ਖੁਆ ਕੇ ਘਰ ਜਾਣ ਦੇਂਦੀ ਹੈ।

ਗੁਰੂ ਜੀ: ਮੈਂ ਜਦੋਂ ਤੋਂ ਹੋਸ਼ ਸੰਭਾਲੀ ਹੈ, ਮੇਰੇ ਗੁਰਦੇਵ ਪਿਤਾ ਨੇ ਇਕੋ ਪ੍ਰਤਿਗਿਆ ਦ੍ਰਿੜ੍ਹ ਕਰਵਾਈ ਹੈ ਕਿ ਜਦੋਂ ਤਕ ਸਰੀਰ ਵਿਚ ਪ੍ਰਾਣ ਹਨ, ਆਪਣੀ ਇਸਤਰੀ ਨਾਲ ਪ੍ਰੀਤ ਵਧਾਉਂਦੇ ਰਹਿਣਾ, ਪਰ ਪਰਾਈ ਨਾਰੀ ਦੀ ਸੇਜ ਉਤੇ ਸੁਪਨੇ ਵਿਚ ਵੀ ਨਾ ਜਾਣਾ। ਪਰ ਨਾਰੀ ਦੇ ਸੰਜੋਗ ਕਾਰਨ ਇੰਦ੍ਰ ਸਹਸ-ਭਗਾਂ ਦੇ ਨਿਸ਼ਾਨ ਨਾਲ ਕਰੂਪ ਹੋਇਆ, ਪਰ ਨਾਰੀ ਦੇ ਸੰਗ ਕਾਰਨ ਚੰਦ੍ਰਮਾ ਕਲੰਕਿਤ ਹੋਇਆ, ਪਰ ਨਾਰੀ ਕਾਰਨ ਰਾਵਣ ਮਾਰਿਆ ਗਿਆ, ਪਰ ਨਾਰੀ ਕਾਰਨ ਕੌਰਵਾਂ ਦੀ ਵਿਸ਼ਾਲ ਸੈਨਾ ਨਸ਼ਟ ਹੋ ਗਈ, ਪਰ ਨਾਰੀ ਦੀ ਪ੍ਰੀਤ ਤਿਖੀ ਛੁਰੀ ਸਮਝੋ। ਪਰ ਨਾਰੀ ਦਾ ਸੰਗ ਸਰੀਰਿਕ ਮੌਤ ਸਮਝੋ। ਪਰ ਨਾਰੀ ਭੋਗਣ ਵਾਲਾ ਮੱਕਾਰ ਹੁੰਦਾ ਹੈ। ਉਹ ਚੰਡਾਲ ਹਥੋਂ ਕੁੱਤੇ ਦੀ ਮੌਤ ਮਰਦਾ ਹੈ। ਮੇਰੇ ਪਿਤਾ ਨੇ ਕਿਹਾ ਸੀ- ਹੇ ਬਾਲਕ! ਸਾਡੇ ਕੋਲ ਦੂਰ ਦੇਸ਼ਾਂ ਤੋਂ ਨਾਰੀਆਂ ਆਉਂਦੀਆਂ ਹਨ। ਸਾਨੂੰ ਗੁਰੂ ਜਾਣ ਕੇ, ਸੀਸ ਝੁਕਾ ਕੇ ਮਨ-ਬਾਂਛਤ ਵਰਦਾਨ ਪਾਉਂਦੀਆਂ ਹਨ। ਤੂੰ ਹਮੇਸ਼ਾ ਸਿੱਖਾਂ ਨੂੰ ਪੁੱਤਰ ਅਤੇ ਇਸਤਰੀਆਂ ਨੂੰ ਪੁੱਤਰੀਆਂ ਸਮਝਣਾ। ਹੁਣ ਪਿਤਾ ਜੀ ਦੀ ਪੁਨੀਤ ਸਿਖਿਆ ਵਿਰੁਧ ਮੈਂ ਉਨ੍ਹਾਂ ਪੁਤਰੀਆਂ ਨਾਲ ਕਿਵੇਂ ਕਾਮਭੋਗ ਕਰ ਸਕਦਾ ਹਾਂ?

ਅਨੂਪ ਕੌਰ: ਤੁਸੀਂ ਹਸਦੇ ਖੇਡਦੇ ਸੁਖ ਪੂਰਵਕ ਮੇਰੇ ਨਾਲ ਅਨੰਦ ਮਾਣੋ, ਕਿਉਂ ਅਜਾਈਂ ਰੋਸ ਕਰਦੇ ਹੋ? ਕਿਉਂ ਫ਼ਜ਼ੂਲ ਵਿਚਾਰਾਂ ਵਿਚ ਪਏ ਹੋ? ਮੇਰੀਆਂ ਅੱਖਾਂ ਨੀਵੀਆਂ ਹੋ ਗਈਆਂ ਹਨ? ਇਨ੍ਹਾਂ ਨੂੰ ਲੱਜਿਤ ਕਰ ਕੇ ਤੁਹਾਨੂੰ ਕੋਈ ਪਾਪ ਨਹੀਂ ਲਗੇਗਾ?

ਗੁਰੂ ਜੀ: ਮੈਂ ਇਸੇ ਕਰ ਕੇ ਇਨ੍ਹਾਂ ਵਲ ਵੇਖਦਾ ਨਹੀਂ। ਕਿਤੇ ਵਿਜੋਗੇ ਨੈਣਾਂ ਵਿਚ ਮੇਰਾ ਵੀ ਚਿਤ ਨਾ ਲਗ ਜਾਵੇ? ਮੇਰੇ ਸਿਖਿਆ ਭਰੇ ਬਚਨ ਸੁਣ 'ਬ੍ਰਾਹਮਣਾਂ ਅਰਥਾਤ ਗਰੀਬਾਂ ਨੂੰ ਦਾਨ ਦਿਓ। ਦੁਸ਼ਟਾਂ ਨੂੰ ਤਾੜ ਕੇ ਰਖੋ। ਸੇਵਕ-ਸਿੱਖਾਂ ਨੂੰ ਸੁਖੀ ਰਖੋ, ਵੈਰੀਆਂ ਦੇ ਸਿਰ ਤੇ ਤਲਵਾਰ ਖੜਕਾਉਂਦੇ ਰਹੋ। ਲੋਕ-ਲਾਜ ਦਾ ਤਿਆਗ ਕਰ ਕੇ ਬੁਰੇ ਕੰਮ ਨਾ ਕਰੋ। ਪਰ ਨਾਰੀ ਦੀ ਸੇਜ ਭੁਲ ਕੇ ਸੁਪਨੇ ਵਿਚ ਨਾ ਜਾਓ।' ਮੇਰੇ ਤੋਂ ਜਦੋਂ ਦਾ ਗੁਰੂ-ਪਿਤਾ ਜੀ ਨੇ ਪ੍ਰਣ ਲਿਆ ਹੈ, ਮੇਰੇ ਲਈ ਪਰਾਇਆ ਧਨ ਪੱਥਰ ਸਮਾਨ ਹੈ ਅਤੇ ਪਰਾਈ ਇਸਤਰੀ ਮਾਤਾ ਸਮਾਨ। (ਇਸ ਲੰਬੇ ਸੰਵਾਦ ਤੋਂ ਬਾਅਦ ਅਨੂਪ ਕੌਰ ਚੋਰ-ਚੋਰ ਦਾ ਸ਼ੋਰ ਮਚਾਉਂਦੀ ਹੈ ਅਤੇ ਗੁਰੂ ਜੀ ਚਤੁਰਾਈ ਨਾਲ ਸਾਰੀਆਂ ਸਥਿਤੀਆਂ ਨੂੰ ਭੇਦ ਕੇ ਉਥੋਂ ਚਲੇ ਜਾਂਦੇ ਹਨ।)

ਉਕਤ ਪਦਾਂ ਵਿਚ ਕਾਮਾਤੁਰ ਇਸਤਰੀ ਦਾ ਹਠ ਅਤੇ ਸਚੇ ਅਧਿਆਤਮਵਾਦੀ ਵਿਅਕਤੀ ਦੀ ਭੋਗ ਨਿਰਲੇਪਤਾ ਅਤਿ-ਉਤਮ ਰੀਤੀ ਨਾਲ ਰੂਪਮਾਨ ਹੋਏ ਹਨ। ਇਸ ਅੰਮ੍ਰਿਤ ਕਥਾ ਵਿਚ ਕੁਝ ਵੀ ਅਜਿਹਾ ਨਹੀਂ, ਜਿਸ ਨੂੰ ਅਸ਼ਲੀਲ ਕਿਹਾ ਜਾਵੇ ਜਾਂ ਗੁਰੂ ਜੀ ਦੇ ਵਿਅਕਤਿਤਵ ਨੂੰ ਛੁਟਿਆਉਣ ਵਾਲਾ ਹੋਵੇ। ਇਹ ਕਹਾਣੀ ਗੁਰੂ ਜੀ ਦੇ ਉਚ-ਆਚਾਰ ਦਾ ਉਤਕ੍ਰਿਸ਼ਟ ਨਮੂਨਾ ਹੈ। ਕਹਾਣੀ ਦਸਦੀ ਹੈ ਕਿ ਕਿਸੇ ਵੀ ਪ੍ਰਸਥਿਤੀ ਵਿਚ ਧਰਮ ਦਾ ਪਰਿਪਾਲਣ ਕਰਨ ਤੋਂ ਪਿਛੇ ਨਹੀਂ ਹਟਣਾ ਚਾਹੀਦਾ। ਗੁਰੂ ਜੀ ਕਿਸੇ ਮੰਤ੍ਰ ਸਿੱਖਣ ਦੀ ਅਭਿਲਾਸ਼ਾ ਵਾਸਤੇ ਅਨੂਪ ਕੌਰ ਕੋਲ ਨਹੀਂ ਸੀ ਗਏ, ਬਲਕਿ ਮੰਤ੍ਰ-ਜਾਪਾਂ ਵਿਚ ਲਗੇ ਹੋਣ ਦਾ ਢੋਂਗ ਕਰਨ ਵਾਲਿਆਂ ਦੀ ਅਸਲ ਤਸਵੀਰ ਉਜਾਗਰ ਕਰਨ ਅਤੇ ਕਾਮ ਦੇ ਭਿਆਨਕ ਸਾਗਰ ਵਿਚ ਡੁਬਦੀ ਜਾ ਰਹੀ ਇਕ ਸੇਵਿਕਾ ਨੂੰ ਕਾਮ-ਮੁਕਤ ਕਰਨ ਵਾਸਤੇ ਉਹ ਅਨੂਪ ਕੌਰ ਦੇ ਨਿਵਾਸ 'ਤੇ ਪੁਜੇ ਸਨ। ਕਿਉਂਕਿ ਉਨ੍ਹਾਂ ਦੇ ਉਪਦੇਸ਼ਾਂ ਵਿਚ ਮੰਤ੍ਰ-ਜਾਪ ਕਰਨ ਵਾਲਿਆਂ ਨੂੰ ਘੁਗੂ, ਉਲੂ ਆਦਿ ਕਿਹਾ ਹੈ ਅਤੇ ਉਹ ਤੰਤ੍ਰ-ਮੰਤ੍ਰ ਵਿਚ ਵਿਸ਼ਵਾਸ ਕਰਨ ਵਾਲਿਆਂ ਤੋਂ, ਆਪਣੇ ਸਿੱਖਾਂ ਨੂੰ ਸਚੇਤ ਰਹਿਣ ਵਾਸਤੇ ਪ੍ਰੇਰਦੇ ਸਨ, ਇਸੇ ਲਈ ਉਹ ਆਪਣੇ ਸਾਧਾਰਨ ਲਿਬਾਸ ਵਿਚ ਅਨੂਪ ਕੌਰ ਦੇ ਗ੍ਰਹਿ ਵਿਖੇ ਨਹੀਂ ਗਏ, ਬਲਕਿ ਸਾਧੂ ਦੇ ਭੇਖ ਵਿਚ ਗਏ। ਇਸ ਚਰਿਤਰ ਦੇ ਆਰੰਭ ਵਿਚ ਕਿਹਾ ਹੈ ਕਿ ਰਾਜੇ ਚਿਤ੍ਰ ਸਿੰਘ ਨੇ ਮੰਤਰੀਆਂ ਨੂੰ ਕਿਹਾ ਕਿ ਉਹ ਚਤੁਰ ਨਰ-ਨਾਰੀਆਂ ਦੀਆਂ ਚਰਿਤਰ ਕਥਾਵਾਂ ਉਸ ਨੂੰ ਸੁਣਾਉਣ। ਇਸ ਵਾਕ ਤੋਂ ਸਪਸ਼ਟ ਹੈ ਕਿ ਇਹ ਕਥਾਵਾਂ ਔਰਤ ਦੀ ਤਸਵੀਰ ਵਿਗਾੜਨ ਵਾਲੀਆਂ ਨਹੀਂ, ਨਾ ਹੀ ਇਨ੍ਹਾਂ ਨੂੰ ਤ੍ਰਿਆ-ਚਰਿਤਰ ਕਹਿਣਾ ਉਚਿਤ ਹੈ। ਇਨ੍ਹਾਂ ਕਥਾਵਾਂ ਦਾ ਸੰਬੰਧ ਇਸਤਰੀ-ਪੁਰਖ ਦੋਹਾਂ ਨਾਲ ਹੈ। ਦੋਵੇਂ ਰਲ ਕੇ ਸਮਾਜ ਦੀ ਅਧੋਗਤੀ ਲਈ ਜ਼ਿੰਮੇਵਾਰ ਹਨ। ਦੋਹਾਂ ਦੇ ਸਹਿਯੋਗ ਨਾਲ ਸਮਾਜ ਦਾ ਉਥਾਨ ਹੋ ਸਕਦਾ ਹੈ। ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਦਸਮ ਗ੍ਰੰਥ ਦੀ ਬਾਣੀ ਨੂੰ ਨਿਸ਼ਠਾ ਸਹਿਤ ਪੜ੍ਹ ਕੇ ਵਿਚਾਰਨ ਦਾ ਉਦਮ ਆਪ ਕਰਨ ਤਾਂ ਕਿ ਕੁਝ ਵਿਕ੍ਰਿਤ ਮਾਨਸਿਕਤਾ ਵਾਲੇ ਲੋਕ ਉਨ੍ਹਾਂ ਨੂੰ ਗੁਮਰਾਹ ਨਾ ਕਰ ਸਕਣ। ਗੁਮਰਾਹ ਕਰਨ ਵਾਲੇ ਇਹ ਲੋਕ ਕਲ੍ਹ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਬੰਧੀ ਵੀ ਅਜਿਹੇ ਹੀ ਸ਼ੰਕੇ ਪੈਦਾ ਕਰ ਸਕਦੇ ਹਨ।

*ਪ੍ਰਾਜੈਕਟ ਡਾਇਰੈਕਟਰ ਅਤੇ ਮੁਖੀ ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ।

# ਪੰਜਾਬੀ ਕਿੱਸਾ-ਕਾਵਿ ਨੂੰ ਸ਼ਿਖਰ 'ਤੇ ਪਹੁੰਚਾਉਂਦੇ ਚਾਰ ਮੰਜ਼ਰ

**ਕਵਿਤਾ ਦੀ ਥਾਹ**

**ਸੁਰਜੀਤ ਮਾਨ**

ਜਿਵੇਂ ਕਈ ਰਿਸ਼ਤਿਆਂ ਦੀ ਸੁੰਦਰਤਾ ਉਨ੍ਹਾਂ ਦੇ ਵਸਲ-ਰਹਿਤ ਹੋਣ ਵਿਚ ਹੈ, ਇੰਜ ਹੀ ਕਈ ਪ੍ਰਸ਼ਨਾਂ ਦੀ ਮਹਾਨਤਾ ਅਤੇ ਅਸੀਮਤਾ ਉਨ੍ਹਾਂ ਦੇ ਉਤਰ-ਰਹਿਤ ਹੋਣ ਵਿਚ ਹੈ। ਇਹੀ ਨਹੀਂ ਕਿ ਉਨ੍ਹਾਂ ਦੇ ਉਤਰ ਹੁੰਦੇ ਨਹੀਂ, ਹਨ ਅਤੇ ਉਹ ਵੀ ਜਿੰਨੇ ਮੂੰਹ ਓਨੇ। ਪ੍ਰੰਤੂ ਉਹ ਉਨ੍ਹਾਂ ਦੇ ਮੇਚ ਦੇ ਨਹੀਂ, ਹਾਣ ਦੇ ਨਹੀਂ ਹੁੰਦੇ। ਇਸ ਲਈ ਉਨ੍ਹਾਂ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਦਾ ਸਫਰ ਨਿਰੰਤਰ ਜਾਰੀ ਰਹਿੰਦਾ ਹੈ। ਸ਼ੇਕਸਪੀਅਰ ਇਨ੍ਹਾਂ ਬਾਰੇ ਆਪਣੇ ਮਹਾਨ ਦੁਖਾਂਤ ਹੈਮਲਟ ਵਿਚ ਕੁਝ ਇਸ ਤਰ੍ਹਾਂ ਮਹਿਸੂਸ ਕਰਦਾ ਹੈ, "ਜ਼ਿੰਦਗੀ ਵਿਚ ਬਹੁਤ ਕੁਝ ਅਜਿਹਾ ਹੈ ਜਿਸ ਬਾਰੇ ਕੋਈ ਵਿਗਿਆਨ, ਧਰਮ, ਫਲਸਫਾ ਜਾਂ ਸਾਹਿਤ ਕੁਝ ਨਹੀਂ ਜਾਣਦਾ।" ਇਸੇ ਤਰ੍ਹਾਂ ਸਾਹਿਤ ਜੋ ਜ਼ਿੰਦਗੀ ਦਾ ਦਰਪਣ ਅਖਵਾਉਂਦਾ ਹੈ, ਦੀ ਵੀ ਕੋਈ ਆਖਰੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਨਾ ਹੀ ਇਸ ਦੇ ਰੂਪਾਂ ਦੀ ਅਤੇ ਫਿਰ ਉਨ੍ਹਾਂ ਦੇ ਰੂਪਕਾਰਾਂ ਦੀ। ਇਕ ਪਰਿਭਾਸ਼ਾ ਦੂਜੀ ਤੋਂ ਵੱਖਰੀ ਹੀ ਨਹੀਂ, ਉਲਟ ਵੀ ਹੁੰਦੀ ਹੈ। ਜਿਵੇਂ ਕਿ ਕੀਟਸ ਮਹਾਨ ਕਵੀ ਹੈ ਕਿਉਂਕਿ ਉਸ ਦੀ ਕਵਿਤਾ ਵਿਚ ਕਲਪਨਾ ਦਾ ਸੁੰਦਰ ਸੰਸਾਰ ਹੈ। ਪੋਪ ਵੀ ਮਹਾਨ ਹੈ ਜਿਸ ਦੀ ਕਵਿਤਾ ਵਿਚ ਕਲਪਨਾ ਸਹੁੰ ਖਾਣ ਨੂੰ ਵੀ ਨਹੀਂ। ਫਿਰ ਵੀ ਲੈ-ਦੇ ਕੇ ਕਵਿਤਾ ਦਿਲ ਦੀ ਦੁਨੀਆਂ ਦੀ ਸ਼ੈਅ ਹੈ ਅਤੇ ਵਾਰਤਕ ਦਿਮਾਗ ਦੀ। ਮੁਹੱਬਤ ਵਾਂਗ ਕਵਿਤਾ ਲਈ ਵੀ ਕੁਝ 'ਖਾਸ ਦਿਲ ਮਖ਼ਸੂਸ' ਹੁੰਦੇ ਹਨ ਅਤੇ ਖਾਸ ਹੀ ਹੁੰਦੇ ਹਨ ਇਸ ਦੇ ਵਿਸ਼ੇ। ਜਦੋਂ ਇਹ ਉਨ੍ਹਾਂ ਦੁਆਲੇ ਘੁੰਮਦੀ ਹੈ, ਆਪਣੇ ਅਸਲੀ ਰੰਗ ਵਿਚ ਹੁੰਦੀ ਹੈ। ਅਜਿਹੇ ਵਿਸ਼ਿਆਂ 'ਚੋਂ ਇਕ ਹੈ-ਬੇਵਸੀ, ਮਜਬੂਰੀ, ਹਿਰਖ ਅਤੇ ਸ਼ਿਕਸਤਗੀ ਦਾ ਮੰਜ਼ਰ, ਜਿਸ 'ਚੋਂ ਲੰਘਦੇ ਹਾਰਡੀ ਦੇ ਨਾਵਲਾਂ ਦੇ ਪਾਤਰ ਵੀ ਕਵੀਆਂ ਵਰਗੇ ਬਣ ਜਾਂਦੇ ਹਨ। ਕਾਸ਼! ਅਤੇ ਵਿਸਮਿਕ ਚਿੰਨ੍ਹਾਂ ਨਾਲ ਭਰਿਆ ਹੁੰਦਾ ਹੈ ਅਜਿਹਾ ਪਲ ਜਾਂ ਸਮਾਂ ਅਤੇ ਕੁਝ ਅਜਿਹੇ ਪਲਾਂ ਦੀ ਹੀ ਬਾਤ ਪਾ ਰਿਹਾ ਹੈ ਇਹ ਲੇਖ ਅਤੇ ਉਹ ਵੀ ਸਿਰਫ ਪੰਜਾਬੀ ਕਿੱਸਾ-ਕਾਵਿ ਅਤੇ ਲੋਕ-ਕਾਵਿ ਦੇ ਸੰਦਰਭ ਵਿਚ।

ਬੇਸ਼ੱਕ ਇਹ ਵਿਸ਼ਾਲ ਵਿਸ਼ਾ ਹੈ ਪਰ ਮੈਂ ਸਿਰਫ ਅਜਿਹੇ ਚਾਰ ਮੰਜ਼ਰਾਂ ਦੀ ਹੀ ਗੱਲ ਕਰਾਂਗਾ ਜਿਥੇ ਕਵਿਤਾ ਆਪੋ-ਆਪਣੇ ਸਿਖਰ 'ਤੇ ਪਹੁੰਚਦੀ ਹੈ। ਇਨ੍ਹਾਂ ਦਾ ਸਬੰਧ ਕ੍ਰਮਵਾਰ ਹੀਰ ਦੀ ਡੋਲੀ, ਮਿਰਜ਼ੇ ਦੇ ਵੱਢੇ ਜਾਣ ਦੀ ਥਾਂ ਜੰਡ, ਸੱਸੀ ਦੀ ਸੁੰਨੀ ਸੇਜ ਅਤੇ ਸੋਹਣੀ ਦੇ ਕੱਚੇ ਘੜੇ ਨਾਲ ਹੈ। ਦੂਜੇ ਸ਼ਬਦਾਂ ਵਿਚ ਇਨ੍ਹਾਂ ਦੇ ਪ੍ਰਤੀਕ ਡੋਲੀ, ਜੰਡ, ਸੇਜ ਅਤੇ ਘੜਾ ਹਨ। ਇਨ੍ਹਾਂ ਨਾਲ ਸਬੰਧਤ, ਕਿੱਸੇ ਜਾਂ ਕਥਾਵਾਂ ਆਪੋ-ਆਪਣੇ ਸਿਖਰ 'ਤੇ ਪਹੁੰਚਦੇ ਹਨ ਅਤੇ ਅੰਤ ਦੇ ਨੇੜੇ ਵੀ। ਰਾਂਝਾ ਚੌਧਰੀ ਤੋਂ ਚਾਕ, ਹੀਰ ਦੀ ਡੋਲੀ ਲੈ ਜਾਣ ਲਈ ਬਣਿਆ ਸੀ, ਨਾ ਕਿ ਉਸ ਨੂੰ ਉਠਦੀ ਦਾ ਮਹਿਜ਼ ਦਰਸ਼ਕ ਬਣਨ ਲਈ। ਜੰਡ ਹੇਠਾਂ ਮਿਰਜ਼ਾ ਆਰਾਮ ਕਰਨ ਲਈ ਅਟਕਿਆ ਸੀ, ਮਰਨ ਲਈ ਨਹੀਂ। ਸੱਸੀ ਨੂੰ ਤਾਂਘ ਸੇਜ ਮਾਣਨ ਦੀ ਸੀ, ਨਾ ਕਿ ਉਸ ਦੇ ਸੁੰਨੇ ਹੋਣ ਦੀ ਅਤੇ ਸੋਹਣੀ ਲਈ ਘੜਾ ਪਾਰ ਉਤਾਰਨ ਦਾ ਸਾਧਨ ਸੀ, ਰਾਹ ਵਿਚ ਡੋਬਣ ਦਾ ਨਹੀਂ। ਨਾਲੇ ਦੁਖਾਂਤ ਵਾਪਰਦਾ ਹੀ ਉਸ ਵੇਲੇ ਹੈ ਜਦੋਂ ਉਮੀਦੋਂ ਬਿਲਕੁਲ ਉਲਟ ਵਾਪਰੇ; ਕਲੀਆਂ ਲਈ ਤਰਸਣ ਵਾਲੇ ਨੂੰ ਕੰਡੇ ਮਿਲਣ। ਸ਼ੇਖ ਫਰੀਦ ਦਾ ਇਹ ਚਹੁੰ ਸਤਰਾਂ ਵਾਲਾ ਸ਼ਲੋਕ ਇਸ ਦੁਖਾਂਤ ਦੇ ਸੰਖੇਪ ਅਤੇ ਕੇਂਦਰ ਬਿੰਦੂ ਵਜੋਂ ਲਿਆ ਜਾ ਸਕਦਾ ਹੈ:

'ਫਰੀਦਾ ਦਰਿਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਕੇ ਕੇਲਾਂ ਵਿਸਰੀਆਂ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ॥'

ਅਜਿਹੇ ਪਲਾਂ ਵਾਲੇ ਵਿਸ਼ਿਆਂ ਬਾਰੇ ਮਹਿਸੂਸਿਆ ਹੀ ਕਵਿਤਾ ਵਿਚ ਜਾ ਸਕਦਾ ਹੈ। ਵਾਰਤਕ ਇਨ੍ਹਾਂ ਨੂੰ ਰੂਪਮਾਨ ਕਰਨ ਤੋਂ ਅਸਮਰਥ ਹੈ। ਜੇ ਅਜਿਹਾ ਨਾ ਹੁੰਦਾ, ਸ਼ੇਕਸਪੀਅਰ ਆਪਣੇ ਨਾਟਕਾਂ ਵਿਚ ਕਿਤੇ ਕਵਿਤਾ ਅਤੇ ਕਿਤੇ ਵਾਰਤਕ ਨਾ ਵਰਤਦਾ। ਇਸ ਦੀ ਪ੍ਰਤੀਨਿਧ ਉਦਾਹਰਣ 'ਜੂਲੀਅਸ ਸੀਜ਼ਰ' ਦੇ 'ਫੋਰਮ ਦ੍ਰਿਸ਼' ਵਿਚਲੀਆਂ ਐਂਟਨੀ ਅਤੇ ਬਰੂਟਸ ਦੀਆਂ ਸਪੀਚਾਂ ਹਨ ਜਿਨ੍ਹਾਂ ਦਾ ਬਦਲ ਸਮੁੱਚੇ ਵਿਸ਼ਵ ਨਾਟਕ ਵਿਚ ਨਹੀਂ ਮਿਲਦਾ। ਐਂਟਨੀ ਦਿਲ ਦੀਆਂ ਗੱਲਾਂ ਕਰਦਾ ਹੈ, ਇਸ ਲਈ ਕਵਿਤਾ ਵਿਚ। ਇਸ ਦੇ ਉਲਟ ਬਰੂਟਸ ਦਿਮਾਗ ਦਾ ਸਹਾਰਾ ਲੈਂਦਾ ਹੈ, ਇਸ ਲਈ ਵਾਰਤਕ ਵਿਚ।

ਇਨ੍ਹਾਂ ਚਾਰਾਂ ਮੰਜ਼ਰਾਂ ਦਾ ਸੰਖੇਪ ਵਿਸ਼ਲੇਸ਼ਣ ਇੰਜ ਹੈ; ਪੀਲੂ ਦੀ ਕਲਮ ਸਿਆਹੀ ਨੂੰ ਛੱਡ ਕੇ ਖੂਨ ਵਿਚ ਉਦੋਂ ਡੁੱਬਣੀ ਸ਼ੁਰੂ ਹੁੰਦੀ ਹੈ ਜਦੋਂ ਉਮੀਦੋਂ ਉਲਟ ਜੰਡ ਹੇਠਾਂ ਜੀਵਨ ਨਹੀਂ, ਮੌਤ ਦਾ ਨਾਚ ਹੋਣਾ ਸ਼ੁਰੂ ਹੁੰਦਾ ਹੈ। ਹੋਣੀ ਮਿਰਜ਼ੇ ਨੂੰ ਛੱਡ ਕੇ ਸਿਆਲਾਂ ਨਾਲ ਰਲ ਜਾਂਦੀ ਹੈ। ਮਿਰਜ਼ੇ ਸਾਹਮਣੇ ਉਹ ਸਥਿਤੀ ਹੈ ਜਿਸ ਬਾਰੇ ਉਸ ਨੂੰ ਅੱਖੀਂ ਵੇਖ ਕੇ ਵਿਸ਼ਵਾਸ ਕਰਦਿਆਂ ਦੁੱਖ ਹੁੰਦਾ ਹੈ। ਸਾਹਿਬਾਂ ਨੂੰ ਉਸ ਨੇ ਆਪਣੀ ਜ਼ਿੰਦਗੀ ਸਮਝ ਚੁਣਿਆ ਸੀ, ਨਾ ਕਿ ਮੌਤ ਦਾ ਸਾਮਾਨ। ਉਹ ਖੁਦ ਮੌਤ ਨਾਲ ਖੇਡ ਕੇ ਜਿਸ ਨੂੰ ਕੱਢ ਕੇ ਲਿਆਇਆ ਹੋਵੇ, ਜਦੋਂ ਉਸ ਨੂੰ ਹੀ ਆਪਣੀ ਮੌਤ ਲਈ ਜ਼ਿੰਮੇਵਾਰ ਵੇਖੇ, ਉਸ ਦੇ ਸੁਫਨਿਆਂ ਦਾ ਸੰਸਾਰ, ਜੋ ਹੁਣ ਤਕ ਸਿਰਜਿਆ ਸੀ, ਤਾਂ ਟੁੱਟੇਗਾ ਹੀ। ਸਾਹਿਬਾਂ ਦਾ ਤੀਰ ਤੋੜਨਾ ਉਸ ਦੇ ਸੁਫਨੇ ਤੋੜਨਾ ਹੈ। ਸੁਭਾਅ ਅਨੁਸਾਰ ਉਸ ਅੰਦਰ ਦੁੱਖ, ਹਾਰ, ਮਜ਼ਬੂਰੀ ਅਤੇ ਸਭ ਤੋਂ ਵਧ ਉਸ ਗੁੱਸੇ, ਜਿਸ ਲਈ ਉਹ ਜਾਣਿਆ ਜਾਂਦਾ ਹੈ, ਜੋ ਉਸ ਦੀ ਸੁੰਦਰਤਾ ਵੀ ਹੈ, ਕਮਜ਼ੋਰੀ ਵੀ, ਦਾ ਬਲਦਾ ਭਾਂਬੜ ਹੈ ਜਿਸ ਵਿਚ ਉਹ ਬਲਦਾ ਬਲਦਾ ਆਖਰ ਰਾਖ ਹੋ ਜਾਂਦਾ ਹੈ। ਉਸ ਦੇ ਅੰਦਰਲੀ ਦੁਨੀਆਂ ਨੂੰ ਪੀਲੂ ਦੀਆਂ ਉਹ ਸਤਰਾਂ ਅਨੁਵਾਦ ਕਰਦੀਆਂ ਹਨ ਜੋ ਉਸ ਦੇ ਸਮੁੱਚੇ ਕਿੱਸੇ ਦੀ ਪ੍ਰਤੀਨਿਧਤਾ ਕਰਦੀਆਂ ਹਨ:

"ਨੀਂ ਤੂੰ ਮੰਦਾ ਕੀਤਾ ਸਾਹਿਬਾਂ,
ਮੇਰਾ ਤਰਕਸ਼ ਟੰਗਿਆ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜੱਟ ਦੀ,
ਦਿੰਦਾ ਸਿਆਲੀਂ ਵੰਡ।
ਪਹਿਲੀ ਮਾਰਦਾ ਖ਼ਾਨ ਸ਼ਮੀਰ ਦੇ
ਦੂਜੀ ਕੁੱਲੇ ਦੇ ਤੰਗ।
ਤੀਜੀ ਮਾਰਦਾ ਓਸ ਦੇ,
ਜੈਂਦੀ ਹੈਂ ਤੂੰ ਮੰਗ।
ਜੱਟ ਕੱਲਮ ਕੱਲਾ ਮਾਰਿਆ,
ਕੋਈ ਨਾ ਮਿਰਜ਼ੇ ਦੇ ਸੰਗ।"

ਆਪਣੇ ਆਪ ਬਾਰੇ ਪੁਰਵ-ਪੁਰਖ (Third Person) ਵਰਤਣਾ ਮਿਰਜ਼ੇ ਅੰਦਰਲੇ ਹੰਕਾਰ ਦਾ ਪ੍ਰਤੀਕ ਹੈ। ਉਹ ਹੰਕਾਰ, ਜਿਸ ਬਿਨਾਂ ਉਸ ਦੇ ਪਾਤਰ ਨੂੰ ਕਿਆਸਿਆ ਹੀ ਨਹੀਂ ਜਾ ਸਕਦਾ ਅਤੇ ਜਿਸ ਨੂੰ ਅੰਗਰੇਜ਼ੀ ਨਾਟਕ ਦੀ ਸ਼ੈਲੀ ਵਿਚ Tragic Flaw ਕਿਹਾ ਜਾ ਸਕਦਾ ਹੈ।

ਸਾਹਿਬਾਂ ਇਕੱਲੀ ਨਹੀਂ, ਉਸ ਦੇ ਨਾਲ ਜੰਡ ਅਤੇ ਬੱਕੀ, ਜਿਨ੍ਹਾਂ ਦਾ ਮਾਨਵੀਕਰਨ ਕੀਤਾ ਗਿਆ ਹੈ, ਵੀ ਆਪੋ-ਆਪਣੇ ਢੰਗ ਅਨੁਸਾਰ ਇਸ ਦੁਖਾਂਤ ਲਈ ਦੋਸ਼ੀ ਮਹਿਸੂਸ ਕਰਦੇ ਹਨ। ਜੰਡ ਮਿਰਜ਼ੇ ਨੂੰ ਆਖਰੀ ਸਵਾਸ ਲੈਂਦਿਆਂ ਵੇਖ 'ਕਲਮਾ ਪੜ੍ਹਨ' ਦੀ ਆਖਰੀ ਰਸਮ ਅਦਾ ਕਰਦਾ ਹੈ। ਉਧਰ ਬੱਕੀ ਜੋ ਮਿਰਜ਼ੇ ਨੂੰ ਸਾਹਿਬਾਂ ਵਾਂਗ ਬਹੁਤ ਪਿਆਰੀ ਸੀ, ਅੰਦਰੋ-ਅੰਦਰੀ ਦੋਸ਼ ਹੇਠਾਂ ਦਬੀ ਹੋਈ ਮਹਿਸੂਸ ਕਰਦੀ ਹੈ। ਸ਼ਾਇਦ ਇਸ ਲਈ ਕਿ ਉਹ ਉਸ ਨੂੰ ਘਰੋਂ ਲੈ ਕੇ ਆਈ ਸੀ ਅਤੇ ਹੁਣ ਜਦੋਂ ਬਾਕੀ ਸਾਰੇ ਪਾਤਰ ਖਤਮ ਹੋ ਚੁੱਕੇ ਹਨ, ਮਿਰਜ਼ੇ ਦੀ ਮੌਤ ਦੀ ਖਬਰ ਦੇਣ ਦਾ ਔਖਾ ਅਤੇ ਕਾਲਾ ਕਾਰਜ ਵੀ ਉਸੇ ਨੂੰ ਨਿਭਾਉਣਾ ਪੈਣਾ ਹੈ। ਮਿਰਜ਼ਾ ਸਾਹਿਬਾਂ ਨੂੰ ਹੀ ਇਕੱਲੀ ਨਹੀਂ ਛੱਡ ਕੇ ਗਿਆ, ਉਹ ਵੀ ਨਿਰਸਹਾਰਾ ਹੋ ਗਈ ਹੈ। ਆਪਣੀ ਆਉਣ ਵਾਲੀ ਹੋਣੀ ਬਾਰੇ ਉਸ ਦਾ ਸਹਿਮ ਉਸ ਦੀ ਵਫਾਦਾਰੀ ਦਾ ਸਬੂਤ ਹੈ:

"ਏਸ ਵੇਲੇ ਵੇ ਨੈਂ ਦਿਆ ਲਾੜਿਆ,
ਮੈਂ ਘਰ ਕੀ ਦੱਸੂੰਗੀ ਜਾ।
ਢੂਹੀ ਟੁੱਟ ਜੂ ਵੰਝਲ ਬਾਪ ਦੀ,
ਪੁੱਤ ਮੋਇਆ ਦੱਸੂੰਗੀ ਜਾ।
ਤੇਰੀ ਭੈਣ ਓਇ ਛੱਤੀਂ ਉਡੀਕਦੀ,
ਸਿਆਲਾਂ ਵਾਲੇ ਰਾਹ।
ਤੇਰੀ ਮਾਂ ਤਾਂ ਪੱਟੂਗੀ ਮੇਢੀਆਂ,
ਰੋਂਦੀ ਜਾਊ ਸਿਵਿਆਂ ਦੇ ਰਾਹ।"

ਕੁਦਰਤੀ ਹੈ ਕਿ ਮਿਰਜ਼ੇ ਬਾਰੇ ਸਭ ਤੋਂ ਸ਼ਿੱਦਤ-ਭਰਪੂਰ ਕਵਿਤਾ ਇਸੇ ਮੰਜ਼ਰ ਬਾਰੇ ਰਚੀ ਗਈ, ਗਾਈ ਗਈ ਅਤੇ ਸਰਾਹੀ ਗਈ ਹੈ।

ਹੀਰ-ਰਾਂਝੇ ਦੀ ਕਥਾ ਅਤੇ ਕਿੱਸੇ ਵਿਚ ਇਸ ਦੁਖਾਂਤ ਲਈ ਸਟੇਜ 'ਡੋਲੀ' ਬਣਦੀ ਹੈ। ਉਹ ਡੋਲੀ ਜੋ ਰਾਂਝੇ ਨੂੰ ਕਬਰ ਲੱਗਦੀ ਹੈ ਅਤੇ ਹੈ ਵੀ। ਕਿਉਂਕਿ ਇਸ ਵਿਚ ਦਫਨ ਹਨ ਉਸ ਦੇ ਹੁਣ ਤਕ ਦੇ ਸੁਫਨੇ। ਬਾਰ੍ਹਾਂ ਸਾਲ ਖੰਦੇ ਉਸ ਦੀ ਡੋਲੀ 'ਤੋਰਨ' ਲਈ ਨਹੀਂ ਸਨ ਚਾਰੇ। ਮੁੱਖ ਪਾਤਰ ਨੂੰ ਮਹਿਜ਼ ਬੇਵੱਸ ਦਰਸ਼ਕ ਬਣਾ ਦਿੱਤਾ ਹੈ ਹੋਣੀ ਨੇ, ਸਰਬ ਸ਼ਕਤੀਵਾਨ ਸਮਿਆਂ ਨੇ। ਰਾਂਝੇ ਅੰਦਰ ਮਿਰਜ਼ੇ ਵਾਲਾ ਸ਼ੂਕਦਾ ਗੁੱਸਾ ਨਹੀਂ ਸਗੋਂ ਸੁਲਘਦਾ ਝੋਰਾ ਹੈ, ਪਛਤਾਵਾ ਹੈ। ਦੋਵੇਂ ਪਾਤਰ ਇਕ-ਦੂਜੇ ਤੋਂ ਵੱਖਰੇ ਹੀ ਨਹੀਂ, ਉਲਟ ਚਿਤਰੇ ਹੋਏ ਹਨ। ਮਿਰਜ਼ਾ ਸਾਹਿਬਾਂ ਨੂੰ ਉਧਾਲ ਕੇ ਲੈ ਜਾਣ ਨੂੰ ਆਪਣੀ ਬਹਾਦਰੀ ਅਤੇ ਮੰਤਵ ਸਮਝਦਾ ਹੈ ਜਦੋਂ ਕਿ ਰਾਂਝਾ ਅਜਿਹੇ ਕਦਮ ਨੂੰ ਇਸ਼ਕ ਦੀ ਹੇਠੀ, ਅਸਭਿਆਪਣ।

'ਹੀਰੇ ਇਸ਼ਕ ਨ ਮੂਲ ਸੁਆਦ ਦਿੰਦਾ, ਨਾਲ ਚੋਰੀਆਂ ਅਤੇ ਉਧਾਲਿਆਂ ਦੇ।' ਭਾਵਨਾ ਅਤੇ ਮੰਤਵ ਦੋਵਾਂ ਦਾ ਇੱਕੋ ਹੈ ਪਰ ਸਾਧਨ ਆਪੋ-ਆਪਣੇ। ਦਰਦ ਵੀ ਕਾਫੀ ਹੱਦ ਤਕ ਇੱਕੋ ਹੈ, ਮੁਹੱਬਤ ਵਿਚ ਦਗਾ ਅਤੇ ਸ਼ਿਕਸਤ, ਪਰ ਪ੍ਰਗਟਾਵਾ ਅਤੇ ਅਨੁਵਾਦ, ਸੁਭਾਅ ਅਨੁਸਾਰ ਵੱਖਰਾ। ਇਹ ਹੂਕਾਂ, ਹਉਕੇ, ਮਿਹਣੇ, ਤਾਅਨੇ ਦੇਣ ਅਤੇ ਭਰਨ ਵਾਲਾ ਜਿਗਰ ਨਹੀਂ, ਖੁਦ ਰਾਂਝਾ ਹੀ ਲਗਦਾ ਹੈ। ਕਰਤਾ ਅਤੇ ਕਰਮ; ਕਵੀ ਅਤੇ 'ਕਰੈਕਟਰ' ਵਿਚ ਸਿਖਰ 'ਤੇ ਪਹੁੰਚਿਆ ਸੁਮੇਲ (ਵੈਸੇ ਵੀ ਵਾਰਸ ਅਤੇ ਰਾਂਝੇ ਵਿਚ ਬਹੁਤ ਸਮਾਨਤਾਵਾਂ ਸਾਹਮਣੇ ਆਉਂਦੀਆਂ ਹਨ)।

"ਕਰਕੇ ਕੌਲ ਕਰਾਰ ਜੇ ਹਾਰਿਓਂ ਈ,
ਤਾਰ ਇਸ਼ਕ ਦੀ ਦਿਲੋਂ ਨਾ ਤੋੜ ਹੀਰੇ।
ਪਹਿਲਾਂ ਨਾਲ ਪਿਆਰ ਦੇ ਠੱਗਿਓ ਈ,
ਨ ਹੁਣ ਕੂੜ ਕਹਾਣੀਆਂ ਜੋੜ ਹੀਰੇ।
ਆਪ ਪਰੀ ਬਣ ਕੇ ਉਡਣਹਾਰ ਹੋਈਓਂ,
ਸਾਨੂੰ ਇਸ਼ਕ ਦਾ ਜਿੰਨ ਚਮੋੜ ਹੀਰੇ।
ਹੀਰਾਂ ਵਿਚ ਜਹਾਨ ਦੇ ਲੱਖ ਹੋਸਣ,
ਨਹੀਂ ਰਾਂਝਿਆਂ ਦੀ ਕੋਈ ਥੋੜ ਹੀਰੇ।"

ਇਸ ਸਥਿਤੀ ਵਿਚ ਛੋਟੇ ਕਵੀਆਂ ਨੇ ਤਾਂ ਰਾਂਝੇ ਦੇ ਮੂੰਹ ਵਿਚ ਅਜਿਹੇ ਬੋਲ ਵੀ ਪਾ ਦਿੱਤੇ ਹਨ ਜੋ ਉਸ ਲਈ ਅਸੰਭਵ ਭਾਵੇਂ ਨਾ ਹੋਣ, ਪਰ ਗੈਰ-ਕੁਦਰਤੀ ਜ਼ਰੂਰ ਲਗਦੇ ਹਨ। ਜਿਵੇਂ ਹਜ਼ੂਰਾ ਸਿੰਘ ਦੀਆਂ ਇਨ੍ਹਾਂ ਸਤਰਾਂ ਦੀ ਸ਼ਬਦਾਵਲੀ:

"ਚੱਕ ਕੇ ਡੰਮਣ ਹੀਰ ਡੋਲੀ ਬਹਿ'ਗੀ ਖੇੜਿਆਂ ਦੀ,
ਰਾਂਝੇ ਚਾਕ ਨੇ ਦੁਹੱਥੜ ਪੱਟੀਂ ਮਾਰੀ।
ਤੇਰਾ ਮਰਜੇ ਸੈਦਾ ਸੱਜਰਾ ਜੁੰਡਾ ਵੈ ਜੇ ਨੀਂ,
ਹੋ ਜੇਂ ਰੰਡੀ ਓ ਤੇਰੀ ਰਹਿ ਜੇ ਸੇਜ ਸ਼ਿੰਗਾਰੀ।
ਘਰ ਤਾਂ ਖੇੜਿਆਂ ਦੇ ਅੱਜ ਹੋਣ ਸਿਆਪੇ ਸੈਦੇ ਦੇ,
ਜੇ ਰੱਬ ਸੁਣਦਾ ਹੋਵੇ ਅਰਜ਼ ਬਈ ਹਮਾਰੀ।"

ਪ੍ਰੰਤੂ ਪੀਲੂ ਦੀਆਂ 'ਮੰਦਾ ਕੀਤਾ ਸਾਹਿਬਾਂ...' ਵਾਲੀਆਂ ਸਤਰਾਂ ਦੇ ਉਲਟ ਇਹ ਸਤਰਾਂ ਵਾਰਸ ਸ਼ਾਹ ਦੀਆਂ ਪ੍ਰਤੀਨਿਧ ਨਹੀਂ ਕਹੀਆਂ ਜਾ ਸਕਦੀਆਂ ਕਿਉਂਕਿ ਉਹ ਤਾਂ ਸ਼ੇਕਸਪੀਅਰ ਵਾਂਗ ਹਰੇਕ ਸਥਿਤੀ ਦਾ ਬਿਆਨ ਕਰਨ ਵੇਲੇ ਸਿਖਰ 'ਤੇ ਹੀ ਹੁੰਦਾ ਹੈ। ਵਾਰਸ ਵਿਸਥਾਰ ਦਾ ਕਵੀ ਹੈ, ਪੀਲੂ ਸੰਖੇਪਤਾ ਦਾ। ਵਾਰਸ ਨੇ ਹੀਰ ਦੀ ਸੁੰਦਰਤਾ ਨੂੰ ਪੇਸ਼ ਕਰਨ, ਬਿਆਨਣ ਨਹੀਂ ਲਈ ਸਫ਼ਿਆਂ ਦੇ ਸਫ਼ੇ ਲਿਖ ਮਾਰੇ, ਸ਼ਬਦ ਕੋਸ਼ ਦੇ ਵਿਸ਼ੇਸ਼ਣ ਖਤਮ ਕਰ ਦਿੱਤੇ ਪ੍ਰੰਤੂ ਪੀਲੂ ਨੇ ਬਿਨਾਂ ਕਿਸੇ ਵਿਸ਼ੇਸ਼ਤਾ ਤੋਂ ਸਾਹਿਬਾਂ ਦੀ ਸੁੰਦਰਤਾ ਪੇਸ਼ ਕੀਤੀ, ਉਸ ਦੀ ਸੁੰਦਰਤਾ ਬਾਰੇ ਇਕ ਵੀ ਸ਼ਬਦ ਕਹਿਣ ਬਗੈਰ। ਇਸ ਦੇ ਉਲਟ ਉਹ ਉਸ ਦੀ ਸੁੰਦਰਤਾ ਕਾਰਨ ਪਏ ਪ੍ਰਭਾਵ ਨੂੰ ਪੇਸ਼ ਕਰਦਾ ਹੈ; ਕਿੰਜ ਕੁਝ ਅਸੰਭਵ ਗੱਲਾਂ ਵੀ ਸੰਭਵ ਹੋ ਗਈਆਂ।

ਸਾਹਿਬਾਂ ਗਈ ਤੇਲ ਨੂੰ ਗਈ ਪਨਸਾਰੀ ਦੀ ਹੱਟ।
ਤੇਲ ਤੁਲਾਵੇ ਬਾਣੀਆ ਦਿੱਤਾ ਸ਼ਹਿਦ ਉਲੱਟ।
ਵਣਜ ਗਵਾਇਆ ਬਾਣੀਏ ਬਲਦ ਗਵਾ ਲਏ ਜੱਟ।

ਇਹ ਵਿਧੀ ਪੀਲੂ ਨਾਲ ਹੀ ਸ਼ੁਰੂ ਹੋਈ ਅਤੇ ਉਸ ਨਾਲ ਹੀ ਖਤਮ, ਘੱਟੋ-ਘੱਟ ਅੱਜ ਤੱਕ।

ਸੱਸੀ-ਪੁੰਨੂ ਵਿਚ ਇਹ ਮੰਜ਼ਰ ਜੁੜਿਆ ਹੋਇਆ ਹੈ 'ਸੇਜ' ਨਾਲ। ਯੂਨਾਨੀ ਦੁਖਾਂਤ 'ਰਾਜਾ ਈਡੀਪਸ' ਵਿਚ 'ਸੇਜ' ਜੁੜੀ ਹੋਈ ਹੈ ਇਕ ਅਜਿਹੇ ਕੁਕਰਮ ਨਾਲ ਜਿਸ ਕਰਕੇ ਸਾਰੇ ਸ਼ਹਿਰ ਵਿਚ ਕਾਲ ਪੈ ਗਿਆ ਹੈ। ਇਸੇ ਕਰਕੇ ਰਾਣੀ ਜੋਕਾਸਟਾ ਉਸੇ ਸੇਜ 'ਤੇ ਆਪਣੇ ਆਪ ਨੂੰ ਖਤਮ ਕਰਦੀ ਹੈ। ਇਸ ਸੰਦਰਭ ਵਿਚ ਇਹ ਜੁਦਾਈ ਦਾ ਬਾਇਸ ਬਣਦੀ ਹੈ। ਸੱਸੀ ਦੇ ਸੇਜ ਮਾਣਨ ਦੇ ਸੁਫਨੇ ਨੂੰ, ਸਾਹਿਬਾਂ ਦਿਆਂ ਭਰਾਵਾਂ ਵਾਂਗ, ਹੋਤ ਖਤਮ ਕਰ ਦਿੰਦੇ ਹਨ। ਸੱਸੀ ਸੌਣ ਵੇਲੇ ਵਸ ਰਹੀ ਹੈ, ਜਾਗਣ ਵੇਲੇ ਉਜੜੀ ਹੋਈ ਹੈ, ਲੁੱਟੀ ਜਾ ਚੁੱਕੀ ਹੈ। ਇਸ ਨੀਂਦ ਨੂੰ ਕਵੀਆਂ ਨੇ ਪ੍ਰਤੀਕ ਬਣਾ ਕੇ ਇਸ ਤਰ੍ਹਾਂ ਵਰਤਿਆ ਹੈ ਜੋ ਇਸ ਹਾਦਸੇ ਤੋਂ ਪਹਿਲਾਂ ਕਦੇ ਨਹੀਂ ਸੀ ਵਰਤਿਆ ਗਿਆ। ਨੀਂਦ ਦਾ ਪ੍ਰਤੀਕ ਸਾਰੇ ਦੁਖਾਂਤ ਉਪਰ ਮੰਡਰਾਉਂਦਾ ਰਹਿੰਦਾ ਹੈ, ਇਕ ਸਰਾਪ ਬਣ ਕੇ ਇਕ ਕਾਰਜ ਬਣ ਕੇ। ਹੀਰ ਅਤੇ ਮਿਰਜ਼ੇ ਦੇ ਉਲਟ, ਇਥੇ ਸੱਸੀ ਦਾ ਨਾਟਕੀ ਸੰਵਾਦ ਕਿਸੇ ਹੋਰ ਨਾਲ ਨਹੀਂ, ਉਸ ਦੀ ਆਪਣੀ ਮਾੜੀ ਕਿਸਮਤ ਨਾਲ ਹੈ ਜਿਸ ਨੂੰ ਲੋਕ-ਗੀਤ ਵਿਚ ਬਾਖ਼ੂਬੀ ਪ੍ਰਗਟਾਇਆ ਗਿਆ ਹੈ:

"ਸੱਸੀਏ ਬੇ-ਖ਼ਬਰੇ, ਤੇਰਾ ਲੁੱਟਿਆ ਸ਼ਹਿਰ ਭੰਬੋਰ,
ਬੇਹੋਸ਼ੀ ਵਿਚ ਉਮਰ ਗਵਾਈ,
ਹੋਸ਼ ਆਈ ਤਾਂ ਤੁਰ ਗਿਆ ਮਾਹੀ,
ਹੋਤਾਂ ਲਿਆ ਵਿਛੋੜ,
ਸੱਸੀਏ ਬੇ-ਖ਼ਬਰੇ...।

ਦੁਖਾਂਤ-ਕਾਰਜ ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ, ਸੱਸੀ ਦੇ ਪੁੰਨੂ ਦੀ ਤਲਾਸ਼ ਵਿਚ ਭਟਕਣ ਨਾਲ। ਸਮੁੱਚੀ ਕਾਇਨਾਤ ਦੁਸ਼ਮਣ ਬਣ ਗਈ ਪ੍ਰਤੀਤ ਹੁੰਦੀ ਹੈ, ਚੌਹੀਂ ਪਾਸੀਂ ਮਾਰੂਥਲ ਪਸਰਿਆ ਹੈ। ਇਹੀ ਮਾਰੂਥਲ ਸੇਜ ਦੁਖਾਂਤ ਤੋਂ ਪਹਿਲਾਂ ਹਰਿਆ-ਭਰਿਆ ਦ੍ਰਿਸ਼ ਸੀ। ਕਵੀ ਹਾਸ਼ਮ, ਜਿਸ ਨੂੰ ਇਸ ਕਿੱਸੇ ਨੇ ਅਮਰ ਕੀਤਾ, ਦੀ ਸ਼ਾਇਰੀ ਆਪਣੇ ਸਿਖਰ 'ਤੇ ਪਹੁੰਚਦੀ ਹੈ, ਖਾਸ ਕਰ ਦ੍ਰਿਸ਼ ਚਿਤਰਣ ਵਿਚ:

"ਨਾਜ਼ੁਕ ਪੈਰ ਮਲੂਕ ਸੱਸੀ ਦੇ,
ਮਹਿੰਦੀ ਨਾਲ ਸ਼ਿੰਗਾਰੇ।
ਬਾਲੂ ਰੇਤ ਤਪੇ ਵਿਚ ਥਲ ਦੇ,
ਜਿਉਂ ਜੌਂ ਭੁੰਨਣ ਭਠਿਹਾਰੇ।
ਆਤਸ਼ ਦਾ ਦਰਿਆ ਖਲੋਤਾ,
ਥਲ ਮਾਰੂ ਵਿਚ ਸਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ,
ਸਿਦਕੋਂ ਮੂਲ ਨ ਹਾਰੇ।"

ਮਿਰਜ਼ੇ ਦੀ ਬੱਕੀ ਦੇ ਉਲਟ ਇਸ ਕਥਾ ਵਿਚ ਡਾਚੀ ਦਾ ਕੋਈ ਬਹੁਤਾ ਰੋਲ ਨਹੀਂ, ਅਰਥਾਤ ਉਹ 'ਪਾਤਰ' ਨਹੀਂ ਬਣਦੀ, ਕੋਈ ਸ਼ਿਰਕਤ ਨਹੀਂ ਕਰਦੀ। ਮਹਿਜ਼ ਵਸੀਲਾ ਬਣਦੀ ਹੈ, ਇਸੇ ਲਈ ਸੱਸੀ ਉਸ ਨੂੰ ਸਰਾਪ ਵੀ ਦਿੰਦੀ ਹੈ, ਵਰ ਵੀ:

"ਜਿਸ ਡਾਚੀ ਮੇਰਾ ਪੁੰਨੂ ਖੜਿਆ,
ਮਰ ਦੋਜ਼ਖ ਵਲ ਜਾਵੇ।
ਯਾ ਫਿਰ ਨਿਹੁੰ ਲੱਗੇ ਵਿਚ ਬਿਰਹੋਂ,
ਵਾਂਗ ਸੱਸੀ ਮਰ ਜਾਵੇ।"
ਅਤੇ
"ਫਿਰ ਮੁੜ ਸਮਝ ਕਰੇ ਲੱਖ ਤੌਬਾ,
ਬਹੁਤ ਬੇਅਦਬੀ ਹੋਈ।
ਜਿਸ ਪੁਰ ਯਾਰ ਕਰੇ ਅਸਵਾਰੀ,
ਉਸ ਦੇ ਜੇਡ ਨ ਕੋਈ।"

ਇਥੋਂ ਤੱਕ ਕਿ ਸੇਜ ਲੁੱਟੇ ਜਾਣ ਦਾ ਇਹ ਪੈਰਾਡਾਈਮ ਕਿੱਸੇ ਵਿਚੋਂ ਬਾਹਰ ਵੀ ਆਪਣੀ ਸਮੁੱਚੀ ਹੋਂਦ ਰੱਖਦਾ ਹੈ। ਪੰਜਾਬੀ ਦਾ ਇਹ ਲੋਕ ਗੀਤ, ਜਿਸ ਦੀ ਤਰਜ਼ ਵਿਚ ਹੀ ਇਸ ਦਾ ਦਰਦ ਰੰਝਾਣਾ ਵਿਸ਼ਾ ਸਮਾਇਆ ਹੋਇਆ ਹੈ, ਲੋਕ ਗੀਤਾਂ ਦੇ ਸੰਸਾਰ ਦੀ ਸਦਾਰਤ ਕਰਦਾ ਆ ਰਿਹਾ ਹੈ। 'ਵੇ' ਅਤੇ 'ਨੀ' ਸੰਬੋਧਨਾਤਮਕ ਹੇਕਾਂ ਸੁਲਤਾਨ ਬਾਹੂ ਵਾਲੀ 'ਹੂ' ਵਿਚਲਾ ਆਲਮ ਬਿਆਨ ਕਰਦੀਆਂ ਲਗਦੀਆਂ ਹਨ। (ਬਾਹੂ ਤੋਂ ਬਾਅਦ ਇਹ 'ਹੂ' ਦੀ ਹੇਕਨੁਮਾ ਹੂਕ ਸਿਰਫ ਸ਼ਿਵ ਕੁਮਾਰ ਨੇ ਹੀ ਸਫਲਤਾ ਸਹਿਤ ਵਰਤੀ ਹੈ।) ਉਹ ਸਮੁੱਚਾ ਪਲ ਹੀ ਕਵਿਤਾ ਵਿਚ ਪਿਘਲ ਗਿਆ ਹੋਵੇਗਾ ਜਦੋਂ ਅਜਿਹੀਆਂ ਦਿਲ-ਚੀਰਵੀਆਂ, ਕੰਧਾਂ-ਕੰਬਾਉਣੀਆਂ ਸਤਰਾਂ ਰਚੀਆਂ ਗਈਆਂ:

"ਸੁਣ ਵੇ ਬੇਟਾ ਰਾਜਿਆ,
ਇਕ ਐਸੀ ਕੰਧ ਉਸਾਰ ਵੇ...।
ਵਿਚ ਵਿਚ ਰੱਖ ਦੇ ਮੋਰੀਆਂ,
ਮੈਂ ਵੇਖਾਂ ਪੁਨੂੰ ਦੀ ਚਾਲ ਵੇ...।
ਹਾਏ ਵੇ ਪੁਨੂੰ! ਜ਼ਾਲਮਾ!
ਦਿਲ ਦਿਆ ਮਹਿਰਮਾ...
ਸੁੱਤੀ ਨੂੰ ਛੋੜ ਕੇ ਨ ਜਾਣਾ ਈ ਓਇ..."

ਨਾ ਇਸ ਅਮਰ ਗੀਤ ਦੇ ਬੋਲ ਬਦਲੇ, ਨਾ ਸੁਰ। ਹਾਂ, ਗਾਉਣ ਵਾਲੇ ਜ਼ਰੂਰ ਹੀ ਬਦਲਦੇ ਗਏ।

ਸੋਹਣੀ-ਮਹੀਂਵਾਲ ਵਿਚ ਜੰਡ, ਡੋਲੀ ਅਤੇ ਸੇਜ ਦੀ ਥਾਂ ਲੈ ਲਈ ਹੈ 'ਘੜੇ' ਨੇ। ਸੋਹਣੀ ਅਤੇ ਘੜੇ ਦਾ ਰਿਸ਼ਤਾ ਤਾਂ ਮੁੱਢੋਂ ਹੀ ਤਿੜਕਿਆ ਹੋਇਆ ਹੈ, 'ਕਯਾ ਸਾਥ ਪਾਏਦਾਰ ਕਾ ਨਾ-ਪਾਏਦਾਰ ਸੇ' ਵਾਂਗ। ਸੋਹਣੀ ਦਾ ਸਿਦਕ 'ਪੱਕਾ' ਹੈ ਜਦੋਂ ਕਿ ਘੜੇ ਦੀ ਹੋਣੀ 'ਕੱਚਾ', ਜਿਸ ਨੂੰ ਉਹ ਛੁਪਾਉਂਦਾ ਨਹੀਂ। ਉਸ ਦੀ ਹੋਣੀ 'ਖੁਰਨਾ' ਹੈ, ਸੋਹਣੀ ਦੀ ਕਸਮ 'ਨਿਭਾਉਣਾ'। ਇਕ ਡੋਬਣ ਲਈ ਬਜ਼ਿੱਦ ਹੈ, ਇਕ ਪਾਰ ਉਤਾਰਨ ਲਈ। ਇਸੇ ਦੁਵੰਦ 'ਤੇ ਉਸਰਿਆ ਹੈ ਇਹ ਰਿਸ਼ਤਾ। ਇਕ ਵਾਰ ਫੇਰ ਸਥਿਤੀ ਉਮੀਦ ਤੋਂ ਉਲਟ ਹੈ। ਘੜੇ ਤੋਂ ਆਸ ਤਾਂ ਵਸਲ ਕਰਾਉਣ ਦੀ ਰੱਖੀ ਸੀ ਪਰ ਉਹ ਵਿਛੋੜੇ (ਮੌਤ) ਵਲ ਲਿਜਾ ਰਿਹਾ ਹੈ। ਇਸੇ ਸੰਵਾਦ ਬਾਰੇ ਰਚੀ ਕਵਿਤਾ ਪ੍ਰਤੀਨਿਧ ਅਖਵਾਉਂਦੀ ਆ ਰਹੀ ਹੈ।

ਰਾਵੀਓਂ ਪਾਰ ਵਾਲਾ ਮਰਹੂਮ ਗਾਇਕ ਆਸ਼ਕ ਜੱਟ ਅਤੇ ਹੁਣ ਉਸ ਦੇ ਦੋ ਪੁੱਤਰਾਂ, ਜੋ 'ਜੱਟ ਬ੍ਰਦਰਜ਼' ਕਰਕੇ ਜਾਣੇ ਜਾਂਦੇ ਹਨ, ਨੇ ਇਸ ਵੈਰਾਗ-ਮਈ ਸੰਵਾਦ ਨੂੰ ਬਹੁਤ ਹੀ ਨਿਵੇਕਲੇ ਅੰਦਾਜ਼ ਅਤੇ ਸ਼ਿੱਦਤ ਨਾਲ ਗਾਇਆ ਹੈ ਜਿਸ ਦੀ ਕੋਈ ਰੀਸ ਨਹੀਂ, ਤੁਲਨਾ ਨਹੀਂ। ਮਨ ਦੀ ਪਲ-ਪਲ ਨਿੱਘਰਦੀ ਜਾ ਰਹੀ ਦਸ਼ਾ ਅਨੁਸਾਰ ਸੋਹਣੀ ਦਾ ਮੁਹਾਵਰਾ ਅਰਜੋਈ ਵਾਲਾ ਹੈ, ਕਿਸੇ ਤੋਂ ਤਰਸ ਦੀ ਭੀਖ ਮੰਗਣ ਵਾਂਗ। ਤੂਫਾਨ ਵੀ ਤਾਂ ਦੋ ਹਨ, ਇਕ ਦਰਿਆ ਵਿਚ ਅਤੇ ਦੂਜਾ ਸੋਹਣੀ ਦੇ 'ਡੁੱਬ ਰਹੇ' ਦਿਲ ਵਿਚ। ਇਕ ਪਾਸੇ ਕਾਂਗਾਂ ਦੇ ਦਾਅਵੇ ਹਨ, ਦੂਜੇ ਪਾਸੇ 'ਤਾਂਘਾਂ' ਦੇ ਅਤੇ ਕਵਿਤਾ ਦਾ ਵਿਸ਼ਾ ਹੈ ਦੋਵਾਂ ਵਿਚਲੀ ਕਸ਼ਮਕਸ਼ ਅਤੇ ਮਾਰੂ, ਖ਼ੌਰੂ ਪਾਉਂਦਾ ਵਾਤਾਵਰਣ ਜਿਸ ਨੂੰ ਉਰਦੂ ਕਵੀ ਨੇ ਇੰਜ ਕਾਵਿ-ਬੱਧ ਕੀਤਾ ਹੈ:


"ਚਾਂਦ ਛੁਪਾ ਔਰ ਤਾਰੇ ਡੂਬੇ,
ਜ਼ੁਲਮ ਕੀ ਬਦਲੀ ਛਾਈ।
ਹੁਸਨ ਚਲਾ ਹੈ ਇਸ਼ਕ ਸੇ ਮਿਲਨੇ,
ਰਾਤ ਗਜ਼ਬ ਕੀ ਆਈ।"

ਆਸ਼ਕ ਜੱਟ ਦੁਆਰਾ ਗਾਇਆ ਇਹ 'ਸੰਵਾਦ' ਵੀ ਆਲਮ ਲੋਹਾਰ ਵਾਲੀ ਸ਼ੋਹਰਤ ਤਕ ਪਹੁੰਚਿਆ ਹੈ:

"ਮੈਨੂੰ ਪਾਰ ਲੰਘਾ ਦੇ ਵੇ,
ਘੜਿਆ ਮਿੰਨਤਾਂ ਤੇਰੀਆਂ ਕਰਦੀ।
ਤੂੰ ਮੁੜ ਜਾ ਸੋਹਣੀਏ ਨੀਂ,
ਏਥੇ ਕੋਈ ਨਾ ਤੇਰਾ ਦਰਦੀ।"

ਬੀਜੇ ਦਾ ਕੌਲਾਂ ਨੂੰ ਤਿਆਗ ਦੇਣਾ ਅਤੇ ਉਸ ਦਾ ਰੋ-ਰੋ ਕੇ ਆਪਣੇ ਬਾਬੁਲ ਨੂੰ ਯਾਦ ਅਤੇ ਫਰਿਆਦ ਕਰਨਾ, ਰਾਣੀ ਇੱਛਰਾਂ ਦਾ ਪੁੱਤਰ ਪੂਰਨ ਦੇ ਦੁੱਖ ਵਿਚ ਰੋ-ਰੋ ਅੰਨ੍ਹੀ ਹੋ ਜਾਣਾ ਅਤੇ ਉਸ ਤੋਂ ਅੱਖਾਂ ਦੀ ਦਾਰੂ ਲੈਣ ਕਾਲੇ ਬਾਗ ਨੂੰ ਜਾਣਾ ਤੇ ਕਿਸੇ ਨਿਰਮੋਹੀ ਧਰਤੀ ਅਤੇ ਚੰਦਰੇ ਪਲ ਦੀ ਗ੍ਰਿਫਤ ਹੇਠ ਸੰਤਾਪੇ ਸਰਵਣ ਦਾ ਆਪਣੇ ਮਾਪਿਆਂ ਨੂੰ ਪਿਛਲੀ ਸੇਵਾ ਦਾ ਹਿਸਾਬ-ਕਿਤਾਬ ਕਰਨ ਲਈ ਕਹਿਣ ਉਪਰੰਤ ਉਨ੍ਹਾਂ ਅੰਧਲਿਆਂ ਦੇ ਮਨ ਦੀ ਦਸ਼ਾ ਵੀ ਕੁਝ ਅਜਿਹੇ ਹੀ ਮੰਜ਼ਰ ਹਨ। ਇਸੇ ਕਰਕੇ ਇਨ੍ਹਾਂ ਨੂੰ ਕ੍ਰਮਵਾਰ ਕਥਾਵਾਂ ਵਿਚ ਜ਼ਿਆਦਾ ਗਾਇਆ ਗਿਆ ਹੈ ਅਤੇ ਇਨ੍ਹਾਂ ਬਾਰੇ ਜ਼ਿਆਦਾ ਲਿਖਿਆ ਗਿਆ ਹੈ। ਅਜਿਹਾ ਹੋਣਾ ਕੁਦਰਤੀ ਵੀ ਹੈ।

ਜਿਵੇਂ ਦਸਾਂ ਗੁਰੂਆਂ ਦੀ ਇਲਾਹੀ ਜੋਤ ਦੁਆਰਾ ਬਖ਼ਸ਼ੇ ਵਰਦਾਨ ਅਤੇ ਰੌਸ਼ਨੀ ਬਿਨਾਂ ਅਸੀਂ ਹਨ੍ਹੇਰੇ 'ਚ ਡੁੱਬ ਜਾਵਾਂਗੇ, ਉਨ੍ਹਾਂ ਦੇ ਨਕਸ਼ੇ-ਪਾ ਦੀ ਛੋਹ ਨੂੰ ਵਿਸਾਰ ਕੇ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ ਅਤੇ ਗੰਗਾ ਦਿਆਂ ਕਿਨਾਰਿਆਂ 'ਤੇ ਮਲਾਹਾਂ ਦੀਆਂ ਨਿਰੰਤਰ ਚਲੋ-ਚਲੋ ਦੀਆਂ ਹਾਕਾਂ ਅਤੇ ਹੂਕਾਂ ਬਗੈਰ ਇਸ ਦੇਸ਼ ਦਾ ਸਭਿਆਚਾਰ ਬੌਣਾ ਹੋ ਜਾਵੇਗਾ, ਇੰਜ ਹੀ ਇਨ੍ਹਾਂ ਚਾਰ ਮੰਜ਼ਰਾਂ ਨਾਲ ਜੁੜੀ ਅਤੇ ਇਨ੍ਹਾਂ ਬਾਰੇ ਰਚੀ ਸ਼ਾਇਰੀ ਬਿਨਾਂ ਪੰਜਾਬੀ ਸੁਖਨ ਕਿੰਨਾ ਸੁੰਨਾ ਹੋ ਜਾਵੇਗਾ, ਕਦੇ ਕਿਆਸ ਕੇ ਤਾਂ ਵੇਖਿਓ!



# ਕਹਾਣੀ

***ਭਾਰਤ ਪਾਕਿਸਤਾਨ ਦੀ ਵੰਡ ਸਾਡੇ ਲੋਕਾਂ ਲਈ ਬੜਾ ਵੱਡਾ ਦੁਖਾਂਤ ਸੀ। ਉਸ ਬਾਰੇ ਬਥੇਰਾ ਸਾਹਿਤ ਲਿਖਿਆ ਗਿਆ ਹੈ। ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਸਿਖਰ ਹੈ। ਸਾਡੀ ਜਾਚੇ ਗੁਲਜ਼ਾਰ ਸਿੰਘ ਸੰਧੂ ਹੋਰਾਂ ਦੀ 'ਸ਼ਹੀਦ' ਸਿਰਲੇਖ ਹੇਠਲੀ ਇਹ ਕਹਾਣੀ ਵੀ ਕਿਸੇ ਸ਼ਾਹਕਾਰ ਤੋਂ ਘੱਟ ਨਹੀਂ। -ਸੰਪਾਦਕ***

ਭਾਰਤ, ਹਿੰਦੋਸਤਾਨ ਤੇ ਪਾਕਿਸਤਾਨ ਦੋ ਭਾਗਾਂ ਵਿਚ ਵੰਡਿਆ ਗਿਆ ਸੀ ਭਾਵੇਂ ਉਦੋਂ ਤੱਕ ਹੁਸ਼ਿਆਰਪੁਰ ਦੇ ਨਜ਼ਦੀਕੀ ਪਿੰਡਾਂ ਵਿਚ ਚੋਖੀ ਵੱਢ-ਟੁੱਕ ਹੋ ਚੁੱਕੀ ਸੀ, ਪਰ ਸਾਡੇ ਇਲਾਕੇ ਵਿਚ ਹਾਲੇ ਸ਼ਾਂਤੀ ਸੀ। ਮੈਂ ਤੇ ਨੂਰਾ ਤਕੀਏ ਵਿਚ ਅੰਬੀ ਦੇ ਬੂਟੇ ਥੱਲੇ ਬੈਠੇ ਇਤਿਹਾਸ ਦਾ ਕੋਈ ਸਵਾਲ ਯਾਦ ਕਰ ਰਹੇ ਸਾਂ। ਨੂਰੇ ਦੀ ਭੈਣ ਰਹਿਮਤੇ ਸਾਡੇ ਸ਼ਹੀਦਾਂ ਵਾਲੇ ਖੇਤ ਵਿਚੋਂ ਚਰ੍ਹੀ ਵੱਢ ਰਹੀ ਸੀ। ਸ਼ਹੀਦਾਂ ਅਤੇ ਤਕੀਏ ਵਿਚਕਾਰ ਕੇਵਲ ਇਕ ਖੇਤ ਦੀ ਵਿੱਥ ਸੀ ਪਰ ਮੈਨੂੰ ਉਸ ਤਕੀਏ ਦਾ ਐਨਾ ਭੈਅ ਨਹੀਂ ਸੀ, ਜਿੰਨਾ ਸ਼ਹੀਦਾਂ ਦਾ। ਸ਼ਹੀਦ ਕਾਫੀ ਕਰਾਮਾਤ ਵਾਲੇ ਸਮਝੇ ਜਾਂਦੇ ਸਨ। ਪਹਿਲੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਮੈਂ ਕੱਚਾ-ਪੱਕਾ ਕੋਈ ਇਮਤਿਹਾਨ ਸ਼ਹੀਦਾਂ ਦਾ ਪ੍ਰਸ਼ਾਦ ਸੁੱਖਣ ਤੋਂ ਬਿਨਾਂ ਨਹੀਂ ਸੀ ਦਿੱਤਾ ਤੇ ਮੇਰੇ ਬਾਬਾ ਜੀ ਦਾ ਕਹਿਣਾ ਸੀ ਕਿ ਇਸੇ ਕਾਰਨ ਮੈਂ ਕਦੀ ਫੇਲ੍ਹ ਨਹੀਂ ਸੀ ਹੋਇਆ। ਨੂਰੇ ਦੀ ਭੈਣ ਰਹਿਮਤੇ ਮੈਨੂੰ ਬੜੀ ਚੰਗੀ ਲਗਦੀ ਸੀ ਤੇ ਅੱਜ ਇਸ ਗੱਲ ਦੀ ਪੁਸ਼ਟੀ ਕਰਵਾਉਣ ਲਈ ਮੈਂ ਨੂਰੇ ਨੂੰ ਪੁੱਛਿਆ, "ਤੈਨੂੰ ਆਪਣੀਆਂ ਦੋਨਾਂ ਭੈਣਾਂ ਵਿਚੋਂ ਰਹਿਮਤੇ ਚੰਗੀ ਲਗਦੀ ਹੈ ਕਿ ਜੈਨਾ?"

"ਜੈਨਾ" ਨੂਰੇ ਨੇ ਆਪਣੀ ਵੱਡੀ ਭੈਣ ਦਾ ਨਾਂ ਲਿਆ, ਜਿਹੜੀ ਚਾਰ-ਪੰਜ ਵਰ੍ਹੇ ਪਹਿਲਾਂ ਵਿਆਹੀ ਜਾ ਚੁੱਕੀ ਸੀ।

"ਤੈਨੂੰ ਰਹਿਮਤੇ ਕਿਉਂ ਨਹੀਂ ਚੰਗੀ ਲਗਦੀ?" ਮੇਰੇ ਮੂੰਹੋਂ ਅਭੋਲ ਹੀ ਨਿਕਲ ਗਿਆ। ਪਰ ਫੇਰ ਮੈਨੂੰ ਖਿਆਲ ਆਇਆ ਕਿ ਨੂਰਾ ਮੇਰੀ ਗੱਲ ਦਾ ਕੋਈ ਹੋਰ ਭਾਵ ਨਾ ਕੱਢ ਬੈਠੇ। ਮੈਂ ਸ਼ਰਮਿੰਦਾ ਜਿਹਾ ਹੋ ਗਿਆ।

"ਇਸ ਲਈ ਕਿ ਰਹਿਮਤੇ ਮੈਨੂੰ ਨਿੱਕੇ ਹੁੰਦੇ ਨੂੰ ਮਾਰਦੀ ਹੁੰਦੀ ਸੀ ਤੇ ਜੈਨਾ ਬੜੇ ਪਿਆਰ ਨਾਲ ਖਿਡਾਉਂਦੀ ਸੀ।" ਨੂਰੇ ਦਾ ਉਤਰ ਸੁਣ ਕੇ ਮੇਰੀ ਤਸੱਲੀ ਹੋਈ ਕਿ ਨੂਰੇ ਨੇ ਮੇਰੇ ਪ੍ਰਸ਼ਨ ਦਾ ਉਹੀਓ ਭਾਵ ਕੱਢਿਆ ਸੀ, ਜਿਹੜਾ ਹੈ ਸੀ।

ਫੜ-ਫੜ ਕਰਦਾ, ਸ਼ਹੀਦਾਂ ਵਾਲੇ ਪਿੱਪਲ ਤੋਂ ਇਕ ਮੋਰ ਉਡਿਆ ਤੇ ਉਸ ਦਾ ਨਵਾਂ ਨਕੋਰ ਖੰਭ ਹਵਾ ਵਿਚ ਡਿੱਕੋ-ਡੋਲੇ ਖਾਂਦਾ ਹੇਠਾਂ ਆ ਡਿਗਿਆ। ਮੈਨੂੰ ਉਨ੍ਹਾਂ ਦਿਨਾਂ ਵਿਚ ਮੋਰ ਦੇ ਖੰਭ ਇਕੱਠੇ ਕਰਨ ਦਾ ਬੜਾ ਸ਼ੌਂਕ ਸੀ। ਕਿਤਾਬ ਨੂਰੇ ਨੂੰ ਫੜਾ ਕੇ ਜਦ ਭੱਜਿਆ-ਭੱਜਿਆ ਮੈਂ ਖੰਭ ਕੋਲ ਪੁੱਜਾ ਤਾਂ ਖੰਭ ਰਹਿਮਤੇ ਦੇ ਹੱਥ ਵਿਚ ਸੀ।

"ਇਹ ਖੰਭ ਤਾਂ ਮੈਂ ਚੁੱਕਣਾ ਸੀ।" ਮੈਂ ਨਿਰਾਸ਼ ਜਿਹਾ ਹੋ ਕੇ ਰਹਿਮਤੇ ਨੂੰ ਆਖਿਆ।

"ਪਰ ਹੁਣ ਤਾਂ ਮੈਂ ਚੁੱਕ ਬੈਠੀ ਹਾਂ", ਰਹਿਮਤੇ ਨੇ ਉਤਰ ਦਿੱਤਾ।

"ਕੁਝ ਵੀ ਹੋਵੇ ਖੰਭ ਤਾਂ ਤੈਨੂੰ ਦੇਣਾ ਹੀ ਪਵੇਗਾ", ਮੈਂ ਜ਼ਿੱਦ ਕੀਤੀ।

"ਫੇਰ ਤਾਂ ਮੈਂ ਕਦੀ ਵੀ ਨਹੀਂ ਦਿੰਦੀ", ਏਨਾ ਕਹਿ ਕੇ ਉਹ ਮੁਸਕਰਾ ਪਈ।

"ਖੰਭ ਤਾਂ ਤੂੰ ਦੇ ਹੀ ਦੇਵੇਗੀ", ਮੈਂ ਵੀ ਮੁਸਕਰਾ ਕੇ ਆਖਿਆ, "ਹੋਰ ਤੈਨੂੰ ਭਾਵੇਂ ਮੈਂ ਕੁਝ ਨਹੀਂ ਕਹਿੰਦਾ।"

"ਚੁੱਕ ਲੈ ਆਪਣਾ ਖੰਭ" ਉਸ ਨੇ ਘੂਰ ਕੇ ਤੱਕਦਿਆਂ ਕਿਹਾ।

ਖੰਭ ਸੁੱਟ ਕੇ ਤੇ ਭਰੀ ਚੁੱਕ ਕੇ, ਉਹ ਪਿੰਡ ਵਲ ਨੂੰ ਤੁਰ ਪਈ। ਦੂਰ ਤੱਕ ਮੈਨੂੰ ਉਸ ਦੀ ਪੀਲੀ ਚੁੰਨੀ ਵਿਖਾਈ ਦਿੰਦੀ ਰਹੀ ਤੇ ਮੈਂ ਉਸ ਵਲ ਇੰਜ ਵੇਖਦਾ ਰਿਹਾ ਜਿਵੇਂ ਇਸ ਸਿੱਟੇ 'ਤੇ ਪਹੁੰਚਣਾ ਚਾਹੁੰਦਾ ਹੋਵਾਂ ਕਿ ਉਸ ਨੇ ਮੈਨੂੰ ਪਿਆਰ ਨਾਲ ਘੂਰਿਆ ਸੀ ਜਾਂ ਘ੍ਰਿਣਾ ਨਾਲ। ਖੰਭ ਲੈ ਕੇ ਜਦ ਵਾਪਸ ਤਕੀਏ 'ਚ ਆਇਆ ਤਾਂ ਨੂਰੇ ਦਾ ਅੱਬਾ 'ਬਦਰੂ ਸਾਈਂ' ਸੰਝਾਂ ਵੇਲੇ ਦੀ ਨਮਾਜ਼ ਪੜ੍ਹ ਰਿਹਾ ਸੀ ਤੇ ਨੂਰਾ ਵੀ ਕੋਲ ਖੜ੍ਹਾ ਆਪਣੇ ਅੱਬਾ ਵਾਂਗ ਹੀ ਸ਼ਰਧਾ ਜਤਾ ਰਿਹਾ ਸੀ। ਨੂਰੇ ਦੇ ਗਲ ਵਿਚ ਪੀਲਾ ਪਟਕਾ ਸੀ ਤੇ ਉਸ ਦੇ ਅੱਬਾ ਦੇ ਗਲ ਵਿਚ ਵੀ।

ਪੀਲਾ ਪਟਕਾ? ਤੁਸੀਂ ਪੁੱਛੋਗੇ, ਉਹ ਕਿਉਂ। ਇਹ ਵੀ ਇਕ ਦਿਲਚਸਪ ਕਹਾਣੀ ਹੈ। ਦੋ ਦਿਨ ਪਹਿਲਾਂ ਇਕ ਨਿਹੰਗ ਸਿੰਘ ਨੇ ਸਾਡੇ ਪਿੰਡ 'ਚ ਐਲਾਨ ਕਰ ਦਿੱਤਾ ਸੀ ਕਿ ਕੇਵਲ ਉਹੀਓ ਮੁਸਲਮਾਨ ਹਿੰਦੋਸਤਾਨ ਵਿਚ ਰਹਿ ਸਕਣਗੇ ਜਿਹੜੇ ਹਿੰਦੂ/ਸਿੱਖ ਬਣ ਜਾਣ ਅਤੇ ਬਾਕੀ ਸਭ ਪਾਕਿਸਤਾਨ ਪਹੁੰਚਾ ਦਿੱਤੇ ਜਾਣਗੇ। ਸਾਡੇ ਪਿੰਡ ਵਧੇਰੇ ਵਸੋਂ ਮੁਸਲਮਾਨਾਂ ਦੀ ਸੀ ਤੇ ਮੁਸਲਮਾਨ ਵੀ ਕੱਟੜ ਸੁੰਨੀ। ਪਰ ਕੀ ਕਰਦੇ ਵਿਚਾਰੇ ਹੁਸ਼ਿਆਰਪੁਰ ਦੇ ਨੇੜੇ ਮੁਸਲਮਾਨਾਂ ਦੀਆਂ ਬਾਈ ਬਸੀਆਂ (ਬਹੁਤ ਵੱਡੇ ਪਿੰਡ) ਸਨ। ਫੇਰ ਵੀ ਉਥੇ ਜਿਹੜਾ ਅੜਿਆ ਨੇਜ਼ਿਆਂ ਨਾਲ ਵਿੰਨ੍ਹ ਦਿੱਤਾ ਗਿਆ ਸੀ। ਸਾਡੇ ਪਿੰਡ ਦੇ ਮੁਸਲਮਾਨ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਐਲਾਨ ਤੋਂ ਦੂਜੇ ਹੀ ਦਿਨ ਸਾਡੇ ਬਾਬਾ ਜੀ ਨੇ ਪਿੰਡ ਦੀ ਧਰਮਸ਼ਾਲਾ ਵਿਚ ਡੇਢ ਸੌ ਕੜੇ ਮੰਗਵਾਏ, ਓਨੇ ਹੀ ਖੰਡੇ ਵਾਲੇ ਕੰਘੇ, ਓਨੀਆਂ ਹੀ ਕੱਛਾਂ ਤੇ ਓਨੇ ਹੀ ਪੀਲੇ ਰੰਗ ਦੇ ਪਟਕੇ। ਜਦ ਅੰਮ੍ਰਿਤ ਲਈ ਦੇਗ ਤਿਆਰ ਕਰਨ ਵਾਸਤੇ ਚਾਸ਼ਣੀ ਦੇ ਕੜਾਹੇ ਚੜ੍ਹਾਏ ਜਾਣ ਲੱਗੇ ਤਾਂ ਪਿੱਛਿਓਂ ਕਿਸੇ ਸਿਆਣੇ ਦੀ ਆਵਾਜ਼ ਆਈ, "ਇਹੋ ਜਿਹੇ ਅੰਮ੍ਰਿਤ ਦਾ ਕੀ ਲਾਭ, ਇਨ੍ਹਾਂ ਮੁਸਲਿਆਂ ਦਾ ਕੀ ਭਰੋਸਾ ਹੈ, ਕੱਲ੍ਹ ਨੂੰ ਕੜੇ-ਛੜੇ ਲਾਹ ਕੇ ਫੇਰ ਮੁਸਲੇ ਦੇ ਮੁਸਲੇ।" ਮੈਂ ਪਿੱਛੇ ਮੁੜ ਕੇ ਤੱਕਿਆ ਤਾਂ ਬਾਬਾ ਫੁੰਮਣ ਸਿੰਘ ਜੀ ਬੋਲ ਰਹੇ ਸਨ। ਏਨਾ ਕਹਿ ਕੇ ਉਨ੍ਹਾਂ ਨੇ ਆਪਣੀ ਅਫ਼ੀਮ ਦੀ ਡੱਬੀ 'ਚੋਂ ਇਕ ਗੋਲੀ ਕੱਢੀ ਤੇ ਮੂੰਹ ਵਿਚ ਸੁੱਟ ਕੇ ਪਾਣੀ ਦਾ ਘੁੱਟ ਭਰ ਲਿਆ।

"ਹੋਰ ਕਿੰਦਾਂ ਦਾ ਅੰਮ੍ਰਿਤ ਛਕਾਇਆ ਜਾਵੇ?" ਪਿੰਡ ਦੇ ਸਿਆਣਿਆਂ ਵਿਚੋਂ ਇਕ ਨੇ ਪੁੱਛਿਆ।

"ਝਟਕੇ ਵਾਲਾ", ਬਾਬਾ ਜੀ ਨੇ ਆਪਣੇ ਖੂੰਡੇ ਦੇ ਸਹਾਰੇ ਉਠਦਿਆਂ ਆਖਿਆ।

"ਬਿਲਕੁਲ ਠੀਕ", ਸਭ ਸਿਆਣੇ ਰਜ਼ਾਮੰਦ ਹੋ ਗਏ।

"ਸਾਡੇ ਸਿੱਖ ਭਰਾਵਾਂ ਨੂੰ ਓਧਰ ਹਲਾਲ ਖਿਲਾਇਆ ਗਿਆ", ਕਿਸੇ ਨੇ ਪਾਕਿਸਤਾਨ ਦੀਆਂ ਕਰਤੂਤਾਂ ਵਲ ਇਸ਼ਾਰਾ ਕੀਤਾ।

"ਤੇ ਉਹ ਵੀ ਗਊ ਦਾ" ਕਿਸੇ ਹੋਰ ਨੇ ਤਾਈਦ ਕੀਤੀ।

ਮੁਸਲਮਾਨ ਵਿਚਾਰੇ ਚੁੱਪ ਚਾਪ ਸੁਣਦੇ ਰਹੇ। ਪਲੋ-ਪਲੀ ਪੰਜ-ਛੇ ਬੱਕਰੇ ਝਟਕਾ ਦਿੱਤੇ ਗਏ। ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿਚ, ਜਿਥੇ ਵੀ ਮੁਸਲਮਾਨਾਂ ਨੂੰ ਸਿੱਖ ਬਣਾਇਆ ਸੀ, ਝਟਕੇ ਦੇ ਅੰਮ੍ਰਿਤ ਨਾਲ ਹੀ ਬਣਾਇਆ ਸੀ। ਪੱਦੀ, ਪੋਸੀ ਕਿੱਤਣਾ, ਮਜਾਰਾ, ਬਿੰਝੋਂ, ਬਾਕੀ ਗੁਆਂਢੀ ਪਿੰਡਾਂ 'ਚ ਵੀ ਇਹ ਅਮਲ ਕਰਨਾ ਸੀ। ਮੁਸਲਮਾਨਾਂ ਦੇ ਦਿਲ 'ਚ ਇਕ ਚੜ੍ਹਦੀ ਤੇ ਇਕ ਉਤਰਦੀ ਸੀ ਪਰ ਕਰ ਕੁਝ ਵੀ ਨਹੀਂ ਸੀ ਸਕਦੇ।

"ਗੁਰੂ ਜੀ ਨੇ ਕੜਾਹ ਪ੍ਰਸ਼ਾਦ ਦੀ ਦੇਗ ਦੁਆਰਾ ਅੰਮ੍ਰਿਤ ਛਕਾਇਆ ਸੀ", ਬਾਪੂ ਜੀ ਨੇ ਬਾਬੇ ਫੁੰਮਣ ਸਿੰਘ ਨੂੰ ਹੌਲੀ ਜਿਹੀ ਟੋਕਿਆ।

"ਚੁੱਪ ਰਿਹਾ ਕਰ ਓਏ ਮੁੰਡਿਆ। ਬਹੁਤੀਆਂ ਨਘੋਚਾਂ ਨ੍ਹੀਂ ਕੱਢੀਦੀਆਂ", ਬਾਬੇ ਹੁਰਾਂ ਬਾਪੂ ਜੀ ਨੂੰ ਚੁੱਪ ਕਰਾ ਦਿੱਤਾ ਤੇ ਫੇਰ ਖੂੰਡੇ ਦੇ ਸਹਾਰੇ ਝਟਕੇ ਤੇ ਬਲਟੋਹਿਆਂ ਦਾ ਮੁਆਇਨਾ ਕਰਨ ਲੱਗ ਪਏ। ਅੱਜ ਮੈਂ ਗਹੁ ਨਾਲ ਵੇਖਿਆ ਕਿ ਬਾਬਾ ਜੀ ਨੇ ਕਿਰਪਾਨ ਨਹੀਂ ਸੀ ਪਹਿਨੀ। ਕਿਰਪਾਨ ਦੀ ਥਾਂ ਉਹ ਖੂੰਡਾ ਹੀ ਰੱਖਦੇ ਸਨ ਤੇ ਬੱਸ ਚਾਰ ਕੱਕੀਏ ਹੀ ਸਿੱਖ ਸਨ।




ਘੜੀ ਪਲ ਵਿਚ ਸਾਰੇ ਦੇ ਸਾਰੇ ਮੁਸਲਮਾਨਾਂ ਨੇ ਕੰਘੇ, ਕੜੇ, ਕੱਛੇ, ਕਿਰਪਾਨ ਪਹਿਨ ਲਏ ਤੇ ਬੋਟੀ ਬੋਟੀ ਕਰਕੇ ਝਟਕਾ ਮੂੰਹ 'ਚ ਪਾਉਣ ਲੱਗੇ। "ਅਸੀਂ ਪਹਿਲਾਂ ਵੀ ਤਾਂ ਹਿੰਦੂ ਹੀ ਸਾਂ, ਸਹੁਰੇ ਔਰੰਗਜ਼ੇਬ ਨੇ ਸਾਨੂੰ ਜਬਰਦਸਤੀ ਮੁਸਲਮਾਨ ਬਣਾ ਦਿੱਤਾ ਸੀ" ਝਟਕੇ ਦੀ ਬੋਟੀ ਮੂੰਹ 'ਚ ਪਾਉਂਦੇ ਹੋਏ ਸੁੰਨੀ ਮੁਸਲਮਾਨ ਆਪਣੇ ਹਿੰਦੂ-ਸਿੱਖ ਭਰਾਵਾਂ ਨਾਲ ਗੱਲਾਂ ਕਰ ਰਹੇ ਸਨ। ਬਾਬਾ ਫੁੰਮਣ ਸਿੰਘ ਤੇ ਹੋਰ ਸਿਆਣੇ ਵੀ ਆਪਣੀ ਸਰਦਾਰੀ ਠਾਠ 'ਚ ਬੈਠੇ ਕਦੀ ਅਫੀਮ ਤੇ ਕਦੀ ਝਟਕੇ ਦੀ ਬੋਟੀ ਮੂੰਹ 'ਚ ਪਾ ਲੈਂਦੇ।

ਬਾਪੂ ਜੀ ਆਪਣੇ ਆਪ ਨੂੰ ਆਮ ਜੱਟਾਂ ਨਾਲੋਂ ਵੱਖਰਿਆ ਕੇ ਪਿੰਡ ਦੇ ਬਾਕੀ ਬੰਦਿਆਂ ਨੂੰ ਆਪਣੇ ਸੰਧੂ ਹੋਣ ਦੀ ਵਿਸ਼ੇਸ਼ਤਾ ਸਮਝਾ ਰਹੇ ਸਨ। 'ਮਹਾਰਾਜੇ ਪਟਿਆਲੇ ਦਾ ਗੋਤ ਸਿੱਧੂ ਹੈ ਤੇ ਸਿੱਧੂ-ਸੰਧੂ ਇਕ ਬਰਾਬਰ ਹੀ ਹੁੰਦੇ ਹਨ। ਏਨੀ ਗੱਲ ਹੈ ਜ਼ਰਾ ਕਿ ਸਾਡੀ ਜਾਗੀਰ ਨਾਲ ਅਫੀਮ-ਡੋਡੇ ਹੀ ਚਲਦੇ ਨੇ ਤੇ ਮਹਾਰਾਜੇ ਦਾ ਸ਼ਾਹੀ ਠਾਠ ਵੀ ਕਾਇਮ ਹੈ। ਸਿੱਖੀ ਵਿਚ ਉਹ ਵੀ ਪੱਕਾ ਹੈ ਅਤੇ ਅਸੀਂ ਵੀ। ਜੇ ਅਸੀਂ ਨਾ ਹੁੰਦੇ ਤਾਂ ਤੁਸੀਂ ਮੁਸਲਿਆਂ ਦਾ ਕੀ ਵਿਗਾੜ ਸਕਦੇ ਸੀ? ਉਨ੍ਹਾਂ ਨੇ ਤੁਹਾਡੇ ਕੋਲੋਂ ਅੰਮ੍ਰਿਤ ਨਹੀਂ ਸੀ ਛਕਣਾ।"

ਸਾਰੇ ਮੁਸਲਮਾਨਾਂ ਨੇ ਅੰਮ੍ਰਿਤ ਛਕ ਲਿਆ। ਕੇਵਲ ਥੋੜ੍ਹੇ ਜਿਹੇ ਘਰ ਜਿਨ੍ਹਾਂ ਨੇ ਪਾਕਿਸਤਾਨ ਜਾਣ ਦਾ ਫੈਸਲਾ ਕੀਤਾ ਸੀ, ਰਹਿ ਗਏ ਸਨ। ਨੂਰੇ ਦੇ ਪਰਿਵਾਰ ਵਿਚੋਂ ਵੀ ਉਥੇ ਕੋਈ ਹਾਜ਼ਰ ਨਹੀਂ ਸੀ।

"ਨੂਰੇ ਹੁਰਾਂ ਨੇ ਨਹੀਂ ਅੰਮ੍ਰਿਤ ਛਕਣਾ?" ਮੈਂ ਬਾਪੂ ਜੀ ਨੂੰ ਪੁੱਛਿਆ।

"ਰੌਲਾ ਨਹੀਂ ਪਾਈਦਾ, ਮੱਲ। ਮੈਂ ਕੰਘੇ, ਕੜੇ ਉਨ੍ਹਾਂ ਦੇ ਘਰ ਪਹੁੰਚਾ ਦਿੱਤੇ ਹਨ ਤੇ ਉਨ੍ਹਾਂ ਨੇ ਪਹਿਨ ਵੀ ਲਏ ਹਨ। ਨੂਰੇ ਦਾ ਅੱਬਾ ਸਾਈਂ ਲੋਕ ਹੈ। ਉਹ ਝਟਕਾ ਖਾਣ ਤੋਂ ਕਤਰਾਉਂਦਾ ਹੈ। ਖ਼ੈਰ, ਮੈਂ ਨਿਪਟ ਲਵਾਂਗਾ। ਵਿਚਾਰਾ ਬੜਾ ਮਾਣ ਕਰਦਾ ਹੈ ਆਪਣਾ। ਤੈਨੂੰ ਪਹਿਲੀਆਂ ਛੇ ਜਮਾਤਾਂ ਨੂਰੇ ਦੇ ਨਾਲ ਹੀ ਨਾਲ ਤਾਂ ਪਾਸ ਕਰਵਾ ਦਿੱਤੀਆਂ ਸਨ। ਤੇਰੇ ਹਾਣ ਦੇ ਹਾਲੀਂ ਚੌਥੀ ਵਿਚ ਧੱਕੇ ਖਾਂਦੇ ਫਿਰਦੇ ਨੇ ਤੇ ਤੂੰ ਸੁੱਖ ਨਾਲ ਅੱਠਵੀਂ ਵਿਚ ਏਂ। ਇਹ ਸਭ ਬਦਰੂ ਸਾਈਂ ਦੀਆਂ ਹੀ ਮਿਹਰਬਾਨੀਆਂ ਨੇ?" ਬਾਪੂ ਜੀ ਨੇ ਸਾਰੀ ਗੱਲ ਮੇਰੇ ਕੰਨ ਵਿਚ ਹੀ ਸਮਝਾ ਦਿੱਤੀ ਤੇ ਆਪ ਆਪਣੇ ਕੰਮ ਵਿਚ ਮਗਨ ਹੋ ਗਏ। ਜਦ ਬਾਪੂ ਜੀ ਤੋਂ ਬਦਰੂ ਸਾਈਂ ਦੇ ਅੰਮ੍ਰਿਤ ਛਕਣ ਸਬੰਧੀ ਪੁੱਛਿਆ ਗਿਆ ਤਾਂ ਬਾਪੂ ਜੀ ਨੇ ਏਧਰ-ਓਧਰ ਦੀਆਂ ਕਈ ਗੱਲਾਂ ਜੋੜ ਕੇ ਪਿੰਡ ਦੀ ਪੰਚਾਇਤ ਨੂੰ ਯਕੀਨ ਦਿਵਾਇਆ ਕਿ ਬਦਰੂ ਸਾਈਂ ਨੇ ਉਨ੍ਹਾਂ ਦੇ ਸਾਹਮਣੇ ਝਟਕੇ ਦੀ ਬੋਟੀ ਮੂੰਹ 'ਚ ਪਾਈ ਸੀ ਤੇ ਫੇਰ ਵੀ ਜਦ ਬਾਬਾ ਜੀ ਨੇ ਉਨ੍ਹਾਂ ਦੀ ਨੀਯਤ 'ਤੇ ਸ਼ੱਕ ਕੀਤਾ ਤਾਂ ਬਾਪੂ ਜੀ ਨੂੰ ਝੂਠੀ ਸਹੁੰ ਖਾ ਕੇ ਯਕੀਨ ਕਰਾਉਣਾ ਪਿਆ ਸੀ।

ਇਸ ਪ੍ਰਕਾਰ ਬਦਰੂ ਸਾਈਂ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੋ ਗਿਆ ਸੀ। ਇਸ ਵਿਚ ਝੂਠ ਵੀ ਕੀ ਸੀ। ਅੱਜ ਜਦ ਮੈਂ ਸ਼ਹੀਦਾਂ ਵਾਲੇ ਪਿੱਪਲ ਕੋਲ ਰਹਿਮਤੇ ਤੋਂ ਖੰਭ ਮੰਗਿਆ ਸੀ ਤਾਂ ਉਸ ਦੀ ਬਾਂਹ ਵਿਚ ਲੋਹੇ ਦਾ ਕੜਾ ਸੀ ਤੇ ਸਿਰ 'ਤੇ ਪੀਲੀ ਚੁੰਨੀ। ਇਹ ਗੱਲ ਵੱਖਰੀ ਹੈ ਕਿ ਪੀਲੀ ਚੁੰਨੀ ਨੇ ਰਹਿਮਤੇ ਦੇ ਹੁਸਨ ਦੀ ਆਬ ਨਹੀਂ ਸੀ ਛੱਡੀ, ਉਸ ਦੇ ਗੋਰੇ ਰੰਗ ਨੂੰ ਕਾਲੀ ਚੁੰਨੀ ਹੀ ਫੱਬਦੀ ਸੀ। ਬਦਰੂ ਸਾਈਂ ਜਦ ਨਿਮਾਜ਼ ਪੜ੍ਹ ਰਿਹਾ ਸੀ ਤਾਂ ਉਸਦੇ ਹੱਥ ਵਿਚ ਕੜੇ ਤੋਂ ਇਲਾਵਾ ਉਸ ਦੇ ਗਲ 'ਚ ਪੀਲਾ ਪਟਕਾ ਸੀ ਤੇ ਨੂਰੇ ਦੇ ਗਲ 'ਚ ਵੀ। ਹੁਣ ਉਹ ਨਿਮਾਜ਼ ਨਾ ਵੀ ਪੜ੍ਹਦੇ ਜੇ ਕੋਈ ਹੋਰ ਉਨ੍ਹਾਂ ਨੂੰ ਵੇਖਦਾ ਹੁੰਦਾ। ਇਸ ਵੇਲੇ ਤਾਂ ਉਨ੍ਹਾਂ ਕੋਲ ਮੈਂ ਹੀ ਸਾਂ ਨੂਰੇ ਦਾ ਹਮ ਜਮਾਤੀ ਤੇ ਬਦਰੂ ਸਾਈਂ ਦਾ ਪੁਰਾਣਾ ਵਿਦਿਆਰਥੀ। ਉਹ ਵਿਦਿਆਰਥੀ ਜਿਸ ਨੂੰ ਸਬਕ ਭੁੱਲਣ 'ਤੇ ਵੀ ਸਾਈਂ ਨੇ ਕਦੀ ਨਹੀਂ ਮਾਰਿਆ ਤੇ ਸਾਈਂ ਵੀ ਉਹ ਜਿਹੜਾ ਮਾਰਨ ਲੱਗਿਆ ਨੂਰੇ ਨਾਲ ਵੀ ਲਿਹਾਜ਼ ਨਹੀਂ ਸੀ ਕਰਦਾ। ਜੇ ਕਦੀ ਨੂਰਾ ਇਸ ਦਾ ਕਾਰਨ ਵੀ ਪੁੱਛਦਾ ਤਾਂ ਉਹ ਦਲੀਲ ਦਿੰਦਾ "ਇਹ ਤਾਂ ਵਿਚਾਰਾ ਮਾਪਿਆਂ ਦੇ ਘਰ ਇਕੱਲਾ ਹੀ ਪੁੱਤਰ ਹੈ। ਤੁਹਾਡਾ ਕੀ ਹੈ ਤੁਸੀਂ ਤਾਂ ਪੰਜ ਹੋ। ਇਕ ਅੱਧੇ ਨੂੰ ਕੁਝ ਹੋ ਵੀ ਜਾਵੇ ਤਾਂ ਕੁਝ ਨਹੀਂ ਵਿਗੜਦਾ।" ਤੇ ਏਨਾ ਕਹਿ ਕੇ ਸਾਈਂ ਇਕ ਚਪੇੜ ਨੂਰੇ ਦੇ ਹੋਰ ਜੜ ਦਿੰਦਾ।

ਸੱਤਵੀਂ 'ਚ ਮੈਂ ਤੇ ਨੂਰਾ ਮਹਿਲਪੁਰ ਜਾਣ ਲੱਗ ਪਏ ਸਾਂ। ਮਹਿਲਪੁਰ ਇੱਕਠੇ ਪੜ੍ਹਨ ਕਾਰਨ ਮੈਂ ਤੇ ਨੂਰਾ ਹੋਰ ਵੀ ਮਿੱਤਰ ਹੋ ਗਏ ਸਾਂ। ਉਂਜ ਵੀ ਬਾਪੂ ਜੀ ਨਾਲ ਸਾਈਂ ਹੁਰਾਂ ਦੇ ਬਹੁਤ ਚੰਗੇ ਸਬੰਧ ਸਨ। ਇਸ ਲਈ ਉਨ੍ਹਾਂ ਦਾ ਕੀ ਡਰ ਸੀ? ਮੈਂ ਕਿਹੜਾ ਪਿੰਡ ਦੇ ਕਿਸੇ ਬੰਦੇ ਨੂੰ ਦੱਸਣ ਲੱਗਿਆ ਸਾਂ ਕਿ ਨੂਰਾ ਤੇ ਨੂਰੇ ਦਾ ਅੱਬਾ ਨਿਮਾਜ਼ ਪੜ੍ਹ ਰਹੇ ਸਨ।

ਮੈਂ ਉਦੋਂ ਤੇਰ੍ਹਵੇਂ ਵਰ੍ਹੇ ਵਿਚ ਸਾਂ। ਨੂਰਾ ਪੰਦਰਾਂ ਕੁ ਵਰ੍ਹੇ ਦਾ ਹੋਵੇਗਾ। ਰਹਿਮਤੇ, ਨੂਰੇ ਨਾਲੋਂ ਦੋ ਵਰ੍ਹੇ ਵੱਡੀ ਸੀ ਤੇ ਹੁਣ ਉਹ ਚਰ੍ਹੀ ਦੀ ਭਰੀ ਚੁੱਕੀ ਜਾ ਰਹੀ ਸੀ। ਬਦਰੂ ਸਾਈਂ ਨਿਮਾਜ਼ ਪੜ੍ਹ ਰਿਹਾ ਸੀ। ਨੂਰਾ ਬੜੀ ਸ਼ਰਧਾ ਭਾਵ ਨਾਲ ਉਸ ਦੇ ਕੋਲ ਖੜ੍ਹਾ ਸੀ ਕਿ ਪਿੱਠ ਪਿੱਛੋਂ "ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ" ਦੇ ਜੈਕਾਰੇ ਸੁਣਾਈ ਦੇਣ ਲੱਗੇ। ਸ਼ਾਮ ਦੇ ਕੋਈ ਚਾਰ ਕੁ ਵਜੇ ਦਾ ਸਮਾਂ ਹੋਵੇਗਾ। ਅਸੀਂ ਸਾਰੇ ਹੀ ਸੁੱਤੇ ਉਨੀਂਦਰੇ ਜਿਹੇ ਪਿੰਡ ਵਲ ਨੂੰ ਭੱਜ ਤੁਰੇ। ਨਿਮਾਜ਼ ਵੀ ਪੂਰੀ ਨਾ ਹੋ ਸਕੀ। ਮਾਰੇ ਭੈਅ ਦੇ ਚੰਗੀ ਤਰ੍ਹਾਂ ਕੋਈ ਵੀ ਨਹੀਂ ਸੀ ਭੱਜ ਸਕਦਾ। ਨੂਰਾ ਔਖੜ ਕੇ ਡਿੱਗ ਪਿਆ। ਇਕ ਚਿਲਕਦੀ ਹੋਈ ਬਰਛੀ ਨੂਰੇ ਦੇ ਢਿੱਡ 'ਚ ਖੁੱਭ ਗਈ। ਰੁੱਗ ਭਰ ਆਂਦਰਾਂ ਉਸ ਦੇ ਢਿੱਡ 'ਚੋਂ ਬਾਹਰ ਨਿਕਲ ਆਈਆਂ। ਮੈਂ ਭੈਅ-ਭੀਤ ਹੋ ਕੇ ਬਰਛੀ ਵਾਲੇ ਵਲ ਤੱਕਿਆ ਤਾਂ ਕੋਈ ਨੀਲੇ ਵਸਤਰਾਂ ਵਾਲਾ ਘੋੜ ਸਵਾਰ ਸੀ। ਸਾਈਂ ਨੇ ਆਖਿਆ, "ਸਰਦਾਰ ਜੀ! ਅਸੀਂ ਸਿੰਘ ਸਜ ਗਏ ਹਾਂ। ਅਸੀਂ ਅੰਮ੍ਰਿਤ ਛਕ ਲਿਆ ਹੈ, ਅਹਿ ਵੇਖੋ ਪੀਲਾ ਪਟਕਾ ਤੇ ਕੜਾ..." ਤਾਂ ਇਕ ਮੁੱਛਾਂ ਵਾਲੇ ਰਾਜਪੂਤ ਨੇ ਆਪਣੀ ਤਲਵਾਰ ਦੇ ਇੱਕੋ ਵਾਰ ਨਾਲ ਉਸਦਾ ਕੜੇ ਵਾਲਾ ਹੱਥ ਕੱਟ ਦਿੱਤਾ। ਉਸ ਨੇ ਹੱਥ ਜੋੜ ਕੇ ਮਿੰਨਤ ਕਰਨ ਲਈ ਦੂਜਾ ਹੱਥ ਚੁੱਕਿਆ ਤਾਂ ਉਹ ਵੀ ਵੱਢ ਦਿੱਤਾ।

"ਇਹਨੂੰ ਵੀ ਘੱਲੋ ਪਾਕਿਸਤਾਨ" ਮੇਰੇ ਵਲ ਇਸ਼ਾਰਾ ਕਰਕੇ ਕਿਸੇ ਹੋਰ ਨੇ ਕਿਹਾ।

"ਇਹ ਤਾਂ ਸਿੱਖਾਂ ਦਾ ਭੁਝੰਗੀ ਐ...ਓਏ ਮੂਰਖੋ" ਨੂਰੇ ਦੇ ਢਿੱਡ ਵਿਚ ਬਰਛੀ ਖੋਭਣ ਵਾਲੇ ਨਿਹੰਗ ਸਿੰਘ ਨੇ ਉਸ ਨੂੰ ਝਿੜਕਿਆ ਤੇ ਮੈਨੂੰ ਚੁੱਕ ਕੇ ਆਪਣੀ ਘੋੜੀ 'ਤੇ ਸੁੱਟ ਲਿਆ।

ਉਸ ਤੋਂ ਪਿੱਛੋਂ ਮੈਨੂੰ ਨਹੀਂ ਪਤਾ ਕੀ ਹੋਇਆ ਜਾਂ ਕੀ ਨਾ ਹੋਇਆ। ਮੈਂ ਬੇਹੋਸ਼ ਹੋ ਗਿਆ ਸੀ। ਦੂਜੇ ਦਿਨ ਜਦ ਮੈਨੂੰ ਹੋਸ਼ ਆਈ ਤਾਂ ਮੈਂ ਆਪਣੇ ਘਰ ਦੇ ਬਰਾਂਡੇ ਵਿਚ ਪਿਆ ਸੀ। ਮੇਰੀ ਮਾਂ ਦੀਆਂ ਅੱਖਾਂ ਰੋ-ਰੋ ਕੇ ਲਾਲ ਹੋ ਚੁੱਕੀਆਂ ਸਨ।

"ਬੱਸ ਬਚ ਗਿਆ ਹੁਣ। ਫਿਕਰ ਨਾ ਕਰੋ। ਡਰ ਨਾਲ ਸਹਿਮ ਗਿਆ ਸੀ। ਹਾਲੀ ਜੁਆਕ ਹੀ ਤਾਂ ਹੈ ਵਿਚਾਰਾ।" ਅੰਦਰੋਂ ਆਵਾਜ਼ ਆਈ। ਮੈਂ ਬੋਲ ਪਛਾਣਿਆ ਤਾਂ ਬਾਬਾ ਜੀ ਦਾ ਸੀ।

"ਭਾਣਾ ਵਾਹਿਗੁਰੂ ਦਾ, ਪਰਲੋ ਵੀ ਆ ਗਈ ਸੀ" ਮਾਂ ਨੇ ਹੰਝੂਆਂ 'ਚੋਂ ਆਖਿਆ ਤੇ ਮੈਨੂੰ ਗੋਦ 'ਚ ਲੈ ਕੇ ਘੁੱਟਣ ਲੱਗ ਪਈ, "ਤੂੰ ਡਰ ਗਿਆ ਸੀ ਪੁੱਤ? ਮੈਂ ਸਦਕੇ ਜਾਵਾਂ ਆਪਣੇ ਪੁੱਤ ਦੇ।" ਮਾਂ ਨੇ ਆਖਿਆ ਤੇ ਦੁਪੱਟੇ ਨਾਲ ਆਪਣੇ ਹੰਝੂ ਪੂੰਝ ਕੇ ਮੇਰਾ ਮੂੰਹ ਸਾਫ਼ ਕਰਨ ਲੱਗ ਪਈ।

"ਸਦਕੇ ਵਾਰੀ ਫੇਰ ਜਾਇਓ, ਪਹਿਲਾਂ ਸ਼ਹੀਦਾਂ ਦਾ ਪ੍ਰਸ਼ਾਦ ਚੜ੍ਹਾ ਲਵੋ ਜਿਨ੍ਹਾਂ ਦੀ ਕਿਰਪਾ ਨਾਲ ਇਸ ਦੀ ਜਾਨ ਬਖਸ਼ੀ ਹੋਈ ਏ।" ਬਾਬਾ ਜੀ ਨੇ ਡਿਉੜ੍ਹੀ ਵਿਚੋਂ ਹੀ ਸਿਆਣੀ ਗੱਲ ਕੀਤੀ।

"ਬੀਬੀ! ਨੂਰੇ ਦੇ ਢਿੱਡ ਵਿਚ ਮੇਰੇ ਸਾਹਮਣੇ ਬਰਛੀ ਵੱਜੀ ਸੀ" ਮੈਂ ਚੇਤਾ ਕਰਕੇ ਮਾਂ ਨੂੰ ਆਖਿਆ, "ਤੇ ਰਹਿਮਤ ਕਿੱਥੇ ਹੈ" ਮੈਂ ਪੁੱਛਿਆ।

ਹੁਣ ਮੈਂ ਐਨ ਹੋਸ਼ ਵਿਚ ਸਾਂ।

ਮਾਂ ਨੇ ਰੋ ਰੋ ਕੇ ਮੈਨੂੰ ਦੱਸਿਆ ਕਿ ਨੂਰੇ ਦੀਆਂ ਭੈਣਾਂ ਜੈਨਾਂ ਤੇ ਰਹਿਮਤੇ ਨੂੰ ਜੱਥੇ ਵਾਲੇ ਨਾਲ ਲੈ ਗਏ ਸਨ। ਉਹ ਆਪਣੇ ਨਾਲ ਮੁਸਲਮਾਨਾਂ ਦੀਆਂ ਹੋਰ ਵੀ ਕਈ ਮੁਟਿਆਰਾਂ ਲੈ ਗਏ ਸਨ। ਸਾਈਂ ਦੇ ਦੋਵੇਂ ਹੱਥ ਤੇ ਇਕ ਲੱਤ ਵੱਢੀ ਗਈ ਸੀ। ਨੂਰੇ ਦੀ ਉਥੇ ਹੀ ਜਾਨ ਨਿਕਲ ਗਈ ਸੀ। ਪਿੰਡ ਦੇ ਇੱਕੀ ਮੁਸਲਮਾਨ ਵੱਢ ਦਿੱਤੇ ਗਏ ਸਨ ਜਿਹੜਾ ਵੀ ਪੀਲੇ ਪਟਕੇ, ਕੜੇ ਜਾਂ ਨਵੇਂ ਕੱਛੇ ਵਾਲਾ ਵਿਖਾਈ ਦਿੱਤਾ, ਨਹੀਂ ਸੀ ਛੱਡਿਆ। ਗੱਲਾਂ ਕਰ ਰਹੀ ਮੇਰੀ ਮਾਂ ਦੀਆਂ ਅੱਖਾਂ ਪਥਰਾਉਂਦੀਆਂ ਜਾ ਰਹੀਆਂ ਸਨ।

ਸ਼ਾਮ ਨੂੰ ਜਦ ਅਸੀਂ ਸ਼ਹੀਦੀ ਪ੍ਰਸ਼ਾਦ ਚੜ੍ਹਾਉਣ ਚੱਲੇ ਤਾਂ ਸਾਰਿਆਂ ਦੇ ਚਿਹਰੇ 'ਤੇ ਇਕ ਦਹਿਸ਼ਤ ਜਿਹੀ ਛਾਈ ਹੋਈ ਸੀ। ਕਿਸੇ ਨੇ ਦੱਸਿਆ ਕਿ ਬਾਬਾ ਜੀ ਦਾ ਪੋਸੀ ਵਾਲਾ ਲੰਗੋਟੀਆ ਮਿੱਤਰ ਘਣਸ਼ਾਮ ਦਾਸ ਆਪਣੇ ਕਿਸੇ ਮੁਸਲਮਾਨ ਸਾਥੀ ਨੂੰ ਪੀਲਾ ਪਟਕਾ ਦੇਣ ਚੱਲਿਆ ਸੀ। ਪਟਕੇ ਤੋਂ ਜਥੇ ਵਾਲਿਆਂ ਨੂੰ ਜਾਪਿਆ ਕਿ ਉਸ ਨੇ ਵੀ ਤਾਜ਼ਾ ਅੰਮ੍ਰਿਤ ਛਕਿਆ ਸੀ। ਉਸ ਨੂੰ ਮੁਸਲਮਾਨ ਸਮਝ ਕੇ ਉਸ ਦੇ ਵੀ ਛੁਰਾ ਖੋਭ ਦਿੱਤਾ। ਬਾਬਾ ਜੀ ਨੂੰ ਘਣਸਾਮ ਦਾਸ ਦੀ ਮੌਤ ਦਾ ਏਨਾ ਸਦਮਾ ਸੀ ਕਿ ਸ਼ਹੀਦੀਂ ਪਹੁੰਚ ਕੇ ਅਰਦਾਸ ਕਰਦਿਆਂ ਵੀ ਉਨ੍ਹਾਂ ਦੇ ਕਦਮ ਡੋਲ ਰਹੇ ਸਨ। "ਚਾਰ ਸਾਹਿਬਜ਼ਾਦੇ, ਪੰਜ ਪਿਆਰੇ ਤੇ ਚਾਲ੍ਹੀ ਮੁਕਤੇ" ਦੀ ਅਰਦਾਸ ਕਰਦਿਆਂ ਬਾਬਾ ਜੀ ਦੀ ਆਵਾਜ਼ ਨੂੰ ਪਤਾ ਨਹੀਂ ਕੀ ਹੁੰਦਾ ਜਾ ਰਿਹਾ ਸੀ, ਅੰਤ 'ਚ ਜਦ ਉਹ "ਜਿਨ੍ਹਾਂ ਤੇਰਾ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਧਰਮ ਹੇਤ ਸੀਸ ਕੁਰਬਾ..." ਕਹਿਣ ਲੱਗੇ ਤਾਂ ਉਨ੍ਹਾਂ ਦੇ ਕਦਮ ਲੜਖੜਾ ਗਏ ਤੇ ਉਨ੍ਹਾਂ ਦੇ ਹੱਥ ਵਾਲਾ ਖੂੰਡਾ ਗਿਰ ਪਿਆ। ਬਾਕੀ ਅਰਦਾਸ ਬਾਪੂ ਜੀ ਨੇ ਸਮਾਪਤ ਕੀਤੀ।

ਸਾਰੇ ਸੰਸਕਾਰ ਸਮਾਪਤ ਕਰ ਕੇ ਜਦ ਬਾਪੂ ਜੀ ਸਾਨੂੰ ਵੀ ਪ੍ਰਸ਼ਾਦ ਵੰਡਣ ਲੱਗੇ ਤਾਂ ਬਾਬਾ ਜੀ ਨੇ ਰੋਕ ਦਿੱਤਾ।

"ਕੀ ਗੱਲ?" ਬਾਪੂ ਜੀ ਨੇ ਪੁੱਛਿਆ।

"ਕਾਕੇ ਨੂੰ ਪ੍ਰਸ਼ਾਦ ਦੇ ਦੇ ਭੋਰਾ ਕੁ" ਬਾਬਾ ਜੀ ਨੇ ਸੁਝਾਓ ਦਿੱਤਾ, "ਸਾਈਂ ਦੀ ਕਬਰ 'ਤੇ ਵੀ ਚੜ੍ਹਾ ਆਵੇ ਜਾ ਕੇ।" ਬਾਬਾ ਜੀ ਨੇ ਤਕੀਏ ਵਲ ਇਸ਼ਾਰਾ ਕਰਕੇ ਆਖਿਆ। ਤਕੀਏ ਤੇ ਸ਼ਹੀਦਾਂ ਵਿਚਕਾਰ ਕੇਵਲ ਅੱਧੇ ਖੇਤ ਦੀ ਵਿੱਥ ਸੀ।

ਤਕੀਏ ਵਲ ਵੇਖ ਕੇ ਮੈਨੂੰ ਨੂਰਾ ਯਾਦ ਆ ਗਿਆ ਤੇ ਪਿੱਪਲ ਵਲ ਵੇਖ ਕੇ ਰਹਿਮਤੇ। ਰਹਿਮਤੇ ਨੇ ਮੈਨੂੰ ਇਸੇ ਪਿੱਪਲ ਹੇਠ ਘੂਰ ਕੇ ਤੱਕਿਆ ਸੀ। ਪਤਾ ਨਹੀਂ ਪਿਆਰ ਨਾਲ, ਪਤਾ ਨਹੀਂ ਘ੍ਰਿਣਾ ਨਾਲ। ਤੇ ਹੁਣ ਉਹਨੂੰ ਜਥੇ ਵਾਲੇ ਲੈ ਗਏ ਸਨ। ਪਤਾ ਨਹੀਂ ਕਿਉਂ?

"ਕੀ ਮਤਲਬ? ਬਾਪੂ ਜੀ ਨੇ ਤਕੀਏ ਵਾਲੀ ਕਬਰ 'ਤੇ ਪ੍ਰਸ਼ਾਦ ਚੜ੍ਹਾਉਣ ਦਾ ਕਾਰਨ ਪੁੱਛਿਆ।

"ਕਲ੍ਹ ਦਾ ਘੱਲੂ-ਘਾਰਾ ਯਾਦ ਏ ਨਾ?" ਬਾਪੂ ਜੀ ਦੇ ਮੋਢੇ ਉਤੇ ਹੱਥ ਰੱਖ, ਉਨ੍ਹਾਂ ਨੂੰ ਸ਼ਹੀਦਾਂ ਦੀ ਹੱਦ ਤੋਂ ਬਾਹਰ ਲਿਜਾ ਕੇ ਬਾਬਾ ਜੀ ਨੇ ਉਨ੍ਹਾਂ ਦੇ ਕੰਨ ਵਿਚ ਆਖਿਆ। ਸ਼ਹੀਦਾਂ ਦੀ ਹੱਦ ਵਿਚ ਸ਼ਾਇਦ ਉਨ੍ਹਾਂ ਨੇ ਇਸ ਲਈ ਗੱਲ ਨਹੀਂ ਸੀ ਕੀਤੀ ਕਿ ਉਨ੍ਹਾਂ ਦੇ ਕੋਲ ਹੀ ਉਨ੍ਹਾਂ ਦੀ ਕਰਾਮਾਤ 'ਤੇ ਸ਼ੱਕ ਕਰਨ ਨਾਲ ਸਰਾਪ ਮਿਲ ਜਾਣ ਦਾ ਡਰ ਸੀ।

"ਯਾਦ ਹੈ" ਬਾਪੂ ਜੀ ਨੇ ਉਤਰ ਦਿੱਤਾ।

"ਜਿਨ੍ਹਾਂ ਨੇ ਅੰਮ੍ਰਿਤ ਛਕਿਆ ਸੀ ਉਹ ਮਾਰੇ ਗਏ ਨਾ?" ਬਾਬਾ ਜੀ ਨੇ ਪ੍ਰਸ਼ਨ ਕੀਤਾ।

ਬਾਪੂ ਜੀ ਨੇ ਹਾਂ ਵਿਚ ਸਿਰ ਹਿਲਾਇਆ।

"ਜਿਹੜੇ ਸਾਈਂ ਦੀ ਕਬਰ ਨੂੰ ਪੂਜਦੇ ਰਹੇ, ਉਹ ਬਚ ਰਹੇ ਕਿ ਨਹੀਂ?" ਏਨਾ ਕਹਿ ਕੇ ਬਾਬਾ ਜੀ ਚੁੱਪ ਹੋ ਗਏ।

"ਮੈਂ ਸਮਝਿਆ ਨਹੀਂ" ਬਾਪੂ ਜੀ ਨੇ ਮੁੜ ਆਖਿਆ।

"ਨਹੀਂ ਸਮਝਿਆ ਤਾਂ ਸਮਝ" ਬਾਬਾ ਜੀ ਨੇ ਖਿਝ ਕੇ ਆਖਿਆ, "ਕਲ੍ਹ ਬਾਰੇ ਕੌਣ ਜਾਣਦਾ ਹੈ। ਸਮਾਧੀਆਂ ਦੀ ਥਾਂ ਕਬਰਾਂ ਬਲੀ ਨਿਕਲ ਆਈਆਂ ਫੇਰ?" ਇਹ ਗੱਲ ਬਾਬਾ ਜੀ ਨੇ ਬਹੁਤ ਹੌਲੀ ਬਾਪੂ ਜੀ ਦੇ ਕੰਨ ਵਿਚ ਕਹੀ ਤਾਂ ਕਿ ਸ਼ਹੀਦ ਨਾ ਸੁਣ ਲੈਣ।

ਮੈਂ ਭੱਜ ਕੇ ਸਾਈਂ ਦੀ ਕਬਰ 'ਤੇ ਪ੍ਰਸ਼ਾਦ ਰੱਖ ਆਇਆ ਤੇ ਬਾਪੂ ਜੀ ਨੇ ਵੀ ਕੋਈ ਇਤਰਾਜ਼ ਨਾ ਕੀਤਾ। ਪਤਾ ਨਹੀਂ ਉਨ੍ਹਾਂ ਨੂੰ ਬਾਬਾ ਜੀ ਦੀ ਗੱਲ ਸਮਝ ਪਈ ਸੀ ਕਿ ਨਹੀਂ।

# ਫਿਲਮ 'ਚੰਨਾ ਸੱਚੀਂ ਮੁੱਚੀਂ' ਤੇ 'ਚੱਕ ਜਵਾਨਾ' ਦਰਸ਼ਕਾਂ ਦਾ ਵਿਸ਼ਵਾਸ ਜਿੱਤਣ 'ਚ ਅਸਫਲ

**ਸਵਰਨ ਸਿੰਘ ਟਹਿਣਾ***

ਥੋਕ ਦੇ ਭਾਅ ਬਣ ਰਹੀਆਂ ਪੰਜਾਬੀ ਫ਼ਿਲਮਾਂ ਨੂੰ 'ਜੀ ਆਇਆਂ' ਆਖਣ ਦੀ ਥਾਂ ਇਨ੍ਹਾਂ ਦਾ ਸਵਾਗਤ 'ਬਾਏ-ਬਾਏ' ਨਾਲ ਹੋ ਰਿਹੈ। ਪ੍ਰੋਡਿਊਸਰ, ਡਾਇਰੈਕਟਰ ਪ੍ਰੇਸ਼ਾਨ ਤੇ ਦਰਸ਼ਕ ਹੈਰਾਨ ਨੇ। ਪ੍ਰੇਸ਼ਾਨੀ ਏਸ ਗੱਲ ਦੀ ਕਿ ਏਨੀ ਮਿਹਨਤ ਨਾਲ ਫ਼ਿਲਮਾਂ ਨੇਪਰੇ ਚਾੜ੍ਹੀਆਂ ਜਾਂਦੀਆਂ ਨੇ ਪਰ ਦਰਸ਼ਕ ਢਾਈ ਘੰਟੇ ਤੇ ਸੌ ਦਾ ਨੋਟ ਕੱਢਣ ਵੇਲ਼ੇ ਸੌ ਗੱਲਾਂ ਸੋਚਦੈ। ਹੈਰਾਨੀ ਏਸ ਗੱਲ ਦੀ ਕਿ ਜਿਹੜੇ ਕਲਾਕਾਰਾਂ ਦੀਆਂ ਕਦੇ ਕੈਸਿਟਾਂ ਕਾਮਯਾਬ ਨਹੀਂ ਹੋਈਆਂ ਜਾਂ ਜਿਨ੍ਹਾਂ ਦਾ ਇੱਕ-ਅੱਧ ਗੀਤ



*ਫਿਲਮ 'ਚੰਨਾ ਸੱਚੀਂ ਮੁੱਚੀਂ' 'ਚ ਮਿਸ ਪੂਜਾ ਤੇ ਗੋਲਡੀ ਸੂਮਲ*

ਮਸੀਂ ਚੱਲਿਐ, ਉਨ੍ਹਾਂ ਨੂੰ ਹੀਰੋ ਬਣਾ ਕੇ ਪੰਜਾਬੀ ਸਿਨੇਮੇ ਦਾ ਕਿਹੜਾ ਵਿਕਾਸ ਕੀਤਾ ਜਾ ਰਿਹੈ?

ਫ਼ਿਲਮ ਸਮੀਖਿਅਕ ਸੋਚ ਰਹੇ ਨੇ ਕਿ 'ਕੱਲਾ ਮਨਮੋਹਨ ਸਿੰਘ ਕਿੰਨਾ ਕੁ ਚਿਰ ਦਰਸ਼ਕਾਂ ਦਾ ਵਿਸ਼ਵਾਸ ਜਿੱਤੀ ਰੱਖੇਗਾ, ਜਦੋਂ ਵੀਹ ਮੁਕਾਬਲੇਬਾਜ਼ ਵਿਸ਼ਵਾਸ ਦੌੜਾਉਣ 'ਚ ਕੋਈ ਕਸਰ ਨਹੀਂ ਜਾਣ ਦਿੰਦੇ। ਨਾਲੇ ਪੰਜਾਬੀ ਫ਼ਿਲਮਾਂ ਦੇ ਵਿਕਾਸ ਦਾ ਆਧਾਰ ਸਿਰਫ਼ ਕਲਾਕਾਰਾਂ ਨੂੰ ਮੰਨਣ ਦੀ ਕੀ ਲੋੜ ਏ? ਕੀ ਫ਼ਿਲਮਾਂ ਦੀ ਕਾਮਯਾਬੀ ਦਾ ਰਾਜ਼ ਚਰਚਿਤ ਚਿਹਰਿਆਂ ਤੱਕ ਸੀਮਤ ਹੋ ਕੇ ਰਹਿ ਗਿਐ? ਜੇ ਇਹ ਗੱਲ ਦਰੁਸਤ ਏ ਤਾਂ ਜਾਣੇ-ਪਛਾਣੇ ਚਿਹਰਿਆਂ ਦੀਆਂ ਫ਼ਿਲਮਾਂ ਪਾਣੀ ਕਿਉਂ ਨਹੀਂ ਮੰਗ ਰਹੀਆਂ? ਜਾਂ ਇੰਜ ਸਮਝ ਲਵੋ ਕਿ ਜੇ ਚਰਚਿਤ ਚਿਹਰਿਆਂ ਨਾਲ ਕਾਮਯਾਬੀ ਜੁੜੀ ਹੁੰਦੀ ਤਾਂ ਛੱਤੀਸਗੜ੍ਹ 'ਚ ਸਬਜ਼ੀ ਵੇਚਣ ਵਾਲੇ ਓਂਕਾਰ ਦਾਸ ਮਾਣਿਕਪੁਰੀ ਵਲੋਂ ਨੱਥਾ ਬਣਨ ਵਾਲੀ ਪਲੇਠੀ ਫ਼ਿਲਮ 'ਪੀਪਲੀ ਲਾਈਵ' ਏਨੀ ਕਾਮਯਾਬ ਕਿਵੇਂ ਹੋ ਜਾਂਦੀ?

ਸੋਚਣ ਵਾਲੀ ਗੱਲ ਏ ਕਿ ਜਿਨ੍ਹਾਂ ਦਾ ਗਾਇਕੀ ਭਵਿੱਖ ਹਨੇਰੇ 'ਚ ਖੜ੍ਹੈ, ਉਨ੍ਹਾਂ ਨੂੰ ਨਾਇਕ ਬਣਾਉਣ ਵਾਲੀ ਧੱਕੇਸ਼ਾਹੀ ਕਿਹੜੀ ਸੁੱਖ ਲਾਹੁਣ ਲਈ ਕੀਤੀ ਜਾ ਰਹੀ ਏ। ਜੀਹਦੀ ਕੈਸਿਟ ਨਹੀਂ ਚੱਲਦੀ, ਉਹਦੀ ਫ਼ਿਲਮ ਚੱਲ ਜਾਊ, ਇਸ ਗੱਲ ਦੀ ਕੀ ਗਾਰੰਟੀ? ਸਧਾਰਨ ਲੋਕਾਂ ਦੀ ਵੀ ਸਮਝ ਪੈ ਚੁੱਕਾ ਹੈ ਕਿ ਕਲਾਕਾਰਾਂ ਵਲੋਂ ਕੈਸਿਟਾਂ ਵਾਂਗ ਫ਼ਿਲਮਾਂ ਵੀ ਸ਼ੁਗਲ-ਸ਼ੁਗਲ 'ਚ ਕੀਤੀਆਂ ਜਾਂਦੀਆਂ ਨੇ, ਵਾਧੂ ਪੈਸੇ ਨੇ ਇਨ੍ਹਾਂ ਕੋਲ, ਘਾਟੇ ਦਾ ਕੋਈ ਡਰ ਨਹੀਂ।

ਕੈਸਿਟਾਂ ਵਾਲੇ ਅੱਧੋਂ ਵੱਧ ਫਾਰਮੂਲੇ ਹੁਣ ਪੰਜਾਬੀ ਫ਼ਿਲਮਾਂ 'ਤੇ ਵੀ ਲੱਗਣੇ ਸ਼ੁਰੂ ਹੋ ਗਏ ਨੇ। ਜੀਹਦੀ ਇੱਕ ਕੈਸਿਟ ਡੁੱਬ ਗਈ, ਉਹਦੀ ਅਗਲੀ ਚੱਲਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ, ਕਿਉਂਕਿ 'ਫ਼ਲਾਪ' ਦਾ ਠੱਪਾ ਲੱਗ ਜਾਂਦੈ। ਇਹੀ ਗੱਲ ਫ਼ਿਲਮਾਂ 'ਤੇ ਲਾਗੂ ਹੋਣ ਲੱਗੀ ਏ। ਪਿੱਛੇ ਜਿਹੇ ਲਖਵਿੰਦਰ ਵਡਾਲੀ ਦੀ ਫ਼ਿਲਮ 'ਅੱਖੀਆਂ ਉਡੀਕਦੀਆਂ' ਆਈ ਸੀ, ਪਰ ਤੀਜੇ ਕੁ ਦਿਨ ਸਭ ਦੀ 'ਉਡੀਕ' ਖਤਮ ਹੋ ਗਈ ਸੀ। ਹੁਣ ਉਹਦੀ 'ਛੇਵਾਂ ਦਰਿਆ' ਆਉਣ ਲੱਗੀ ਏ, ਪਰ ਨਤੀਜਾ ਦਿਸ ਵੀ ਰਿਹਾ ਏ।

ਗੁਰਦਾਸ ਮਾਨ ਦੀਆਂ ਲਗਾਤਾਰ ਤਿੰਨ ਫ਼ਿਲਮਾਂ 'ਯਾਰੀਆਂ', 'ਮਿੰਨੀ ਪੰਜਾਬ' ਤੇ 'ਸੁਖਮਨੀ' ਦਾ ਬੈਕ ਗੇਅਰ ਪਿਐ ਤੇ ਹੁਣ ਚੌਥੀ 'ਚੱਕ ਜਵਾਨਾ' ਚੰਗੇ ਸੰਦੇਸ਼ ਦੇ ਬਾਵਜੂਦ ਪਹਿਲੀਆਂ ਤਿੰਨਾਂ ਦਾ ਰਿਕਾਰਡ ਤੋੜ ਰਹੀ ਏ।

ਲੋਕ ਮਨਾਂ 'ਤੇ ਬਣੇ ਪ੍ਰਭਾਵ ਨੂੰ ਧੋ ਸਕਣਾ ਸੁਖਾਲਾ ਨਹੀਂ ਹੁੰਦਾ। ਪਹਿਲਾਂ ਕੀਤੀ ਗਲਤੀ ਨਵੇਂ ਕੰਮ ਨੂੰ ਵੀ ਲੈ ਬੈਠਦੀ ਏ, ਭਾਵੇਂ ਉਹ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ। ਇਹੀ ਕੁਝ ਮਿਸ ਪੂਜਾ ਦੀ ਨਵੀਂ ਫ਼ਿਲਮ 'ਚੰਨਾ ਸੱਚੀਂ ਮੁੱਚੀਂ' ਨਾਲ ਵੀ ਹੋਇਐ। ਪੂਜਾ ਕਿਸਮਤ ਦੀ ਕਿੰਨੀ ਧਨੀ ਏ, ਇਹਦੇ ਬਾਰੇ ਹਰ ਪੰਜਾਬੀ ਜਾਣਦੈ। ਉਹਨੇ 'ਮੋਟਰਾਂ' ਬਾਰੇ ਗਾਇਆ ਤਾਂ ਹਿੱਟ, 'ਮੋਟਰ ਸਾਈਕਲਾਂ' ਬਾਰੇ ਗਾਇਆ ਤਾਂ ਹਿੱਟ, ਝੋਨੇ ਬਾਰੇ ਗਾਇਆ ਫੇਰ ਹਿੱਟ, ਸਕੂਲਾਂ ਬਾਰੇ ਗਾਇਆ ਤਾਂ ਹਿੱਟ। ਜੇ ਉਹਦੀ ਬ੍ਰੇਕ ਲੱਗੀ ਤਾਂ 'ਪੰਜਾਬਣ' ਕਰਕੇ। 'ਪੰਜਾਬਣ' ਨੇ ਰਾਜਪੁਰੇ ਦੀ ਪੰਜਾਬਣ ਨੂੰ ਜਿਹੜੀ ਭੁਆਂਟਣੀ ਦਿੱਤੀ, ਉਹਦੇ ਬਾਰੇ ਵੀ ਹਰ ਕੋਈ ਜਾਣਦੈ।

ਗੁਰਦਾਸ ਮਾਨ ਤੇ ਮਿਸ ਪੂਜਾ ਦੀਆਂ ਨਵੀਂਆਂ ਫ਼ਿਲਮਾਂ ਵਿਚ ਘਾਟ ਕੋਈ ਨਹੀਂ, ਪਰ ਕਈ ਸਮਾਨਤਾਵਾਂ ਜ਼ਰੂਰ ਨੇ। ਪਹਿਲੀ ਇਹ ਕਿ ਦੋਹਾਂ ਨੂੰ ਦਰਸ਼ਕ ਨਾ ਮਾਤਰ ਨਸੀਬ ਹੋਏ, ਦੂਜੀ ਇਹ ਕਿ ਦੋਹਾਂ ਦੀਆਂ ਪਹਿਲਾਂ ਆਈਆਂ ਫ਼ਿਲਮਾਂ 'ਤੇ 'ਫਲਾਪ' ਦੇ ਠੱਪੇ ਲੱਗੇ ਹੋਏ ਨੇ, ਤੀਜੀ ਦੋਹਾਂ 'ਚ ਨਸ਼ਿਆਂ ਨਾਲ ਗਰਕ ਹੁੰਦੀ ਜਾ ਰਹੀ ਜਵਾਨੀ ਦਾ ਹਾਲ ਪੇਸ਼ ਕੀਤਾ ਗਿਆ, ਚੌਥੀ ਕਿ ਦੋਹਾਂ ਦਾ ਸਬੰਧ ਮਰਹੂਮ ਗੁਰਕੀਰਤਨ ਨਾਲ ਜੁੜਿਆ ਹੋਇਐ, ਪੂਜਾ ਵਾਲੀ ਫ਼ਿਲਮ ਗੁਰਕੀਰਤਨ ਨੂੰ ਸਮਰਪਿਤ ਕੀਤੀ ਗਈ ਤੇ ਗੁਰਦਾਸ ਵਾਲੀ ਉਹਦੀ ਅਦਾਕਾਰੀ ਵਾਲੀ ਆਖਰੀ ਫ਼ਿਲਮ ਹੋ ਨਿੱਬੜੀ।

ਪੂਜਾ ਦੀ 'ਪੰਜਾਬਣ' ਦੀ ਸਭ ਤੋਂ ਵੱਡੀ ਨਾਕਾਮੀ ਇਹ ਜਾਪਦੀ ਹੈ ਕਿ ਹੀਰੋ ਛੇ ਫੁੱਟ ਤੋਂ ਉਚਾ ਲਿਆ ਗਿਐ ਤੇ ਹੀਰੋਇਨ ਹੱਦੋਂ ਵੱਧ ਮਧਰੀ। ਪਰ ਇਹ ਨਾਕਾਮੀ ਉਸ ਵੇਲ਼ੇ ਭੁੱਲ ਭੁਲਾ ਜਾਂਦੀ ਹੈ, ਜਦੋਂ ਹੀਰੋ ਪੂਰੀ ਫ਼ਿਲਮ 'ਚ ਹੀਰੋਇਨ ਨੂੰ ਮਧਰੋ ਕਹਿ ਕੇ ਤੇ ਹੀਰੋਇਨ ਹੀਰੋ ਨੂੰ ਲੰਬੂ ਆਖ ਕੇ ਚਿੜ੍ਹਾਉਂਦੀ ਏ। ਇਸ ਨਾਲ ਪਰਦਾ ਵੀ ਢਕਿਆ ਗਿਆ ਤੇ ਕਾਮੇਡੀ ਰੰਗ ਵੀ ਵਧ ਗਿਆ। ਮਿਸ ਵਿਸ਼ਵ ਪੰਜਾਬਣ ਜਪੁਜੀ ਖਹਿਰਾ ਦਾ ਸਾਈਂ ਜੱਸ ਢਿੱਲੋਂ ਖਲਨਾਇਕੀ ਦੇ ਰੋਲ 'ਚ ਖੂਬ ਜਚਿਆ। ਫ਼ਿਲਮ 'ਚ ਉਹ ਨਿਸ਼ਾਨ ਸਿੰਘ ਬਣਿਐ, ਜਿਹੜਾ ਸੁੱਖ ਭਾਵ ਪੂਜਾ ਦਾ ਭਰਾ ਹੈ ਤੇ ਨਸ਼ਿਆਂ ਦੀ ਤਸਕਰੀ ਸਮੇਤ ਲਫੰਗਿਆਂ ਵਾਲੇ ਸਾਰੇ ਕੰਮ ਕਰਦਾ ਹੈ। ਦੇਵ ਭਾਵ ਗੋਲਡੀ ਸੂਮਲ ਨਾਲ ਪੂਜਾ ਦਾ ਤਕਰਾਰ ਵੀ ਹੈ ਤੇ ਪਿਆਰ ਵੀ। ਫ਼ਿਲਮ ਦੇ ਅਖੀਰ 'ਤੇ ਪੂਜਾ ਆਪਣੇ ਭਰਾ ਨੂੰ ਗੋਲੀ ਮਾਰਦੀ ਹੈ ਕਿਉਂਕਿ ਉਹ ਦੌਲਤ ਦੇ ਲਾਲਚ 'ਚ ਪਰਿਵਾਰਕ ਮੈਂਬਰਾਂ ਦੀ ਜ਼ਿੰਦਗੀ ਨਾਲ ਵੀ ਖੇਡਦਾ ਹੈ।

ਫ਼ਿਲਮ ਦੀ ਹਰ ਗੱਲ ਵਧੀਆ ਹੈ ਤੇ ਦੇਖਣ ਵਾਲਾ ਸੋਚਦਾ ਏ ਕਿ ਜੇ ਇਹ 'ਪੰਜਾਬਣ' ਤੋਂ ਪਹਿਲਾਂ ਆ ਜਾਂਦੀ ਤਾਂ ਜਰੂਰ ਕਾਮਯਾਬ ਹੁੰਦੀ। ਗੌਰਵ ਤ੍ਰੇਹਨ ਦੇ ਨਿਰਦੇਸ਼ਨ ਵਾਲੀ 'ਪੰਜਾਬਣ' ਨੇ ਪੂਜਾ ਦੀ ਬੇੜੀ 'ਚ ਜਿਹੜੇ ਵੱਟੇ ਪਾਏ, ਉਹ ਛੇਤੀ ਕਿਤੇ ਬਾਹਰ ਨਹੀਂ ਨਿਕਲਣੇ। ਪਲੇਠੀ ਫ਼ਿਲਮ 'ਚ ਪੂਜਾ ਕੋਲੋਂ ਦੋਹਰਾ ਰੋਲ ਕਰਾਇਆ ਜਾਣਾ ਤੇ ਅੱਧਿਓਂ ਵੱਧ ਫ਼ਿਲਮ 'ਚ ਪੂਜਾ ਵਲੋਂ ਪੂਜਾ ਨਾਲ ਹੀ ਗੱਲਾਂ ਕਰੀ ਜਾਣਾ, ਦਰਸ਼ਕਾਂ ਨੂੰ ਕਿਵੇਂ ਪਸੰਦ ਆ ਸਕਦਾ ਸੀ?

ਹੁਣ ਜਦੋਂ ਨਵੀਂ ਫ਼ਿਲਮ 'ਚ ਮਨੋਰੰਜਨ ਦਾ ਸਾਰਾ ਮਸਾਲਾ ਹੋਣ ਦੇ ਨਾਲ ਨਾਲ ਢਕਵੰਜੀ ਸਾਧਾਂ 'ਤੇ ਵੀ ਵਧੀਆ ਵਿਅੰਗ ਕਸਿਆ ਗਿਐ, ਕਾਨੂੰਨ 'ਚ ਆਸਥਾ ਵੀ ਦਿਖਾਈ ਗਈ ਏ, ਨਸ਼ਿਆਂ ਦੇ ਤਸਕਰਾਂ ਦਾ ਅੰਤ ਕਿਵੇਂ ਹੁੰਦਾ ਹੈ ਤੇ ਲੀਡਰਾਂ, ਬਾਬਿਆਂ ਤੇ ਸਮਗਲਰਾਂ ਦੀ ਚੰਡਾਲ ਚੌਂਕੜੀ ਪੰਜਾਬ ਨੂੰ ਕਿਵੇਂ ਬਰਬਾਦ ਕਰ ਰਹੀ ਹੈ, ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਗਿਐ ਤਾਂ ਵੀ ਫ਼ਿਲਮ ਨੂੰ ਦਰਸ਼ਕ ਨਹੀਂ ਮਿਲ ਰਹੇ।

ਜਿੰਨਿਆਂ ਕੁ ਨੇ ਫ਼ਿਲਮ ਦੇਖੀ ਏ, ਉਹ 'ਚੰਗੀ' ਕਹਿ ਰਹੇ ਨੇ, ਪਰ ਥੋੜ੍ਹਿਆਂ ਵਲੋਂ ਆਖੀ 'ਚੰਗੀ' ਬਹੁਤਿਆਂ ਦੀ 'ਮੰਦੀ' ਵਾਲੀ ਰਾਇ ਨੂੰ ਬਦਲ ਨਹੀਂ ਸਕਦੀ।

ਗੁਰਦਾਸ ਦੀ 'ਚੱਕ ਜਵਾਨਾ' ਰਿਲੀਜ ਹੋਣ ਲਈ ਬੜਾ ਚਿਰ ਲਟਕਦੀ ਰਹੀ ਏ ਤੇ ਹੁਣ ਜਦੋਂ ਰਿਲੀਜ ਹੋਈ ਤਾਂ ਪਹਿਲੀਆਂ ਫ਼ਿਲਮਾਂ ਉਹਨੂੰ ਵੀ ਲੈ ਬੈਠੀਆਂ। ਇਸ ਵਿਚ ਵੀ ਪੰਜਾਬ ਦੇ ਪਿੰਡਾਂ ਦੀ ਜਵਾਨੀ ਨੂੰ ਕੁਰਾਹੇ ਪੈਂਦੀ ਦਿਖਾਇਆ ਗਿਐ, ਨਸ਼ਿਆਂ ਦੀ ਦਲਦਲ 'ਚ ਫਸਦੇ ਜਵਾਨਾਂ ਦੀ ਗੱਲ ਕੀਤੀ ਗਈ ਏ, ਨਾਲ-ਨਾਲ ਹਾਸੇ ਠੱਠੇ ਦਾ ਤੁੜਕਾ ਲਾਇਆ ਗਿਆ ਏ, ਪਰ ਫ਼ਿਲਮ ਉਮੀਦਾਂ 'ਤੇ ਇਸ ਕਰਕੇ ਪੂਰੀ ਨਹੀਂ ਉਤਰੀ ਕਿ ਇੱਕ ਤਾਂ ਪੰਜਾਬੀ ਫ਼ਿਲਮਾਂ ਧੜਾਧੜ ਬਣ ਰਹੀਆਂ ਨੇ, ਦੂਜਾ ਗੁਰਦਾਸ ਦੀਆਂ ਪਿਛਲੀਆਂ ਤਿੰਨ ਫ਼ਿਲਮਾਂ ਮੂਧੇ ਮੂੰਹ ਡਿੱਗੀਆਂ, ਤੀਜਾ ਗੁਰਦਾਸ ਦੇ ਚਿਹਰੇ ਮੋਹਰੇ ਤੋਂ ਉਮਰ ਦਾ ਪ੍ਰਭਾਵ ਸਾਫ਼ ਦਿਸਣ ਲੱਗੈ ਤੇ ਚੌਥਾ ਫ਼ਿਲਮ ਵਿਚ ਸਭ ਕੁਝ ਨਾਟਕੀ ਜਿਹਾ ਲੱਗਦੈ।

ਜਿਸ ਤਰ੍ਹਾਂ ਗੁਰਦਾਸ ਨੇ ਕੈਪਟਨ ਗੁਰਜੀਤ ਸਿੰਘ ਦੇ ਕਿਰਦਾਰ ਵਿਚ ਨੌਜਵਾਨਾਂ ਨੂੰ ਨਸ਼ਿਆਂ 'ਚੋਂ ਬਾਹਰ ਕੱਢਣ ਲਈ ਉਦਮ ਕੀਤੇ ਨੇ, ਉਹ ਚੰਗਾ ਪ੍ਰਭਾਵ ਛੱਡਦੇ ਨੇ। ਉਸ ਵਲੋਂ ਗਾਏ ਗੀਤ ਵੀ ਚੰਗੇ ਨੇ, ਸੰਗੀਤ ਵੀ ਠੀਕ ਹੈ, ਪਰ ਮਨੋਰੰਜਨ ਕਰਨ ਆਏ ਦਰਸ਼ਕ ਨੂੰ ਉਹ ਮੁੱਲ ਮੋੜਦਾ ਪ੍ਰਤੀਤ ਨਹੀਂ ਹੁੰਦਾ।

ਇੱਕ ਵੇਲ਼ਾ ਸੀ ਜਦੋਂ ਗੁਰਦਾਸ ਦੀ 'ਕਚਹਿਰੀ' ਤੇ 'ਸ਼ਹੀਦ ਏ ਮੁਹੱਬਤ ਬੂਟਾ ਸਿੰਘ' ਸਫ਼ਲਤਾ ਦੇ ਝੰਡੇ ਗੱਡ ਗਈਆਂ ਸਨ, ਪਰ ਅੱਜ ਦਰਸ਼ਕਾਂ ਦੇ ਬਦਲੇ ਮਨੋਰੰਜਨ ਸਵਾਦ ਅਤੇ ਸੰਦੇਸ਼ ਨਾਲੋਂ ਵੱਧ ਦਿਲਚਸਪੀ ਹੋਰ ਰਸਾਂ 'ਚ ਲੈਣ ਕਰਕੇ ਜ਼ਰੂਰੀ ਨਹੀਂ ਕਿ ਸੂਝਵਾਨ ਗਾਇਕਾਂ ਦਾ ਹਰ ਉਦਮ ਸਫ਼ਲਤਾ ਦਾ ਗਵਾਹ ਬਣੇ। ਏਸੇ ਤਰ੍ਹਾਂ ਕੋਈ ਵੇਲ਼ਾ ਸੀ, ਜਦੋਂ ਪੂਜਾ ਦਾ ਪਾਣੀ ਦੁੱਧ ਦੇ ਭਾਅ ਵਿਕਦਾ ਸੀ, ਪਰ




ਜ਼ਰੂਰੀ ਨਹੀਂ ਕਿ ਜਿਹੜੇ ਲੋਕ ਉਸ ਦੇ ਗੀਤ ਸੁਣਦੇ ਰਹੇ ਨੇ, ਉਹ ਟਰਾਲੀਆਂ ਭਰ-ਭਰ ਸਿਨੇਮਿਆਂ ਵੱਲ ਵੀ ਜਾਣ।

ਵਕਤ ਦੇ ਮਿਜਾਜ਼ ਨਾਲ ਭਾਵੇਂ ਕਾਫੀ ਕੁਝ ਬਦਲ ਰਿਹੈ, ਪਰ ਸਾਡੀ ਰਾਇ ਹੈ ਕਿ ਚੰਗੀਆਂ ਫ਼ਿਲਮਾਂ ਬਣਨੀਆਂ ਚਾਹੀਦੀਆਂ ਨੇ। ਦਰਸ਼ਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਮਨੋਰੰਜਨ ਪ੍ਰਧਾਨ ਫ਼ਿਲਮਾਂ ਦੇ ਨਾਲ-ਨਾਲ ਸੇਧ ਵਾਲੀਆਂ ਫ਼ਿਲਮਾਂ ਨਾਲ ਵੀ ਪਿਆਰ ਪਾਈ ਰੱਖਣ। ਥੋੜ੍ਹਾ ਚਿਰ ਪਹਿਲਾਂ ਆਈ ਫ਼ਿਲਮ 'ਮੇਲ ਕਰਾਦੇ ਰੱਬਾ', ਵਿਚ 'ਜਦੋਂ ਤੱਕ ਕਿਤਾਬਾਂ ਨਾਲ ਨੇੜਤਾ ਰੱਖੀ, ਕਿਸੇ ਨੇ ਨਹੀਂ ਪੁੱਛਿਆ, ਹੁਣ ਜਦੋਂ ਦੀ ਹਾਕੀ ਚੁੱਕੀ ਏ, ਮਿੱਤਰਾਂ ਦੀ ਕਾਲਜ 'ਚ ਬੱਲੇ ਬੱਲੇ ਐ' ਡਾਇਲਾਗ ਵਾਰ ਵਾਰ ਪੇਸ਼ ਕਰਕੇ ਸਕੂਲਾਂ-ਕਾਲਜਾਂ 'ਚ ਪੜ੍ਹਦੇ ਭਟਕੇ ਨੌਜਵਾਨਾਂ ਦੀ ਰਹਿੰਦੀ-ਖੂੰਹਦੀ ਜੱਖਣਾ ਪੱਟਣ 'ਚ ਵੀ ਯੋਗਦਾਨ ਪਾਇਆ, ਨੇ ਮਨੋਰੰਜਕ ਤੇ ਆਸ਼ਕੀ-ਮਾਸ਼ੂਕੀ ਨਾਲ ਸਬੰਧਤ ਹੋਣ ਕਰਕੇ ਇਸ ਨੇ ਕਮਾਈ ਦੇ ਨਵੇਂ ਰਿਕਾਰਡ ਬਣਾ ਲਏ।

ਆਉਂਦੇ ਦਿਨਾਂ ਵਿਚ ਅਮਰਿੰਦਰ ਗਿੱਲ ਦੀ 'ਇੱਕ ਕੁੜੀ ਪੰਜਾਬ ਦੀ', ਸਰਬਜੀਤ ਚੀਮਾ ਦੀ 'ਵੈਲਕਮ ਟੂ ਪੰਜਾਬ', ਦਿਲਜੀਤ ਦੀ 'ਲਾਇਨ ਆਫ਼ ਪੰਜਾਬ' ਤੇ ਗੁਰਵਿੰਦਰ ਬਰਾੜ, ਸੁਰਜੀਤ ਖ਼ਾਨ, ਰੌਸ਼ਨ ਪ੍ਰਿੰਸ, ਲਖਵਿੰਦਰ ਵਡਾਲੀ ਤੇ ਕਈਆਂ ਹੋਰਾਂ ਦੀਆਂ ਫ਼ਿਲਮਾਂ ਰਿਲੀਜ਼ ਹੋਣਗੀਆਂ, ਪਰ ਚੱਲਣਗੀਆਂ ਉਹੀ ਜਿਨ੍ਹਾਂ ਦਾ ਜ਼ੁਬਾਨੀ ਕਲਾਮੀ ਪ੍ਰਚਾਰ ਜ਼ਿਆਦਾ ਹੋਵੇਗਾ ਤੇ ਇਹ ਪ੍ਰਚਾਰ ਓਨਾ ਚਿਰ ਨਹੀਂ ਹੋਣਾ, ਜਿੰਨਾ ਚਿਰ ਦੇਖਣ ਵਾਲੇ ਨੂੰ ਪੈਸਿਆਂ ਦਾ ਮੁੱਲ ਮੁੜਦਾ ਨਹੀਂ ਦਿਸਦਾ।

*ਫੋਨ:91-98141-78883



# ਚੈਨ ਦੀ ਜਿੰਦਗੀ ਨਾ ਬਿਤਾ ਸਕਿਆ ਮਾਈਕਲ ਜੈਕਸਨ

ਗਾਇਕੀ ਅਤੇ ਨਾਚ ਕਲਾ ਦਾ ਲੋਹਾ ਮਨਵਾਉਣ ਵਾਲਾ ਮਾਈਕਲ ਜੈਕਸਨ ਕਰੋੜਾਂ ਸੰਗੀਤ ਪ੍ਰੇਮੀਆਂ ਦਾ ਚਹੇਤਾ ਸੀ। ਨਿੱਕੀ ਉਮਰੇ ਵੱਡੀਆਂ ਮੱਲਾਂ ਮਾਰ ਲੈਣ ਵਾਲਾ ਇਹ ਫ਼ਨਕਾਰ ਬੀਤੇ ਵਰ੍ਹੇ ਸਾਥੋਂ ਸਦਾ ਲਈ ਵਿਛੜ ਗਿਆ ਸੀ। ਸਾਰੀ ਉਮਰ ਦੁੱਖਾਂ, ਹਾਦਸਿਆਂ ਤੇ ਤੋਹਮਤਾਂ ਦੀ ਮਾਰ ਹੰਢਾਉਣ ਵਾਲਾ ਮਾਈਕਲ ਜੈਕਸਨ ਬੇਸ਼ੁਮਾਰ ਦੌਲਤ ਤੇ ਸ਼ੋਹਰਤ ਤਾਂ ਹਾਸਲ ਕਰ ਗਿਆ, ਪਰ ਚੈਨ ਦੀ ਜ਼ਿੰਦਗੀ ਉਹ ਕਦੇ ਵੀ ਨਾ ਬਿਤਾ ਸਕਿਆ। ਉਸ ਵਰਗਾ ਫ਼ਨਕਾਰ ਮੁੜ ਪੈਦਾ ਹੋਣਾ ਮੁਸ਼ਕਲ ਹੀ ਨਹੀਂ ਸਗੋਂ ਨਾਮੁਮਕਿਨ ਲਗਦਾ ਹੈ।

29 ਅਗਸਤ, 1958 ਨੂੰ ਗੈਰੀ, ਇੰਡੀਆਨਾ (ਅਮਰੀਕਾ) ਵਿਚ ਪੈਦਾ ਹੋਇਆ ਮਾਈਕਲ ਜੈਕਸਨ ਆਪਣੇ ਨੌਂ ਭੈਣ ਭਰਾਵਾਂ ਵਿਚੋਂ ਪੰਜਵੇਂ ਨੰਬਰ 'ਤੇ ਸੀ। ਉਸ ਦੀ ਮਾਂ ਦਾ ਨਾਂ ਕੈਥਰੀਨ ਸੀ ਤੇ ਉਸ ਦਾ ਪਿਤਾ ਜੌਸਫ਼ ਜੈਕਸਨ ਇਕ ਕਰੇਨ ਅਪਰੇਟਰ ਹੋਣ ਦੇ ਨਾਲ-ਨਾਲ ਉਸਤਾਦ ਗਿਟਾਰ ਵਾਦਕ ਵੀ ਸੀ। ਉਸ ਦਾ ਪਿਤਾ ਹੀ ਉਸ ਦਾ ਪਹਿਲਾ ਗੁਰੂ ਸੀ ਜਿਸ ਨੇ ਉਸ ਨੂੰ ਅਤੇ ਉਸ ਦੇ ਬਾਕੀ ਭੈਣ-ਭਰਾਵਾਂ ਨੂੰ ਗਿਟਾਰ ਵਜਾਉਣਾ ਸਿਖਾਇਆ ਸੀ। ਪਿਤਾ ਦੀ ਸੰਗਤ ਵਿਚ ਹੀ ਆਪਣੇ ਭੈਣ-ਭਰਾਵਾਂ ਸਮੇਤ ਮਾਈਕਲ ਨੇ ਸੰਨ 1968 ਵਿਚ ਪਹਿਲੀ ਵਾਰ 'ਸਟੀਲ ਟਾਊਨ' ਨਾਮਕ ਗੀਤ ਗਾਇਆ ਸੀ ਅਤੇ ਫਿਰ ਪਰਿਵਾਰ ਸਮੇਤ ਉਹ ਕੈਲੀਫੋਰਨੀਆ ਚਲਾ ਗਿਆ ਜਿੱਥੇ ਬੈਵਰਲੀ ਹਿਲਜ਼ ਕਲੱਬ 'ਦਿ ਡੇਜ਼ੀ' ਵਿਖੇ ਉਨ੍ਹਾਂ ਸਭ ਨੇ ਮਿਲ ਕੇ ਇਕ ਜ਼ਬਰਦਸਤ ਪ੍ਰੋਗਰਾਮ ਪੇਸ਼ ਕੀਤਾ ਤੇ ਭਾਰੀ ਸ਼ੋਹਰਤ ਖੱਟੀ।

ਪਰਿਵਾਰਕ ਸਮੂਹ ਵਿਚ ਹੀ ਮਾਈਕਲ ਜੈਕਸਨ ਦੀ ਪਹਿਲੀ ਐਲਬਮ 'ਡਾਇਨਾ ਰੌਸ ਪ੍ਰੀਜੈ ਜੈਕਸਨ-5' ਸੰਨ 1969 ਵਿਚ ਰਿਲੀਜ਼ ਹੋਈ ਜੋ ਬਹੁਤ ਸਫ਼ਲ ਤੇ ਚਰਚਿਤ ਰਹੀ। ਮਾਈਕਲ ਦੀ ਉਮਰ ਉਸ ਵੇਲੇ ਕੇਵਲ ਗਿਆਰ੍ਹਾਂ ਵਰ੍ਹਿਆਂ ਦੀ ਸੀ। ਉਸੇ ਹੀ ਸਾਲ ਉਸ ਦੀ ਦੂਜੀ ਐਲਬਮ 'ਆਈ ਵਾਂਟ ਯੂ ਬੈਕ' ਆਈ ਜੋ ਸੁਪਰ ਹਿੱਟ ਰਹੀ ਤੇ ਪੂਰੇ ਪਰਿਵਾਰ ਲਈ ਆਰਥਿਕ ਪੱਖੋਂ ਵੀ ਕਾਫੀ ਫਾਇਦੇਮੰਦ ਰਹੀ। ਮਾਈਕਲ ਜੈਕਸਨ ਨੇ ਇਕ ਇੰਟਰਵਿਊ ਵਿਚ ਆਪਣਾ ਦੁੱਖ ਫਰੋਲਦਿਆਂ ਹੋਇਆਂ ਕਿਹਾ ਸੀ ਕਿ ਉਸ ਦਾ ਬਚਪਨ ਬਹੁਤਾ ਵਧੀਆ ਨਹੀਂ ਸੀ ਰਿਹਾ। ਉਸ ਦਾ ਪਿਤਾ ਸਾਰੇ ਰੁਪਏ ਪੈਸੇ ਦਾ ਹਿਸਾਬ ਰੱਖਦਾ ਸੀ ਤੇ ਕਦੇ-ਕਦੇ ਉਸ ਨੂੰ ਜਾਂ ਉਸ ਦੇ ਭੈਣ-ਭਰਾਵਾਂ ਨੂੰ ਬੈਲਟਾਂ ਨਾਲ ਵੀ ਕੁੱਟਦਾ ਸੀ। ਉਸ ਨੇ ਦੱਸਿਆ ਕਿ ਗਾਉਣ-ਵਜਾਉਣ ਅਤੇ ਰਿਆਜ਼ ਕਰਨ ਵਿਚ ਉਸ ਦਾ ਬਚਪਨ ਰੁਲ ਗਿਆ ਸੀ ਤੇ ਉਹ ਦੂਜੇ ਆਮ ਬੱਚਿਆਂ ਵਾਂਗ ਨਾ ਤਾਂ ਛੁੱਟੀਆਂ ਦਾ ਮਜ਼ਾ ਲੈ ਸਕਿਆ ਸੀ ਤੇ ਨਾ ਹੀ ਸ਼ਰਾਰਤਾਂ ਕਰ ਸਕਿਆ ਸੀ। ਇਸ ਗੱਲ ਦਾ ਅਫ਼ਸੋਸ ਉਸ ਨੂੰ ਸਾਰੀ ਉਮਰ ਰਿਹਾ ਸੀ।

ਮਾਈਕਲ ਜੈਕਸਨ ਦੀ ਪਹਿਲੀ ਸੋਲੋ ਐਲਬਮ ਸੰਨ 1972 ਵਿਚ ਰਿਲੀਜ਼ ਹੋਈ ਜਿਸ ਦਾ ਟਾਈਟਲ ਸੀ 'ਗੈਟ ਟੂ ਬੀ ਦਿਅਰ'। ਇਸ ਐਲਬਮ ਨੇ ਨਾ ਸਿਰਫ ਰਿਕਾਰਡਤੋੜ ਸਫ਼ਲਤਾ ਹਾਸਲ ਕੀਤੀ ਸਗੋਂ ਜੈਕਸਨ ਨੂੰ ਪ੍ਰਸਿਧ ਫਿਲਮ 'ਬੈਨ' ਲਈ ਇਕ ਗੀਤ ਗਾਉਣ ਦਾ ਮੌਕਾ ਵੀ ਉਸੇ ਸਾਲ ਦੁਆ ਦਿੱਤਾ। ਸੰਨ 1978 ਵਿਚ ਉਸ ਦੀ ਫਿਲਮ 'ਦਿ ਵਿਜ਼' ਰਿਲੀਜ਼ ਹੋਈ ਤੇ ਬਹੁਤ ਕਾਮਯਾਬ ਰਹੀ ਅਤੇ ਫਿਲਮ ਦੇ ਸੰਗੀਤ ਨਿਰਦੇਸ਼ਕ ਕੁਇੰਸੀ ਜੋਨਜ਼ ਨਾਲ ਉਸ ਦੀ ਗੂੜ੍ਹੀ ਸਾਂਝ ਵੀ ਪਾ ਗਈ। ਸੰਨ 1994 ਵਿਚ ਛੱਤੀ ਸਾਲ ਦੀ ਉਮਰ ਵਿਚ ਉਸ ਦੀ ਸ਼ਾਦੀ ਕਰੋੜਪਤੀ ਗਾਇਕਾ ਲਿਜ਼ਾ ਮੈਰੀ ਪ੍ਰੈਸਲੇ ਨਾਲ ਹੋ ਗਈ ਜੋ ਜ਼ਿਆਦਾ ਦੇਰ ਤੱਕ ਨਿਭ ਨਾ ਸਕੀ। ਵਿਵਾਦਾਂ ਨੇ ਇਕ ਇਕ ਕਰ ਕੇ ਉਸ ਦੇ ਦੁਆਲੇ ਘੇਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਉਹ ਪ੍ਰੇਸ਼ਾਨ ਤੇ ਦੁਖੀ ਰਹਿਣ ਦੇ ਨਾਲ ਨਾਲ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਿਆ। ਸੰਨ 1993 ਵਿਚ ਤੇਰ੍ਹਾਂ ਸਾਲ ਦੇ ਬੱਚੇ ਅਤੇ ਸੰਨ 2003 ਵਿਚ ਕੈਂਸਰ ਪੀੜਤ ਇਕ ਹੋਰ ਬੱਚੇ ਨਾਲ ਜਿਸਮਾਨੀ ਛੇੜਛਾੜ ਦੀਆਂ ਤੋਹਮਤਾਂ ਨੇ ਉਸ ਨੂੰ ਅੰਦਰੋਂ ਤੋੜ ਕੇ ਰੱਖ ਦਿੱਤਾ।

ਇਨ੍ਹਾਂ ਮਾਮਲਿਆਂ 'ਚੋਂ ਭਾਵੇਂ ਉਹ ਬਰੀ ਤਾਂ ਹੋ ਗਿਆ ਪਰ ਲੱਖਾਂ ਰੁਪਏ ਖਰਚ ਕਰਨ ਦੇ ਨਾਲ-ਨਾਲ ਉਹ ਬਾਡੀਗਾਰਡਾਂ ਦੀ ਫੌਜ ਵੀ ਰੱਖਣ ਲੱਗ ਪਿਆ ਸੀ ਜੋ ਉਸ ਅੰਦਰਲੀ ਅਸੁੱਰਖਿਆ ਦੀ ਭਾਵਨਾ ਦਾ ਪ੍ਰਤੀਕ ਸਨ। ਸੰਨ 1996 ਵਿਚ ਮਾਈਕਲ ਨੇ ਆਪਣੀ ਸਾਬਕਾ ਨਰਸ ਡੈਬੀ ਰੋਅ ਨਾਲ ਦੂਜੀ ਸ਼ਾਦੀ ਕਰ ਲਈ ਜਿਸ ਤੋਂ ਉਸ ਦੇ ਦੋ ਬੱਚੇ ਪ੍ਰਿੰਸ ਮਾਈਕਲ ਜੂਨੀਅਰ ਅਤੇ ਪ੍ਰਿੰਸ ਮਾਈਕਲ ਕੈਥਰੀਨ ਪੈਦਾ ਹੋਏ। ਉਂਜ ਉਸ ਦੀ ਤੀਸਰੀ ਔਲਾਦ ਦਾ ਨਾਂ ਪ੍ਰਿੰਸ ਮਾਈਕਲ-2 ਹੈ, ਪਰ ਇਸ ਨੂੰ ਜਨਮ ਦੇਣ ਵਾਲੀ ਮਾਂ ਕੌਣ ਸੀ, ਇਹ ਖੁਲਾਸਾ ਉਸ ਨੇ ਕਦੇ ਨਹੀਂ ਸੀ ਕੀਤਾ। ਕਈ ਸਰਜਰੀਆਂ ਤੇ ਅਨੇਕਾਂ ਹੀ ਦਵਾਈਆਂ ਦੀ ਪੀੜ ਹੰਢਾਉਣ ਵਾਲਾ ਮਾਈਕਲ ਹੌਲੀ ਹੌਲੀ ਨਸ਼ੀਲੀਆਂ ਅਤੇ ਦਰਦਨਿਵਾਰਕ ਦਵਾਈਆਂ ਦਾ ਆਦੀ ਹੋ ਗਿਆ। ਸੰਨ 2001 ਤੋਂ ਬਾਅਦ ਉਸ ਨੇ ਕੋਈ ਵੀ ਨਵਾਂ ਗਾਣਾ ਰਿਲੀਜ਼ ਨਾ ਕਰਵਾਇਆ ਤੇ ਗੁੰਮਨਾਮੀ ਦੀ ਜ਼ਿੰਦਗੀ ਬਤੀਤ ਕਰਨ ਲੱਗ ਪਿਆ।

ਟੀਕਿਆਂ ਤੇ ਸਰਜਰੀਆਂ ਨਾਲ ਵਿੰਨ੍ਹੇ ਹੋਏ ਸਰੀਰ ਵਾਲੇ ਮਾਈਕਲ ਜੈਕਸਨ ਦੇ ਸਿਰ 'ਤੇ ਚੜ੍ਹੇ ਕਰਜ਼ੇ ਦੀ ਪੰਡ ਭਾਰੀ ਹੁੰਦੀ ਗਈ ਤੇ ਰਕਮ ਤਿੰਨ ਸੌ ਮਿਲੀਅਨ ਡਾਲਰ ਤੱਕ ਪੁੱਜ ਗਈ। ਸੰਨ 2009 ਦੀ 25 ਜੂਨ ਨੂੰ ਇਹ ਫ਼ਨਕਾਰ ਸਦਾ ਲਈ ਖਾਮੋਸ਼ ਹੋ ਗਿਆ।

*-ਇੰਦਰਜੀਤ ਜੱਸਲ*



PUNJABI SANGEET GROUP
Bakersfield Ca
ਬੜੇ ਮਾਣ ਨਾਲ ਪੇਸ਼ ਕਰਦੇ ਹਨ
Sunny babbar
Sarabjit Cheema
Satinder Satti
Feroz Khan
Jassi from Zee TV
Sunday, Sep 19, 2010 @ 7:00 pm
@ PARADISE PALACE
1440 Weedpatch Hwy, Bakersfield CA
EVENT SPONSORS
ਮਹਿੰਦਰ ਸਿੰਘ ਧਾਲੀਵਾਲ - 661.932.3772, ਕਿਸ਼ਨ ਬੱਬਰ - 661.808-1953
HONORABLE SPONSORS
ਦਲਜੀਤ ਸਿੰਘ ਭੰਗੂ
ਬਲਜਿੰਦਰ ਸਿੰਘ ਸਮਰਾ
ਗੁਰਦੀਪ ਸਿੰਘ
ਦਲਜੀਤ ਸਿੰਘ ਸੰਧੂ
ਮਹਿੰਦਰ ਸਿੰਘ ਢੁੱਡੀਕੇ
ਭਜਨ ਸਿੰਘ ਸੰਧੂ
ਦੀਪ ਸਿੰਘ ਰਾਏ
ਦਵਿੰਦਰ ਸਿੰਘ ਰਾਣਾ (FBT)
ਗੁਰਮੀਤ ਸਿੰਘ ਗੈਰੀ
ਸਤਨਾਮ ਸਿੰਘ ਮਣਕੂ
ਮੇਜਰ ਸਿੰਘ ਬਰਾੜ
ਮੰਦਰ ਸਿੰਘ ਸਮਰਾ
ਮੰਗਲ ਸਿੰਘ ਸਰਪੰਚ
ਤਰਮਿੰਦਰ ਸਿੰਘ
ਬੌਬ ਵਿਰਕ
ਬਲਦੇਵ ਸਿੰਘ ਜੱਸਲ
ਗੁਰਦੇਵ ਸਿੰਘ ਗਰੇਵਾਲ
ਜੋਬਨਜੀਤ ਸਿੰਘ ਬੌਬੀ
ਜੈਲ ਬਰਾੜ
ਜੱਸੀ ਗਿੱਲ
ਡਾ. ਚੰਦਰਦੀਪ
ਸੁਖਪਾਲ ਸਿੰਘ

# ਜੈਸਾ ਦੇਸ ਵੈਸਾ ਭੇਸ

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

17 ਜੁਲਾਈ ਦੇ 'ਪੰਜਾਬ ਟਾਈਮਜ਼' ਵਿਚ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਵਿਗਿਆਨੀ ਹਰਦੇਵ ਸਿੰਘ ਵਿਰਕ ਦੀ ਪ੍ਰਸ਼ੰਸਾ ਕਰਦਿਆਂ ਇਹ ਗੱਲ ਕਹੀ ਹੈ ਕਿ ਪੰਜਾਬੀ ਲੋਕ ਪਰਵਾਸੀ ਜੀਵਨ ਦੌਰਾਨ ਕੁਲੱਛਣੀ ਕਹਾਵਤ 'ਜੈਸਾ ਦੇਸ, ਤੈਸਾ ਭੇਸ' ਦੀ ਰੱਜ ਕੇ ਦੁਰਵਰਤੋਂ ਕਰਦੇ ਹੋਏ ਸਭ ਤੋਂ ਪਹਿਲਾਂ ਆਪਣਾ ਮੂੰਹ-ਮੁਹਾਂਦਰਾ ਬਦਲਦੇ ਹਨ। ਉਨ੍ਹਾਂ ਅਨੁਸਾਰ ਵਿਰਕ ਸਾਹਿਬ ਨੇ ਦੇਸ਼-ਵਿਦੇਸ਼ ਵਿਚ ਘੁੰਮਦਿਆਂ ਆਪਣਾ ਦਸਤਾਰਧਾਰੀ ਲਿਬਾਸ ਤਿਆਗ ਕੇ ਮਜਬੂਰੀ ਵੱਸ ਵੀ ਟੋਪੀ ਸਿਰ 'ਤੇ ਨਹੀਂ ਲਈ। ਲੇਖ ਦੇ ਨਾਲ ਲੱਗੀ ਫੋਟੋ ਤੋਂ ਭਲੀ



ਬਾਬਾ ਨਾਨਕ ਮੱਕੇ ਵਿਚ

ਭਾਂਤ ਦਿਸ ਪੈਂਦਾ ਹੈ ਕਿ ਵਿਰਕ ਸਾਹਿਬ ਨੇ ਪੱਛਮੀ ਲਿਬਾਸ ਕੋਟ-ਪੈਂਟ ਤੇ ਟਾਈ ਲਾਈ ਹੋਈ ਹੈ ਜਿਸ ਤੋਂ ਲਗਦਾ ਹੈ ਕਿ ਲਿਬਾਸ ਜਾਂ ਭੇਸ ਨੂੰ ਸ. ਦੁਪਾਲਪੁਰ ਕੇਵਲ ਕੇਸ ਦਾੜ੍ਹੀ ਤੇ ਦਸਤਾਰ ਤੱਕ ਹੀ ਘਟਾ ਰਹੇ ਹਨ। ਵਾਸਤਵ ਵਿਚ ਅੱਜ ਦੇ ਅਰਥਾਂ ਵਿਚ ਦਾੜ੍ਹੀ ਕੇਸ ਧਾਰਨ ਕਰਨ ਨੂੰ ਸਿੱਖ ਧਰਮ ਦੀ ਰਹਿਤ-ਮਰਿਆਦਾ ਦੀ ਪਾਲਣਾ ਕਰਨਾ ਕਹਿਣਾ ਵਧੇਰੇ ਉਚਿਤ ਹੋਵੇਗਾ ਨਾ ਕਿ ਲਿਬਾਸ ਜਾਂ ਭੇਸ। ਇਸ ਤਰ੍ਹਾਂ ਰਹਿਤ-ਮਰਿਆਦਾ ਤੋਂ ਇਲਾਵਾ ਜੋ ਉਨ੍ਹਾਂ ਪਹਿਨਿਆ ਹੈ, ਉਹੀ ਉਨ੍ਹਾਂ ਦਾ ਲਿਬਾਸ ਹੈ। ਭਾਵੇਂ ਇਹ ਗੱਲ ਵੀ ਸਹੀ ਹੈ ਕਿ ਦੋਨੋਂ ਉਕਤੀਆਂ ਨੂੰ ਇਕ ਦੂਜੇ ਦੇ ਪ੍ਰਥਾਏ ਵਰਤ ਲਿਆ ਜਾਂਦਾ ਹੈ। ਮੈਂ ਕਹਾਵਤ ਵਿਚ ਆਏ 'ਭੇਸ' ਸ਼ਬਦ ਦੀ ਜਗ੍ਹਾ 'ਵੇਸ' ਸ਼ਬਦ ਵਰਤਣਾ ਵਧੇਰੇ ਯੋਗ ਸਮਝਾਂਗਾ ਕਿਉਂਕਿ ਭਾਵੇਂ 'ਭੇਸ' ਸ਼ਬਦ 'ਵੇਸ' ਦਾ ਹੀ ਬਦਲਿਆ ਰੂਪ ਹੈ ਪਰ ਅੱਜ ਇਸ ਦਾ ਆਮ ਅਰਥ ਲਿਬਾਸ ਨਾ ਹੋ ਕੇ ਧੋਖਾ ਦੇਣ ਲਈ ਪਾਇਆ ਲਿਬਾਸ ਵਧੇਰੇ ਹੈ। ਇਸ ਤਰ੍ਹਾਂ ਵਿਚਾਰਿਆਂ ਮਨੁਖ ਦਾ ਅਸਲੀ ਵੇਸ ਰਹਿਤ ਮਰਿਆਦਾ ਨੂੰ ਛੱਡ ਕੇ ਉਸ ਵਲੋਂ ਪਾਏ ਹੋਰ ਕਪੜੇ ਵਧੇਰੇ ਢੁਕਵਾਂ ਹੈ। ਇਸ ਤੋਂ ਅੱਗੇ ਇਸ ਦਾ ਹੋਰ ਰੂਪ ਹੈ 'ਭੇਖ' ਜੋ ਹੋਰ ਵੀ ਨਿਗਰਵੇਂ ਅਰਥ ਦਿੰਦਾ ਹੈ ਅਰਥਾਤ ਦਿਖਾਵੇ ਲਈ ਧਾਰਨ ਕੀਤਾ ਵੇਸ। ਭੇਖੀ ਸ਼ਬਦ ਵੀ ਪਾਖੰਡੀ ਦੀ ਤਰ੍ਹਾਂ ਪਤਿਤ ਹੋ ਗਿਆ ਹੈ।

ਆਉ ਜ਼ਰਾ ਇਸ 'ਕੁਲੱਛਣੀ' ਕਹਾਵਤ ਨੂੰ ਵਿਚਾਰੀਏ। ਮੁਹਾਵਰੇ/ਕਹਾਵਤਾਂ ਹਮੇਸ਼ਾ ਆਦੇਸ਼ਾਤਮਕ ਨਹੀਂ ਹੁੰਦੇ ਸਗੋਂ ਕਿਸੇ ਪ੍ਰਚਲਤ ਰੀਤੀ ਦਾ ਖੁਲਾਸਾ ਵੀ ਪੇਸ਼ ਕਰਦੇ ਹਨ। ਇਸ ਤਰ੍ਹਾਂ ਇਹ ਕਹਾਵਤ ਲੋਕਾਂ ਦੇ ਇਸ ਕੁਦਰਤੀ ਸੁਭਾਅ ਨੂੰ ਹੀ ਦਰਸਾਉਂਦੀ ਹੈ ਕਿ ਉਹ ਜਿਸ ਦੇਸ ਵਿਚ ਵੀ ਜਾਂਦੇ ਹਨ ਉਥੋਂ ਦੀ ਰੀਤੀ ਅਨੁਸਾਰ ਹੀ ਪਹਿਰਾਵਾ ਧਾਰਨ ਕਰ ਲੈਂਦੇ ਹਨ। ਇਸ ਕਹਾਵਤ ਦਾ ਇਕ ਹੋਰ ਅਰਥ ਵੀ ਲਿਆ ਜਾ ਸਕਦਾ ਹੈ ਕਿ ਜਿਹੋ ਜਿਹਾ ਦੇਸ ਹੁੰਦਾ ਹੈ ਉਸੇ ਅਨੁਸਾਰ ਹੀ ਉਸਦੇ ਬਾਸ਼ਿੰਦਿਆਂ ਦਾ ਵੇਸ ਹੁੰਦਾ ਹੈ ਅਰਥਾਤ ਜੇ ਦੇਸ ਠੰਡਾ ਹੈ ਤਾਂ ਉਥੇ ਭਾਰੀ ਗਰਮ ਕਪੜੇ ਪਾਏ ਜਾਣਗੇ ਜੇ ਗਰਮ ਹੈ ਤਾਂ ਪਤਲੇ-ਢਿੱਲੇ। ਪੌਣ ਪਾਣੀ ਤੋਂ ਇਲਾਵਾ ਦੇਸ ਦੀਆਂ ਸਭਿਆਚਾਰਕ, ਧਾਰਮਿਕ, ਆਰਥਿਕ ਤੇ ਫੈਸ਼ਨੀ ਵਿਸ਼ੇਸ਼ਤਾਈਆਂ ਅਨੁਸਾਰ ਵੀ ਉਸ ਦੇਸ ਦੇ ਵੇਸ ਵਖਰੇ ਹੋਣਗੇ। ਪੰਜਾਬੀ ਦੀ ਇਕ ਹੋਰ ਕਹਾਵਤ ਹੈ, 'ਖਾਈਏ ਮਨ ਭਾਉਂਦਾ, ਪਹਿਨੀਏ ਜੱਗ ਭਾਉਂਦਾ।' ਲਗਭਗ ਇਹੋ ਜਿਹੀ ਇਕ ਅੰਗਰੇਜ਼ੀ ਦੀ ਕਹਾਵਤ ਹੈ, 'When in Roam, do as Roamans do'. ਕਹਿੰਦੇ ਹਨ ਸੰਤ ਅਗਸਟੀਨ ਜਦ ਰੋਮ ਤੋਂ ਮਿਲਾਨ ਪਹੁੰਚਾ ਤਾਂ ਉਸ ਨੇ ਦੇਖਿਆ ਕਿ ਏਥੇ ਲੋਕ ਰੋਮ ਦੇ ਚਰਚ ਦੀ ਤਰ੍ਹਾਂ ਹਰ ਸਨਿਚਰਵਾਰ ਵਰਤ ਨਹੀਂ ਰਖਦੇ। ਉਸਨੇ ਮਿਲਾਨ ਦੇ ਪਾਦਰੀ ਤੋਂ ਸਲਾਹ ਮੰਗੀ। ਉਸਨੇ ਕਿਹਾ, 'ਜਦ ਮੈਂ ਰੋਮ ਵਿਚ ਹੁੰਦਾ ਹਾਂ ਤਾਂ ਸਨਿਚਰਵਾਰ ਵਰਤ ਰੱਖਣ ਦਾ ਨੇਮ ਪਾਲਦਾ ਹਾਂ ਪਰ ਏਥੇ ਮਿਲਾਨ ਵਿਚ ਨਹੀਂ। ਦੇਸ ਦੇਸ ਦੇ ਚਰਚ ਅਨੁਸਾਰ ਉਸਦਾ ਨੇਮ ਪਾਲਣਾ ਚਾਹੀਦਾ ਹੈ।' ਕਹਾਵਤ ਏਥੋਂ ਹੀ ਵਿਕਸਤ ਹੋਈ। ਅਸੀਂ ਆਪਣੇ ਅਲੱਗ ਕੈਲੰਡਰ ਬਾਰੇ, ਗੁਰੂਆਂ ਦੇ ਸਹੀ ਜਨਮ ਆਦਿ ਤਿਥੀਆਂ ਬਾਰੇ ਜਿੰਨਾ ਮਰਜ਼ੀ ਖਫਾ-ਖੂਨ ਹੁੰਦੇ ਫਿਰੀਏ, ਹਕੀਕਤ ਇਹ ਹੈ ਕਿ ਇਨ੍ਹਾਂ ਦੇਸਾਂ ਦੀਆਂ ਕੰਮ ਆਦਿ ਦੀਆਂ ਮਜਬੂਰੀਆਂ ਕਾਰਨ ਹਰ ਪੁਰਬ ਅਸੀਂ ਨੇੜਲੇ ਵਾਰ-ਐਤਵਾਰ ਨੂੰ ਹੀ ਮਨਾਉਣਾ ਹੁੰਦਾ ਹੈ ਜੋ ਕਿ ਸੈਮਿਟਿਕ ਧਰਮਾਂ (ਇਸਾਈਅਤ, ਯਹੂਦੀ) ਅਨੁਸਾਰ ਹੀ ਪਵਿਤਰ ਦਿਨ ਹਨ, ਹਿੰਦੂ-ਸਿੱਖ ਧਰਮਾਂ ਅਨੁਸਾਰ ਨਹੀਂ।

ਪੜ੍ਹਨ/ਸੁਣਨ 'ਚ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਛੀਵਾੜੇ ਵਿਚ ਦੀ ਹੁੰਦੇ ਹੋਏ ਕੋਟਕਪੂਰੇ ਤੋਂ ਉਰੇ ਪਿੰਡ ਢਿਲਵਾਂ ਪਹੁੰਚ ਗਏ। ਉਥੇ ਕਿਸੇ ਮਲਵਈ ਨੇ ਉਨ੍ਹਾਂ ਨੂੰ ਚਾਦਰਾ ਭੇਟ ਕੀਤਾ। ਗੁਰੂ ਜੀ ਦੇ ਚਾਦਰਾ ਬੰਨ੍ਹਣ 'ਤੇ ਸਿੰਘਾਂ ਨੇ ਸਵਾਲ ਖੜ੍ਹਾ ਕਰ ਦਿੱਤਾ। ਗੁਰੂ ਜੀ ਨੇ ਉਤਰ ਦਿੱਤਾ, "ਜੈਸਾ ਦੇਸ, ਵੈਸਾ ਭੇਸ।" ਕਹਿੰਦੇ ਹਨ ਗੁਰੂ ਨਾਨਕ ਦੇਵ ਜੀ ਜਿਥੇ ਵੀ ਜਾਂਦੇ ਸਨ, ਉਹੋ ਜਿਹਾ ਵੇਸ ਧਾਰਨ ਕਰਦੇ ਸਨ ਜਿਵੇਂ ਜੇ ਜੋਗੀਆਂ ਨੂੰ ਮਿਲਣ ਗਏ ਜੋਗੀਆਂ ਵਰਗੇ ਤੇ ਜੇ ਮੱਕੇ ਗਏ ਤਾਂ ਹਾਜੀਆਂ ਵਰਗਾ ਨੀਲਾ ਬਾਣਾ। ਭਾਈ ਗੁਰਦਾਸ ਦੀ ਇਕ ਵਾਰ ਵਿਚ ਆਉਂਦਾ ਹੈ:

ਬਾਬਾ ਫਿਰਿ ਮੱਕੇ ਗਇਆ
ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹਥਿ ਕਿਤਾਬ ਕਛਿ ਕੂਜਾ
ਬਾਂਗ ਮੁਸੱਲਾ ਧਾਰੀ॥

ਸਾਰੀ ਚਰਚਾ ਦਾ ਭਾਵ ਹੈ ਕਿ ਦੇਸ ਦੇਸ ਅਨੁਸਾਰ ਵਸਤਰ ਧਾਰਨ ਕਰਨਾ ਅਕਸਰ ਇਕ ਜ਼ਰੂਰਤ ਬਣ ਜਾਂਦੀ ਹੈ ਨਹੀਂ ਤਾਂ ਸਵੈਚੇਤੰਨ ਹੋਇਆ ਮਨੁਖ ਪਰਾਇਆਂ ਵਿਚ ਲੁਕਦਾ ਹੀ ਫਿਰੇ। ਉਂਜ ਅਜੋਕੇ ਲੋਕਤੰਤਰੀ ਯੁੱਗ ਵਿਚ ਹਰ ਮਨੁਖ ਦੇ ਨਿਆਰੇ ਵੇਸ ਦਾ ਸਤਿਕਾਰ ਕੀਤਾ ਜਾਂਦਾ ਹੈ।

ਹੁਣ ਆਈਏ ਪੰਜਾਬੀ ਪਹਿਰਾਵੇ 'ਤੇ। ਪੰਜਾਬ ਦੀਆਂ ਵਿਸ਼ੇਸ਼ ਭੂਗੋਲਿਕ ਸਥਿਤੀਆਂ ਕਾਰਨ ਪੰਜਾਬ ਵਿਚ ਹਮੇਸ਼ਾ ਉਥਲ-ਪੁਥਲ ਰਹੀ ਹੈ ਜਿਸ ਕਰਕੇ ਲੋਕਾਂ ਵਿਚ ਖਾਣ-ਪੀਣ ਅਤੇ ਪਹਿਰਾਵੇ ਸਬੰਧੀ ਬਹੁਤ ਤੀਬਰ ਪਰਿਵਰਤਨ ਵਿਆਪਦੇ ਰਹੇ ਹਨ। ਅਸੀਂ ਕਿਸ ਨੂੰ ਅਸਲੀ ਪੰਜਾਬੀ ਪਹਿਰਾਵਾ ਕਹੀਏ? ਜੈਸਾ ਦੇਸ, ਵੈਸਾ ਭੇਸ ਵਾਲੀ ਗੱਲ ਤਾਂ ਦੂਰ ਦੀ ਹੈ, ਅਸੀਂ ਪੰਜਾਬੀ ਤਾਂ ਦੇਸ ਰਹਿੰਦਿਆਂ ਜੈਸਾ ਧਾੜਵੀ ਵੈਸਾ ਵੇਸ ਧਾਰਨ ਕਰਨ ਦੇ ਆਦੀ ਹਾਂ। ਕਈ ਕਹਿੰਦੇ ਹਨ, ਸਲਵਾਰ ਕਮੀਜ਼, ਕੁੜਤਾ-ਪਜਾਮਾ ਪੰਜਾਬੀ ਪਹਿਰਾਵਾ ਹੈ ਪਰ ਇਹ ਗੱਲ ਇਕ ਇਤਿਹਾਸਕ ਦੌਰ ਦੇ ਪ੍ਰਸੰਗ ਵਿਚ ਹੀ ਸੱਚੀ ਸਾਬਿਤ ਹੁੰਦੀ ਹੈ। ਸਾਡੇ ਪਹਿਰਾਵੇ ਨਾਲ ਸਬੰਧਤ ਸ਼ਬਦਾਂ ਦਾ ਜੇ ਵਿਸ਼ਲੇਸ਼ਣ ਕਰੀਏ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਪ੍ਰਾਚੀਨ ਪੰਜਾਬੀ ਜਾਂ ਭਾਰਤੀ ਪਹਿਰਾਵਾ ਨਹੀਂ। ਕੁੜਤਾ-ਪਜਾਮਾ ਸੀਥੀਅਨਾਂ, ਜਿਨਾਂ ਨੂੰ ਅਸੀਂ ਸ਼ੱਕ ਵੀ ਕਹਿੰਦੇ ਹਾਂ, ਦੀ ਦੇਣ ਸਮਝੀ ਜਾਂਦੀ ਹੈ। ਇਹ ਮੱਧ ਏਸ਼ੀਆ ਦੇ ਘਾਹ ਦੇ ਮੈਦਾਨਾਂ ਦੀ ਇਕ ਘੋੜਸਵਾਰ ਘੁਮੱਕੜ ਜਾਤੀ ਸੀ। ਤੁਸੀਂ ਹੈਰਾਨ ਹੋਵੋਗੇ ਕਿ ਕੁੜਤਾ ਸ਼ਬਦ ਦੀ ਅੰਗਰੇਜ਼ੀ shirt (ਸ਼ਰਟ) ਨਾਲ ਸਾਂਝ ਹੈ। ਦੋਨੋਂ ਸ਼ਬਦ ਅੰਤਮ ਤੌਰ 'ਤੇ ਇਕ ਪੁਰਾਣੇ ਮੂਲ sker (ਸਕਰ) ਤੋਂ ਉਤਪੰਨ ਹੋਏ ਹਨ ਜਿਸ ਦਾ ਮਤਲਬ ਕੱਟਣਾ ਹੁੰਦਾ ਹੈ। ਅੰਗਰੇਜ਼ੀ short (ਛੋਟਾ) ਅਤੇ ਪਹਿਨਣ ਵਾਲੇ shorts ਇਸੇ ਤੋਂ ਬਣੇ। ਪ੍ਰਾਚੀਨ ਜਰਮਨੀ ਵਿਚ ਇਸ ਦਾ ਰੂਪ ਹੋਇਆ skurta. ਤੁਰਕੀ ਭਾਸ਼ਾ ਵਿਚ ਆ ਕੇ ਇਸਦਾ s (ਐਸ/ਸ) ਉਡ ਗਿਆ ਤੇ ਸ਼ਬਦ ਬਣ ਗਿਆ 'ਕੁਰਤਾ'। ਏਹੀ ਕੁਰਤਾ ਪੰਜਾਬੀ ਵਿਚ ਆ ਕੇ 'ਕੁੜਤਾ' ਬਣਿਆ। ਸਕਰਟ ਵੀ ਇਸੇ ਤੋਂ ਵਿਕਸਿਤ ਹੋਇਆ। ਪਜਾਮਾ ਫਾਰਸੀ ਪਾਇ+ਜਾਮਾ ਮਿਲ ਕੇ ਬਣਿਆ ਹੈ ਜਿਸ ਵਿਚ 'ਪਾਇ' ਦਾ ਅਰਥ ਲੱਤ ਅਤੇ 'ਜਾਮਾ' ਦਾ ਵਸਤਰ ਹੈ। ਪਾਇਦਾਨ (ਪੈਰ ਰੱਖਣ ਵਾਲਾ) ਵਿਚ 'ਪਾਇ' ਅਤੇ ਜੋੜਾ ਜਾਮਾ ਵਿਚ 'ਜਾਮਾ' ਇਨ੍ਹਾਂ ਹੀ ਅਰਥਾਂ ਵਿਚ ਆਏ ਹਨ। ਅੰਗਰੇਜ਼ਾਂ ਨੇ pyjamas ਦੇ ਰੂਪ ਵਿਚ ਇਹ ਸ਼ਬਦ ਭਾਰਤੀ ਮੁਸਲਮਾਨਾਂ ਤੋਂ ਗ੍ਰਹਿਣ ਕੀਤਾ।

ਸਲਵਾਰ ਸ਼ਬਦ ਵੀ ਮੱਧ ਏਸ਼ੀਆ ਦੀਆਂ ਘੋੜ-ਚੜ੍ਹੀਆਂ ਘੁਮੱਕੜ ਜਾਤੀਆਂ ਦੀ ਦੇਣ ਹੈ। ਘੋੜ-ਸਵਾਰੀ ਦੇ ਲੰਬੇ ਤੇ ਦੁਰਗਮ ਪੈਂਡਿਆਂ ਦੌਰਾਨ ਸਲਵਾਰ ਬਹੁਤ ਆਰਾਮਦੇਹ ਪੋਸ਼ਾਕ ਸਾਬਿਤ ਹੁੰਦੀ ਸੀ। ਸਲਵਾਰ ਤੁਰਕੀ-ਫਾਰਸੀ ਮੂਲ ਦਾ ਸ਼ਬਦ ਮੰਨਿਆ ਜਾਂਦਾ ਹੈ। ਫਾਰਸੀ ਵਿਚ ਇਸ ਦਾ ਰੂਪ ਹੈ 'ਸ਼ੇਰਵਾਲ' ਤੇ ਅੱਖਰ-ਉਲਟਣ ਕਾਰਨ ਪੰਜਾਬੀ ਵਿਚ ਇਹ ਸ਼ਲਵਾਰ ਤੇ ਸਲਵਾਰ ਵਜੋਂ ਪ੍ਰਚਲਤ ਹੋਇਆ। ਧਿਆਨਯੋਗ ਹੈ ਕਿ ਉਤਰ-ਪੱਛਮੀ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਇਹ ਪਹਿਰਾਵਾ ਮਰਦ ਪਹਿਨਦੇ ਹਨ ਤੇ ਭਾਰਤ ਵਿਚ ਔਰਤਾਂ। ਕਮੀਜ਼ ਸ਼ਬਦ ਦਾ ਮੁਢ ਅਰਬੀ 'ਕਮਿਸ' ਤੋਂ ਹੋਇਆ ਜੋ ਕਿ ਹਿਬਰੂ ਧਾਤੂ 'ਕਮਸ' ਤੋਂ ਵਿਉਤਪਤ ਹੋਇਆ। ਏਥੋਂ ਇਹ ਫਾਰਸੀ 'ਚ ਗਿਆ ਤੇ ਫਿਰ ਸਮਾਂ ਪੈਣ 'ਤੇ ਉਰਦੂ ਪੰਜਾਬੀ ਵਿਚ ਜਾ ਵੜਿਆ। ਦੋਨੋਂ ਸ਼ਬਦ 12ਵੀਂ ਸਦੀ ਦੇ ਮੁਸਲਿਮ ਯੁਗ ਵਿਚ ਪ੍ਰਚਲਤ ਹੋਏ। ਇਹ ਸ਼ਬਦ ਵਿਭਿੰਨ ਰੂਪਾਂ ਵਿਚ ਦੁਨੀਆਂ ਭਰ ਦੀਆਂ ਬੋਲੀਆਂ ਵਿਚ ਮੌਜੂਦ ਹੈ। 'ਸ਼ਮੀਜ਼' ਸ਼ਬਦ ਵੀ ਇਸ ਤੋ ਬਣਿਆ।

ਇਜ਼ਤ-ਪੱਤ ਤੇ ਅਣਖ ਦੀ ਪ੍ਰਤੀਕ ਦਸਤਾਰ ਵੀ ਅਸੀਂ ਬਾਹਰੋਂ ਲਈ ਹੈ ਤੇ ਦਸਤਾਰਬੰਦੀ ਮੁਢਲੇ ਰੂਪ ਵਿਚ ਇਸਲਾਮੀ ਰੀਤੀ ਹੈ। ਦਸਤਾਰ ਸ਼ਬਦ ਬਣਿਆ ਹੈ ਦਸਤ (ਹੱਥ)+ਆਰਾਸਤਾ (ਸਜਾਈ ਗਈ) ਅਰਥਾਤ ਹੱਥ ਨਾਲ ਬੰਨ੍ਹੀ ਗਈ। ਕਿਸੇ ਸੰਦ ਨੂੰ ਫੜ੍ਹੇ ਜਾਣ ਵਾਲੇ ਹਿੱਸੇ ਦਸਤੇ ਨੂੰ ਅਸੀਂ ਹੱਥਾ ਆਖਦੇ ਹਾਂ। ਸ਼ਾਹ ਮੁਹੰਮਦ ਦੇ ਕਿੱਸੇ ਵਿਚ ਅਰਾਸਤਾ ਸ਼ਬਦ ਦਰੁਸਤ, ਸੰਵਰ ਗਿਆ ਦੇ ਅਰਥਾਂ ਵਿਚ ਆਇਆ ਹੈ:



ਪਜਾਮਿਆਂ ਨਾਲ ਆਰਾਸਤਾ ਘੋੜ ਚੜ੍ਹੇ ਤੁਰਕ

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।

ਇਹ ਗੱਲ ਸਮਝਣ ਵਾਲੀ ਹੈ ਕਿ ਜਿਸ ਨੂੰ ਅਸੀਂ ਨਿਰਾ ਆਪਣਾ ਸਮਝ ਬੈਠਦੇ ਹਾਂ, ਉਸਦੀਆਂ ਤੰਦਾਂ ਕਈ ਵਾਰ ਬੜੀ ਦੂਰ ਜੁੜੀਆਂ ਹੁੰਦੀਆਂ ਹਨ। ਤਾਂ ਫਿਰ ਕੀ ਪੰਜਾਬੀ ਇਸਲਾਮ ਆਉਣ ਤੋਂ ਪਹਿਲਾਂ ਕੇਲਿਆਂ ਦੇ ਪਤਿਆਂ ਨਾਲ ਹੀ ਆਪਣੇ ਆਪ ਨੂੰ ਕੱਜਦੇ ਸਨ? ਫਿਰ ਕਦੇ।

# ਪੰਜਾਬੀ ਗਾਇਕਾਂ ਦੀ ਵਕੀਲਣੀ-ਸਤਿੰਦਰ ਸੱਤੀ

ਮਨਦੀਪ ਮਾਨ
ਫੋਨ:661-889-1927

ਸਤਿੰਦਰ ਸੱਤੀ ਦੇ ਨਾਂ ਤੋਂ ਹਰ ਪੰਜਾਬੀ ਜਾਣੂ ਹੈ। ਉਹ ਇਕ ਸਫਲ ਐਂਕਰ, ਗਾਇਕਾ ਅਤੇ ਫਿਲਮੀ ਅਦਾਕਾਰਾ ਹੈ। ਪਰ ਮੈਂ ਆਪਣੇ ਇਸ ਲੇਖ ਦੇ ਸਿਰਲੇਖ ਵਿਚ ਉਸ ਵਾਸਤੇ ਵਕੀਲਣੀ ਸ਼ਬਦ ਇਸ ਕਰਕੇ ਵਰਤਿਆ ਹੈ ਕਿ ਉਹ ਗਾਇਕਾਂ ਨੂੰ ਇਕ ਚੰਗੇ ਵਕੀਲ ਵਲੋਂ ਆਪਣੇ ਮੁਵੱਕਿਲਾਂ ਨੂੰ ਪੇਸ਼ ਕਰਨ ਵਾਂਗ ਸਟੇਜ 'ਤੇ ਪੇਸ਼ ਤਾਂ ਕਰਦੀ ਹੀ ਹੈ ਬਲਕਿ ਪੜ੍ਹਾਈ ਪੱਖੋਂ ਵੀ ਉਹ ਵਕੀਲ ਹੈ ਅਤੇ ਉਸ ਨੇ ਐਲ ਐਲ ਐਮ ਦੀ ਡਿਗਰੀ ਫਸਟ ਡਵੀਜ਼ਨ ਵਿਚ ਪਾਸ ਕੀਤੀ ਹੈ। ਸਵਾਲ ਹੈ ਕਿ ਕਾਨੂੰਨ ਦੀ ਪੜ੍ਹਾਈ ਵਿਚ ਮਾਸਟਰ ਦੀ ਡਿਗਰੀ ਲੈਣ ਵਾਲੀ ਸੱਤੀ ਨੂੰ ਸੰਗੀਤ ਨਾਲ ਜਨੂੰਨ ਕਿਵੇਂ ਹੋ ਗਿਆ?

ਇਸ ਦਾ ਭੇਤ ਸੱਤੀ ਨੇ ਖੁਦ ਖੋਲ੍ਹਿਆ ਕਿ ਉਹ ਮਰਹੂਮ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੇ ਸ਼ਹਿਰ ਬਟਾਲਾ ਵਿਚ ਜੰਮੀ-ਪਲੀ ਹੈ। ਜਿਵੇਂ ਜਲੰਧਰ ਜਿਲ੍ਹੇ ਦੇ ਪਿੰਡ ਸੰਸਾਰਪੁਰ ਦੇ ਲੋਕ ਆਪਣੇ ਬੱਚਿਆਂ ਨੂੰ ਹਾਕੀ ਦੀ ਸਟਿਕ ਫੜ੍ਹਾ ਦਿੰਦੇ ਹਨ, ਠੀਕ ਉਸੇ ਤਰ੍ਹਾਂ ਬਟਾਲਾ ਸ਼ਹਿਰ ਦੇ ਪੜ੍ਹੇ ਲਿਖੇ ਲੋਕ ਆਪਣੇ ਨਵ ਜੰਮੇ ਬੱਚਿਆਂ ਨੂੰ ਪੰਜਾਬੀ ਦੀਆਂ ਕਿਤਾਬਾਂ ਪੜ੍ਹਨ ਦੀ ਗੁੜ੍ਹਤੀ ਦੇ ਦਿੰਦੇ ਹਨ। ਇਹੋ ਕੁਝ ਹੋਇਆ ਅੱਜ ਦੀ ਸਫਲ ਐਂਕਰ, ਅਦਾਕਾਰਾ ਅਤੇ ਗਾਇਕਾ ਸਤਿੰਦਰ ਸੱਤੀ ਨਾਲ। ਉਸ ਦੇ ਪਿਤਾ ਸ. ਅਜੀਤ ਸਿੰਘ ਕਪੂਰ ਅਤੇ ਮਾਤਾ ਦਲਜੀਤ ਕੌਰ ਨੇ ਆਪਣੀ ਲਾਡਲੀ ਬੇਟੀ ਨੂੰ ਪੰਜਾਬੀ ਸਾਹਿਤ ਦੀ ਗੁੜ੍ਹਤੀ ਆਪਣੇ ਹੱਥੀਂ ਦਿੱਤੀ। ਸੱਤੀ ਇਸ ਗੁੜ੍ਹਤੀ 'ਤੇ ਪੂਰੀ ਤਰ੍ਹਾਂ ਪ੍ਰਵਾਨ ਚੜ੍ਹੀ।

ਅੱਜ ਪੰਜਾਬ ਵਿਚ ਕੋਈ ਵੀ ਵੱਡਾ ਸਭਿਆਚਾਰਕ ਮੇਲਾ ਸੱਤੀ ਦੀ ਮੌਜੂਦਗੀ ਤੋਂ ਬਿਨਾ ਅਧੂਰਾ ਸਮਝਿਆ ਜਾਂਦਾ ਹੈ ਕਿਉਂਕਿ ਉਹ ਆਪਣੀ ਸ਼ਿਅਰੋ ਸ਼ਾਇਰੀ ਅਤੇ ਮੰਚ ਸੰਚਾਲਨ ਦੇ ਨਿਵੇਕਲੇ ਅੰਦਾਜ਼ ਨਾਲ ਮੇਲੇ ਨੂੰ ਸਿਖਰ 'ਤੇ ਪਹੁੰਚਾ ਦਿੰਦੀ ਹੈ। ਬਿਨਾ ਸ਼ੱਕ ਅੱਜ ਸੱਤੀ ਪੰਜਾਬ ਦੀ ਨੰਬਰ ਇਕ ਸਟੇਜ ਐਂਕਰ ਹੈ। ਉਹ ਨਿਰੀ ਸਟੇਜ ਐਂਕਰ ਹੀ ਨਹੀਂ, ਗਾਇਕਾ ਵੀ ਉਚ ਪਾਏ ਦੀ ਹੈ ਅਤੇ ਉਸ ਦੀਆਂ ਦੋ ਸੋਲੋ ਟੇਪਾਂ-'ਪੀਂਘ' ਅਤੇ 'ਮੋਹ' ਨੂੰ ਪੰਜਾਬੀ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਉਸ ਨੇ ਕਈ ਪੰਜਾਬੀ ਫਿਲਮਾਂ ਵਿਚ ਇਕ ਵਧੀਆ ਅਦਾਕਾਰਾ ਵਜੋਂ ਵੀ ਕੰਮ ਕੀਤਾ ਹੈ। ਫਿਲਮੀ ਅਦਾਕਾਰੀ ਉਸ ਪੰਜਾਬੀ ਫਿਲਮ 'ਜੀ ਆਇਆਂ ਨੂੰ' ਤੋਂ ਸ਼ੁਰੂ ਕੀਤੀ ਪਰ ਇਸ ਫਿਲਮ ਵਿਚ ਥੋੜ੍ਹਾ ਜਿਹਾ ਰੋਲ ਵੀ ਸੱਤੀ ਦਾ ਇਕ ਵੱਖਰਾ ਰੰਗ ਦੇ ਗਿਆ।

ਸੱਤੀ ਦੇ ਸਟੇਜ ਪ੍ਰੋਗਰਾਮਾਂ ਦੀ ਸ਼ੁਰੂਆਤ



ਸਤਿੰਦਰ ਸੱਤੀ

ਸਨ 2001 ਵਿਚ ਪੰਜਾਬੀ ਅਖ਼ਬਾਰ ਅਜੀਤ ਦੇ ਸੰਪਾਦਕ ਬਰਜਿੰਦਰ ਸਿੰਘ ਨੇ ਉਦੋਂ ਕਰਵਾਈ ਜਦੋਂ ਉਨ੍ਹਾਂ ਅਜੀਤ ਨਾਈਟ ਲਈ ਸੱਤੀ ਨੂੰ ਮੰਚ ਸੰਚਾਲਨ ਲਈ ਪੇਸ਼ ਕੀਤਾ। ਇਸ ਤੋਂ ਬਾਅਦ ਸੱਤੀ ਨੇ ਪਿਛੇ ਮੁੜ ਕੇ ਨਹੀਂ ਵੇਖਿਆ।

ਸੱਤੀ ਨੇ ਪੰਜਾਬੀ ਟੀ ਵੀ ਸ਼ੋਆਂ-'ਲਿਸ਼ਕਾਰਾ,' 'ਕੁਝ ਪਲ ਤੇਰੇ ਨਾਮ,' 'ਕਾਟ ਮੀ ਆਨ ਕੈਮਰਾ,' 'ਐਕਸਕਿਊਜ਼ ਮੀ ਪਲੀਜ਼' ਦੀ ਸਫਲ ਮੇਜ਼ਬਾਨ ਵਜੋਂ ਕੰਮ ਕੀਤਾ ਅਤੇ ਅੱਜ ਵੀ ਕਰ ਰਹੀ ਹੈ। ਜਦੋਂ ਮੈਂ ਸੱਤੀ ਨੂੰ ਪੁੱਛਿਆ ਕਿ ਤੁਹਾਡੀ ਜ਼ਿੰਦਗੀ ਵਿਚ ਸਭ ਤੋਂ ਸ਼ਾਨਦਾਰ ਅਤੇ ਅਭੁੱਲ ਪਲ ਕਿਹੜੇ ਸਨ? ਤਾਂ ਉਸ ਦੱਸਿਆ ਕਿ ਉਹ ਇਕ ਸ਼ੋਅ ਕਰ ਰਹੀ ਸੀ ਅਤੇ ਜਦੋਂ ਸ਼ੋਅ ਖਤਮ ਹੋਇਆ ਤਾਂ ਇਕ 73 ਸਾਲ ਦੀ ਬੇਬੇ ਨੇ ਉਸ ਦੇ ਪੈਰੀਂ ਹੱਥ ਲਾਉਣ ਦੀ ਕੋਸ਼ਿਸ਼ ਕੀਤੀ। ਉਸ ਬੇਬੇ ਨੇ ਅਸੀਸ ਦਿੰਦਿਆਂ ਆਖਿਆ ਕਿ ਪੰਜਾਬ ਦੀ ਹਰ ਕੁੜੀ ਸੱਤੀ ਤੇਰੇ ਵਰਗੀ ਹੋਣੀ ਚਾਹੀਦੀ ਹੈ। ਉਹ ਕਹਿੰਦੀ ਹੈ ਉਨ੍ਹਾਂ ਪਲਾਂ ਨੂੰ ਮੈਂ ਕਦੀ ਭੁਲਾ ਨਹੀਂ ਸਕੀ। ਨਿਰਾਸ਼ਾ ਦੇ ਘੋਰ ਪਲਾਂ ਬਾਰੇ ਜਦੋਂ ਮੈਂ ਉਸ ਨੂੰ ਪੁੱਛਿਆ ਤਾਂ ਉਸ ਦਾ ਜਵਾਬ ਸੀ ਕਿ ਜਦੋਂ ਉਸ ਦੇ ਨਾਨਾ-ਨਾਨੀ ਇਸ ਜਹਾਨ ਤੋਂ ਵਿਦਾ ਹੋਏ ਤਾਂ ਉਹ ਉਸ ਲਈ ਸਭ ਤੋਂ ਨਿਰਾਸ਼ਾ ਅਤੇ ਦਰਦ ਭਰਿਆ ਸਮਾਂ ਸੀ।

ਸੱਤੀ ਨੇ ਆਪਣੀ ਦਮਦਾਰ ਆਵਾਜ਼ ਤੇ ਪੰਜਾਬੀ ਜ਼ੁਬਾਨ ਬਾਰੇ ਡੂੰਘੇ ਗਿਆਨ ਦੇ ਆਸਰੇ ਦੁਨੀਆਂ ਭਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਸਫਲ ਸ਼ੋਅ ਕੀਤੇ ਹਨ ਜੋ ਕਿਸੇ ਵੀ ਕਲਾਕਾਰ ਲਈ ਇਕ ਸੁਪਨਾ ਹੁੰਦਾ ਹੈ। ਸੱਤੀ ਕਹਿੰਦੀ ਹੈ, ਹਮੇਸ਼ਾ ਚੰਗੀਆਂ ਚੀਜ਼ਾਂ ਦੀ ਕਦਰ ਕਰੋ ਅਤੇ ਆਪਣਾ ਧਿਆਨ ਹਮੇਸ਼ਾ ਸਾਰਥਕ ਕੰਮਾਂ ਵੱਲ ਲਾਓ। ਇਕ ਨਰੋਏ ਸਮਾਜ ਦੀ ਸਿਰਜਣਾ ਵਿਚ ਬਣਦੀ ਭੂਮਿਕਾ ਨਿਭਾਓ।

ਮੇਰੇ ਇਹ ਪੁੱਛਣ 'ਤੇ ਕਿ ਉਸ ਦਾ ਪਸੰਦੀਦਾ ਗਾਇਕ ਕੌਣ ਹੈ? ਉਸ ਦਾ ਜਵਾਬ ਸੀ, ਜਨਾਬ ਨੁਸਰਤ ਫਤਿਹ ਅਲੀ ਖਾਨ। ਉਂਜ ਸੱਤੀ ਹਰ ਚੰਗੇ ਗੀਤ ਗਾਉਣ ਵਾਲੇ ਗਾਇਕ ਦੀ ਕਦਰਦਾਨ ਹੈ। ਹਾਲ ਹੀ ਵਿਚ ਸੱਤੀ ਨੇ ਕੈਨੇਡਾ ਦੀ ਐਮ ਪੀ ਡਾ. ਰੂਬੀ ਢੱਲਾ ਨਾਲ ਮਿਲ ਕੇ ਇਕ ਪੰਜਾਬੀ ਮੈਗਜ਼ੀਨ ਕੱਢਿਆ ਹੈ, ਜਿਸ ਦਾ ਨਾਂ ਹੈ 'ਸੱਤੀ-ਰੂਬੀ ਮੈਗਜ਼ੀਨ'। ਸੱਤੀ ਨੇ ਅੱਜ ਦੇ ਮੁਕਾਮ ਤੱਕ ਪਹੁੰਚਣ ਲਈ ਬਹੁਤ ਮਿਹਨਤ ਕੀਤੀ ਅਤੇ ਉਹ ਰੱਬ ਦੀ ਸ਼ੁਕਰਗੁਜ਼ਾਰ ਹੈ ਜਿਸ ਨੇ ਉਸ ਨੂੰ ਇਸ ਮੁਕਾਮ 'ਤੇ ਪਹੁੰਚਾਇਆ। ਕਿਹਾ ਜਾ ਸਕਦਾ ਹੈ:

ਜਿਨ੍ਹਾਂ ਜ਼ਿੰਦਗੀ 'ਚ ਕੀਤੀ ਆ ਮਿਹਨਤਾਂ ਦੀ ਕਮਾਈ
ਉਹ ਟੋਕਰਾ ਚੁਕਾ ਕੇ ਝੱਗਾ ਝਾੜਦੇ ਨਹੀਂ ਹੁੰਦੇ।

ਸੱਤੀ ਨਾਲ ਸੰਪਰਕ ਉਸ ਦੇ ਫੋਨ 98141-93263 ਉਪਰ ਕੀਤਾ ਜਾ ਸਕਦਾ ਹੈ।

## For Best Home Deals and Lowest Mortgage Rate, Contact:

# Golden State Realty

**Real Estate and Loans Under One Roof**

# Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

**If your house is in foreclosure due to not making payments and you have recieved trustee sale date,even than we can sell your house in short sale and try to get you 2-6 month more time. Selling house in short sale damages your credit less than if you let it go to foreclosure.We can also sell your house in short sale If you are paying mortgage payments on time with difficulty and your house value is lot less than the loan.**

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**




**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 B rooms, 2 Full Bath, 2 Car Garage,1464 sq ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**2370 Picasso Way Stockton 95206**
5 Bedrooms, 3 Baths, 2 Car Garage.
Area 2555 Sq. Ft - Lot 10,454 Sq. Ft




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft





**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.

ਖ਼ੁਸ਼ਖਬਰੀ! ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ। ਖ਼ੁਸ਼ਖਬਰੀ!

# ਯੁਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2010'

## 25 ਸਤੰਬਰ, 2010

(ਦਿਨ ਸਨਿਚਰਵਾਰ)
ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

### ਹੋਰ ਜਾਣਕਾਰੀ ਲਈ ਕਾਲ ਕਰੋ:

ਚੇਅਰਮੈਨ
ਸ. ਅਮੋਲਕ ਸਿੰਘ ਗਾਖਲ
831-247-4637

ਪ੍ਰਧਾਨ
ਸ. ਬਲਬੀਰ ਸਿੰਘ ਭਾਟੀਆ
510-677-6248

ਜਨਰਲ ਸਕੱਤਰ
ਸ. ਗੁਰਦਾਵਰ ਸਿੰਘ ਮਹੇੜੂ
510-468-9381

ਕਬੱਡੀ ਕੋਚ ਯੂਨਾਈਟਿਡ ਕਲੱਬ
ਸ. ਪਰਮਜੀਤ ਸਿੰਘ ਸੰਧੂ
510-387-6997

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

### ਮੁੱਖ ਮਹਿਮਾਨ



ਸ. ਸਰਵਣ ਸਿੰਘ ਬੱਲ


### ਵਿਸ਼ੇਸ਼ ਮਹਿਮਾਨ



ਸ. ਸੁਰਿੰਦਰ ਸਿੰਘ ਸੋਢੀ



ਸ. ਕਸ਼ਮੀਰ ਸਿੰਘ ਸਹੋਤਾ



ਸ. ਸੋਹਣ ਸਿੰਘ



ਸ. ਬਿੱਕਰ ਸਿੰਘ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੋਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧਵਾਂ ਦੋਨਾ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

### ਵਿਸ਼ੇਸ਼ ਸਨਮਾਨ

ਕਬੱਡੀ ਕੋਚ ਸਰਦੂਲ ਸਿੰਘ ਰੰਧਾਵਾ ਅਤੇ ਕਬੱਡੀ ਦੇ ਸਾਬਕਾ ਖਿਡਾਰੀਆਂ-ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਮੰਦਰ ਤੇ ਪਾਲੀ ਮਹੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।



ਜਗੀਰ ਸਿੰਘ ਸਬਜ਼ੀ ਮੰਡੀ ਵੀ ਪਹੁੰਚਣਗੇ

**ਕੁਮੈਂਟੇਟਰ**
ਸੁਰਜੀਤ ਸਿੰਘ ਕਕਰਾਲੀ, ਰਾਜਵਿੰਦਰ ਸਿੰਘ ਰੰਡਿਆਲਾ, ਪ੍ਰੋ. ਮੱਖਣ ਸਿੰਘ, ਬੀਬੀ ਆਸ਼ਾ ਸ਼ਰਮਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼ ਅਤੇ ਰੇਡੀਓ ਗੀਤ-ਸੰਗੀਤ
ਮਹਿੰਦਰ ਸਿੰਘ ਕੰਡਾ ਪ੍ਰੈਸ ਕਵਰੇਜ ਇੰਚਾਰਜ ਹੋਣਗੇ

**ਵੀਡੀਓ ਤੇ ਫੋਟੋਗ੍ਰਾਫੀ**
ਲੌਂਗਮੈਨ ਸਟੂਡੀਓ ਤੇ ਰਾਮਾ ਵੀਡੀਓ, ਫਰੀਮਾਂਟ

### ਕਬੱਡੀ ਦੇ ਸਟਾਰ ਪਲੇਅਰ




# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।